**BUYING/SELLING In Michigan**

Homes, Gas Stations, Liquor Stores, Plazas, Hotels

**RAJ SHERGILL**

*Associate Broker*

**Landmark Realty**

40600 Ann Arbor Rd. Ste. 150
Plymouth, MI 48170

Cell 734-751-4455, rajsshergill@yahoo.com



**Truck Insurance Specialist**

- Preferred Carriers (A++)
- Bobtail Insurance
- Cargo and Primary Liability

TRI COUNTY INSURANCE

**734 655 9090**

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ



**AMANTEL.COM**

$25 'ਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

*24/7 Customer Service*

ਟੋਲ ਫਰੀ ਨੰਬਰ 'ਤੇ ਕਾਲ ਕਰੋ

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

1-888-652-6268,732-983-4332/4333



Eighteenth Year of Publication | ਮਿਡਵੈਸਟ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 04, January 28, 2017 — 20451 N Plum Grove Rd., Palatine, IL 60074 — Ph:847-359-0746, Fax:847-705-9388


# ਪੰਜਾਬ ਦੇ ਚੋਣ ਪਿੜ ਵਿਚ ਨਿੱਤਰੇ ਪਰਵਾਸੀ

## ਆਮ ਆਦਮੀ ਪਾਰਟੀ ਨੂੰ ਮਿਲੀ ਖੁੱਲ੍ਹੀ ਹਮਾਇਤ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹੁਣ ਗਿਣਵੇਂ ਦਿਨ ਬਾਕੀ ਹਨ। ਨਾਮਜ਼ਦਗੀਆਂ ਤੇ ਹੋਰ ਰਸਮੀ ਕਾਰਵਾਈਆਂ ਪੂਰੀਆਂ ਕਰ ਕੇ ਸਿਆਸੀ ਧਿਰਾਂ ਵੋਟਰਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਪੂਰੀ ਵਾਹ ਲਾ ਰਹੀਆਂ ਹਨ। ਇਸ ਵਾਰ ਸਭ ਤੋਂ ਵੱਧ ਚਰਚਾ ਸੂਬੇ ਵਿਚ ਚੋਣ ਪ੍ਰਚਾਰ ਲਈ ਪੁੱਜੇ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਦੀ ਹੈ। ਇਹ ਪਰਵਾਸੀ ਜਥਿਆਂ ਦੇ ਰੂਪ ਵਿਚ ਪੰਜਾਬ ਆਏ ਹਨ। ਚੋਣਾਂ ਤੋਂ ਪਹਿਲਾਂ ਭਾਵੇਂ ਸਿਆਸੀ ਧਿਰਾਂ ਹਰ ਵਾਰ ਵਿਦੇਸ਼ ਵਸੇ ਹਮਾਇਤੀਆਂ ਨੂੰ ਪ੍ਰਚਾਰ ਲਈ ਬੁਲਾਉਂਦੀਆਂ ਹਨ, ਪਰ ਇਸ ਵਾਰ ਨਜ਼ਾਰਾ ਕੁਝ ਵੱਖਰਾ ਹੈ। ਚਰਚਾ ਹੈ ਕਿ ਵਿਦੇਸ਼ਾਂ ਤੋਂ ਆ ਰਹੇ ਜ਼ਿਆਦਾਤਰ ਪਰਵਾਸੀ ਪੱਕੇ ਤੌਰ ਉਤੇ ਕਿਸੇ ਪਾਰਟੀ ਨਾਲ ਨਹੀਂ ਜੁੜੇ ਹੋਏ ਅਤੇ ਪ੍ਰਚਾਰ ਦੌਰਾਨ ਪੰਜਾਬ ਨੂੰ ਬਚਾਉਣ ਦੀ ਗੱਲ ਕਰ ਰਹੇ ਹਨ। ਇਹ ਪਰਵਾਸੀ ਖੁੱਲ੍ਹ ਕੇ ਆਮ ਆਦਮੀ ਪਾਰਟੀ (ਆਪ) ਦੇ ਹੱਕ ਵਿਚ ਭੁਗਤਣ ਦੀ ਅਪੀਲ ਕਰ ਰਹੇ ਹਨ। ਇਨ੍ਹਾਂ ਦੇ ਪ੍ਰਚਾਰ ਦੇ ਮੁੱਖ ਕੇਂਦਰ ਬਾਦਲ ਪਰਿਵਾਰ ਦਾ ਗੜ੍ਹ ਲੰਬੀ, ਜਲਾਲਾਬਾਦ, ਸੰਗਰੂਰ ਅਤੇ ਮਜੀਠਾ ਹਲਕੇ ਹਨ।

ਪਰਵਾਸ ਵਿਭਾਗ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਚਾਲੂ ਮਹੀਨੇ ਵਿਚ ਭਾਰਤ ਆਉਣ ਵਾਲਿਆਂ ਦਾ ਪਿਛਲੇ ਸਾਲਾਂ ਦੀ ਤੁਲਨਾ

*(ਬਾਕੀ ਸਫਾ 6 'ਤੇ)*




### ਰਵਾਇਤੀ ਧਿਰਾਂ ਨੂੰ ਰੜਕੀ ਪਰਵਾਸੀਆਂ ਦੀ ਸਰਗਰਮੀ

**ਚੰਡੀਗੜ੍ਹ:** ਚੋਣ ਪ੍ਰਚਾਰ ਲਈ ਆਏ ਪਰਵਾਸੀ ਪੰਜਾਬੀਆਂ ਦੀਆਂ ਗਤੀਵਿਧੀਆਂ ਕੁਝ ਸਿਆਸੀ ਧਿਰਾਂ ਨੂੰ ਰੜਕਣ ਲੱਗੀਆਂ ਹਨ। ਪਰਵਾਸੀਆਂ ਦੀ ਚੋਣਾਂ ਵਿਚ ਭੂਮਿਕਾ ਦੇ ਮੁੱਦੇ ਉਤੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਪਹੁੰਚ ਗਈ ਹੈ। ਕਮਿਸ਼ਨ ਵੱਲੋਂ ਇਹ ਮਾਮਲਾ ਵਿਚਾਰਿਆ ਜਾ ਰਿਹਾ ਹੈ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੱਧੇ ਤੌਰ 'ਤੇ ਪਰਵਾਸੀਆਂ ਉਤੇ ਚੋਣ ਪ੍ਰਚਾਰ ਕਰਨ ਉਤੇ ਕੋਈ ਰੋਕ ਜਾਂ ਪਾਬੰਦੀ ਨਹੀਂ, ਫਿਰ ਵੀ ਕਮਿਸ਼ਨ ਵੱਲੋਂ ਵਿਦੇਸ਼ ਮੰਤਰਾਲੇ ਦੀ ਸਲਾਹ ਲਈ ਜਾ ਰਹੀ ਹੈ। ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੋਰ ਯੂਰਪੀ ਮੁਲਕਾਂ ਤੋਂ ਪਰਵਾਸੀਆਂ ਦੀ ਇਨ੍ਹਾਂ ਦਿਨਾਂ ਦੌਰਾਨ ਭਰਵੀਂ ਆਮਦ ਹੋਣ ਲੱਗੀ ਹੈ। ਪਰਵਾਸੀਆਂ ਵੱਲੋਂ ਆਪਣੇ ਸਕੇ ਸਬੰਧੀਆਂ 'ਤੇ ਇਕੋ ਪਾਰਟੀ ਦੀ ਹਮਾਇਤ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਪਰਵਾਸੀਆਂ ਵੱਲੋਂ ਪਿਛਲੇ ਦੋ ਕੁ ਸਾਲਾਂ ਤੋਂ ਅਕਾਲੀ-ਭਾਜਪਾ ਸਰਕਾਰ ਖਾਸਕਰ ਬਾਦਲ ਪਰਿਵਾਰ ਵਿਰੁੱਧ ਸੋਸ਼ਲ ਮੀਡੀਆ ਉਤੇ ਤਿੱਖੀ ਮੁਹਿੰਮ ਚਲਾਈ ਹੋਈ ਹੈ। ਸੂਬੇ ਵਿਚ ਚੋਣਾਂ ਸਮੇਂ ਪਰਵਾਸੀਆਂ ਵੱਲੋਂ ਸਿਆਸੀ ਪਾਰਟੀਆਂ ਨੂੰ ਫੰਡ ਵੀ ਭੇਜਿਆ ਜਾਂਦਾ ਹੈ।

# ਸਿਆਸੀ ਸ਼ਹਿ ਮਿਲਣ ਨਾਲ ਗੈਂਗਸਟਰਾਂ ਦੇ ਹੌਸਲੇ ਬੁਲੰਦ

**ਜਲੰਧਰ:** ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿਚ ਸਖਤੀ ਦੇ ਬਾਵਜੂਦ ਗੈਂਗਸਟਰਾਂ ਦੇ ਹੌਸਲੇ ਬੁਲੰਦ ਹਨ। ਸਿਆਸੀ ਧਿਰਾਂ ਦੀ ਸ਼ਹਿ ਉਤੇ ਇਨ੍ਹਾਂ ਅਨਸਰਾਂ ਨੇ ਪੁਲਿਸ ਨੂੰ ਵੀ ਸ਼ਰੇਆਮ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਫਰੀਦਕੋਟ ਜੇਲ੍ਹ ਦੇ ਬਾਹਰ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਦੇ ਹਵਾਲੇ ਨਾਲ ਪੋਸਟਰ ਲਾ ਕੇ ਜੇਲ੍ਹ ਉਤੇ ਹਮਲਾ ਕਰ ਕੇ ਸਾਥੀਆਂ ਨੂੰ ਰਿਹਾਅ ਕਰਵਾਉਣ ਦਾ ਦਾਅਵਾ ਕੀਤਾ ਗਿਆ। ਜਿਸ ਪਿੱਛੋਂ ਡਰੀ ਪੁਲਿਸ ਨੇ ਪੰਜਾਬ ਦੀਆਂ ਜੇਲ੍ਹਾਂ ਦੀ ਰਾਖੀ ਸੀ.ਆਰ.ਪੀ.ਐਫ. ਹਵਾਲੇ ਕਰ ਦਿੱਤੀ। ਇਸ ਧਮਕੀ ਦੇ ਅਗਲੇ ਦਿਨ ਜਲੰਧਰ ਸ਼ਹਿਰ ਦੇ ਵਿਚਕਾਰ ਦਿਨ-ਦਿਹਾੜੇ ਭਾਲੂ ਗੈਂਗ ਦੇ ਮੈਂਬਰਾਂ ਨੇ ਪੰਚਮ ਉਰਫ ਨੂਰ ਸਿੰਘ ਉਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਪੰਚਮ ਦੇ ਢਿੱਡ ਅਤੇ ਪਿੱਠ ਵਿਚ ਦੋ-ਦੋ ਗੋਲੀਆਂ ਅਤੇ ਇਕ ਗੋਲੀ ਸੱਜੀ ਬਾਂਹ ਉਤੇ ਲੱਗੀ। ਸਾਰੀ ਘਟਨਾ ਨੂੰ ਆਗਾਮੀ ਚੋਣਾਂ ਵਿਚ ਜਲੰਧਰ ਉਤਰੀ ਹਲਕੇ ਦੀ ਸਿਆਸੀ ਲੜਾਈ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਹਾਲਾਂਕਿ ਪੁਲਿਸ ਦਾਅਵਾ ਕਰ ਰਹੀ ਹੈ ਕਿ ਦੋਵੇਂ ਧਿਰਾਂ ਦੀ ਆਪਸ 'ਚ ਰੰਜਿਸ਼ ਚੱਲ ਰਹੀ ਸੀ ਅਤੇ ਇਹ ਗੈਂਗਵਾਰ ਉਸੇ ਦਾ ਨਤੀਜਾ ਹੈ।

ਜ਼ਿਕਰਯੋਗ ਹੈ ਕਿ ਪੰਚਮ ਉਤੇ ਪਹਿਲਾਂ ਵੀ ਕਈ ਅਪਰਾਧਕ ਕੇਸ ਦਰਜ ਹਨ ਅਤੇ ਇਸ ਵੇਲੇ ਉਹ ਜ਼ਮਾਨਤ ਉਤੇ ਬਾਹਰ ਆਇਆ ਹੋਇਆ ਸੀ। ਯਾਦ ਰਹੇ ਕਿ ਮਹੀਨਾ ਪਹਿਲਾ ਗੈਂਗਸਟਰਾਂ ਨੇ ਨਾਭਾ ਜੇਲ੍ਹ ਉਤੇ ਹਮਲਾ ਕਰ ਕੇ ਆਪਣੇ ਸਾਥੀ ਛੁਡਾ ਲਏ ਸਨ। ਪੁਲਿਸ ਨੂੰ ਇਸ ਹਮਲੇ ਦੀ ਅਗਾਊਂ ਸੂਚਨਾ ਵੀ ਸੀ, ਪਰ ਉਹ ਹੱਥ ਉਤੇ ਹੱਥ ਧਰੀ ਬੈਠੀ ਰਹੀ। ਇਸ



ਘਟਨਾ ਤੋਂ ਡੇਢ ਮਹੀਨੇ ਬਾਅਦ ਮੁੜ ਫਰੀਦਕੋਟ ਦੀ ਜੇਲ੍ਹ ਦੀ ਕੰਧ ਉਤੇ ਸਾਥੀਆਂ ਨੂੰ ਛੁਡਵਾਉਣ ਦਾ ਪੋਸਟਰ ਚਿਪਕਾ ਕੇ ਗੈਂਗਸਟਰਾਂ ਨੇ ਪੰਜਾਬ ਵਿਚ ਸੁਰੱਖਿਆ ਪ੍ਰਬੰਧਾਂ ਨੂੰ ਵੰਗਾਰਿਆ।

ਪੰਜਾਬ ਵਿਚ ਪਿਛਲੇ ਡੇਢ ਸਾਲ ਵਿਚ ਗੈਂਗਸਟਰਾਂ ਦੀ ਗਿਣਤੀ ਵਿਚ ਇਕਦਮ ਵਾਧਾ ਹੋਇਆ ਹੈ। ਦੋਸ਼ ਲੱਗਦੇ ਹਨ ਕਿ ਮਾੜੇ ਅਨਸਰਾਂ ਦੇ ਅਜਿਹੇ ਗਰੁੱਪਾਂ ਨੂੰ ਸਿਆਸੀ ਧਿਰਾਂ ਦੀ ਹਮਾਇਤ ਹਾਸਲ ਹੈ। ਅਕਾਲੀ ਸਰਕਾਰ ਉਤੇ ਤਾਂ ਇਹ ਵੀ ਦੋਸ਼ ਲੱਗੇ ਸਨ ਕਿ ਉਹ ਚੋਣਾਂ ਤੋਂ ਪਹਿਲਾਂ ਜੇਲ੍ਹ ਵਿਚ ਬੰਦ ਵੱਡੀ ਗਿਣਤੀ ਗੈਂਗਸਟਰਾਂ ਨੂੰ ਰਿਹਾਅ ਕਰ ਰਹੀ ਹੈ, ਹਾਲਾਂਕਿ ਇਸ ਬਾਰੇ ਪਤਾ ਲੱਗਣ 'ਤੇ ਸਰਕਾਰ ਨੇ ਇਹ ਕਾਰਵਾਈ ਟਾਲ ਦਿੱਤੀ, ਪਰ ਗੈਂਗਸਟਰਾਂ ਨੇ ਜੇਲ੍ਹ ਵਿਚ ਜਬਰੀ ਆਪਣੇ ਸਾਥੀ ਭਜਾਉਣ ਦਾ ਰਾਹ ਚੁਣ ਲਿਆ। ਸੂਬੇ ਵਿਚ ਵੱਡੇ ਪੱਧਰ 'ਤੇ ਗੈਂਗਸਟਰ ਅਤੇ ਮਾਫੀਆ ਗਰੋਹਾਂ ਦੀ ਮੌਜੂਦਗੀ ਅਮਨ-ਕਾਨੂੰਨ ਲਈ ਗੰਭੀਰ ਚੁਣੌਤੀ ਬਣੀ ਹੋਈ ਹੈ। ਮੁਲਕ ਦੇ ਕੁਲ ਲਾਇਸੈਂਸੀ ਹਥਿਆਰਾਂ ਵਿਚੋਂ 20 ਫੀਸਦੀ ਇਕੱਲੇ ਪੰਜਾਬ ਵਿਚ ਹਨ ਜਦੋਂਕਿ ਸੂਬੇ ਦੀ ਆਬਾਦੀ ਮੁਲਕ ਦਾ ਸਿਰਫ 2.3 ਫੀਸਦੀ ਹੀ ਹੈ।


**World Wide Travel**



www.fly2world.com

Chicago $760* Delhi

24/7 Emergency Service

Detroit $1050* Delhi

Lowest Fare Guaranteed

**734-838-9998**

*Fares shown above are subject to availability and may change without notice. Call us for more information.

**EVEREST TRANSPORT INC.**

SERVING since 1998 TRUCKING INDUSTRY

**Now Hiring**

*Drivers and Owner Operators*

**We Provide**

- Trailer ■Insurance ■Tolls
- Plates ■IFTA/Fuel Tax
- Fuel Discount Per Gallon+FSC
- We Pay By Miles ■We Run All Midwest
- Make Excellent Money
- Clean Work (Less Paper Work)

**ਅਸੀਂ ਮੁਹੱਈਆ ਕਰਦੇ ਹਾਂ**

- ਟਰੇਲਰ ■ਇੰਸ਼ੋਰੈਂਸ ■ਟੌਲ ■ਪਲੇਟਾਂ
- ਆਈ ਐਫ ਟੀ ਏ/ਫਿਊਲ ਟੈਕਸ
- ਤੇਲ ਦੇ ਪ੍ਰਤੀ ਗੈਲਨ 'ਤੇ ਡਿਸਕਾਊਂਟ
- ਮੀਲਾਂ ਦੇ ਹਿਸਾਬ ਭੁਗਤਾਨ
- ਪੂਰੇ ਮਿਡਵੈਸਟ ਵਿਚ ਸਰਵਿਸ

**Contact: Goldy, Cell: 260-797-1122**

Fax 866-920-8915 Email-hr@Everesttransportation.ca

# ਖਾਲਿਸਤਾਨ ਪੱਖੀ ਆਗੂ ਕਾਰਨ ਭਾਰਤ-ਬ੍ਰਿਟਿਸ਼ ਰਿਸ਼ਤੇ ਵਿਗੜਨ ਦਾ ਖਤਰਾ?

ਲੰਡਨ: ਯੂ.ਕੇ. ਵਿਚ ਖਾਲਿਸਤਾਨ ਪੱਖੀ ਆਗੂ ਦਬਿੰਦਰਜੀਤ ਸਿੰਘ ਸਿੱਧੂ ਦੀਆਂ ਕਥਿਤ ਭਾਰਤ ਵਿਰੋਧੀ ਗਤੀਵਿਧੀਆਂ ਤੋਂ ਭਾਰਤ ਅਤੇ ਬ੍ਰਿਟੇਨ ਦੇ ਦੁਵੱਲੇ ਰਿਸ਼ਤਿਆਂ ਵਿਚ ਕੁੜੱਤਣ ਪੈਦਾ ਹੋ ਸਕਦੀ ਹੈ। ਸ. ਸਿੱਧੂ ਨੈਸ਼ਨਲ ਆਡਿਟ ਆਫਿਸ (ਐਨ.ਏ.ਓ.) ਜੋ ਭਾਰਤ ਦੇ 'ਕੈਗ' ਬਰਾਬਰ ਹੈ, ਵਿਚ ਡਾਇਰੈਕਟਰ ਹਨ। ਉਹ ਪੰਜਾਬ ਵਿਚ ਸਿੱਖਾਂ ਲਈ ਵੱਖਰੇ ਦੇਸ਼ ਦੀ ਮੰਗ ਕਰਦੇ ਹਨ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਆਈ.ਐਸ.ਵਾਈ.ਐਫ.) ਦੇ ਕਾਰਕੁਨ ਰਹੇ ਹਨ। ਇਸ ਜਥੇਬੰਦੀ 'ਤੇ ਬ੍ਰਿਟਿਸ਼ ਸਰਕਾਰ ਵੱਲੋਂ ਪਾਬੰਦੀ ਲਾਈ ਗਈ ਸੀ ਅਤੇ ਪਿਛਲੇ ਸਾਲ ਟੈਰੇਜ਼ਾ ਮੇਅ ਨੇ ਗ੍ਰਿਹ ਸਕੱਤਰ ਹੁੰਦਿਆਂ ਇਸ ਤੋਂ ਪਾਬੰਦੀ ਹਟਾਈ ਸੀ। ਪਾਬੰਦੀ ਲੱਗਣ ਬਾਅਦ ਆਈ.ਐਸ.ਵਾਈ.ਐਫ. ਦੀ ਜਾਨਸ਼ੀਨ ਜਥੇਬੰਦੀ ਸਿੱਖ ਫੈਡਰੇਸ਼ਨ ਯੂ.ਕੇ. (ਐਸ.ਐਫ.ਯੂ.ਕੇ.) ਤਿਆਰ ਕਰ ਲਈ ਗਈ ਸੀ।

ਦੱਸਣਯੋਗ ਹੈ ਕਿ 2000 ਵਿਚ ਸ. ਸਿੱਧੂ ਨੂੰ ਐਨ.ਏ.ਓ. ਵਿਚ ਕੀਤੇ ਕੰਮਾਂ ਲਈ 'ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਖਿਤਾਬ ਨਾਲ ਸਨਮਾਨਿਆ ਗਿਆ ਸੀ। 2008 ਵਿਚ ਲੰਡਨ ਦੇ ਮੇਅਰ ਕੇਨ ਲਿਵਿੰਗਸਟੋਨ ਨੇ ਉਨ੍ਹਾਂ ਨੂੰ ਸ਼ਹਿਰ ਦੇ ਬੋਰਡ ਆਫ ਟਰਾਂਸਪੋਰਟ ਦਾ ਡਾਇਰੈਕਟਰ ਨਿਯੁਕਤ ਕੀਤਾ ਸੀ।

ਲੰਡਨ ਵਿਚ ਵੱਡੇ ਪੱਧਰ 'ਤੇ ਪੜ੍ਹੇ ਜਾਂਦੇ ਅਖ਼ਬਾਰ 'ਸਟੈਂਡਰਡ' ਮੁਤਾਬਕ ਸਿੱਧੂ ਇਸ ਜਥੇਬੰਦੀ ਨਾਲ ਜੁੜਿਆ ਹੋਇਆ ਹੈ। ਉਸ ਨੇ ਇਸ ਅਖ਼ਬਾਰ ਨੂੰ ਦੱਸਿਆ, "ਮੈਂ ਆਈ. ਐਸ. ਵਾਈ. ਐਫ. ਦਾ ਹਮਦਰਦ ਸਾਂ।' ਉਸ ਦੀ ਦਲੀਲ ਦਿੱਤੀ ਕਿ ਜਦੋਂ ਕਿਸੇ ਜਥੇਬੰਦੀ 'ਤੇ ਰੋਕ ਲੱਗਦੀ ਹੈ ਤਾਂ ਇਹ ਜਥੇਬੰਦੀ ਲਈ ਹੁੰਦੀ ਹੈ, ਨਾ ਕਿ ਵਿਅਕਤੀ ਵਿਸ਼ੇਸ਼ ਲਈ। ਭਾਰਤੀ ਖੁਫ਼ੀਆ ਏਜੰਸੀ ਵੱਲੋਂ ਸਿੱਧੂ ਨੂੰ ਆਈ.ਐਸ.ਵਾਈ.ਐਫ. ਅਤੇ ਹੁਣ ਐਸ.ਐਫ.ਯੂ.ਕੇ. ਦਾ ਕੱਟੜ ਮੈਂਬਰ ਦੱਸਿਆ ਜਾ ਰਿਹਾ ਹੈ। ਇੰਟਰਨੈੱਟ 'ਤੇ ਪਈਆਂ ਵੀਡੀਓਜ਼ ਵਿਚ ਸਿੱਧੂ ਸਿੱਖਾਂ ਦੇ ਅਧਿਕਾਰਾਂ ਬਾਰੇ ਭਾਵੁਕ ਤਕਰੀਰ ਦੇ ਰਿਹਾ ਹੈ। ਕੁਝ ਸਾਲ ਪਹਿਲਾਂ ਸਿੱਧੂ ਨੇ ਟ੍ਰੈਫਾਲਗਰ ਸਕੁਏਅਰ ਵਿਚ ਮੁੱਖ ਰੈਲੀ ਨੂੰ ਵੀ ਸੰਬੋਧਨ ਕੀਤਾ ਸੀ। ਸੂਤਰਾਂ ਮੁਤਾਬਕ ਭਾਰਤੀ ਖੁਫ਼ੀਆ ਏਜੰਸੀਆਂ ਨੇ ਸਿੱਧੂ ਵਾਲੇ ਮਸਲੇ ਨੂੰ ਐਮ-15 ਸਮੇਤ ਹੋਰ ਬ੍ਰਿਟਿਸ਼ ਏਜੰਸੀਆਂ ਕੋਲ ਕਈ ਵਾਰ ਉਠਾਇਆ ਹੈ, ਪਰ ਕੋਈ ਹਾਂ-ਪੱਖੀ ਨਤੀਜਾ ਨਹੀਂ ਨਿਕਲਿਆ।

ਇਸੇ ਦੌਰਾਨ ਇਹ ਵੀ ਚਰਚਾ ਹੈ ਕਿ ਸਿੱਧੂ ਨੂੰ ਲਾਰਡ ਦੀ ਉਪਾਧੀ ਵੀ ਦਿੱਤੀ ਜਾ ਸਕਦੀ ਹੈ। ਯਾਦ ਰਹੇ ਕਿ ਲੇਬਰ ਪਾਰਟੀ ਹਮੇਸ਼ਾ ਸਿੱਖ ਭਾਈਚਾਰੇ ਦੀ ਕਰੀਬੀ ਰਹੀ ਹੈ। 2015 ਦੀਆਂ ਆਮ ਚੋਣਾਂ ਵਿਚ ਜਦੋਂ ਬਾਕੀ ਭਾਰਤੀ ਵਰਗਾਂ ਨੇ ਕੰਜ਼ਰਵੇਟਿਵ ਪਾਰਟੀ ਨੂੰ ਵੋਟਾਂ ਪਾਈਆਂ ਸਨ, ਪਰ ਸਿੱਖ ਲੇਬਰ ਪਾਰਟੀ ਨਾਲ ਡਟ ਕੇ ਖੜ੍ਹੇ ਰਹੇ ਸਨ। ਸਿੱਖ ਭਾਈਚਾਰੇ ਨੂੰ ਖੁਸ਼ ਕਰਨ ਲਈ ਜੇਰੇਮੀ ਕੋਰਬਿਨ ਵੱਲੋਂ ਸਿੱਧੂ ਨੂੰ ਹਾਊਸ ਆਫ ਲਾਰਡਜ਼ ਲਈ ਨਾਮਜ਼ਦ ਕਰਨ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

# ਨਿੱਕੀ ਹੈਲੀ ਸੰਯੁਕਤ ਰਾਸ਼ਟਰ 'ਚ ਅਮਰੀਕੀ ਰਾਜਦੂਤ ਨਾਮਜ਼ਦ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਟੀਮ ਨੇ ਭਾਰਤੀ ਮੂਲ ਦੀ ਨਿੱਕੀ ਹੈਲੀ ਨੂੰ ਸੰਯੁਕਤ ਰਾਸ਼ਟਰ 'ਚ ਅਮਰੀਕਾ ਦੀ ਰਾਜਦੂਤ ਨਾਮਜ਼ਦ ਕੀਤਾ ਹੈ ਜੋ ਕਿ ਇਸ ਵਿਸ਼ਵ ਮੰਚ 'ਤੇ ਉਰਜਾਵਾਨ ਅਮਰੀਕੀ ਸਮਾਜ ਦੀ ਤਸਵੀਰ ਪੇਸ਼ ਕਰੇਗੀ।



ਦੱਖਣੀ ਕੈਰੋਲੀਨਾ ਦੀ ਗਵਰਨਰ ਨਿੱਕੀ ਹੈਲੀ, ਜਿਸ ਦੇ ਮਾਤਾ-ਪਿਤਾ ਪੰਜਾਬ ਤੋਂ ਅਮਰੀਕਾ ਵਸੇ ਸਨ, ਟਰੰਪ ਪ੍ਰਸ਼ਾਸਨ 'ਚ ਕੈਬਨਿਟ ਪੱਧਰ ਦੇ ਅਹੁਦੇ ਉਤੇ ਸੇਵਾਵਾਂ ਦੇਣ ਵਾਲੀ ਪਹਿਲੀ ਭਾਰਤੀ ਮੂਲ ਦੀ ਅਮਰੀਕੀ ਮਹਿਲਾ ਬਣ ਗਈ ਹੈ। ਵਾਈਟ ਹਾਊਸ ਪ੍ਰੈੱਸ ਸਕੱਤਰ ਸੀਆਨ ਸਪਾਈਸਰ ਨੇ ਕਿਹਾ ਕਿ ਭਾਰਤੀ ਮੂਲ ਦੀ ਅਮਰੀਕੀ 44 ਸਾਲਾ ਨਿੱਕੀ ਹੈਲੀ ਵਿਸ਼ਵ ਮੰਚ 'ਤੇ ਅਮਰੀਕੀ ਸਮਾਜ ਦੀ ਉਰਜਾਵਾਨ ਤਸਵੀਰ ਪੇਸ਼ ਕਰੇਗੀ। ਉਨ੍ਹਾਂ ਕਿਹਾ ਕਿ ਨਿੱਕੀ ਨੇ ਕਈ ਵੱਡੇ ਸੰਕਟਾਂ ਦੌਰਾਨ ਦੱਖਣੀ ਕੈਰੋਲੀਨਾ ਦੀ ਅਗਵਾਈ ਬੜੀ ਮਜ਼ਬੂਤੀ ਤੇ ਦਇਆ ਭਾਵਨਾ ਨਾਲ ਕੀਤੀ ਹੈ। ਗਵਰਨਰ ਹੈਲੀ ਨੇ ਭਾਰਤ ਸਮੇਤ ਜਾਪਾਨ, ਜਰਮਨੀ, ਫਰਾਂਸ ਤੇ ਕੈਨੇਡਾ ਵਿਚ ਵਪਾਰ ਮਿਸ਼ਨਾਂ ਦੀ ਸਫਲਤਾਪੂਰਵਕ ਅਗਵਾਈ ਕੀਤੀ ਹੈ। ਸਪਾਈਸਰ ਨੇ ਕਿਹਾ ਕਿ ਗਵਰਨਰ ਨੇ ਅਮਰੀਕਾ ਦੀ ਤਰਕੀ ਲਈ ਆਪਣੇ ਵਿਦੇਸ਼ੀ ਹਮਰੁਤਬਾਂ ਅਤੇ ਵਪਾਰਕ ਆਗੂਆਂ ਨਾਲ ਸਮਝੌਤੇ ਕਰ ਕੇ ਆਪਣੀ ਸਮਰੱਥਾ ਨੂੰ ਸਿੱਧ ਕੀਤਾ ਹੈ। ਭਾਵੇਂ ਕਿ ਹੈਲੀ ਨੂੰ ਕੂਟਨੀਤੀ ਤੇ ਵਿਦੇਸ਼ ਨੀਤੀ ਦਾ ਕੋਈ ਤਜਰਬਾ ਨਹੀਂ ਹੈ, ਪਰ ਉਨ੍ਹਾਂ ਦੇ ਨਾਂ ਦੀ ਪੁਸ਼ਟੀ ਦੀ ਕਈ ਸੀਨੀਅਰ ਸੰਸਦ ਮੈਂਬਰਾਂ ਨੇ ਪ੍ਰਸ਼ੰਸਾ ਕੀਤੀ।

## ਪਰਵਾਸੀਆਂ ਨੂੰ ਪੋਸਟਲ ਵੋਟ ਦਾ ਹੱਕ ਅਜੇ ਨਹੀਂ

**ਨਵੀਂ ਦਿੱਲੀ:** ਕੇਂਦਰੀ ਕੈਬਨਿਟ ਨੇ ਪਰਵਾਸੀ ਭਾਰਤੀਆਂ ਨੂੰ ਪੋਸਟਲ ਬੈਲਟ (ਇਲੈਕਟ੍ਰੌਨਿਕ ਵਿਧੀ ਰਾਹੀਂ) ਅਤੇ ਦੂਜੇ ਦੀ ਥਾਂ ਵੋਟ ਪਾਉਣ (ਪ੍ਰੌਕਸੀ) ਦੀ ਸਹੂਲਤ ਦੇਣ ਵਾਲੀ ਚੋਣ ਕਾਨੂੰਨ ਵਿਚ ਸੋਧ ਸਬੰਧੀ ਤਜਵੀਜ਼ ਨੂੰ ਹਾਲ ਦੀ ਘੜੀ ਅੱਗੇ ਪਾ ਦਿੱਤਾ ਹੈ। ਸੂਤਰਾਂ ਮੁਤਾਬਕ ਲੋਕਾਂ ਦੀ ਨੁਮਾਇੰਦਗੀ ਸਬੰਧੀ ਐਕਟ ਵਿਚ ਸੋਧ ਦੀ ਤਜਵੀਜ਼ ਕੈਬਨਿਟ ਮੀਟਿੰਗ ਦੇ ਏਜੰਡੇ ਵਿਚ ਜ਼ਰੂਰ ਸੀ, ਪਰ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ। ਗੌਰਤਲਬ ਹੈ ਕਿ ਸਰਕਾਰੀ ਸੇਵਾਵਾਂ ਨਿਭਾਅ ਰਹੇ ਮੁਲਾਜ਼ਮ ਜਿਨ੍ਹਾਂ ਵਿਚ ਹਥਿਆਰਬੰਦ ਬਲਾਂ ਨਾਲ ਜੁੜੇ ਫ਼ੌਜੀ ਵੀ ਸ਼ਾਮਲ ਹਨ, ਨੂੰ ਚੋਣ ਨੇਮਾਂ ਵਿਚ ਸੋਧ ਕਰਦਿਆਂ ਪੋਸਟਲ ਬੈਲਟ ਇਲੈਕਟ੍ਰਾਨਿਕ ਵਿਧੀ ਰਾਹੀਂ ਪ੍ਰਾਪਤ ਕਰਨ ਦਾ ਹੱਕ ਹੈ। ਉਨ੍ਹਾਂ ਕੋਲ ਵੋਟ ਪਾਉਣ ਲਈ ਪ੍ਰੌਕਸੀ ਦਾ ਬਦਲ ਵੀ ਮੌਜੂਦ ਹੈ। ਹੁਣ ਪਰਵਾਸੀ ਭਾਰਤੀਆਂ ਨੂੰ ਇਹ ਦੋਵੇਂ ਸਹੂਲਤਾਂ ਦੇਣ ਲਈ ਚੋਣ ਕਾਨੂੰਨ 'ਚ ਸੋਧ ਦੀ ਲੋੜ ਹੈ। ਚੋਣ ਕਮਿਸ਼ਨ ਵਿਚਲੇ ਮਾਹਿਰਾਂ ਦੀ ਕਮੇਟੀ 2015 ਤੋਂ ਇਸ ਪਾਸੇ ਕੰਮ ਕਰ ਰਹੀ ਹੈ। ਕਮਿਸ਼ਨ ਕੋਲ ਮੌਜੂਦ ਅੰਕੜਿਆਂ ਮੁਤਾਬਕ 12 ਹਜ਼ਾਰ ਪਰਵਾਸੀ ਭਾਰਤੀਆਂ ਵਿਚੋਂ 10 ਹਜ਼ਾਰ ਹੀ ਵੋਟ ਪਾਉਂਦੇ ਹਨ। ਜਿਹੜੇ ਨਹੀਂ ਪਾਉਂਦੇ, ਉਹ ਵਿਦੇਸ਼ੀ ਕਰੰਸੀ ਖਰਚ ਕੇ ਵੋਟ ਪਾਉਣ ਲਈ ਭਾਰਤ ਆਉਣਾ ਪਸੰਦ ਨਹੀਂ ਕਰਦੇ।

## ਫਸਲੀ ਕਰਜੇ ਦਾ ਵਿਆਜ ਮੁਆਫ

**ਨਵੀਂ ਦਿੱਲੀ:** ਨੋਟਬੰਦੀ ਤੋਂ ਪੀੜਤ ਕਿਸਾਨਾਂ ਨੂੰ ਰਾਹਤ ਦਿੰਦਿਆਂ ਕੇਂਦਰ ਸਰਕਾਰ ਨੇ ਨਵੰਬਰ-ਦਸੰਬਰ 2016 ਦੇ ਦੋ ਮਹੀਨੇ ਦੇ 660.50 ਕਰੋੜ ਰੁਪਏ ਦਾ ਵਿਆਜ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਦਿਹਾਤੀ ਖੇਤਰ ਵਿਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਮਕਾਨਾਂ ਦੀ ਉਸਾਰੀ ਲਈ ਕਰਜ਼ੇ ਦੀਆਂ ਕਿਸ਼ਤਾਂ ਨੂੰ ਆਸਾਨ ਕਰਨ ਲਈ ਦੋ ਲੱਖ ਦੇ ਕਰਜ਼ੇ ਉਤੇ ਤਿੰਨ ਫੀਸਦੀ ਵਿਆਜ ਸਬਸਿਡੀ ਦੇਣ ਦਾ ਐਲਾਨ ਵੀ ਕਰ ਦਿੱਤਾ ਹੈ।

ਕੇਂਦਰੀ ਖੇਤੀ ਮੰਤਰੀ ਰਾਧਾ ਮੋਹਨ ਸਿੰਘ ਨੇ ਦੱਸਿਆ ਕਿ ਕੇਂਦਰੀ ਮੰਤਰੀ ਮੰਡਲ ਨੇ ਨਵੰਬਰ ਦਸੰਬਰ 2016 ਦੇ ਲਈ 660.50 ਕਰੋੜ ਰੁਪਏ ਦਾ ਵਿਆਜ ਮੁਆਫ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਥੋੜ੍ਹੇ ਸਮੇਂ ਦੇ ਉਹ ਕਰਜ਼ੇ ਹਨ ਜੋ ਕਿਸਾਨਾਂ ਨੇ ਸਹਿਕਾਰੀ ਬੈਂਕਾਂ ਤੋਂ ਲਏ ਹੋਏ ਹਨ। ਇਸ ਤੋਂ ਇਲਾਵਾ ਸਰਕਾਰ ਨੇ ਸਾਲ 2022 ਤੱਕ ਸਭ ਦੇ ਲਈ ਘਰ ਮੁਹੱਈਆ ਕਰਵਾਉਣ ਦੇ ਆਪਣੇ ਮਿਸ਼ਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਵੀ ਦ੍ਰਿੜ ਪ੍ਰਗਟਾਵਾ ਕੀਤਾ ਹੈ। ਪੇਂਡੂ ਵਿਕਾਸ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਦੱਸਿਆ ਮਕਾਨਾਂ ਦੀ ਉਸਾਰੀ ਲਈ ਦੋ ਲੱਖ ਰੁਪਏ ਦੇ ਕਰਜ਼ੇ ਵਿਚ ਤਿੰਨ ਫੀਸਦੀ ਵਿਆਜ ਦਰ ਵਿਚ ਛੋਟ ਦੇਣ ਨਾਲ ਨਾ ਸਿਰਫ ਗਰੀਬਾਂ ਉਤੇ ਕਿਸ਼ਤ ਮੋੜਨ ਦਾ ਭਾਰ ਘਟੇਗਾ ਸਗੋਂ ਉਹ ਆਪਣੇ ਘਰਾਂ ਦੀ ਉਸਾਰੀ ਵੀ ਕਰ ਸਕਣਗੇ। ਇਸੇ ਦੌਰਾਨ ਸੀਨੀਅਰ ਨਾਗਰਿਕਾਂ ਲਈ ਐਲ.ਆਈ.ਸੀ. ਵੱਲੋਂ ਪੈਨਸ਼ਨ ਯੋਜਨਾ ਨੂੰ ਵੀ ਮਾਨਤਾ ਦੇ ਦਿੱਤੀ ਗਈ। ਇਸ ਯੋਜਨਾ ਤਹਿਤ ਜਮ੍ਹਾਂ ਰਾਸ਼ੀ ਦਾ ਅੱਠ ਫੀਸਦੀ ਦਸ ਸਾਲਾਂ ਤਕ ਦੇਣਾ ਲਾਜ਼ਮੀ ਹੋਵੇਗਾ।

## ਹਾਂਗਕਾਂਗ ਵੱਲੋਂ ਭਾਰਤੀਆਂ ਲਈ ਵੀਜ਼ਾ ਮੁਕਤ ਸਹੂਲਤ ਬੰਦ

**ਬੀਜਿੰਗ:** ਭਾਰਤੀ ਯਾਤਰੀਆਂ ਨੂੰ ਝਟਕਾ ਦਿੰਦਿਆਂ ਚੀਨ ਦੇ ਵਿਸ਼ੇਸ਼ ਪ੍ਰਸ਼ਾਸਕੀ ਖੇਤਰ ਹਾਂਗਕਾਂਗ ਨੇ ਭਾਰਤੀਆਂ ਲਈ ਮੁਕਤ ਵੀਜ਼ਾ ਸਹੂਲਤ ਵਾਪਸ ਲੈ ਲਈ ਹੈ ਅਤੇ ਉਨ੍ਹਾਂ ਨੂੰ ਹੁਣ ਪਹੁੰਚਣ ਤੋਂ ਪਹਿਲਾਂ ਰਜਿਸਟਰੇਸ਼ਨ ਕਰਵਾਉਣੀ ਪਵੇਗੀ। ਹਾਂਗਕਾਂਗ ਦੇ ਇਮੀਗਰੇਸ਼ਨ ਵਿਭਾਗ ਨੇ ਐਲਾਨ ਕੀਤਾ ਕਿ ਭਾਰਤੀ ਨਾਗਰਿਕਾਂ ਲਈ ਪਹੁੰਚਣ ਤੋਂ ਪਹਿਲਾਂ ਰਜਿਸਟਰੇਸ਼ਨ ਕਰਵਾਉਣਾ 23 ਜਨਵਰੀ ਤੋਂ ਲਾਗੂ ਕਰ ਦਿੱਤਾ ਗਿਆ ਹੈ।

ਭਾਰਤੀ ਨਾਗਰਿਕਾਂ ਲਈ ਪਹੁੰਚਣ ਤੋਂ ਪਹਿਲਾਂ ਰਜਿਸਟਰੇਸ਼ਨ ਲਈ ਆਨਲਾਈਨ ਸੇਵਾ ਖੋਲ੍ਹ ਦਿੱਤੀ ਗਈ ਹੈ। ਹਾਂਗਕਾਂਗ ਵਿਚ ਭਾਰਤੀ ਕੌਂਸਲਖਾਨੇ ਦੇ ਇਕ ਨੋਟਿਸ ਵਿਚ ਆਖਿਆ ਗਿਆ ਕਿ ਉਨ੍ਹਾਂ ਸ਼੍ਰੇਣੀਆਂ ਜਿਨ੍ਹਾਂ ਨੂੰ ਵੀਜ਼ੇ ਤੋਂ ਛੋਟ ਦਿੱਤੀ ਗਈ ਹੈ, ਤੋਂ ਬਿਨਾਂ ਸਾਰੇ ਭਾਰਤੀ ਪਾਸਪੋਰਟ ਧਾਰਕਾਂ ਨੂੰ ਪੇਸ਼ਗੀ ਵਿਚ ਰਜਿਸਟਰੇਸ਼ਨ ਕਰਵਾਉਣ ਤੋਂ ਬਿਨਾਂ ਹਾਂਗਕਾਂਗ ਜਾਣ ਵਾਲੇ ਜਹਾਜ਼ ਉਤੇ ਸਵਾਰ ਨਹੀਂ ਹੋਣ ਦਿੱਤਾ ਜਾਵੇਗਾ। ਇਹ ਉਨ੍ਹਾਂ 10 ਲੱਖ ਭਾਰਤੀਆਂ ਲਈ ਵੱਡਾ ਝਟਕਾ ਹੈ, ਜਿਹੜੇ ਇਸ ਸਾਬਕਾ ਬ੍ਰਿਟਿਸ਼ ਕਾਲੋਨੀ ਵਿਚ ਵਪਾਰ, ਕਾਰੋਬਾਰ ਅਤੇ ਛੁੱਟੀਆਂ ਮਨਾਉਣ ਲਈ ਜਾਂਦੇ ਹਨ। ਹੁਣ ਤੱਕ ਭਾਰਤੀ ਪਾਸਪੋਰਟ ਧਾਰਕਾਂ ਨੂੰ ਬਿਨਾਂ ਵੀਜ਼ਾ ਹਾਂਗਕਾਂਗ ਵਿਚ 14 ਦਿਨ ਰਹਿਣ ਦੀ ਇਜਾਜ਼ਤ ਸੀ, ਪਰ ਭਾਰਤ ਦੀਆਂ ਅਰਜ਼ੀਆਂ ਦੇ ਬਾਵਜੂਦ ਇਹ ਸਹੂਲਤ ਵਾਪਸ ਲੈ ਲਈ ਗਈ।

## ਅਕਾਲੀ ਮੈਨੀਫੈਸਟੋ 'ਚ ਵਾਅਦਿਆਂ ਦੀ ਝੜੀ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿਚ ਵਾਅਦਿਆਂ ਅਤੇ ਰਿਆਇਤਾਂ ਦੀ ਵਰਖਾ ਕੀਤੀ ਗਈ। ਚੋਣ ਮਨੋਰਥ ਪੱਤਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰੈੱਸ ਕਾਨਫਰੰਸ ਕਰ ਕੇ ਜਾਰੀ ਕੀਤਾ। 52 ਸਫ਼ਿਆਂ ਦੇ ਇਸ ਪੱਤਰ ਦਾ ਵਿਸ਼ਲੇਸ਼ਣ ਕਰਦਿਆਂ ਸ. ਬਾਦਲ ਨੇ ਦਾਅਵਾ ਕੀਤਾ ਕਿ ਤੀਜੀ ਵਾਰ ਬਣਨ ਜਾ ਰਹੀ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮਕਸਦ ਪੰਜਾਬ ਦੇ ਬੁਨਿਆਦੀ ਢਾਂਚੇ ਨੂੰ ਵਿਸ਼ਵ ਪੱਧਰੀ ਤਰੀਕੇ ਨਾਲ ਵਿਕਸਿਤ ਕਰਨਾ ਹੋਵੇਗਾ। ਪੰਜਾਬ ਦੇ ਕਿਸਾਨਾਂ ਨੂੰ ਕਰਜ਼ਾ ਮੁਕਤ ਕੀਤਾ ਜਾਵੇਗਾ, ਡੇਢ ਸੌ ਕਿਲੋਮੀਟਰ ਦੇ ਘੇਰੇ ਵਿਚ ਜਹਾਜ਼ਾਂ ਦੇ ਅੱਡੇ ਬਣਾਏ ਜਾਣਗੇ, ਲੋਕਾਂ ਨੂੰ ਸੁਰੱਖਿਆ ਕਵਚ ਦੇਣ ਲਈ ਪਿੰਡਾਂ-ਸ਼ਹਿਰਾਂ ਦੀਆਂ ਹੱਦਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਾਏ ਜਾਣਗੇ, 20 ਲੱਖ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ, ਸਨਅਤੀ ਹੱਬ ਬਣਾਏ ਜਾਣਗੇ ਅਤੇ ਨਿਊ ਚੰਡੀਗੜ੍ਹ ਤੇ ਅੰਮ੍ਰਿਤਸਰ ਸ਼ਹਿਰ ਸੈਰ-ਸਪਾਟੇ ਨੂੰ ਸਮਰਪਿਤ ਹੋਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ 12000 ਪਿੰਡਾਂ ਨੂੰ ਆਧੁਨਿਕ ਬੁਨਿਆਦੀ ਢਾਂਚੇ ਨਾਲ ਜੋੜ ਕੇ ਪਿੰਡਾਂ ਤੇ ਸ਼ਹਿਰਾਂ ਦੇ ਫਰਕ ਨੂੰ ਖ਼ਤਮ ਕੀਤਾ ਜਾਵੇਗਾ, ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਨਾਲ 5 ਏਕੜ ਵਾਲੇ ਕਿਸਾਨਾਂ ਨੂੰ ਬਿਨਾਂ ਵਿਆਜ 2 ਲੱਖ ਰੁਪਏ ਤੱਕ ਕਰਜ਼ੇ ਦੀਆਂ ਲਿਮਟਾਂ ਬਣਾ ਕੇ ਦਿੱਤੀਆਂ ਜਾਣਗੀਆਂ ਤੇ ਵਿਆਜ ਦੇ ਪੈਸੇ ਸਰਕਾਰ ਸਰਕਾਰ ਅਦਾ ਕਰੇਗੀ। ਕਿਸਾਨਾਂ ਨੂੰ ਮੁਫ਼ਤ ਬਿਜਲੀ ਅੱਠ ਦੀ ਥਾਂ 10 ਘੰਟੇ ਦਿੱਤੀ ਜਾਵੇਗੀ, ਮੁਹਾਲੀ ਅਤੇ ਅੰਮ੍ਰਿਤਸਰ ਆਈ.ਟੀ. ਹੱਬ ਬਣਾਏ ਜਾਣਗੇ, ਰਾਜਪੁਰੇ ਵਿਚ ਢਾਈ ਸੌ ਏਕੜ ਜ਼ਮੀਨ ਵਿਚ ਇੰਡਸਟ੍ਰੀਅਲ ਹੱਬ ਬਣੇਗਾ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਵੱਲੋਂ ਜਾਰੀ ਚੋਣ ਮਨੋਰਥ ਪੱਤਰ ਨੂੰ ਨਿਰਾ ਝੂਠ ਦਾ ਪੁਲੰਦਾ ਦੱਸਿਆ ਹੈ।

## ਜਾਅਲੀ ਕਰੰਸੀ ਬਾਰੇ ਕੋਈ ਰਿਕਾਰਡ ਨਹੀਂ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਕਿ ਨੋਟਬੰਦੀ ਮਗਰੋਂ ਬੈਂਕਾਂ ਵਿਚ ਜਮ੍ਹਾਂ ਹੋਈ ਪੁਰਾਣੀ ਕਰੰਸੀ ਵਿਚ ਜਾਅਲੀ ਨੋਟਾਂ ਸਬੰਧੀ ਉਸ ਕੋਲ ਕੋਈ ਰਿਕਾਰਡ ਨਹੀਂ ਹੈ। ਦੇਸ਼ ਦੇ ਸਭ ਤੋਂ ਵੱਡੇ ਬੈਂਕ ਨੇ ਇਹ ਖੁਲਾਸਾ ਮੁੰਬਈ ਆਧਾਰਤ ਕਾਰਕੁਨ ਅਨਿਲ ਗਲਗਲੀ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਮੰਗੀ ਜਾਣਕਾਰੀ ਦੇ ਜਵਾਬ ਵਿਚ ਕੀਤਾ ਹੈ।


Singh Tax & Accounting Services LLC.

Individual & Business Taxes, Accounting, Payroll & Financial Consulting Services.

File your taxes on time, Tax planning, start new business, to resolve tax related matters with IRS. Free consultation for tax matters. Translation from Punjabi to English and Notary Services.

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph:248-982-2036

Fax:616-855-5575



Mohan Singh M.COM, MBA (Finance), ACA Master in Taxation. IRS Enrolled agent, Notary Public

Office Locations: 38969 Cheshire Dr., Northville, MI 48167; 38565 Joy Rd., Westland, MI 48185

Email : jhand_mohan@yahoo.com; or info@SinghTaxServices.com

For More Detail check our web site at :www.SinghTaxServices.com



KULJEET (KJ) SINGH

Managing Broker Realtor

GAYA Realty

Interested in:

■Buying ■Selling

■Investing ■Renting

ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



Kuljeet Singh

Over 20 Years of Experience

Contact Information:

Cell: 224-305-3250

Email: ksingh4622@gmail.com

MLS REALTOR

Serving All Chicagoland & Surrounding Suburbs



ਪਲੈਜ਼ੈਂਟ ਟਰੈਵਲ ਐਂਡ ਟੂਰਜ਼

Pleasant Travel & Tours

6257 N. Clark Street, Chicago, IL 60660

Serving Community For Over 25 Years

Fly to Any Destination with the Best Price

Chicago-Amritsar = $ 795.00 Chicago-Delhi = $695.00

Chicago-Mumbai = $ 695.00 Restriction do apply

Ph:773-508-1927

ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ

Pleasanttravel@hotmail.com

www.pleasanttravelchicago.com

TURKISH AIRLINES ETIHAD QATAR Emirates

# ਟਰੰਪ ਦੀ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਤਾਜਪੋਸ਼ੀ

**ਵਾਸ਼ਿੰਗਟਨ:** ਅਰਬਪਤੀ ਕਾਰੋਬਾਰੀ ਡੋਨਲਡ ਟਰੰਪ ਨੇ ਲੰਘੀ 20 ਜਨਵਰੀ ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਉਹ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਵਜੋਂ ਅਹੁਦੇ ਲਈ ਚੁਣੇ ਗਏ ਹਨ। ਉਨ੍ਹਾਂ ਦੇ ਹਲਫ ਸਮਾਗਮ ਸਬੰਧੀ ਜਸ਼ਨ ਜਿਥੇ ਬੀਤੇ ਕਈ ਦਿਨਾਂ ਤੋਂ ਹੀ ਜਾਰੀ ਸਨ, ਉਥੇ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਚੁਣੇ ਜਾਣ ਦੇ ਵਿਰੋਧ ਵਿਚ ਰੋਸ ਮੁਜ਼ਾਹਰੇ ਵੀ ਕੀਤੇ। ਇਸ ਦੌਰਾਨ ਘੱਟੋ-ਘੱਟ ਚਾਰ ਮੁਜ਼ਾਹਰੇ ਹਿੰਸਕ ਰੂਪ ਧਾਰ ਗਏ, ਜਿਸ ਦੌਰਾਨ ਮੁਜ਼ਾਹਰਾਕਾਰੀਆਂ ਨੇ ਸਟੋਰਾਂ ਤੇ ਕਾਰਾਂ ਦੇ ਸ਼ੀਸ਼ੀ ਭੰਨ ਦਿੱਤੇ ਤੇ ਪੁਲਿਸ ਨਾਲ ਵੀ ਝੜਪਾਂ ਕੀਤੀਆਂ।

ਇਸ ਤੋਂ ਪਹਿਲਾਂ ਸ੍ਰੀ ਟਰੰਪ ਇਕ ਕਾਫਲੇ ਦੇ ਰੂਪ ਵਿਚ ਸਹੁੰ ਚੁੱਕ ਸਮਾਗਮ ਵਿਚ ਪੁੱਜੇ। ਉਨ੍ਹਾਂ ਆਪਣੇ ਸਹੁੰ ਚੁੱਕ ਕਾਫਲੇ ਦੀ ਸ਼ੁਰੂਆਤ ਇਥੇ ਚਰਚ ਵਿਚ ਹਾਜ਼ਰੀ ਭਰ ਕੇ ਕੀਤੀ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਫਸਟ ਲੇਡੀ ਮਿਲਾਨਿਆ ਟਰੰਪ, ਧੀ ਇਵਾਂਕਾ ਤੇ ਜਵਾਈ ਜੇਰਡ ਕੁਸ਼ਨਰ ਤੇ ਪੁੱਤਰਾਂ ਨੇ ਵੀ ਚਰਚ ਵਿਚ ਅਕੀਦਤ ਪੇਸ਼ ਕੀਤੀ। ਇਸ ਪਿੱਛੋਂ ਉਨ੍ਹਾਂ ਦਾ ਕਾਫਲਾ ਵਾਈਟ ਹਾਊਸ ਪੁੱਜਾ ਜਿਥੇ ਅਹੁਦਾ ਛੱਡ ਰਹੇ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨ੍ਹਾਂ ਦੇ ਪਰਿਵਾਰ ਨੇ ਨਵੇਂ ਰਾਸ਼ਟਰਪਤੀ ਤੇ ਉਨ੍ਹਾਂ ਦੇ ਪਰਿਵਾਰ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਨਵੀਂ ਫਸਟ ਲੇਡੀ ਮਿਲਾਨਿਆ ਟਰੰਪ ਨੇ ਰੁਖਸਤ ਹੋ ਰਹੀ ਫਸਟ ਲੇਡੀ ਮਿਸ਼ੇਲ ਓਬਾਮਾ ਨੂੰ ਇਕ ਟਿਫੈਨੀ ਗਿਫਟ ਭੇਟ ਕੀਤਾ। ਸਹੁੰ ਚੁੱਕ ਸਮਾਗਮ ਵਿਚ ਉਨ੍ਹਾਂ ਤੋਂ ਚੋਣਾਂ 'ਚ ਮਾਤ ਖਾਣ ਵਾਲੀ ਹਿਲਰੀ ਕਲਿੰਟਨ ਨੇ ਵੀ ਆਪਣੇ ਪਤੀ ਤੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਸ਼ਿਰਕਤ ਕੀਤੀ।



## ਟਰੰਪ ਨਾਲ ਕੰਮ ਕਰਨ ਲਈ ਮੋਦੀ ਉਤਸ਼ਾਹਿਤ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਡੋਨਲਡ ਟਰੰਪ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਸਹਿਯੋਗ ਦੀ ਪੂਰੀ ਸਮਰੱਥਾ ਦੀ ਵਰਤੋਂ ਕਰਨ ਲਈ ਉਨ੍ਹਾਂ ਨਾਲ ਕੰਮ ਕਰਨ ਨੂੰ ਲੈ ਕੇ ਉਤਸ਼ਾਹਿਤ ਹਨ। ਉਨ੍ਹਾਂ ਨੇ ਟਰੰਪ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਦੇ ਛੇਤੀ ਬਾਅਦ ਟਵੀਟ ਕਰ ਕੇ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਟਰੰਪ ਨੂੰ ਸ਼ੁੱਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਆਉਣ ਵਾਲੇ ਸਮੇਂ 'ਚ ਅਮਰੀਕਾ ਨੂੰ ਪਹਿਲਾਂ ਨਾਲੋਂ ਵੱਡੀਆਂ ਉਪਲਬਧੀਆਂ ਵੱਲ ਲੈ ਜਾਣ।

## ਰਾਤਰੀ ਭੋਜ ਵਿਚ ਗਾਇਕ ਮੀਕਾ ਸ਼ਾਮਲ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਆਪਣੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਦਿੱਤੇ ਰਾਤਰੀ ਭੋਜ ਵਿਚ ਪੰਜਾਬੀ ਗਾਇਕ ਮੀਕਾ ਸਿੰਘ ਨੂੰ ਵੀ ਸੱਦਾ ਦਿੱਤਾ ਗਿਆ ਸੀ। ਮੀਕਾ (39) ਨੇ ਪਾਰਟੀ ਵਿਚਲੀਆਂ ਆਪਣੀਆਂ ਤਸਵੀਰਾਂ ਨੂੰ ਸੋਸ਼ਲ ਮੀਡੀਆ ਉਤੇ ਨਸ਼ਰ ਕੀਤਾ ਹੈ। ਉਸ ਨੇ ਸ੍ਰੀ ਟਰੰਪ ਦੀ ਧੀ ਇਵਾਂਕਾ ਨਾਲ ਖਿੱਚੀ ਇਕ ਸੈਲਫੀ ਵੀ ਨਸ਼ਰ ਕੀਤੀ ਹੈ।

## ਰਾਸ਼ਟਰਪਤੀ ਬਣਨ ਪਿੱਛੋਂ ਅਸਲੀ ਰੰਗ 'ਚ ਆਏ ਟਰੰਪ

**ਵਾਸ਼ਿੰਗਟਨ :** ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਹੁਦਾ ਸੰਭਾਲਦਿਆਂ ਹੀ ਓਬਾਮਾ ਕੇਅਰ ਸਿਹਤ ਕਾਨੂੰਨ ਖਿਲਾਫ਼ ਹੁਕਮ ਪਾਸ ਕਰ ਦਿੱਤਾ ਹੈ। ਇਸ ਐਕਟ ਨੂੰ ਓਬਾਮਾ ਕੇਅਰ ਦੇ ਨਾਮ ਨਾਲ ਜ਼ਿਆਦਾ ਜਾਣਿਆ ਜਾਂਦਾ ਹੈ। ਟਰੰਪ ਦਾ ਕਹਿਣਾ ਹੈ ਕਿ ਇਸ ਨਾਲ ਖਰਚਾ ਜ਼ਿਆਦਾ ਹੋ ਰਿਹਾ ਸੀ ਤੇ ਲੋਕਾਂ ਨੂੰ ਫਾਇਦਾ ਘੱਟ। ਇਸ ਦੇ ਨਾਲ ਹੀ ਟਰੰਪ ਨੇ ਕੌਮੀ ਸੁਰੱਖਿਆ ਨਾਲ ਜੁੜੇ ਦੋ ਅਹਿਮ ਵਿਅਕਤੀਆਂ ਦੀ ਨਿਯੁਕਤੀ ਕੀਤੀ ਹੈ।

ਇਸ ਤੋਂ ਇਲਾਵਾ ਟਰੰਪ ਨੇ ਚੋਣ ਪ੍ਰਚਾਰ ਦੌਰਾਨ ਕੀਤੇ ਆਪਣੇ ਵਾਅਦੇ ਮੁਤਾਬਕ 12 ਦੇਸ਼ਾਂ ਦੇ ਇਕ ਵਪਾਰ ਸਮਝੌਤੇ 'ਟ੍ਰਾਂਸ ਪੈਸੇਫਿਕ ਪਾਰਟਨਰਸ਼ਿਪ' (ਟੀ. ਪੀ. ਪੀ.) ਤੋਂ ਰਸਮੀ ਤੌਰ ਉਤੇ ਹਟਣ ਲਈ ਇਕ ਕਾਰਜਕਾਰੀ ਆਦੇਸ਼ ਉਤੇ ਦਸਤਖਤ ਕੀਤੇ ਹਨ। ਟਰੰਪ ਦਾ ਮੰਨਣਾ ਹੈ ਕਿ ਇਹ ਕਰਾਰ ਅਮਰੀਕੀ ਨੌਕਰੀਆਂ ਅਤੇ ਨਿਰਮਾਣ ਖੇਤਰ ਦੇ ਹਿੱਤਾਂ ਦੇ ਖਿਲਾਫ ਸੀ। ਇਸ ਦੇ ਨਾਲ ਹੀ ਟਰੰਪ ਨੇ ਮੈਕਸੀਕੋ ਸਿਟੀ ਗਰਭਪਾਤ ਕਾਨੂੰਨ ਨੂੰ ਵੀ ਦੋਬਾਰਾ ਲਾਗੂ ਕਰ ਦਿੱਤਾ ਹੈ। ਇਸ ਮੁਤਾਬਕ ਗਰਭਪਾਤ ਦਾ ਸਮਰਥਨ ਕਰਨ ਵਾਲੇ ਜਾਂ ਇਸ ਲਈ ਮੁਹਿੰਮ ਚਲਾ ਰਹੇ ਸੰਗਠਨ ਅਮਰੀਕਾ ਦੀਆਂ ਸਰਕਾਰੀ ਏਜੰਸੀਆਂ ਤੋਂ ਪੈਸਾ ਨਹੀਂ ਲੈ ਸਕਣਗੇ। ਸਭ ਤੋਂ ਪਹਿਲਾਂ ਇਸ ਕਾਨੂੰਨ ਨੂੰ 1985 ਵਿਚ ਰਾਸ਼ਟਰਪਤੀ ਰੋਨਲਡ ਰੀਗਨ ਨੇ ਲਾਗੂ ਕੀਤਾ ਸੀ, ਪਰ ਬਿੱਲ ਕਲਿੰਟਨ ਤੇ ਬਰਾਕ ਓਬਾਮਾ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਟਰੰਪ ਨੇ ਤਾਜਪੋਸ਼ੀ ਤੋਂ ਬਾਅਦ ਪੱਤਰਕਾਰਾਂ ਖਿਲਾਫ਼ ਵੀ ਰੱਜ ਕੇ ਭੜਾਸ ਕੱਢੀ ਤੇ ਉਨ੍ਹਾਂ ਨੂੰ ਧਰਤੀ ਉਤੇ ਸਭ ਤੋਂ ਵੱਧ ਬੇਈਮਾਨ ਇਨਸਾਨ ਦੱਸਿਆ। ਇਕ ਚੈਨਲ ਵੱਲੋਂ ਉਨ੍ਹਾਂ ਦੇ ਹਲਫ ਸਮਾਗਮ ਵਿਚ ਲੋਕਾਂ ਦੀ ਘੱਟ ਹਾਜ਼ਰੀ ਦਿਖਾਏ ਜਾਣ ਤੋਂ ਭੜਕੇ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਮੀਡੀਆ ਨਾਲ ਜੰਗ ਚੱਲ ਰਹੀ ਹੈ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਝੂਠੀ ਖਬਰ ਦਿਖਾਈ ਤਾਂ ਇਸ ਦੇ ਨਤੀਜੇ ਭੁਗਤਣੇ ਪੈਣਗੇ।

## ਅਮਰੀਕਾ ਦੇ ਹਿੱਤਾਂ ਨੂੰ ਬਰਕਰਾਰ ਰੱਖਣ ਨੂੰ ਪਹਿਲ: ਟਰੰਪ

**ਵਾਸ਼ਿੰਗਟਨ:** ਸਹੁੰ ਚੁੱਕਣ ਉਪਰੰਤ ਟਰੰਪ ਨੇ ਕਿਹਾ ਅੱਜ ਤੋਂ ਨਵੇਂ ਯੁੱਗ ਦੀ ਸ਼ੁਰੂਆਤ ਹੋ ਰਹੀ ਹੈ। ਲੋਕ 20 ਜਨਵਰੀ 2017 ਨੂੰ ਯਾਦ ਰੱਖਣਗੇ। ਅਸੀਂ ਮਿਲ ਕੇ ਚੁਣੌਤੀਆਂ ਦਾ ਸਾਹਮਣਾ ਕਰਾਂਗੇ ਅਤੇ ਅੱਜ ਤੋਂ ਹੀ ਬਦਲਾਅ ਸ਼ੁਰੂ ਹੋਣਗੇ ਤੇ ਅਮਰੀਕਾ ਦੇ ਹਿੱਤਾਂ ਨੂੰ ਬਰਕਰਾਰ ਰੱਖਣਾ ਸਾਡੀ ਪਹਿਲ ਹੋਵੇਗੀ। ਸਹੁੰ ਚੁੱਕ ਸਮਾਰੋਹ ਦੇਖਣ ਲਈ 8 ਲੱਖ ਲੋਕ ਵਾਸ਼ਿੰਗਟਨ ਪੁੱਜੇ ਹੋਏ ਸਨ।

ਇਸ ਮੌਕੇ ਟਰੰਪ ਨੇ ਕਿਹਾ ਕਿ ਅਸੀਂ ਸਾਰੇ ਮਿਲ ਕੇ ਅਮਰੀਕਾ ਨੂੰ ਬਦਲਾਂਗੇ ਤੇ ਅਮਰੀਕੀ ਹਿੱਤਾਂ ਨੂੰ ਸਰਬਉੱਚ ਪਹਿਲ ਦਿੱਤੀ ਜਾਵੇਗੀ। ਅਮਰੀਕੀ ਲੋਕਾਂ ਦੇ ਸੁਪਨੇ ਸਾਕਾਰ ਕਰਨ ਦਾ ਯਤਨ ਕੀਤਾ ਜਾਵੇਗਾ ਤੇ ਮੈਂ ਤੁਹਾਨੂੰ ਕਦੇ ਨਿਰਾਸ਼ ਨਹੀਂ ਕਰਾਂਗਾ।

## ਪਤਨੀ ਨੂੰ ਪਿਛੇ ਹੀ ਛੱਡ ਗਏ ਡੋਨਲਡ ਟਰੰਪ

**ਵਾਸ਼ਿੰਗਟਨ:** ਨਵੇਂ ਬਣੇ ਰਾਸ਼ਟਰਪਤੀ ਡੋਨਲਡ ਟਰੰਪ ਜਦੋਂ ਹਲਫ਼ ਸਮਾਗਮ ਤੋਂ ਪਹਿਲਾਂ ਵ੍ਹਾਈਟ ਹਾਊਸ ਵਿਖੇ ਓਬਾਮਿਆਂ ਨੂੰ ਮਿਲਣ ਲਈ ਪੁੱਜੇ ਤਾਂ ਉਹ ਕਾਰ ਵਿਚੋਂ ਉਤਰਨ ਤੋਂ ਬਾਅਦ ਆਪਣੀ ਪਤਨੀ ਮਿਲੇਨੀਆ ਨੂੰ ਉਡੀਕੇ ਬਗੈਰ ਅਗਾਂਹ ਵਧ ਗਏ। ਨਤੀਜੇ ਵਜੋਂ ਮਿਲੇਨੀਆ ਨੂੰ ਇਕੱਲਿਆਂ ਹੀ ਪੌੜੀਆਂ ਚੜ੍ਹਨੀਆਂ ਪਈਆਂ; ਸਗੋਂ ਉਸ ਵਕਤ ਬਰਾਕ ਓਬਾਮਾ ਨੇ ਉਸ ਵੱਲ ਆਪਣਾ ਹੱਥ ਵਧਾਇਆ ਅਤੇ ਉਸ ਨੂੰ ਨਾਲ ਰਲਾਇਆ। ਉਸ ਵੇਲੇ ਬਰਾਕ ਓਬਾਮਾ ਅਤੇ ਮਿਸ਼ੇਲ ਓਬਾਮਾ, ਟਰੰਪ ਅਤੇ ਮਿਲੇਨੀਆ ਦੇ ਸਵਾਗਤ ਲਈ ਖੜ੍ਹੇ ਸਨ।



ਇਸ ਦੇ ਐਨ ਉਲਟ 2009 ਵਿਚ ਬਰਾਕ ਓਬਾਮਾ ਵੱਲੋਂ ਅਹੁਦਾ ਸੰਭਾਲਣ ਵੇਲੇ ਨਜ਼ਾਰਾ ਕੁਝ ਹੋਰ ਹੀ ਸੀ। ਉਸ ਵਕਤ ਜਦੋਂ ਓਬਾਮਾ ਜੋੜੀ ਵ੍ਹਾਈਟ ਹਾਊਸ ਪੁੱਜੀ ਸੀ ਤਾਂ ਓਬਾਮਾ ਨੇ ਕਾਰ ਵਿਚੋਂ ਉਤਰਨ ਤੋਂ ਬਾਅਦ ਮਿਸ਼ੇਲ ਨੂੰ ਬਕਾਇਦਾ ਉਡੀਕਿਆ, ਉਸ ਦਾ ਹੱਥ ਫੜਿਆ ਅਤੇ ਉਸ ਨੂੰ ਆਪਣੇ ਤੋਂ ਵੀ ਅਗਾਂਹ ਕਰ ਕੇ ਤੋਰਿਆ। ਇਉਂ ਉਨ੍ਹਾਂ ਨੇ ਇਕੱਠਿਆਂ ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਅਤੇ ਉਨ੍ਹਾਂ ਦੀ ਪਤਨੀ ਲੌਰਾ ਬੁਸ਼ ਦਾ ਸਵਾਗਤ ਕੀਤਾ।

ਇਹ ਪਹਿਲੀ ਵਾਰ ਨਹੀਂ, ਜਦੋਂ ਡਨੋਲਡ ਟਰੰਪ ਦੇ ਅਜਿਹੇ ਰਵੱਈਏ ਵੱਲ ਸਭ ਦਾ ਧਿਆਨ ਗਿਆ ਹੈ। ਹਲਫ ਸਮਾਗਮ ਦੌਰਾਨ ਟਰੰਪ ਦੇ ਖਿਝਾਊ ਰਵੱਈਏ ਪਿਛੋਂ ਮਿਲੇਨੀਆ ਦੇ ਉਤਰੇ ਹੋਏ ਚਿਹਰੇ ਵਾਲੀ ਤਸਵੀਰ ਵੀ ਝੱਟ ਵਾਇਰਲ ਹੋ ਗਈ ਸੀ।


**Sistar Mortgage**

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



**47 Trans Inc.**

7401 Brookville Rd., Indianapolis IN 46239



**ਡਰਾਈਵਰਾਂ ਤੇ ਓਨਰ ਆਪਰੇਟਰਾਂ ਦੀ ਲੋੜ ਹੈ**



- ਟੈਕਸਸ ਲਈ ਸਾਰਾ ਸਾਲ ਚਲਣ ਵਾਲੇ ਪੱਕੇ ਲੋਡ
- ਤਗੜੀ ਕਮਾਈ, ਤੁਰਤ ਅਦਾਇਗੀ
- ਸਸਤੇ ਭਾਅ ਟਰੱਕ ਤੇ ਟਰੇਲਰ ਲੈਣ ਲਈ ਲੀਜ਼ ਅਤੇ ਰੈਂਟ ਪ੍ਰੋਗਰਾਮ
- ਸਾਡੇ ਪਾਸ ਕਿਰਾਏ 'ਤੇ ਦੇਣ ਲਈ ਸੈਂਕੜੇ ਟਰੱਕ ਹਨ।

Trucks and Trailers for lease on dedicated runs.

**ਫੋਨ: 317-493-9010 ਤੇ 317-438-9542**

*ਫੈਕਸ: 317 731 5280; Email: agmfleet@gmail.com; dispatch@agmtrucking.com*

# ਐਤਕੀਂ ਪਹਿਲਾਂ ਨਾਲੋਂ ਐਨ ਹਟ ਕੇ ਹੋਵੇਗਾ ਪੰਜਾਬ ਦਾ ਚੋਣ ਦ੍ਰਿਸ਼

**ਚੰਡੀਗੜ੍ਹ:** ਪੰਜਾਬ ਵਿਚ ਚੋਣ ਮਾਹੌਲ ਪੂਰੀ ਤਰ੍ਹਾਂ ਗਰਮ ਹੈ। ਚੋਣ ਦੰਗਲ ਵਿਚ ਬਰਾਬਰ ਦੀ ਧਿਰ ਆਮ ਆਦਮੀ ਪਾਰਟੀ ਦੇ ਆਉਣ ਕਾਰਨ ਇਸ ਵਾਰ ਸਿਆਸੀ ਦ੍ਰਿਸ਼ ਕੁਝ ਵੱਖਰਾ ਹੈ। ਪੰਜਾਬ ਵਿਚ ਲੰਬੇ ਸਮੇਂ ਤੋਂ ਅਕਾਲੀ ਦਲ ਤੇ ਕਾਂਗਰਸ ਹੀ ਰਵਾਇਤੀ ਸਿਆਸੀ ਵਿਰੋਧੀ ਧਿਰਾਂ ਸਮਝੀਆਂ ਜਾਂਦੀਆਂ ਸਨ। 'ਆਪ' 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ 34 ਵਿਧਾਨ ਸਭਾ ਹਲਕਿਆਂ ਤੋਂ ਜਿੱਤ ਹਾਸਲ ਕਰਨ ਵਿਚ ਕਾਮਯਾਬ ਰਹੀ ਜਿਸ ਵਿਚੋਂ 31 ਸਿਰਫ ਮਾਲਵਾ ਖੇਤਰ ਦੇ ਸਨ ਅਤੇ ਇਸੇ ਖੇਤਰ ਵਿਚੋਂ ਪਾਰਟੀ ਨੂੰ ਅੱਜ ਵੀ ਵੱਡਾ ਹੁੰਗਾਰਾ ਮਿਲ ਰਿਹਾ ਹੈ।

ਆਮ ਆਦਮੀ ਪਾਰਟੀ ਨੇ ਇਨ੍ਹਾਂ ਚੋਣਾਂ ਦੌਰਾਨ ਕੁੱਲ ਵੋਟਾਂ ਦਾ 24.4 ਫੀਸਦੀ ਹਿੱਸਾ ਵੀ ਪ੍ਰਾਪਤ ਕੀਤਾ ਜਦੋਂਕਿ 2012 ਦੀਆਂ ਚੋਣਾਂ ਦੌਰਾਨ ਪੀਪਲਜ਼ ਪਾਰਟੀ ਆਫ ਪੰਜਾਬ 5.17 ਫੀਸਦੀ ਵੋਟਾਂ ਪ੍ਰਾਪਤ ਕਰ ਕੇ ਭਾਵੇਂ ਕੋਈ ਵਿਧਾਨ ਸਭਾ ਸੀਟ ਨਹੀਂ ਜਿੱਤ ਸਕੀ ਸੀ, ਪਰ ਇਸ ਨੂੰ ਕਾਂਗਰਸ ਦੀ ਹਾਰ ਦਾ ਕਾਰਨ ਮੰਨਿਆ ਗਿਆ ਸੀ। ਆਮ ਆਦਮੀ ਪਾਰਟੀ ਤੋਂ ਬਾਅਦ ਕਾਂਗਰਸ ਵੱਲੋਂ ਵੀ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਮਾਲ ਤੇ ਲੋਕ ਸੰਪਰਕ ਮੰਤਰੀ ਵਿਰੁੱਧ ਆਪਣੀਆਂ ਪਾਰਟੀਆਂ ਦੇ ਮਹਾਂਰਥੀਆਂ ਨੂੰ ਚੋਣ ਦੰਗਲ ਵਿਚ ਉਤਾਰਨਾ ਵੀ ਪੰਜਾਬ ਦੀ ਸਿਆਸਤ ਵਿਚ ਇਕ ਨਵੀਂ ਸ਼ੁਰੂਆਤ ਵੇਖੀ ਜਾ ਰਹੀ ਹੈ।

ਇਸ ਚੋਣ ਵਿਚ ਮੁੱਦਿਆਂ ਨੂੰ ਛੱਡ ਕੇ ਬਾਦਲ ਪਰਿਵਾਰ ਨੂੰ ਮੁੱਖ ਨਿਸ਼ਾਨਾ ਬਣਾਉਣ ਦਾ ਮੰਤਵ ਵੀ ਸ਼ਾਇਦ ਇਹੋ ਹੋ ਸਕਦਾ ਹੈ ਕਿ ਸਰਕਾਰ ਵਿਰੋਧੀ ਵੋਟਾਂ ਨੂੰ ਬਟੋਰਿਆ ਜਾ ਸਕੇ। ਇਸ ਸਾਰੇ ਵਰਤਾਰੇ ਦਾ ਅਫਸੋਸਨਾਕ ਪਹਿਲੂ ਇਹ ਹੈ ਕਿ ਇਸ ਚੋਣ ਦੌਰਾਨ ਰਾਜ ਨੂੰ ਦਰਪੇਸ਼ ਮੁੱਖ ਮੁੱਦਿਆਂ ਜਿਨ੍ਹਾਂ ਵਿਚ ਬੇਰੁਜ਼ਗਾਰੀ, ਸਿੱਖਿਆ ਦਾ ਡਿੱਗ ਰਿਹਾ ਮਿਆਰ ਜੋ ਨੌਜਵਾਨਾਂ ਨੂੰ ਨੌਕਰੀ ਦੇਣ ਦੇ ਕਾਬਲ ਨਹੀਂ ਬਣ ਰਿਹਾ, ਸਿਹਤ ਸੇਵਾਵਾਂ ਤੇ ਕਿਸਾਨੀ ਦੀ ਮਾੜੀ ਦਸ਼ਾ ਵਰਗੇ ਮੁੱਦਿਆਂ ਨੂੰ ਸਿਆਸੀ ਧਿਰਾਂ ਵੱਲੋਂ ਕੋਈ ਸੰਜੀਦਗੀ ਨਾਲ ਨਹੀਂ ਲਿਆ ਜਾ ਰਿਹਾ ਜਿਸ ਨਾਲ ਲਿਆ ਜਾਣਾ ਬਣਦਾ ਸੀ। ਕਾਂਗਰਸ ਅਤੇ 'ਆਪ' ਵੱਲੋਂ ਭਾਵੇਂ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਦਾ ਐਲਾਨ ਕੀਤਾ ਗਿਆ ਹੈ, ਪਰ ਇਸ ਸਬੰਧੀ ਕੋਈ ਜੁਆਬ ਨਹੀਂ ਦਿੱਤਾ ਜਾ ਰਿਹਾ ਕਿ ਜਨਤਕ ਤੇ ਕੌਮੀ ਬੈਂਕ ਜਾਂ ਆੜ੍ਹਤੀ ਕਰਜ਼ਿਆਂ ਉਤੇ ਲਕੀਰ ਮਾਰਨ ਦਾ ਰਾਜ ਸਰਕਾਰ ਕੋਲ ਕਿਹੜਾ ਅਧਿਕਾਰ ਹੈ ਅਤੇ ਨਾ ਹੀ ਇਹ ਦੱਸਿਆ ਜਾ ਰਿਹਾ ਹੈ ਕਿ ਉਕਤ ਕਰਜ਼ਾ ਰਾਸ਼ੀ ਸਰਕਾਰ ਵੱਲੋਂ ਵਾਪਸ ਕਰਨ ਲਈ ਧਨਰਾਸ਼ੀ ਕਿਥੋਂ ਆਵੇਗੀ?

## 'ਆਪ' ਦੀ ਆਮਦ ਨਾਲ ਬਦਲੇ ਸਿਆਸੀ ਸਮੀਕਰਨ



## ਡੇਰਿਆਂ ਦੁਆਲੇ ਘੁੰਮਣ ਲੱਗੀ ਸਿਆਸਤ

**ਚੰਡੀਗੜ੍ਹ:** ਚੋਣਾਂ ਵਿਚ ਡੇਰਾ ਰਾਜਨੀਤੀ ਕੁਝ ਜ਼ਿਆਦਾ ਹੀ ਅਹਿਮ ਸਮਝੀ ਜਾ ਰਹੀ ਹੈ। ਭਾਵੇਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵੀ ਕੁਝ ਡੇਰਾ ਮੁਖੀਆਂ ਨੂੰ ਮਿਲ ਚੁੱਕੇ ਹਨ, ਪਰ ਫਿਰ ਵੀ ਡੇਰਿਆਂ ਦਾ ਸਮਰਥਨ ਲੈਣ ਲਈ ਜ਼ਿਆਦਾ ਭੱਜ-ਦੌੜ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਹੀ ਕਰ ਰਹੇ ਨਜ਼ਰ ਆਉਂਦੇ ਹਨ। ਇਕ ਅੰਦਾਜ਼ੇ ਮੁਤਾਬਕ ਪੰਜਾਬ ਵਿਚ ਛੋਟੇ-ਵੱਡੇ ਕਰੀਬ 9000 ਡੇਰੇ ਹਨ, ਪਰ ਸਭ ਤੋਂ ਵੱਧ ਚਰਚਾ ਵਿਚ ਡੇਰਾ ਸੱਚਾ ਸੌਦਾ, ਡੇਰਾ ਰਾਧਾ ਸੁਆਮੀ, ਡੇਰਾ ਸੱਚਖੰਡ ਬੱਲਾਂ, ਦਿਵਿਆ ਜੋਤੀ ਸੰਸਥਾਨ, ਨਿਰੰਕਾਰੀ ਮੰਡਲ, ਨਾਮਧਾਰੀ ਸੰਪਰਦਾ, ਡੇਰਾ ਹੰਸਾਲੀ, ਨਾਨਕਸਰ ਸੰਪਰਦਾ, ਪ੍ਰਮੇਸ਼ਵਰ ਦੁਆਰ, ਡੇਰਾ ਰੂਮੀ ਤੋਂ ਇਲਾਵਾ ਦਮਦਮੀ ਟਕਸਾਲ ਤੇ ਦਾਦੂਵਾਲ ਆਦਿ ਹਨ। ਇਨ੍ਹਾਂ ਸਾਰਿਆਂ ਵਿਚੋਂ ਸਿਰਫ ਡੇਰਾ ਸੱਚਾ ਸੌਦਾ ਹੀ ਅਜਿਹਾ ਡੇਰਾ ਹੈ, ਜਿਸ ਦਾ ਬਾਕਾਇਦਾ ਰਾਜਨੀਤਕ ਵਿੰਗ ਹੈ ਤੇ ਜੋ ਬਾਕਾਇਦਾ ਕਿਸੇ ਪਾਰਟੀ ਦੀ ਮਦਦ ਦਾ ਐਲਾਨ ਕਰਦਾ ਹੈ। ਬਾਕੀ ਡੇਰੇ ਚੁੱਪ-ਚੁਪੀਤੇ ਹੀ ਕਿਸੇ ਪਾਰਟੀ ਜਾਂ ਉਮੀਦਵਾਰ ਦੀ ਮਦਦ ਦਾ ਇਸ਼ਾਰਾ ਕਰਦੇ ਹਨ। ਹਾਲਾਂ ਕਿ ਸੱਚਾਈ ਇਹੀ ਹੈ ਕਿ ਜਿੰਨਾ ਮਹੱਤਵ ਇਨ੍ਹਾਂ ਚੋਣਾਂ 'ਚ ਡੇਰਿਆਂ ਨੂੰ ਦਿੱਤਾ ਜਾਂਦਾ ਹੈ, ਅਸਲ 'ਚ ਉਹ ਉਨੇ ਅਸਰ-ਅੰਦਾਜ਼ ਕਦੇ ਵੀ ਨਹੀਂ ਹੁੰਦੇ।

## ਬਡੂੰਗਰ ਵੱਲੋਂ ਅਕਾਲੀ ਦਲ ਦਾ ਪ੍ਰਚਾਰਕ ਬਣਨ ਤੋਂ ਨਾਂਹ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਚੋਣ ਕਮਿਸ਼ਨ ਨੂੰ ਆਪਣੇ 40 ਸਟਾਰ ਪ੍ਰਚਾਰਕਾਂ ਦੀ ਸੂਚੀ ਦਿੱਤੀ ਸੀ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦਾ ਨਾਂ ਵੀ ਸ਼ਾਮਲ ਸੀ। ਇਹ ਗੱਲ ਸਾਹਮਣੇ ਆਉਣ 'ਤੇ ਵਿਵਾਦ ਛਿੜ ਗਿਆ ਸੀ ਕਿ ਧਾਰਮਿਕ ਸੰਸਥਾ ਦੇ ਮੁਖੀ ਪਾਰਟੀ ਲਈ ਪ੍ਰਚਾਰ ਕਿਵੇਂ ਕਰ ਸਕਦੇ ਹਨ। ਇਸ ਬਾਰੇ ਸੋਸ਼ਲ ਮੀਡੀਆ 'ਤੇ ਵੀ ਪਾਰਟੀ ਦੀ ਨੁਕਤਾਚੀਨੀ ਹੋਣ ਲੱਗੀ ਸੀ, ਪਰ ਪ੍ਰੋ. ਬਡੂੰਗਰ ਨੇ ਸਟਾਰ ਪ੍ਰਚਾਰਕ ਬਣਨ ਤੋਂ ਨਾਂਹ ਕਰ ਕੇ ਇਸ ਵਿਵਾਦ ਉਤੇ ਫਿਲਹਾਲ ਵਿਰਾਮ ਲਾ ਦਿੱਤਾ ਹੈ। ਐਸ.ਜੀ.ਪੀ.ਸੀ. ਪ੍ਰਧਾਨ ਨੇ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਅਕਾਲੀ ਦਲ ਨੇ ਗਲਤੀ ਨਾਲ ਪੁਰਾਣੀ ਲਿਸਟ ਚੋਣ ਕਮਿਸ਼ਨ ਨੂੰ ਦੇ ਦਿੱਤੀ ਸੀ ਜਿਸ ਵਿਚ ਉਨ੍ਹਾਂ ਦਾ ਨਾਂ ਸ਼ਾਮਲ ਸੀ। ਪ੍ਰੋ. ਬਡੂੰਗਰ ਦਾ ਇਹ ਤਰਕ ਸਹੀ ਨਹੀਂ ਜਾਪਦਾ ਕਿਉਂਕਿ ਜੇ ਲਿਸਟ ਪੁਰਾਣੀ ਹੁੰਦੀ ਤਾਂ ਉਸ ਵਿਚ ਪ੍ਰੋ. ਬਡੂੰਗਰ ਦੇ ਨਾਂ ਨਾਲ ਪ੍ਰਧਾਨ ਸ਼੍ਰੋਮਣੀ ਕਮੇਟੀ ਨਹੀਂ ਲਿਖਿਆ ਹੋਣਾ ਸੀ। ਫਿਲਹਾਲ ਐਸ.ਜੀ.ਪੀ.ਸੀ. ਪ੍ਰਧਾਨ ਪਾਰਟੀ ਦਾ ਸਟਾਰ ਪ੍ਰਚਾਰਕ ਬਣਨ ਤੋਂ ਨਾਂਹ ਕਰ ਕੇ ਇਸ ਵਿਵਾਦ ਵਿਚੋਂ ਬਚ ਕੇ ਨਿਕਲ ਗਏ ਹਨ।



# ਕਾਂਗਰਸੀ ਬਣਨ ਪਿਛੋਂ ਨਵਜੋਤ ਸਿੱਧੂ ਨੇ ਬਾਦਲ ਪਰਿਵਾਰ ਖਿਲਾਫ ਖੋਲ੍ਹਿਆ ਮੋਰਚਾ

**ਚੰਡੀਗੜ੍ਹ:** ਨਵੇਂ-ਨਵੇਂ ਕਾਂਗਰਸੀ ਬਣੇ ਨਵਜੋਤ ਸਿੰਘ ਸਿੱਧੂ ਨੇ ਬਾਦਲ ਪਰਿਵਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਪੰਜਾਬ ਨੂੰ ਲੁੱਟ ਕੇ ਖਾ ਗਿਆ ਹੈ। ਟਰਾਂਸਪੋਰਟ, ਹੋਟਲ, ਕੇਬਲ, ਮੀਡੀਆ, ਰੇਤਾ ਬਜਰੀ, ਸ਼ਰਾਬ ਦੇ ਠੇਕੇ ਸਭ ਉਤੇ ਬਾਦਲ ਪਰਿਵਾਰ ਜਾਂ ਫਿਰ ਉਨ੍ਹਾਂ ਦੇ ਚਹੇਤਿਆਂ ਦਾ ਕਬਜ਼ਾ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਦੇ 10 ਸਾਲਾਂ ਵਿਚ ਭ੍ਰਿਸ਼ਟਾਚਾਰ ਸਿਖਰ ਉਤੇ ਪਹੁੰਚ ਗਿਆ ਹੈ। ਕਿਸਾਨਾਂ ਨੂੰ ਭਿਖਾਰੀ ਬਣਾ ਦਿੱਤਾ ਗਿਆ ਹੈ। ਵਿਕਾਸ ਸਿਰਫ ਅਖਬਾਰਾਂ ਵਿਚ ਹੀ ਹੋਇਆ ਹੈ। ਸਰਕਾਰੀ ਟਰਾਂਸਪੋਰਟ 400 ਕਰੋੜ ਦੇ ਘਾਟੇ ਵਿਚ ਚੱਲ ਰਹੀ ਹੈ ਤੇ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਦਿਨ ਦੁੱਗਣੀ ਤੇ ਰਾਤ ਚੌਗੁਣੀ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਬਾਦਲ ਪਰਿਵਾਰ ਦੀਆਂ ਅੱਠ ਟਰਾਂਸਪੋਰਟ ਕੰਪਨੀਆਂ ਹਨ ਤੇ 650 ਬੱਸਾਂ ਚੱਲ ਰਹੀਆਂ ਹਨ। ਅਹਿਮ ਟਾਈਮ ਬਾਦਲਾਂ ਦੀਆਂ ਬੱਸਾਂ ਨੂੰ ਹੀ ਮਿਲਦੇ ਹਨ। ਸ਼ਰਾਬ ਦੇ ਠੇਕਿਆਂ ਵਿਚ ਵੀ ਸਰਕਾਰ ਨੂੰ ਰਗੜਾ ਲਾ ਕੇ ਆਪਣੇ ਚਹੇਤਿਆਂ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ। ਪੰਜਾਬ ਵਿਚ ਦੂਜੇ ਸੂਬਿਆਂ ਨਾਲੋਂ ਠੇਕੇ ਜ਼ਿਆਦਾ ਹਨ, ਪਰ ਆਮਦਨ ਕਿਤੇ ਘੱਟ ਹੈ।

ਉਨ੍ਹਾਂ ਨੇ ਕਰਨਾਟਕਾ ਦੀ ਮਿਸਾਲ ਵੀ ਪੇਸ਼ ਕੀਤੀ। ਉਨ੍ਹਾਂ ਕਿਹਾ ਕਿ ਰੇਤਾ-ਬਜਰੀ ਦੇ ਠੇਕਿਆਂ ਵਿਚ ਵੀ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਹੈ। ਕਾਬਲੇਗੌਰ ਹੈ ਕਿ 15 ਜਨਵਰੀ ਨੂੰ ਰਾਹੁਲ ਗਾਂਧੀ ਦੀ ਹਾਜ਼ਰੀ 'ਚ ਕਾਂਗਰਸ ਦਾ ਹਿੱਸਾ ਬਣਨ ਮਗਰੋਂ ਨਵਜੋਤ ਸਿੱਧੂ ਨੇ ਬਾਦਲ ਪਰਿਵਾਰ 'ਤੇ ਕਈ ਹਮਲੇ ਬੋਲੇ ਹਨ। ਉਨ੍ਹਾਂ ਆਪਣੇ ਅੰਦਾਜ਼ ਵਿਚ ਆਖਿਆ ਸੀ ਕਿ ਭੱਜ ਬਾਬਾ ਬਾਦਲ ਭੱਜ, ਲੜਾਈ ਆਰ-ਪਾਰ ਦੀ ਹੈ। ਸਿੱਧੂ ਨੇ ਕਿਹਾ ਸੀ ਕਿ ਅਕਾਲੀ ਦਲ ਸਾਫ ਸੁਥਰਾ ਸੀ, ਪਰ ਹੁਣ ਇਕ ਪਰਿਵਾਰ ਦੀ ਨਿੱਜੀ ਜਾਇਦਾਦ ਬਣ ਗਿਆ ਹੈ। ਬਾਦਲ ਪਰਿਵਾਰ ਪੰਜਾਬ ਵਿਚ ਧੰਦਾ ਕਰ ਰਿਹਾ ਹੈ, ਲੋਕ ਦੁਖੀ ਹਨ ਤੇ ਸੁਖਬੀਰ ਬਾਦਲ ਸੁਖ ਵਿਲਾਸ ਬਣਾ ਰਿਹਾ ਹੈ।



## ਸੁਖਬੀਰ ਬਾਦਲ ਦਾ ਸਿੱਧੂ ਉਤੇ ਜਵਾਬੀ ਵਾਰ

**ਅੰਮ੍ਰਿਤਸਰ:** ਨਵਜੋਤ ਸਿੱਧੂ ਨੇ ਬਾਦਲ ਪਰਿਵਾਰ ਉਤੇ ਪੰਜਾਬ ਨੂੰ ਲੁੱਟਣ ਦੇ ਇਲਜ਼ਾਮ ਲਾਏ ਤਾਂ ਅੱਗੋਂ ਸੁਖਬੀਰ ਬਾਦਲ ਨੇ ਸਿੱਧੂ ਨੂੰ ਘਟੀਆ ਇਨਸਾਨ ਤੱਕ ਕਹਿ ਦਿੱਤਾ। ਉਨ੍ਹਾਂ ਕਿਹਾ ਕਿ ਸਿੱਧੂ ਵਿਕਾਊ ਇਨਸਾਨ ਹੈ। ਉਹ ਪੈਸੇ ਲਈ ਕੁਝ ਵੀ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਧੂ ਦੀਆਂ ਗੱਲਾਂ ਦਾ ਕੋਈ ਭਰੋਸਾ ਨਹੀਂ ਕਰ ਸਕਦਾ।

ਨਵਜੋਤ ਸਿੱਧੂ ਨੇ ਅਕਾਲੀ ਦਲ-ਭਾਜਪਾ ਸਰਕਾਰ ਦੀ 10 ਸਾਲਾ ਕਾਰਗੁਜ਼ਾਰੀ ਬਾਰੇ ਵਾਈਟ ਪੇਪਰ ਜਾਰੀ ਕੀਤਾ ਸੀ। ਸਿੱਧੂ ਨੇ ਕਿਹਾ ਸੀ ਕਿ ਪਿਛਲੇ 10 ਸਾਲਾਂ ਵਿਚ ਪੰਜਾਬ ਨੂੰ ਨਚੋੜ ਦਿੱਤਾ ਹੈ।

# ਕਿਸੇ ਵੀ ਸਿਆਸੀ ਪਾਰਟੀ ਕੋਲ ਨਹੀਂ ਕਿਸਾਨਾਂ ਦੇ ਮੁੱਦਿਆਂ ਦਾ ਹੱਲ

**ਚੰਡੀਗੜ੍ਹ:** ਪੰਜਾਬ ਵਿਚ ਚੋਣ ਅਖਾੜਾ ਭਖਿਆ ਹੋਇਆ ਹੈ। ਸਿਆਸੀ ਧਿਰਾਂ ਨੇ ਵੋਟਰਾਂ ਨੂੰ ਖਿੱਚਣ ਲਈ ਮੋਰਚੇ ਲਾਏ ਹੋਏ ਹਨ। ਇਸ ਵਾਰ ਦੁੱਖ ਦੀ ਗੱਲ ਇਹ ਹੈ ਕਿ ਚੋਣ ਮੁਹਿੰਮਾਂ ਵਿਚੋਂ ਖੇਤੀ ਸੰਕਟ ਲਾਂਭੇ ਹੈ। ਖੇਤੀ ਸੰਕਟ ਕਾਰਨ ਪੰਜਾਬ ਵਿਚ ਦਸ ਹਜ਼ਾਰ ਤੋਂ ਵਧੇਰੇ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਕਰਜ਼ਾ ਮੁਆਫੀ ਦੀ ਗੱਲ ਕਰ ਕੇ ਹਰ ਪਾਰਟੀ ਆਪਣਾ ਪੱਲਾ ਝਾੜ ਰਹੀ ਹੈ, ਪਰ ਸਵਾਲ ਕਰਜ਼ੇ ਦਾ ਹੀ ਨਹੀਂ ਬਲਕਿ ਇਸ ਤੋਂ ਵੀ ਉਪਰ ਉਠ ਕੇ ਨੀਤੀਆਂ ਬਦਲਣ ਦਾ ਹੈ ਜਿਨ੍ਹਾਂ ਦੀ ਬਦੌਲਤ ਇਹ ਖੇਤੀ ਸੰਕਟ ਹੈ, ਪਰ ਅਫਸੋਸ ਕਿਸਾਨ ਮਾਰੂ ਨੀਤੀਆਂ ਚੋਣ ਦਾ ਮੁੱਦਾ ਨਹੀਂ ਹੈ।

ਯਾਦ ਰਹੇ ਕਿ ਕਰਜ਼ਾ ਮੁਆਫੀ ਕੋਈ ਪਹਿਲੀ ਵਾਰ ਚੋਣ ਮੁੱਦਾ ਨਹੀਂ ਰਿਹਾ ਬਲਕਿ ਇਸ ਤੋਂ ਪਹਿਲਾਂ ਵੀ ਹਰ ਪਾਰਟੀ ਇਹ ਵਾਅਦਾ ਕਰਦੀ ਰਹੀ ਹੈ। ਕਰਜ਼ਾ ਮੁਆਫੀ ਬਾਰੇ ਕੁਝ ਚੋਣ ਮਨੋਰਥ ਪੱਤਰਾਂ ਵਿਚ ਜ਼ਿਕਰ ਜ਼ਰੂਰ ਹੈ, ਪਰ ਜਿਨ੍ਹਾਂ ਅੰਤਰਰਾਸ਼ਟਰੀ, ਰਾਸ਼ਟਰੀ ਤੇ ਸੂਬਾਈ ਖੇਤੀ ਨੀਤੀਆਂ ਕਾਰਨ ਖੇਤੀ ਘਾਟੇ ਦਾ ਧੰਦਾ ਬਣ ਗਈ ਹੈ, ਉਨ੍ਹਾਂ ਬਾਰੇ ਚਰਚਾ 'ਵਰਜਿਤ' ਹੀ ਸਮਝੀ ਜਾ ਰਹੀ ਹੈ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਦਾ ਕਹਿਣਾ ਹੈ ਕਿ ਕਣਕ ਬਾਹਰੋਂ ਮੰਗਵਾਉਣ ਉਤੇ ਪੰਜਾਬ ਦੇ ਕਿਸਾਨਾਂ ਦਾ ਕੀ ਬਣੇਗਾ? ਇਸ ਤੋਂ ਇਲਾਵਾ ਸ਼ਾਹੂਕਾਰਾਂ ਵਾਲੇ ਕਰਜ਼ ਦੇ ਗੇੜ ਨੂੰ ਖਤਮ ਕਰਨ ਦੇ ਮੁੱਦੇ ਉਤੇ ਕੋਈ ਵੀ ਸਿਆਸੀ ਧਿਰ ਸਟੈਂਡ ਨਹੀਂ ਲੈ ਰਹੀ। ਉਨ੍ਹਾਂ ਕਿਹਾ ਕਿ ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ ਤੇ ਕੇਂਦਰ ਸਰਕਾਰ ਦੇ ਫੈਸਲੇ ਖੇਤੀ ਨੀਤੀ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ, ਇਸ ਬਾਰੇ ਤਾਂ ਕੋਈ ਚਰਚਾ ਹੀ ਨਹੀਂ ਹੋ ਰਹੀ। ਪੰਜਾਬ ਖੇਤੀ ਯੂਨੀਵਰਸਿਟੀ ਦੇ ਪ੍ਰੋ. ਸੁਖਪਾਲ ਸਿੰਘ ਮੁਤਾਬਕ ਕਰਜ਼ਾ ਇਕ ਵਾਰ ਮੁਆਫ ਵੀ ਕਰ ਦਿੱਤਾ ਜਾਵੇ ਤਾਂ ਇਸ ਦੇ ਚੜ੍ਹਨ ਦੇ ਅਸਲ ਕਾਰਨ ਲੱਭੇ ਬਿਨਾਂ ਇਲਾਜ ਸੰਭਵ ਨਹੀਂ ਹੈ। ਸਰਕਾਰੀ ਨੀਤੀਆਂ ਉਤੇ ਮੁੜ ਵਿਚਾਰ ਕਰਨ ਦੀ ਲੋੜ ਮਹਿਸੂਸ ਨਹੀਂ ਕੀਤੀ ਜਾ ਰਹੀ। ਅਰਥ ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਸਿਆਸਤਦਾਨਾਂ ਨੇ ਕਿਸਾਨਾਂ ਨੂੰ ਉਨ੍ਹਾਂ ਦੀ ਹੋਣੀ ਉਤੇ ਛੱਡ ਦਿੱਤਾ ਹੈ।



## ਕਿਸਾਨ ਜਥੇਬੰਦੀਆਂ ਦੀ ਹਮਾਇਤ 'ਤੇ ਸਵਾਲ

**ਚੰਡੀਗੜ੍ਹ:** ਕਿਸਾਨਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਵੀ ਹਰ ਵਾਰ ਦੀ ਤਰ੍ਹਾਂ ਚੋਣਾਂ ਵਿਚ ਕਿਸਾਨ ਮੁੱਦਾ ਬਣਾਉਣ ਵਿਚ ਨਾਕਾਮ ਹੀ ਰਹੀਆਂ ਹਨ। ਇਨ੍ਹਾਂ ਵਿਚੋਂ ਕਈ ਤਾਂ ਸਿਆਸੀ ਪਾਰਟੀਆਂ ਦੇ ਪ੍ਰਚਾਰ ਵਿਚ ਹੀ ਲੱਗ ਗਈਆਂ ਹਨ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਨੇ ਆਮ ਆਦਮੀ ਪਾਰਟੀ ਦੀ ਹਮਾਇਤ ਕਰ ਦਿੱਤੀ ਹੈ। ਲੱਖੋਵਾਲ ਗਰੁੱਪ ਨੇ ਅਕਾਲੀ ਦਲ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਕਾਰਨ ਯੂਨੀਅਨ ਵਿਚ ਫੁੱਟ ਵੀ ਸਾਹਮਣੇ ਆਈ ਹੈ। ਬੀ.ਕੇ.ਯੂ. (ਮਾਨ) ਗਰੁੱਪ ਨੇ ਕੈਪਟਨ ਅਮਰਿੰਦਰ ਸਿੰਘ ਦਾ ਸਮਰਥਨ ਕਰਨ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਕਿਸਾਨ ਯੂਨੀਅਨ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਦੇ ਉਮੀਦਵਾਰਾਂ ਤੇ ਜਮਹੂਰੀ ਕਿਸਾਨ ਸਭਾ ਖੱਬੇ ਪੱਖੀ ਉਮੀਦਵਾਰਾਂ ਦੀ ਹਮਾਇਤ ਕਰ ਰਹੀ ਹੈ। ਬੀ.ਕੇ.ਯੂ. (ਸਿੱਧੂਪੁਰ) ਸਿਆਸਤ ਤੋਂ ਖੁਦ ਨੂੰ ਦੂਰ ਰੱਖਣ ਦੀ ਨੀਤੀ ਉਤੇ ਚੱਲ ਰਹੀ ਹੈ।

## ਕਰਜੇ ਬਾਰੇ ਕੀਤੀ ਜਾ ਰਹੀ ਸਿਰਫ ਸਿਆਸਤ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਸਿਰ ਬੈਂਕਾਂ ਦਾ ਫਸਲੀ ਕਰਜ਼ਾ 90,012 ਕਰੋੜ ਰੁਪਏ ਤੋਂ ਵੱਧ ਹੈ। ਇਸ ਵਿਚ ਵੱਡਾ ਖਰਚ ਰੋਜ਼ਾਨਾ ਦੀ ਆਈ ਚਲਾਈ ਲਈ ਹੈ। ਨਿਵੇਸ਼ ਕਰਨ ਦੇ ਮਾਮਲੇ ਵਿਚ ਕਰਜ਼ਾ ਸਿਰਫ 1,591 ਕਰੋੜ ਰੁਪਏ ਹੀ ਹੈ। ਪੰਜਾਬੀ ਯੂਨੀਵਰਸਿਟੀ ਦੇ ਸਰਵੇਖਣ ਤੇ ਹੋਰਾਂ ਸਰਵੇਖਣਾਂ ਦੀ ਮੰਨੀ ਜਾਵੇ ਤਾਂ 15 ਤੋਂ 20 ਹਜ਼ਾਰ ਕਰੋੜ ਰੁਪਏ ਦੇ ਕਰੀਬ ਸ਼ਾਹੂਕਾਰਾਂ ਦਾ ਕਰਜ਼ਾ ਹੈ। ਪੰਜਾਬ ਦੇ ਕਿਸਾਨਾਂ ਨੂੰ ਫਸਲੀ ਕਰਜ਼ੇ ਉਤੇ 4 ਤੋਂ 7 ਫੀਸਦੀ, ਮਿਆਦੀ ਕਰਜ਼ੇ ਉਤੇ 11 ਫੀਸਦੀ ਤੇ ਸ਼ਾਹੂਕਾਰਾਂ ਦੇ ਕਰਜ਼ੇ ਉਤੇ 16 ਤੋਂ 24 ਫੀਸਦੀ ਤੱਕ ਵਿਆਜ ਵਜੋਂ ਕਰੀਬ 8000 ਕਰੋੜ ਰੁਪਏ ਸਾਲਾਨਾ ਅਦਾ ਕਰਨਾ ਪੈਂਦਾ ਹੈ।

ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਖੇਤੀ ਦਾ ਹਿੱਸਾ ਕਰੀਬ 70 ਹਜ਼ਾਰ ਕਰੋੜ ਹੈ। ਹੁਣ ਤੱਕ 10 ਹਜ਼ਾਰ ਦੇ ਕਰੀਬ ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ।

# ਅਕਾਲੀਆਂ ਦੀ ਬੇੜੀ ਡੋਬਣ ਲਈ 'ਆਪਣਿਆਂ' ਵੱਲੋਂ ਹੀ ਕਮਰਕੱਸੇ

**ਚੰਡੀਗੜ੍ਹ:** ਇਸ ਵਾਰ ਵਿਧਾਨ ਸਭਾ ਚੋਣਾਂ ਵਿਚ ਸਾਰੀਆਂ ਪਾਰਟੀਆਂ ਲਈ ਵਿਰੋਧੀਆਂ ਨਾਲੋਂ 'ਆਪਣੇ' ਹੀ ਵੱਡੀ ਸਿਰਦਰਦੀ ਬਣੇ ਹੋਏ ਹਨ। ਟਿਕਟਾਂ ਦੇ ਐਲਾਨ ਮਗਰੋਂ ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੋਂ ਇਲਾਵਾ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚ ਵੀ ਬਾਗੀ ਸੁਰਾਂ ਸਿਖਰ 'ਤੇ ਹਨ। ਇਸੇ ਕਾਰਨ ਕਈ ਪਾਰਟੀਆਂ ਨੇ ਨਾਮਜ਼ਦਗੀ ਤੋਂ ਇਕ ਦਿਨ ਪਹਿਲਾਂ ਉਮੀਦਵਾਰ ਐਲਾਨੇ ਤਾਂ ਜੋ ਬਾਗੀ ਸੁਰਾਂ ਦੇ ਪ੍ਰਭਾਵ ਤੋਂ ਬਚਿਆ ਜਾ ਸਕੇ।

ਸਭ ਤੋਂ ਵੱਧ ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਦੇ ਦੋ ਦਰਜਨ ਤੋਂ ਵੱਧ ਉਮੀਦਵਾਰਾਂ ਨੂੰ 'ਬਾਗੀਆਂ' ਨੇ ਫਿਕਰ ਪਾਇਆ ਹੋਇਆ ਹੈ। ਕਈ ਵਿਧਾਨ ਸਭਾ ਹਲਕਿਆਂ ਵਿਚ ਬਾਗੀ ਆਜ਼ਾਦ ਉਮੀਦਵਾਰਾਂ ਵਜੋਂ ਉਤਰੇ ਹਨ। ਅਕਾਲੀ ਦਲ ਨੇ ਬਾਗੀ ਸੁਰਾਂ ਮੱਠੀਆਂ ਕਰਨ ਲਈ ਬੋਰਡਾਂ, ਨਿਗਮਾਂ ਤੇ ਕਮਿਸ਼ਨਾਂ ਵਿਚ ਅਹੁਦਿਆਂ ਦੇ ਗੱਫੇ ਵੀ ਵੰਡੇ, ਪਰ ਫਿਰ ਵੀ ਖਤਰੇ ਦੀ ਘੰਟੀ ਬਰਕਰਾਰ ਹੈ।

ਅਕਾਲੀ ਦਲ ਲਈ ਬਰਨਾਲਾ, ਧੂਰੀ, ਨਾਭਾ, ਜਲੰਧਰ ਕੈਂਟ, ਸ੍ਰੀ ਹਰਗੋਬਿੰਦਪੁਰ, ਗਿੱਦੜਬਾਹਾ, ਖਰੜ, ਹਲਕਿਆਂ ਵਿਚ ਮੁਸੀਬਤ ਖੜ੍ਹੀ ਹੋਈ ਹੈ। ਬਰਨਾਲਾ ਵਿਚ ਅਕਾਲੀ ਦਲ ਨੇ ਸਾਬਕਾ ਕਾਂਗਰਸੀ ਸੁਰਿੰਦਰਪਾਲ ਸਿੰਘ ਸਿਬੀਆ ਨੂੰ ਹੀ ਟਿਕਟ ਦਿੱਤੀ ਹੈ। ਧੂਰੀ ਵਿਧਾਨ ਸਭਾ ਹਲਕੇ ਵਿਚ ਵੀ ਅਕਾਲੀ ਦਲ ਵੱਲੋਂ ਬਾਹਰੀ ਤੇ ਨਵੇਂ ਆਗੂ ਨੂੰ ਟਿਕਟ ਦਿੱਤੇ ਜਾਣ ਕਾਰਨ ਦਲ ਦਾ ਵੱਡਾ ਹਿੱਸਾ ਬਾਗੀ ਹੈ। ਜਲੰਧਰ ਕੈਂਟ ਵਿਚ ਵੀ ਅਕਾਲੀ ਪੂਰੀ ਤਰ੍ਹਾਂ ਸਰਬਜੀਤ ਸਿੰਘ ਮੱਕੜ ਨਾਲ ਨਹੀਂ।



ਨਾਭਾ ਹਲਕੇ ਵਿਚ ਕਾਂਗਰਸ ਤੋਂ ਲਿਆ ਕੇ ਉਮੀਦਵਾਰ ਖੜ੍ਹਾ ਕੀਤੇ ਜਾਣ ਕਾਰਨ ਸਥਾਨਕ ਆਗੂਆਂ ਦਾ ਰੋਸਾ ਅਜੇ ਤੱਕ ਦੂਰ ਨਹੀਂ ਹੋਇਆ। ਖਰੜ ਵਿਚ ਸਾਬਕਾ ਵਿਧਾਇਕ ਉਜਾਗਰ ਸਿੰਘ ਬਡਾਲੀ ਤੇ ਹੋਰਾਂ ਕਈ ਆਗੂਆਂ ਦੇ ਗਿਲੇ ਸ਼ਿਕਵੇ ਅਜੇ ਤਾਈਂ ਪਾਰਟੀ ਨੇ ਪੂਰੀ ਤਰ੍ਹਾਂ ਦੂਰ ਨਹੀਂ ਕੀਤੇ। ਗਿੱਦੜਬਾਹਾ ਵਿਚ ਤਾਂ ਅਕਾਲੀ ਦਲ ਦੇ ਪੁਰਾਣੇ ਉਮੀਦਵਾਰ ਸੰਤ ਸਿੰਘ ਬਰਾੜ ਤੇ ਉਨ੍ਹਾਂ ਦੇ ਪੁੱਤਰ ਆਪ ਵਿਚ ਸ਼ਾਮਲ ਹੋ ਚੁੱਕੇ ਹਨ। ਮੁਕਤਸਰ ਵਿਧਾਨ ਸਭਾ ਹਲਕੇ ਤੋਂ ਸੁਖਦਰਸ਼ਨ ਸਿੰਘ ਮਰਾੜ ਨੇ ਝੰਡਾ ਗੱਡਿਆ ਹੋਇਆ ਹੈ। ਘਨੌਰ ਵਿਧਾਨ ਸਭਾ ਹਲਕੇ ਤੋਂ ਜਸਦੇਵ ਸਿੰਘ ਸੰਧੂ ਦੀ ਨੂੰਹ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਨਿੱਤਰੀ ਹੋਈ ਹੈ। ਅੰਮ੍ਰਿਤਸਰ (ਦੱਖਣੀ) ਤੇ ਨਿਹਾਲ ਸਿੰਘ ਵਾਲਾ ਤੋਂ ਮੌਜੂਦਾ ਵਿਧਾਇਕਾਂ ਨੂੰ ਅਕਾਲੀ ਦਲ ਨੇ ਟਿਕਟ ਨਹੀਂ ਦਿੱਤੀ ਤਾਂ ਦੋਹਾਂ ਵਿਧਾਇਕਾਂ ਇੰਦਰਬੀਰ ਸਿੰਘ ਬੁਲਾਰੀਆ ਤੇ ਰਾਜਵਿੰਦਰ ਕੌਰ ਭਾਗੀਕੇ ਕਾਂਗਰਸ 'ਚ ਜਾ ਵੜੇ। ਫਿਲੌਰ ਤੋਂ ਉਮੀਦਵਾਰ ਅਵਿਨਾਸ਼ ਚੰਦਰ ਟਿਕਟ ਨਾ ਦਿੱਤੇ ਜਾਣ ਕਾਰਨ ਅਕਾਲੀ ਦਲ ਤੋਂ ਕਿਨਾਰਾ ਕਰ ਚੁੱਕੇ ਹਨ।

## ਜਲਾਲਾਬਾਦ ਵਿਚ ਸੁਖਬੀਰ ਬਾਦਲ ਲਈ ਵੱਡੀ ਵੰਗਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਕਈ ਦਿਲਚਸਪ ਮੁਕਾਬਲੇ ਵੇਖਣ ਨੂੰ ਮਿਲਣਗੇ। ਇਨ੍ਹਾਂ ਵਿਚ ਇਕ ਹਲਕਾ ਜਲਾਲਾਬਾਦ ਦੀ ਜੰਗ ਹੈ। ਇਸ ਹਲਕੇ ਵਿਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਖਿਲਾਫ ਆਮ ਆਦਮੀ ਪਾਰਟੀ ਨੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਉਤਾਰ ਕੇ ਮੁਕਾਬਲਾ ਦਿਲਚਸਪ ਬਣਾ ਦਿੱਤਾ ਸੀ। ਇਸ ਮਗਰੋਂ ਕਾਂਗਰਸ ਨੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਉਮੀਦਵਾਰ ਬਣਾ ਕੇ ਇਸ ਚੋਣ ਜੰਗ ਨੂੰ ਇਤਿਹਾਸਕ ਬਣਾ ਦਿੱਤਾ ਹੈ।

ਦਿਲਚਸਪ ਗੱਲ ਹੈ ਕਿ ਤਿੰਨੇ ਪਾਰਟੀਆਂ ਦੇ ਉਮੀਦਵਾਰ ਹਲਕੇ ਨਾਲ ਸਬੰਧਤ ਨਹੀਂ। ਹਲਕੇ ਵਿਚ ਕੁੱਲ 1 ਲੱਖ 92 ਹਜ਼ਾਰ ਵੋਟਰ ਹਨ। ਸੁਖਬੀਰ ਬਾਦਲ ਨੇ 12 ਜਨਵਰੀ ਨੂੰ ਹੀ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤੇ ਸਨ। ਸੁਖਬੀਰ ਬਾਦਲ ਤੇ ਭਗਵੰਤ ਮਾਨ ਨੇ ਪਹਿਲਾਂ ਹੀ ਆਪਣਾ ਚੋਣ ਪ੍ਰਚਾਰ ਭਖਾਇਆ ਹੋਇਆ ਹੈ। ਰਵਨੀਤ ਬਿੱਟੂ ਵੀ ਨਾਮਜ਼ਦਗੀ ਭਰ ਕੇ ਚੋਣ ਪ੍ਰਚਾਰ ਵਿੱਚ ਜੁਟ ਗਏ ਹਨ। ਸੁਖਬੀਰ ਬਾਦਲ ਲਈ ਉਨ੍ਹਾਂ ਦੀ ਪਤਨੀ ਹਰਸਿਮਰਤ ਬਾਦਲ ਲਗਾਤਾਰ ਚੋਣ ਪ੍ਰਚਾਰ ਕਰ ਰਹੇ ਹਨ। ਪਿਛਲੇ 10 ਸਾਲਾਂ ਤੋਂ ਸੱਤਾ ਵਿਚ ਹੋਣ ਕਰ ਕੇ ਪਿੰਡਾਂ ਵਿਚ ਚੋਣ ਪ੍ਰਚਾਰ ਦੌਰਾਨ ਅਕਾਲੀ ਆਗੂਆਂ ਨੂੰ ਲੋਕਾਂ ਦੇ ਮਿਹਣੇ ਸੁਣਨੇ ਪੈ ਰਹੇ ਹਨ। ਉਧਰ, ਭਗਵੰਤ ਮਾਨ ਨੇ ਆਪਣਾ ਚੋਣ ਪ੍ਰਚਾਰ ਸਿਖਰਾਂ ਉਤੇ ਪੁਚਾ ਦਿੱਤਾ ਹੈ। ਉਹ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰ ਕੇ ਚੋਣ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਦੀਆਂ ਚੋਣ ਮੀਟਿੰਗਾਂ ਵਿਚ ਭਰਵਾਂ ਇਕੱਠ ਦੇਖਣ ਨੂੰ ਮਿਲ ਰਿਹਾ ਹੈ।

## ਆਖਰ ਸੁਖਬੀਰ ਨੇ ਮੰਨ ਲਿਆ 'ਆਪ' ਦਾ ਅਸਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਰ ਮੰਨ ਹੀ ਲਿਆ ਕਿ ਮਾਲਵੇ ਦੀਆਂ 24 ਸੀਟਾਂ ਉਤੇ ਆਮ ਆਦਮੀ ਪਾਰਟੀ ਦਾ ਚੰਗਾ ਪ੍ਰਭਾਵ ਹੈ। ਉਂਜ ਉਨ੍ਹਾਂ ਕਿਹਾ ਕਿ 'ਆਪ' ਦਾ ਅਸਰ ਸਿਰਫ ਮਾਲਵੇ 'ਚ ਹੈ, ਪਰ ਮਾਝੇ ਤੇ ਦੁਆਬੇ ਵਿਚ ਇਸ ਪਾਰਟੀ ਦਾ ਕੋਈ ਆਧਾਰ ਨਹੀਂ। ਹੁਣ ਤੱਕ ਸੁਖਬੀਰ ਕਹਿ ਰਹੇ ਸੀ ਕਿ ਆਪ ਬਾਹਰੀ ਪਾਰਟੀ ਹੈ। ਇਸ ਲਈ ਇਸ ਦਾ ਪੰਜਾਬ ਵਿਚ ਕੋਈ ਆਧਾਰ ਨਹੀਂ। ਸੁਖਬੀਰ ਬਾਦਲ ਦਾਅਵਾ ਕਰਦੇ ਆ ਰਹੇ ਹਨ ਕਿ ਉਨ੍ਹਾਂ ਦਾ ਮੁਕਾਬਲਾ ਕਾਂਗਰਸ ਨਾਲ ਹੈ। ਇਸ ਦੌੜ ਵਿਚ ਆਪ ਕਿਤੇ ਵੀ ਨਹੀਂ। ਪਹਿਲੀ ਵਾਰ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਨੇ 'ਆਪ' ਦੇ ਅਸਰ ਦੀ ਗੱਲ ਕਬੂਲੀ ਹੈ।

# ਰਵਾਇਤੀ ਹਲਕੇ ਦੀ ਥਾਂ ਕੈਪਟਨ ਵੱਲੋਂ ਬਾਦਲ ਦੇ ਗੜ੍ਹ ਵਿਚ ਡੇਰੇ

**ਲੰਬੀ:** ਵਿਧਾਨ ਸਭਾ ਹਲਕਾ ਲੰਬੀ ਤੋਂ ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਮੁੱਖ ਮੰਤਰੀ ਵਿਚਾਲੇ ਭੇੜ ਸ਼ੁਰੂ ਹੋ ਗਿਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਲੰਬੀ ਤੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਲਕਾਰਿਆ।

ਕੈਪਟਨ ਨੇ ਬਾਦਲ ਦੇ ਗੜ੍ਹ ਤੋਂ ਹੀ ਜੰਗ ਦੀ ਸ਼ੁਰੂਆਤ ਕਰਦਿਆਂ ਵਾਅਦਾ ਕੀਤਾ ਕਿ ਉਹ ਬਾਦਲ ਦੇ ਇਲਾਕੇ ਵਿਚ ਉਨ੍ਹਾਂ ਨੂੰ ਭੁੰਨ ਕੇ ਰੱਖ ਦੇਣਗੇ। ਪਟਿਆਲਾ ਤੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਲੋਕਾਂ ਨੂੰ ਉਨ੍ਹਾਂ ਦੇ ਘਰੇਲੂ ਸ਼ਹਿਰ ਦਾ ਧਿਆਨ ਰੱਖਣ ਦੀ ਅਪੀਲ ਕੀਤੀ ਸੀ, ਕਿਉਂਕਿ ਉਹ ਬਾਦਲ ਉਤੇ ਹਮਲਾ ਬੋਲ ਰਹੇ ਹਨ।

ਕੈਪਟਨ ਨੇ ਕਿਹਾ ਕਿ ਉਨ੍ਹਾਂ ਨੇ ਬਾਦਲ ਨੂੰ ਪੰਜਾਬ ਦੀ ਸਿਆਸੀ ਤਸਵੀਰ ਤੋਂ ਬਾਹਰ ਕਰਨ ਦਾ ਵਾਅਦਾ ਕੀਤਾ ਸੀ। ਇਸੇ ਕਾਰਨ ਉਹ ਲੰਬੀ ਵਿਚ ਉਨ੍ਹਾਂ ਨੂੰ ਜ਼ਿੰਦਗੀ ਦਾ ਸਬਕ ਸਿਖਾਉਣ ਆਏ ਹਨ। ਉਹ ਬਾਦਲ ਨੂੰ ਸੂਬੇ ਦੇ ਲੋਕਾਂ ਖਿਲਾਫ ਬੀਤੇ 10 ਸਾਲਾਂ ਦੌਰਾਨ ਕੀਤੇ ਗਏ ਸਾਰੇ ਅੱਤਿਆਚਾਰਾਂ ਲਈ ਸਬਕ ਸਿਖਾਉਣਗੇ ਤੇ ਭਵਿੱਖ ਦੇ ਮੁੱਖ ਮੰਤਰੀਆਂ ਵਾਸਤੇ ਵੀ ਮਿਸਾਲ ਪੇਸ਼ ਕਰਨਗੇ। ਉਨ੍ਹਾਂ ਐਲਾਨ ਕੀਤਾ ਕਿ ਉਹ ਆਪਣੀ ਆਖਰੀ ਚੋਣ ਲੜਨ ਜਾ ਰਹੇ ਹਨ। ਕੈਪਟਨ ਨੇ ਕਿਹਾ ਕਿ ਉਹ ਨਾ ਪ੍ਰਕਾਸ਼ ਸਿੰਘ ਬਾਦਲ ਤੇ ਨਾ ਹੀ ਉਨ੍ਹਾਂ ਦੇ ਕਿਸੇ ਰਿਸ਼ੇਤਦਾਰ ਨੂੰ ਉਨ੍ਹਾਂ ਦੀਆਂ ਗਲਤੀਆਂ ਲਈ ਬਖਸ਼ਣਗੇ, ਜਿਨ੍ਹਾਂ ਨੇ ਪੰਜਾਬ ਨੂੰ ਅਜਿਹੀ ਮਾੜੀ ਹਾਲਤ 'ਚ ਪਹੁੰਚਾ ਦਿੱਤਾ ਹੈ।



## 'ਸਰਕਾਰ ਬਣਨ ਦੇ 24 ਘੰਟਿਆਂ ਅੰਦਰ ਬਾਦਲ ਦੇ ਕਰੀਬੀ ਜੇਲ੍ਹ ਹੋਣਗੇ'

**ਲੰਬੀ:** ਕਾਂਗਰਸ ਸਰਕਾਰ ਬਣਨ ਤੋਂ 24 ਘੰਟਿਆਂ ਅੰਦਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਈ ਓ.ਐਸ.ਡੀ ਤੇ ਸਹਾਇਕਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਜਾਏਗਾ। ਇਨ੍ਹਾਂ ਦੇ ਨਾਲ ਹੀ ਬੇਅਦਬੀ ਦੇ ਮੁਲਜ਼ਮ ਅਤੇ ਨਸ਼ੇ ਦੇ ਵਪਾਰ ਲਈ ਦੋਸ਼ੀ ਪਾਏ ਜਾਣ ਉਤੇ ਪੂਰੇ ਬਾਦਲ ਘਰਾਨੇ ਸਮੇਤ ਬਿਕਰਮ ਸਿੰਘ ਮਜੀਠੀਆ ਨੂੰ ਵੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾਏਗਾ।

ਲੰਬੀ ਹਲਕੇ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਚੋਣ ਲੜਨ ਵਾਲੇ ਕੈਪਟਨ ਅਮਰਿੰਦਰ ਸਿੰਘ ਕੁਝ ਇਸੇ ਅੰਦਾਜ਼ 'ਚ ਆਪਣੇ ਵਿਰੋਧੀਆਂ ਉਤੇ ਹਮਲੇ ਕਰ ਰਹੇ ਹਨ। ਲੰਬੀ 'ਚ ਪਹਿਲੀ ਰੈਲੀ ਦੌਰਾਨ ਕੈਪਟਨ ਨੇ ਐਲਾਨ ਕੀਤਾ ਕਿ ਜਿਸ ਦਿਨ ਸੱਤਾ 'ਚ ਆਏ, 24 ਘੰਟਿਆਂ ਅੰਦਰ ਉਹ ਸੁਖਬੀਰ ਦੇ ਓ.ਐਸ.ਡੀਜ਼ ਦਿਆਲ ਸਿੰਘ ਕੋਲੀਆਂਵਾਲੀ ਤੇ ਸਤਿੰਦਰਜੀਤ ਸਿੰਘ ਮੰਤਾ ਸਮੇਤ ਨਜ਼ਦੀਕੀ ਤੇਜਿੰਦਰ ਸਿੰਘ ਮਿੱਢੂਖੇੜਾ ਨੂੰ ਆਪਣੇ ਸਿਆਸੀ ਆਕਾਵਾਂ ਦੇ ਇਸ਼ਾਰਿਆਂ ਉਤੇ ਲੋਕਾਂ ਉਪਰ ਕੀਤੇ ਅੱਤਿਆਚਾਰਾਂ ਬਦਲੇ ਸਲਾਖਾਂ ਪਿੱਛੇ ਪਹੁੰਚਾ ਦਿਆਂਗਾ।

## ਕੈਪਟਨ ਨੇ ਬਾਗੀਆਂ ਨੂੰ ਰਾਹੇ ਪਾਉਣ ਦੀ ਘੜੀ ਰਣਨੀਤੀ

**ਚੰਡੀਗੜ੍ਹ:** ਕਾਂਗਰਸ ਨੇ ਬਗਾਵਤ ਠੱਲ੍ਹਣ ਲਈ ਸਖਤੀ ਵਰਤਣ ਦਾ ਫੈਸਲਾ ਕੀਤਾ ਹੈ। ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ 'ਚ ਪਾਰਟੀ ਵੱਲੋਂ ਨਾਮਜ਼ਦ ਉਮੀਦਵਾਰਾਂ ਖਿਲਾਫ ਚੋਣ ਲੜਨ 'ਤੇ ਅੜੇ ਬਾਗੀਆਂ ਨੂੰ ਸਖਤ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਪਾਰਟੀ ਦੀ ਧਾਰਾ ਦਾ ਵਿਰੋਧ ਕਰਨ ਵਾਲਿਆਂ ਨੂੰ ਜ਼ਿੰਦਗੀ ਭਰ ਲਈ ਕਾਂਗਰਸ ਤੋਂ ਬਾਹਰ ਕਰ ਦਿੱਤਾ ਜਾਵੇਗਾ। ਉਨ੍ਹਾਂ ਦੇ ਪਾਰਟੀ 'ਚ ਵਾਪਸ ਆਉਣ ਉਤੇ ਰੋਕ ਲਾ ਦਿੱਤੀ ਜਾਵੇਗੀ। ਕੈਪਟਨ ਦੀ ਇਸ ਧਮਕੀ ਪਿੱਛੋਂ ਵੱਡੀ ਗਿਣਤੀ ਬਾਗੀਆਂ ਨੇ ਬਗਾਵਤ ਦਾ ਰਾਹ ਛੱਡ ਦਿੱਤਾ ਹੈ। ਕੈਪਟਨ ਅਮਰਿੰਦਰ ਨੇ ਕਿਹਾ ਹੈ ਕਿ ਉਹ ਪਾਰਟੀ ਵੱਲੋਂ ਚੁਣੇ ਗਏ ਉਮੀਦਵਾਰਾਂ ਦੇ ਹੱਕ 'ਚ ਚੋਣਾਂ ਤੋਂ ਹਟਣ ਵਾਲਿਆਂ ਨੂੰ ਚੋਣਾਂ ਤੋਂ ਬਾਅਦ ਕਾਂਗਰਸ ਦੀ ਸਰਕਾਰ ਬਣਨ ਉਤੇ ਮੁੱਖ ਅਹੁਦੇ ਦੇਣ ਪ੍ਰਤੀ ਵਚਨਬੱਧ ਹਨ, ਪਰ ਪਾਰਟੀ ਬਾਗੀਆਂ ਵੱਲੋਂ ਨਿਰਦੇਸ਼ਾਂ ਦਾ ਉਲੰਘਣ ਸਹਿਣ ਨਹੀਂ ਕਰੇਗੀ। ਕੈਪਟਨ ਨੇ ਸਪੱਸ਼ਟ ਕੀਤਾ ਹੈ ਕਿ ਪਾਰਟੀ 'ਚ ਅਨੁਸ਼ਾਸਨ ਨੂੰ ਬਣਾ ਕੇ ਰੱਖਿਆ ਜਾਵੇਗਾ ਤੇ ਹਰ ਕੀਮਤ ਉਤੇ ਚੁਣੇ ਗਏ ਉਮੀਦਵਾਰਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ।

ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਬਗਾਵਤ ਦੀਆਂ ਖਬਰਾਂ ਪਿੱਛੋਂ 20 ਤੋਂ ਵੱਧ ਹਲਕਿਆਂ 'ਚ ਵਿਦਰੋਹ ਨੂੰ ਖਤਮ ਕਰ ਲਿਆ ਹੈ। ਜ਼ਿਆਦਾਤਰ ਉਮੀਦਵਾਰ ਪਾਰਟੀ ਦੀ ਟਿਕਟ ਨਾ ਮਿਲਣ ਤੋਂ ਬਾਅਦ ਬਤੌਰ ਆਜ਼ਾਦ ਉਮੀਦਵਾਰ ਦਾਇਰ ਕੀਤੀ ਗਈ ਆਪਣੀ ਨਾਮਜ਼ਦਗੀ ਵਾਪਸ ਲੈਣ ਲਈ ਮੰਨ ਗਏ ਹਨ। ਕਈ ਬਾਗੀਆਂ ਨਾਲ ਕੈਪਟਨ ਅਮਰਿੰਦਰ ਨੇ ਵਿਅਕਤੀਗਤ ਤੌਰ ਉਤੇ ਗੱਲ ਕੀਤੀ ਹੈ। ਉਨ੍ਹਾਂ ਨੂੰ ਇਸ ਵਾਅਦੇ ਨਾਲ ਪਾਰਟੀ ਹਿੱਤ ਵਿਚ ਆਪਣੀ ਨਾਮਜ਼ਦਗੀ ਵਾਪਸ ਲੈਣ ਨੂੰ ਰਾਜ਼ੀ ਕਰ ਲਿਆ ਹੈ ਕਿ ਸੱਤਾ 'ਚ ਆਉਣ 'ਤੇ ਉਨ੍ਹਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾਵੇਗਾ।

## ਪੈਸੇ ਵਿਚ ਯੂ.ਪੀ. ਅਤੇ ਨਸ਼ੇ 'ਚ ਪੰਜਾਬ ਮੋਹਰੀ

**ਚੰਡੀਗੜ੍ਹ:** 4 ਫਰਵਰੀ ਤੋਂ 8 ਮਾਰਚ ਤੱਕ ਭਾਰਤ ਦੇ ਪੰਜ ਸੂਬਿਆਂ ਪੰਜਾਬ, ਯੂ.ਪੀ., ਗੋਆ, ਉਤਰਾਖੰਡ ਤੇ ਮਨੀਪੁਰ ਵਿਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਚੋਣ ਕਮਿਸ਼ਨ ਵੱਲੋਂ ਪੰਜਾਂ ਸੂਬਿਆਂ ਵਿਚ ਤਾਇਨਾਤ ਕੀਤੇ ਗਏ ਨਿਗਰਾਨ ਦਸਤੇ ਕੋਈ ਵੀ ਗੈਰ ਕਾਨੂੰਨੀ ਕੰਮ ਹੋਣ ਤੋਂ ਰੋਕਣ ਲਈ ਸਖਤੀ ਨਾਲ ਮੁਸਤੈਦ ਹਨ।

17 ਜਨਵਰੀ ਤੱਕ ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਗੈਰਕਾਨੂੰਨੀ ਢੰਗ ਨਾਲ ਵਰਤੇ ਜਾ ਰਹੇ 64 ਕਰੋੜ ਦੀ ਨਗਦੀ ਤੇ 8 ਕਰੋੜ ਰੁਪਏ ਦੀ ਸ਼ਰਾਬ ਤੇ ਹੋਰ ਨਸ਼ੇ ਬਰਾਮਦ ਕੀਤੇ ਗਏ ਹਨ। ਸਭ ਤੋਂ ਵੱਧ ਨਗਦੀ 56 ਕਰੋੜ ਯੂ.ਪੀ. ਵਿਚੋਂ ਬਰਾਮਦ ਕੀਤੀ ਗਈ ਹੈ ਜਦਕਿ ਸਭ ਤੋਂ ਵੱਧ ਨਸ਼ਾ ਪੰਜਾਬ ਵਿਚੋਂ 1.79 ਕਰੋੜ (ਹੈਰੋਇਨ ਤੇ ਭੁੱਕੀ) ਦਾ ਬਰਾਮਦ ਕੀਤਾ ਗਿਆ ਹੈ। ਨਸ਼ੇ ਦੀ ਬਰਾਮਦਗੀ ਵਿਚ ਦੂਜੇ ਨੰਬਰ ਉਤੇ ਗੋਆ ਹੈ।

ਅੰਕੜਿਆਂ ਮੁਤਾਬਕ ਪੰਜਾਬ ਵਿਚੋਂ 8.17 ਕਰੋੜ ਦੀ ਨਗਦੀ. ਉਤਰਾਖੰਡ ਵਿਚੋਂ 10 ਲੱਖ ਤੇ ਮਨੀਪੁਰ ਵਿਚੋਂ 6.95 ਲੱਖ ਰੁਪਏ ਦੀ ਨਗਦੀ ਬਰਾਮਦ ਕੀਤੀ ਗਈ ਹੈ।

ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ

ਫੋਨ: 262-391-7666

4-6

Punjab Times
Ph: 847-359-0746
Punjabtimes1@gmail.com

INDIAN BAZAAR
334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।



ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ

ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ

Ph: 317-534-5151, 916-524-0045

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਸਕਰ ਇਨਾਮਾਂ ਲਈ 'ਲਾ ਲਾ ਲੈਂਡ' ਮੋਹਰੀ

**ਵਾਸ਼ਿੰਗਟਨ:** ਡੇਮੀਅਨ ਸ਼ਜ਼ੈੱਲ ਦੀ ਫ਼ਿਲਮ 'ਲਾ ਲਾ ਲੈਂਡ' ਨੇ 89ਵੇਂ ਅਕੈਡਮੀ ਐਵਾਡਰਜ਼ (ਆਸਕਰਜ਼) ਦੇ ਇਤਿਹਾਸ ਵਿਚ ਨਵਾਂ ਅਧਿਆਇ ਜੋੜਦਿਆਂ ਵੱਖ ਵੱਖ ਸ਼੍ਰੇਣੀਆਂ ਵਿਚ ਰਿਕਾਰਡ 14 ਨਾਮਜ਼ਦਗੀਆਂ ਹਾਸਲ ਕਰ ਲਈਆਂ ਹਨ। ਹਾਲੀਵੁੱਡ ਵਿਚ ਕਰੀਅਰ ਬਣਾਉਣ ਵਿਚ ਲੱਗੇ ਦੋ ਕਲਾਕਾਰਾਂ ਦੀ ਪ੍ਰੇਮ ਕਹਾਣੀ ਨੂੰ ਬਿਆਨਦੀ ਇਸ ਫ਼ਿਲਮ ਨੂੰ ਬਿਹਤਰੀਨ ਫ਼ਿਲਮ, ਬਿਹਤਰੀਨ ਨਿਰਦੇਸ਼ਕ (ਸ਼ਜ਼ੈੱਲ) ਤੇ ਬਿਹਤਰੀਨ ਅਦਾਕਾਰਾ (ਐਮਾ ਸਟੋਨ) ਤੇ ਬਿਹਤਰੀਨ ਅਦਾਕਾਰ (ਰਿਆਨ ਗੋਸਲਿੰਗ) ਲਈ ਵੀ ਨਾਮਜ਼ਦ ਕੀਤਾ ਗਿਆ ਹੈ।

'ਲਾ ਲਾ ਲੈਂਡ' ਨੇ 14 ਨਾਮਜ਼ਦਗੀਆਂ ਹਾਸਲ ਕਰ ਕੇ 1959 ਵਿਚ ਆਈ ਫ਼ਿਲਮ 'ਆਲ ਅਬਾਊਟ ਈਵ' ਅਤੇ 1997 ਵਿਚ ਲੀਓਨਾਰਡੋ ਡੀਕੈਪਰੀਓ ਤੇ ਕੇਟ ਵਿੰਸਲੇਟ ਦੀ ਅਦਾਕਾਰੀ ਵਾਲੀ ਫ਼ਿਲਮ 'ਟਾਇਟੈਨਿਕ' ਦੀ ਬਰਾਬਰੀ ਕਰ ਲਈ ਹੈ। ਨਾਮਜ਼ਦਗੀਆਂ ਦੀ ਗਿਣਤੀ ਪੱਖੋਂ ਦੂਜਾ ਨੰਬਰ ਸਾਇੰਸ ਫਿਕਸ਼ਨ ਡਰਾਮਾ 'ਅਰਾਈਵਲ' ਅਤੇ ਫ਼ਿਲਮ 'ਮੂਨਲਾਈਟ' ਦਾ ਆਉਂਦਾ ਹੈ। ਦੋਵੇਂ ਫ਼ਿਲਮਾਂ ਅਕੈਡਮੀ ਐਵਾਰਡਜ਼ ਲਈ ਅੱਠ-ਅੱਠ ਸ਼੍ਰੇਣੀਆਂ ਵਿਚ ਨਾਮਜ਼ਦਗੀ ਹਾਸਲ ਕਰਨ ਵਿਚ ਸਫ਼ਲ ਰਹੀਆਂ। ਬਰਤਾਨਵੀ-ਭਾਰਤੀ ਮੂਲ ਦੇ ਅਦਾਕਾਰ ਦੇਵ ਪਟੇਲ ਨੂੰ ਫ਼ਿਲਮ 'ਲਾਇਨ' ਲਈ ਬਿਹਤਰੀਨ ਸਹਿ ਅਦਾਕਾਰ ਦੀ ਸ਼੍ਰੇਣੀ ਵਿਚ ਨਾਮਜ਼ਦਗੀ ਮਿਲੀ ਹੈ। ਦੇਵ ਪਹਿਲੀ ਵਾਰ ਇਸ ਸ਼੍ਰੇਣੀ ਵਿਚ ਨਾਮਜ਼ਦ ਹੋਇਆ ਹੈ।



*ਫਿਲਮ 'ਲਾ ਲਾ ਲੈਂਡ' ਦੀ ਇਕ ਝਲਕ।*

ਆਸਕਰ ਐਵਾਰਡਜ਼ ਦੀ ਵੰਡ ਲਈ ਮੁੱਖ ਸਮਾਗਮ 26 ਫ਼ਰਵਰੀ ਨੂੰ ਹੌਲੀਵੁੱਡ ਦੇ ਡੌਲਬੀ ਥੀਏਟਰ ਤੇ ਹਾਈਲੈਂਡ ਸੈਂਟਰ ਵਿਚ ਹੋਵੇਗਾ। ਬਿਹਤਰੀਨ ਫ਼ਿਲਮ ਦੀ ਸ਼੍ਰੇਣੀ ਵਿਚ ਜਿਨ੍ਹਾਂ ਫ਼ਿਲਮਾਂ ਨੂੰ ਥਾਂ ਮਿਲੀ ਹੈ, ਉਨ੍ਹਾਂ ਵਿਚ 'ਅਰਾਈਵਲ', 'ਫੈਂਸਿਜ਼', 'ਹੈਕਸਾਅ ਰਿੱਜ', 'ਹੈੱਲ ਔਰ ਹਾਈ ਵਾਟਰ', 'ਹਿਡਨ ਫਿਗਰਜ਼', 'ਲਾ ਲਾ ਲੈਂਡ', 'ਲਾਇਨ', 'ਮੈਨਚੈਸਟਰ ਬਾਇ ਦਿ ਸੀਅ' ਅਤੇ 'ਮੂਨਲਾਈਟ' ਸ਼ਾਮਲ ਹਨ।

# ਸ਼ਿਵ ਸੈਨਾ ਨੇ ਨੋਟਬੰਦੀ ਉਤੇ ਮੋਦੀ ਲਪੇਟਿਆ

**ਮੁੰਬਈ:** ਭਾਜਪਾ ਦੀ ਭਾਈਵਾਲ ਪਾਰਟੀ ਸ਼ਿਵ ਸੈਨਾ ਨੇ ਮੋਦੀ ਸਰਕਾਰ ਉਤੇ ਤਿੱਖਾ ਹਮਲਾ ਬੋਲਦਿਆਂ ਨੋਟਬੰਦੀ ਦੇ ਫੈਸਲੇ ਦੀ ਅਮਰੀਕਾ ਦੇ ਹੀਰੋਸ਼ੀਮਾ-ਨਾਗਾਸਾਕੀ ਹਮਲੇ ਨਾਲ ਤੁਲਨਾ ਕੀਤੀ। ਉਨ੍ਹਾਂ ਕਿਹਾ ਕਿ ਜਿਵੇਂ ਅਮਰੀਕਾ ਨੇ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਪਰਮਾਣੂ ਬੰਬ ਸੁੱਟ ਕੇ ਤਬਾਹ ਕੀਤਾ ਸੀ, ਉਸੇ ਤਰ੍ਹਾਂ ਮੋਦੀ ਸਰਕਾਰ ਨੇ ਨੋਟਬੰਦੀ ਦਾ ਬੰਬ ਸੁੱਟ ਕੇ ਭਾਰਤ ਦੀ ਜਨਤਾ ਨੂੰ ਬਰਬਾਦ ਕੀਤਾ ਹੈ।

ਸ਼ਿਵ ਸੈਨਾ ਕੇਂਦਰ ਸਰਕਾਰ ਦੀ ਸਹਿਯੋਗੀ ਹੈ। ਦੋਵਾਂ ਵਿਚ ਵਿਚਾਰਕ ਤਾਲਮੇਲ ਵੀ ਹੈ, ਪਰ ਨੋਟਬੰਦੀ ਦੇ ਫੈਸਲੇ ਦਾ ਸ਼ਿਵ ਸੈਨਾ ਲਗਾਤਾਰ ਵਿਰੋਧ ਕਰ ਰਹੀ ਹੈ। ਸ਼ਿਵ ਸੈਨਾ ਨੇ ਆਪਣੇ ਮੈਗਜ਼ੀਨ 'ਸਾਮਨਾ' ਵਿਚ ਤਾਂ ਇਥੋਂ ਤੱਕ ਲਿਖਿਆ ਗਿਆ ਹੈ ਕਿ ਮੋਦੀ ਇਕਪਾਸੜ ਫੈਸਲੇ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਮੋਦੀ ਕਿਸੇ ਦੀ ਸੁਣਨਾ ਪਸੰਦ ਨਹੀਂ ਕਰਦੇ ਤੇ ਨਾ ਹੀ ਕਿਸੇ ਦੀ ਸਲਾਹ ਲੈਂਦੇ ਹਨ, ਇਥੋਂ ਤੱਕ ਕਿ ਆਰ.ਬੀ.ਆਈ. ਦੇ ਚੇਅਰਮੈਨ ਨਾਲ ਵੀ ਮਸ਼ਵਰਾ ਨਹੀਂ ਕਰਦੇ ਤੇ ਕੈਬਨਿਟ ਮੀਟਿੰਗ ਵਿਚ ਵੀ ਗੂੰਗੇ ਤੇ ਬੋਲਿਆਂ ਨੂੰ ਤੋਤਿਆਂ ਵਾਂਗ ਬੁਲਵਾਉਂਦੇ ਸਨ।

# ਪਰਮਾਣੂ ਹਥਿਆਰਾਂ ਬਾਰੇ ਕੋਰੀਆ ਦੀ ਬੜ੍ਹਕ

**ਸਿਓਲ:** ਉਤਰੀ ਕੋਰੀਆ ਪਾਬੰਦੀ ਦੇ ਬਾਵਜੂਦ ਪਰਮਾਣੂ ਪ੍ਰੀਖਣ ਕਰਨ ਤੋਂ ਨਹੀਂ ਝਕ ਰਿਹਾ। ਤਾਜ਼ਾ ਰਿਪੋਰਟ ਅਨੁਸਾਰ ਉਤਰੀ ਕੋਰੀਆ ਦਾ ਤਾਨਾਸ਼ਾਹ ਕਿਮ ਜੌਂਗ ਨਵੇਂ ਪਰਮਾਣੂ ਰਾਕਟ ਲਾਂਚ ਕਰਨ ਦੀ ਤਿਆਰੀ ਕਰ ਰਿਹਾ ਹੈ।

ਉਤਰੀ ਕੋਰੀਆ ਦਾ ਕਹਿਣਾ ਹੈ ਕਿ ਦੇਸ਼ ਅੰਦਰ ਮਹਾਂਦੀਪ ਬਲਾਸਟਿਕ ਮਿਜ਼ਾਈਲਾਂ ਦੇ ਵਿਕਾਸ ਦੇ ਅੰਤਿਮ ਗੇੜ ਵਿਚ ਪਹੁੰਚ ਗਿਆ ਹੈ। ਦੱਖਣੀ ਕੋਰੀਆ ਅਧਿਕਾਰੀਆਂ ਤੇ ਦੱਖਣੀ ਕੋਰੀਆ ਐਂਡ ਅਮਰੀਕੀ ਸੈਨਾ ਦੇ ਉਚ ਪੱਧਰੀ ਸੂਤਰਾਂ ਅਨੁਸਾਰ ਉਤਰੀ ਕੋਰੀਆ ਦੋ ਨਵੀਆਂ ਮਿਜ਼ਾਈਲਾਂ ਵਿਕਸਤ ਕਰ ਰਿਹਾ ਹੈ। ਖਬਰ ਇਹ ਹੈ ਕਿ ਇਨ੍ਹਾਂ ਮਿਜ਼ਾਈਲਾਂ ਉਤੇ ਉਹ ਨਵੇਂ ਇੰਜਨ ਲਾਏ ਗਏ ਹਨ ਜਿਨ੍ਹਾਂ ਦਾ ਪਿਛਲੇ ਸਾਲ ਉਤਰੀ ਕੋਰੀਆ ਨੇ ਪ੍ਰੀਖਣ ਕੀਤਾ ਸੀ।

# ਵੀਹ ਲੱਖ ਲਈ ਧੀ ਦੇ ਗਰਭ 'ਚ ਪਲ ਰਹੇ ਬੱਚੇ ਦੀ ਬਲੀ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਆਈ ਸ਼ਿਕਾਇਤ ਵਿਚ ਇਕ ਮਾਂ ਉਤੇ ਵੀਹ ਲੱਖ ਰੁਪਏ ਲਈ ਆਪਣੀ ਧੀ ਦੇ ਗਰਭ 'ਚ ਪਲ ਰਹੇ ਦੋ ਬੱਚਿਆਂ ਦੀ ਬਲੀ ਚੜ੍ਹਾਉਣ ਦੇ ਦੋਸ਼ ਲਾਏ ਗਏ ਹਨ। ਤਾਂਤਰਿਕ ਮਾਂ ਨੇ ਡਾਕਟਰ ਦਾ ਕਾਰੋਬਾਰ ਚਲਾਉਣ ਅਤੇ ਮੁਅੱਤਲ ਪੁਲਿਸ ਮੁਲਾਜ਼ਮ ਦੀ ਬਹਾਲੀ ਲਈ ਬੱਚਿਆਂ ਦੀ ਬਲੀ ਦਿੱਤੀ ਹੈ। ਤਾਂਤਰਿਕ ਦੇ ਜਵਾਈ ਸਤਪਾਲ ਸਿੰਘ ਨੇ ਕਮਿਸ਼ਨ ਨੂੰ ਸ਼ਿਕਾਇਤ ਦੇ ਕੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਸਤਪਾਲ ਸਿੰਘ ਦਾ ਵਿਆਹ ਦੋ ਸਾਲ ਪਹਿਲਾਂ ਪਿੰਡ ਮਲੂਕਾ (ਬਠਿੰਡਾ) 'ਚ ਹੋਇਆ ਸੀ। ਉਸ ਨੂੰ ਵਿਆਹ ਤੋਂ ਬਾਅਦ ਪਤਨੀ ਨੇ ਦੱਸ ਦਿੱਤਾ ਕਿ ਉਸ ਦਾ ਪੇਕਾ ਪਰਿਵਾਰ ਤਾਂਤਰਿਕ ਹੈ। ਉਸ ਨੂੰ ਪਤਾ ਲੱਗਾ ਕਿ ਉਸ ਦੀ ਪਤਨੀ ਪਹਿਲਾਂ ਕਿਸੇ ਹੋਰ ਵਿਅਕਤੀ ਨਾਲ ਵਿਆਹੀ ਹੋਈ ਸੀ। ਉਸ ਨੇ ਇਹ ਵੀ ਕਬੂਲਿਆ ਕਿ ਉਸ ਦੇ ਗਰਭ ਵਿਚ ਪਲ ਰਹੇ ਬੱਚੇ ਦੀ ਮਾਂ ਵੱਲੋਂ ਬਲੀ ਦਿੱਤੇ ਜਾਣ ਤੋਂ ਪ੍ਰੇਸ਼ਾਨ ਹੋ ਕੇ ਉਸ ਦੇ ਪਹਿਲੇ ਪਤੀ ਨੇ ਖ਼ੁਦਕੁਸ਼ੀ ਕਰ ਲਈ ਸੀ। ਉਸ ਨੇ ਦੱਸਿਆ ਕਿ ਉਸ ਦੀ ਮਾਂ ਤਾਂਤਰਿਕ ਹੈ ਅਤੇ ਉਸ ਕੋਲ ਇਕ ਡਾਕਟਰ ਆਪਣਾ ਕਾਰੋਬਾਰ ਵਧਾਉਣ ਲਈ ਆਇਆ ਸੀ। ਉਸ ਦੀ ਮਾਂ ਨੇ ਡਾਕਟਰ ਨੂੰ ਸਲਾਹ ਦਿੱਤੀ ਸੀ ਕਿ ਇਸ ਲਈ ਬੱਚੇ ਦੀ ਬਲੀ ਦੇਣੀ ਪਵੇਗੀ। ਮਾਂ ਨੇ ਉਸ ਦੇ ਪੇਟ ਵਿਚ ਪਲ ਰਹੇ ਬੱਚੇ ਦੀ ਬਲੀ ਦੇਣ ਦਾ ਸੌਦਾ ਸੱਤ ਲੱਖ ਰੁਪਏ ਵਿਚ ਕਰ ਲਿਆ।

ਸ਼ਿਕਾਇਤ ਵਿਚ ਦੂਜੀ ਘਟਨਾ ਦਾ ਵੇਰਵਾ ਵੀ ਸ਼ਿਕਾਇਤਕਰਤਾ ਦੀ ਪਤਨੀ ਦੇ ਹਵਾਲੇ ਨਾਲ ਦਿੱਤਾ ਗਿਆ ਹੈ। ਜਦੋਂ ਉਸ ਨੇ ਦੂਜੇ ਵਿਆਹ ਤੋਂ ਬਾਅਦ ਗਰਭ ਧਾਰਨ ਕੀਤਾ ਤਾਂ ਉਸ ਦੇ ਪੇਟ ਵਿਚ ਪਲ ਰਹੇ ਬੱਚੇ ਦੀ ਬਲੀ ਵੀ ਤਾਂਤਰਿਕ ਮਾਂ ਨੇ ਇਕ ਮੁਅੱਤਲ ਪੁਲਿਸ ਮੁਲਾਜ਼ਮ ਦੀ ਬਹਾਲੀ ਲਈ ਤੇਰਾਂ ਲੱਖ ਰੁਪਏ 'ਚ ਦਿੱਤੀ ਸੀ।

# ਗੁਰਦੁਆਰਾ ਵੇਚਣ ਖਿਲਾਫ ਓਕਾਫ਼ ਬੋਰਡ ਨੂੰ ਚਿਤਾਵਨੀ

**ਅੰਮ੍ਰਿਤਸਰ:** ਪਾਕਿਸਤਾਨ ਦਾ ਮਹਿਕਮਾ ਓਕਾਫ਼ ਬੋਰਡ ਪਿਸ਼ਾਵਰ ਵਿਚ ਬੰਦ ਪਏ ਗੁਰਦੁਆਰੇ ਨੂੰ ਵੇਚਣ ਦੀ ਤਿਆਰੀ ਵਿਚ ਹੈ ਜਿਸ ਨੂੰ ਲੈ ਕੇ ਮਹਿਕਮੇ ਵਿਰੁੱਧ ਪਿਸ਼ਾਵਰੀ ਸਿੱਖਾਂ ਨੇ ਰੋਸ ਜਤਾਇਆ ਹੈ। ਇਸ ਮਾਮਲੇ ਨੂੰ ਸੋਸ਼ਲ ਮੀਡੀਆ 'ਤੇ ਜਨਤਕ ਕਰਦਿਆਂ ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇ ਗੁਰਦੁਆਰਿਆਂ ਵਿਰੋਧੀ ਅਜਿਹੀਆਂ ਕਾਰਵਾਈਆਂ ਬੰਦ ਨਾ ਕੀਤੀਆਂ, ਤਾਂ ਸਿੱਖ ਭਾਈਚਾਰਾ ਕੌਮਾਂਤਰੀ ਪੱਧਰ 'ਤੇ ਇਹ ਮੁੱਦਾ ਲੈ ਕੇ ਜਾਵੇਗਾ। ਪਿਸ਼ਾਵਰੀ ਸਿੱਖਾਂ ਨੇ ਦੱਸਿਆ ਕਿ ਪਿਸ਼ਾਵਰ ਦੀ ਮਹਿੰਗੀ ਰਿਹਾਇਸ਼ੀ ਅਤੇ ਵਪਾਰਕ ਆਬਾਦੀ ਗੋਰਾ ਬਾਜ਼ਾਰ ਦੇ ਨਜ਼ਦੀਕ ਮੌਜੂਦ ਦੇਸ਼ ਦੀ ਵੰਡ ਤੋਂ ਬਾਅਦ ਬੰਦ ਪਏ ਇਸ ਗੁਰਦੁਆਰੇ ਵਿਚ 10 ਦੇ ਕਰੀਬ ਮੁਸਲਿਮ ਪਰਿਵਾਰ ਰਹਿ ਰਹੇ ਹਨ ਜਿਨ੍ਹਾਂ ਗੁਰਦੁਆਰੇ ਵਿਚ ਲੱਗੀਆਂ ਪੱਥਰ ਦੀਆਂ ਸਿਲਾਂ 'ਤੇ ਚੂਨਾ ਫੇਰ ਕੇ ਉਨ੍ਹਾਂ 'ਤੇ ਲਿਖੀ ਇਬਾਰਤ ਮਿਟਾ ਦਿੱਤੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਓਕਾਫ਼ ਬੋਰਡ ਨੇ ਗੁਰਦੁਆਰੇ ਵਿਚ ਰਹਿੰਦੇ ਪਰਿਵਾਰਾਂ ਨੂੰ ਕਬਜ਼ਾ ਛੱਡਣ ਲਈ ਨੋਟਿਸ ਜਾਰੀ ਕੀਤੇ ਹੋਏ ਹਨ ਅਤੇ ਮਹਿਕਮੇ ਦੀ ਗੁਰਦੁਆਰੇ ਨੂੰ ਢਹਿ ਢੇਰੀ ਕਰ ਕੇ ਉਥੇ ਮਾਰਕੀਟ ਬਣਾਉਣ ਦੀ ਯੋਜਨਾ ਹੈ।

# ਪੰਜਾਬ ਦੇ ਚੋਣ ਪਿੜ ਵਿਚ ਨਿੱਤਰੇ ਪਰਵਾਸੀ

*(ਸਫਾ ਇਕ ਦੀ ਬਾਕੀ)*

ਵਿਚ ਚਾਰ ਗੁਣਾਂ ਵਾਧਾ ਹੋਇਆ ਹੈ। ਪਿਛਲੇ ਸਾਲਾਂ ਦੌਰਾਨ ਸਰਦੀਆਂ ਵਿਚ ਭਾਰਤ ਜਾਣ ਵਾਲੇ 60 ਫੀਸਦੀ ਤੋਂ ਵੱਧ ਬਜ਼ੁਰਗ ਹੁੰਦੇ ਸਨ, ਪਰ ਇਸ ਵਾਰ ਨੌਜਵਾਨਾਂ ਦੀ ਗਿਣਤੀ ਤਿੰਨ ਚੁਥਾਈ ਹੈ। ਆਪ ਦੇ ਪ੍ਰਚਾਰ ਲਈ ਬਰਤਾਨੀਆ ਦੇ ਪਰਵਾਸੀ ਸਭ ਤੋਂ ਵੱਧ ਸਰਗਰਮੀ ਦਿਖਾ ਰਹੇ ਹਨ। ਯੂ.ਕੇ. ਤੋਂ 100 ਪਰਵਾਸੀਆਂ ਦਾ ਜਥਾ 'ਫਲੇਮ ਆਫ ਹੋਪ ਫਾਰ ਪੰਜਾਬ' ਦੀ ਮਸ਼ਾਲ ਵੀ ਆਪਣੇ ਨਾਲ ਲੈ ਕੇ ਆਇਆ।

ਪੰਜਾਬ ਪਹੁੰਚੇ ਪਰਵਾਸੀਆਂ ਦਾ ਕਹਿਣਾ ਸੀ ਕਿ ਉਹ ਅਕਾਲੀਆਂ ਦੀਆਂ ਨਾਕਾਮੀਆਂ ਅਤੇ ਧੱਕੇਸ਼ਾਹੀਆਂ ਨੂੰ ਘਰ-ਘਰ ਤੱਕ ਲੈ ਕੇ ਜਾਣਗੇ। ਮੰਨਿਆ ਜਾ ਰਿਹਾ ਹੈ ਕਿ ਪਰਵਾਸੀਆਂ ਵੱਲੋਂ ਚੋਣਾਂ ਵਿਚ ਦਿਖਾਈ ਜਾ ਰਹੀ ਸਰਗਰਮੀ ਦਾ ਕਾਰਨ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਬਾਦਲ ਪ੍ਰਤੀ ਰੋਹ ਹੈ। ਇਨ੍ਹਾਂ ਪਰਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਜਾ ਮੁੱਖ ਮਕਸਦ ਬਾਦਲ ਪਰਿਵਾਰ ਨੂੰ ਸੱਤਾ ਤੋਂ ਲਾਂਭੇ ਕਰਨਾ ਹੈ ਅਤੇ 'ਆਪ' ਵਿਚ ਇਹ ਕਰਨ ਦਾ ਦਮ-ਖਮ ਹੈ। ਦੱਸਣਯੋਗ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਅਕਾਲ ਤਖਤ ਵੱਲੋਂ ਮੁਆਫੀ ਦਿਵਾਉਣ, ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਕਾਰਨ ਪਰਵਾਸੀ ਪੰਜਾਬੀਆਂ ਵਿਚ ਬਾਦਲ ਲਾਣੇ ਪ੍ਰਤੀ ਖਾਸਾ ਰੋਹ ਹੈ। ਇਸ ਦੀ ਮਿਸਾਲ ਉਦੋਂ ਵੀ ਵੇਖਣ ਨੂੰ ਮਿਲੀ ਸੀ ਜਦੋਂ ਵਿਦੇਸ਼ ਦੌਰੇ ਉਤੇ ਗਏ ਪੰਜਾਬ ਦੇ ਮੰਤਰੀਆਂ ਨੂੰ ਅਮਰੀਕਾ ਅਤੇ ਕੈਨੇਡਾ ਵਿਚ ਪਰਵਾਸੀਆਂ ਦੀ ਖਿੱਚ-ਧੂਹ ਦਾ ਸ਼ਿਕਾਰ ਹੋਣਾ ਪਿਆ ਸੀ। ਆਪਣੇ ਆਗੂਆਂ ਦੀ ਇਹ ਦੁਰਦਸ਼ਾ ਵੇਖ ਸੁਖਬੀਰ ਸਿੰਘ ਬਾਦਲ ਨੂੰ ਐਨ ਮੌਕੇ 'ਤੇ ਆਪਣਾ ਵਿਦੇਸ਼ ਦੌਰਾ ਰੱਦ ਕਰਨਾ ਪਿਆ ਸੀ।

ਇਸ ਤੋਂ ਤੁਰੰਤ ਬਾਅਦ ਬਾਦਲ ਅਕਾਲੀ ਦਲ ਨੇ 'ਅਕਸ ਸੁਧਾਰ ਮੁਹਿੰਮ' ਚਲਾਈ ਸੀ ਜਿਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਨ.ਆਰ.ਆਈ. ਲਈ ਵੱਖਰੇ ਸੰਗਤ ਦਰਸ਼ਨ ਸ਼ੁਰੂ ਕੀਤੇ ਸਨ, ਪਰ ਇਨ੍ਹਾਂ ਸੰਗਤ ਦਰਸ਼ਨਾਂ ਵਿਚ ਗਿਣਤੀ ਦੇ ਲੋਕ ਹੀ ਪੁੱਜੇ, ਜਿਸ ਕਾਰਨ ਇਹ ਪ੍ਰੋਗਰਾਮ ਰੱਦ ਕਰ ਦਿੱਤੇ ਗਏ। ਇਹੀ ਨਹੀਂ, ਪਰਵਾਸੀਆਂ ਨੂੰ ਪਤਿਆਉਣ ਲਈ ਬਾਦਲ ਸਰਕਾਰ ਨੇ ਜਿਥੇ ਐਨ.ਆਰ.ਆਈ. ਸਭਾ, ਮੰਤਰਾਲਾ, ਹਾਟ ਲਾਈਨ ਤੇ ਪੁਲਿਸ ਸੈੱਲ ਆਦਿ ਸਥਾਪਤ ਕੀਤੇ, ਉਥੇ ਪਰਵਾਸੀਆਂ ਨੇ ਪੰਜਾਬ ਦੇ ਉਦਯੋਗ ਵਿਚ ਨਿਵੇਸ਼ ਕਰਨ ਲਈ, ਦਾਨ ਰਾਹੀਂ ਵਿਕਾਸ ਦੇ ਪੇਂਡੂ ਪ੍ਰੋਜੈਕਟ ਅਪਣਾਉਣ ਲਈ ਸਹਿਮਤੀਆਂ ਉਤੇ ਸਹੀ ਪਾਉਣ ਦੀ ਮੁਹਿੰਮ ਵੀ ਵਿੱਢੀ ਸੀ। ਪਰਵਾਸੀਆਂ ਨਾਲ ਰਾਬਤੇ ਲਈ ਬਾਦਲ ਸਰਕਾਰ ਨੇ ਵੱਡੇ ਫੰਡ ਖਰਚ ਕੇ ਸਾਲਾਨਾ ਪਰਵਾਸੀ ਸੰਮੇਲਨ ਵੀ ਕਰਵਾਏ, ਪਰ ਇਨ੍ਹਾਂ ਸਮਾਗਮਾਂ ਵਿਚ ਪਰਵਾਸੀਆਂ ਦੇ ਅਣਸੁਲਝੇ ਪੁਲਿਸ ਕੇਸਾਂ, ਜਾਇਦਾਦਾਂ ਦੇ ਨਾਜਾਇਜ਼ ਕਬਜ਼ਿਆਂ ਤੇ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਦੀ ਗਿਣਤੀ ਵਧ ਗਈ ਅਤੇ ਪੀੜਤਾਂ ਦੀ ਸੁਰ ਇੰਨੀ ਤਿੱਖੀ ਹੋ ਗਈ ਕਿ ਬਾਦਲ ਸਰਕਾਰ ਲਈ ਇਹ ਸੰਮੇਲਨ ਘਾਟੇ ਦਾ ਸੌਦਾ ਬਣਦੇ ਜਾਪੇ।

ਯਾਦ ਰਹੇ ਕਿ ਪਰਵਾਸੀਆਂ ਦੀ ਭਰਵੀਂ ਹਮਾਇਤ ਨਾਲ ਇਹ ਪਾਰਟੀ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਗਵੰਤ ਮਾਨ ਦੀ ਰਿਕਾਰਡ ਜਿੱਤ ਸਮੇਤ ਪਾਰਲੀਮੈਂਟ ਦੀਆਂ ਚਾਰ ਸੀਟਾਂ ਜਿੱਤ ਗਈ। ਪਰਵਾਸੀ ਭਾਈਚਾਰੇ ਦੀ ਚੋਣਾਂ ਵਿਚ ਤਾਜ਼ੀ ਉਜਾਗਰ ਹੋਈ ਤਾਕਤ ਨੂੰ ਸਿਆਸੀ ਕਲਾਵੇ ਵਿਚ ਲੈਣ ਲਈ ਭਾਵੇਂ ਦੂਜੀਆਂ ਪਾਰਟੀਆਂ ਖਾਸ ਤੌਰ ਉਤੇ ਕਾਂਗਰਸ ਤੇ ਸੱਤਾਧਾਰੀ ਬਾਦਲ ਅਕਾਲੀ ਦਲ ਨੇ ਵੀ ਆਪਣੇ ਲੀਡਰਾਂ ਦੇ ਵਿਦੇਸ਼ੀ ਦੌਰਿਆਂ ਰਾਹੀਂ ਕੋਸ਼ਿਸ਼ ਕੀਤੀ, ਪਰ ਇਨ੍ਹਾਂ ਨੂੰ 'ਆਪ' ਵਾਲਾ ਹੁੰਗਾਰਾ ਨਹੀਂ ਮਿਲਿਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## ਅਵਤਾਰ ਸਿੰਘ ਬਰਾੜ ਦਾ ਅਕਾਲ ਚਲਾਣਾ

**ਸਿਨਸਿਨੈਟੀ, ਓਹਾਇਓ (ਬਿਊਰੋ):** ਸਥਾਨਕ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਚਰਨਜੀਤ ਸਿੰਘ ਬਰਾੜ ਨੂੰ ਉਦੋਂ



ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸ. ਅਵਤਾਰ ਸਿੰਘ ਬਰਾੜ ਲੰਘੀ 17 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ। ਉਹ ਕਰੀਬ 70 ਵਰ੍ਹਿਆਂ ਦੇ ਸਨ।

ਸਵਰਗੀ ਅਵਤਾਰ ਸਿੰਘ ਆਪਣੇ ਪਿਛੇ ਤਿੰਨ ਪੁੱਤਰ-ਕੁਲਵੰਤ ਸਿੰਘ ਬਰਾੜ, ਚਰਨਜੀਤ ਸਿੰਘ ਬਰਾੜ, ਮਨਦੀਪ ਸਿੰਘ ਬਰਾੜ ਤੇ ਇਕ ਧੀ ਹਰਜਿੰਦਰ ਕੌਰ ਬਦੇਸ਼ਾ ਅਤੇ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਇਸ ਤੋਂ ਇਲਾਵਾ ਉਹ ਆਪਣੇ ਪਿਛੇ ਇਕ ਭਰਾ ਜਰਨੈਲ ਸਿੰਘ ਬਰਾੜ (ਫੋਨ: 317-956-0235) ਅਤੇ 3 ਭੈਣਾਂ ਛੱਡ ਗਏ ਹਨ। ਸਵਰਗੀ ਅਵਤਾਰ ਸਿੰਘ ਜਲੰਧਰ ਜ਼ਿਲੇ ਦੇ ਪਿੰਡ ਨੌਲੀ ਤੋਂ ਸਨ। ਉਨ੍ਹਾਂ ਦਾ 21 ਜਨਵਰੀ ਨੂੰ ਫੇਅਰਫੀਲਡ ਵਿਖੇ ਅੰਤਿਮ ਸਸਕਾਰ ਕਰ ਦਿੱਤਾ ਗਿਆ। ਪਰਿਵਾਰ ਨਾਲ ਸੰਪਰਕ ਚਰਨਜੀਤ ਸਿੰਘ ਬਰਾੜ ਫੋਨ: 317-903-7400 ਰਾਹੀਂ ਕੀਤਾ ਜਾ ਸਕਦਾ ਹੈ।

ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਨੇ ਸ. ਬਰਾੜ ਦੇ ਚਲਾਣੇ 'ਤੇ ਦੁੱਖ ਪ੍ਰਗਟਾਉਂਦਿਆਂ ਅਰਦਾਸ ਕੀਤੀ ਹੈ ਕਿ ਰੱਬ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ।

# 2017 ਵਿਚ ਇਮੀਗ੍ਰੇਸ਼ਨ ਦੇ ਮੁੱਦੇ

ਡੋਨਲਡ ਟਰੰਪ ਨੇ ਨਵੇਂ ਰਾਸ਼ਟਰਪਤੀ ਵਜੋਂ 20 ਜਨਵਰੀ 2017 ਨੂੰ ਸਹੁੰ ਚੁੱਕ ਲਈ ਹੈ ਅਤੇ ਉਹ ਚਾਰ ਸਾਲ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ 'ਤੇ ਬਿਰਾਜਮਾਨ ਰਹਿਣਗੇ।

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਡੋਨਲਡ ਟਰੰਪ ਨੇ ਚੋਣਾਂ ਤੋਂ ਪਹਿਲਾਂ ਗੈਰ ਕਾਨੂੰਨੀ ਇਮੀਗ੍ਰੇਸ਼ਨ ਬਾਰੇ ਬਹੁਤ ਸਾਰੀਆਂ ਸਖਤ ਟਿੱਪਣੀਆਂ ਕੀਤੀਆਂ ਸਨ ਤੇ ਲੋਕਾਂ ਨਾਲ ਕੁਝ ਵਾਅਦੇ ਕੀਤੇ ਸਨ। ਹੁਣ ਸਵਾਲ ਹੈ ਕਿ ਇਹ ਵਾਅਦੇ ਕਿਵੇਂ ਤੇ ਕਦੋਂ ਪੂਰੇ ਹੋਣਗੇ, ਅਤੇ ਉਨ੍ਹਾਂ ਦਾ ਦੁਨੀਆਂ, ਖਾਸ ਕਰ ਸਾਡੇ ਲੋਕਾਂ 'ਤੇ ਕੀ ਅਸਰ ਪਵੇਗਾ ਜੋ ਕਿ ਅਮਰੀਕਾ ਵਿਚ ਬਿਨਾ ਕਾਗਜ਼ਾਂ ਤੋਂ ਰਹਿ ਰਹੇ ਹਨ। ਅਮਰੀਕਾ ਵਿਚ ਪਹਿਲਾਂ ਤੋਂ ਹੀ ਇਮੀਗ੍ਰੇਸ਼ਨ ਬਾਰੇ ਬਹੁਤ ਸਖਤ ਕਾਨੂੰਨ ਮੌਜੂਦ ਹਨ ਪਰ ਫਿਰ ਵੀ ਕੁਝ ਕਾਰਨਾਂ ਕਰਕੇ ਕੁਝ ਸਟੇਟਾਂ ਉਨ੍ਹਾਂ ਨੂੰ ਥੋੜ੍ਹੀ ਬਹੁਤੀ ਢਿੱਲ ਦੇ ਦਿੰਦੀਆਂ ਹਨ। ਮਿਸਾਲ ਵਜੋਂ ਨਿਊ ਯਾਰਕ ਵਿਚ ਪੁਲਿਸ ਵਾਲਿਆਂ ਨੂੰ ਇਹ ਹਦਾਇਤ ਸੀ ਕਿ ਕਿਸੇ ਵੀ ਬੰਦੇ ਤੋਂ ਉਸ ਦਾ ਲੀਗਲ ਸਟੇਟਸ ਨਾ ਪੁੱਛਿਆ ਜਾਵੇ, ਭਾਵੇਂ ਉਸ ਨੇ ਕੋਈ ਵੀ ਗੁਨਾਹ ਕੀਤਾ ਹੋਵੇ।

ਨਿਊ ਯਾਰਕ ਵਿਚ ਮੈਂ ਇਕ ਬੰਦੇ ਬਾਰੇ ਸੁਣਿਆ ਹੈ ਕਿ ਉਸ ਦੇ ਸਟੋਰ 'ਤੇ ਕਾਲੇ ਮੂਲ ਦੇ ਕਿਸੇ ਬੰਦੇ ਨੇ ਆ ਕੇ ਭੰਨ ਤੋੜ ਕੀਤੀ ਅਤੇ ਏ.ਟੀ.ਐਮ. ਤੇ ਸ਼ੀਸ਼ੇ ਤੋੜ ਦਿੱਤੇ। ਭਾਰਤੀ ਮੂਲ ਦਾ ਜਿਹੜਾ ਮੁੰਡਾ ਉਥੇ ਕੰਮ ਕਰਦਾ ਸੀ, ਉਸ ਨਾਲ ਉਸ ਦੀ ਹੱਥੋਪਾਈ ਹੋ ਗਈ। ਇਸ ਦੌਰਾਨ ਕਾਲੇ ਮੂਲ ਦੇ ਬੰਦੇ ਦੀ ਮੌਤ ਹੋ ਗਈ ਪਰ ਫਿਰ ਵੀ ਕਿਸੇ ਨੇ ਉਸ ਮੁੰਡੇ ਨੂੰ ਉਸ ਦਾ ਲੀਗਲ ਸਟੇਟਸ ਨਹੀਂ ਪੁੱਛਿਆ। ਜੱਜ ਨੇ ਉਸ ਨੂੰ ਸੈਲਫ ਡਿਫੈਂਸ ਦਾ ਕੇਸ ਕਰ ਕੇ ਸਾਫ ਬਰੀ ਕਰ ਦਿੱਤਾ।



**ਅਨੂ ਪੇਸ਼ਾਵਰੀਆ**
**ਇਮੀਗ੍ਰੇਸ਼ਨ ਅਟਾਰਨੀ, ਯੂ ਐਸ ਏ**
**ਫੋਨ: 510-299-1907**

ਇਵੇਂ ਹੀ ਕੈਲੀਫੋਰਨੀਆ ਵਿਚ ਹੋਇਆ ਜਦੋਂ ਉਥੇ ਦੇ ਗਵਰਨਰ ਨੂੰ ਕਿਸੇ ਨੇ ਸਵਾਲ ਕੀਤਾ ਕਿ ਉਹ ਸਾਰੇ ਇਲਲੀਗਲ ਬੰਦੇ ਕੱਢ ਕਿਉਂ ਨਹੀਂ ਦਿੰਦੇ? ਗਵਰਨਰ ਨੇ ਕਿਹਾ ਸੀ, ਜੇ ਸਾਰੇ ਇਲਲੀਗਲ ਬੰਦੇ ਕੱਢ ਦਿੱਤੇ ਤਾਂ ਖੇਤੀ ਦਾ ਸਾਰਾ ਕੰਮ ਠੱਪ ਹੋ ਜਾਵੇਗਾ ਤੇ ਜਿਣਸਾਂ ਦੇ ਭਾਅ ਦੋ ਗੁਣਾ ਵੱਧ ਜਾਣਗੇ। ਇਸ ਲਈ ਇਸ ਨੂੰ ਇਵੇਂ ਹੀ ਚੱਲਣ ਦਿਓ।

ਪਰ ਹੁਣ ਉਸ ਨੂੰ ਵੱਖਰੀ ਤਰ੍ਹਾਂ ਨਾਲ ਵੇਖਣਾ ਪਵੇਗਾ। ਜੇ ਕੋਈ ਬੰਦਾ ਬਾਰਡਰ ਟੱਪ ਕੇ ਆ ਕੇ ਇਥੇ ਰੋਟੀ ਕਮਾਉਂਦਾ ਹੈ ਤਾਂ ਇਹ ਅਲੱਗ ਗੱਲ ਹੈ ਪਰ ਜੇ ਕੋਈ ਅਤਿਵਾਦੀ ਭੰਨ ਤੋੜ ਜਾਂ ਕਤਲੋਗਾਰਤ ਕਰਨ ਲਈ ਬਾਰਡਰ ਟੱਪ ਕੇ ਆ ਜਾਂਦਾ ਹੈ ਤੇ ਲੋਕਾਂ ਦੀ ਜਾਨ ਲੈਂਦਾ ਹੈ, ਤਾਂ ਇਹ ਅਲੱਗ ਗੱਲ ਹੈ। ਹਰ ਦੇਸ਼ ਲਈ ਮੁੱਖ ਕਾਨੂੰਨ ਨਹੀਂ ਬਣਾਏ ਜਾ ਸਕਦੇ ਅਤੇ ਕਿਸੇ ਉਤੇ ਉਸ ਦੇ ਧਰਮ ਕਰਕੇ ਹੀ ਅਤਿਵਾਦੀ ਦਾ ਲੇਬਲ ਨਹੀਂ ਲਾਇਆ ਜਾ ਸਕਦਾ। ਇਹ ਇਕ ਲੰਬੀ ਬਹਿਸ ਦਾ ਮੁੱਦਾ ਹੈ ਲੇਕਿਨ ਸਵਾਲ ਇਹ ਹੈ ਕਿ ਆਉਣ ਵਾਲੇ ਸਮੇਂ ਵਿਚ ਸਾਨੂੰ ਤੇ ਉਨ੍ਹਾਂ ਲੋਕਾਂ ਨੂੰ ਜਿਹੜੇ ਵੀ ਇਹ ਲੇਖ ਪੜ੍ਹ ਰਹੇ ਹਨ, ਸਰਕਾਰ ਦੀਆਂ ਨੀਤੀਆਂ ਕਿਵੇਂ ਪ੍ਰਭਾਵਿਤ ਕਰਨਗੀਆਂ?

ਇਹ ਕੁਝ ਇਕ ਸੰਭਾਵਨਾਵਾਂ ਹੋ ਸਕਦੀਆਂ ਹਨ। ਬਦਤਰੀਨ ਹਾਲਤ ਵਿਚ ਸਾਰੇ ਗੈਰ ਕਾਨੂੰਨੀ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਵਾਪਸ ਭੇਜਿਆ ਜਾ ਸਕਦਾ ਹੈ। ਦੂਜੀ ਗੱਲ, ਗੈਰ ਕਾਨੂੰਨੀ ਪਰਵਾਸੀਆਂ ਲਈ ਕੋਈ ਆਸਾਨ ਰਸਤਾ ਲੱਭਿਆ ਜਾ ਸਕਦਾ ਹੈ। ਤੀਜੀ ਸੰਭਾਵਨਾ ਇਹ ਹੋ ਸਕਦੀ ਹੈ ਕਿ ਅਜਿਹੇ ਪਰਵਾਸੀਆਂ ਨੂੰ ਅਦਾਲਤ ਵਿਚ ਆਪਣਾ ਕੇਸ ਲੜਨ ਦਾ ਮੌਕਾ ਦਿੱਤਾ ਜਾ ਸਕਦਾ ਹੈ ਅਤੇ ਕੋਰਟ ਹੀ ਇਸ ਦਾ ਫੈਸਲਾ ਹਰ ਕੇਸ ਨੂੰ ਵੱਖਰੇ ਤੌਰ 'ਤੇ ਵਿਚਾਰ ਕੇ ਦੇ ਸਕਦੀ ਹੈ। ਇਹ ਅਜਿਹੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਵਕਤ ਹੀ ਦੇਵੇਗਾ।


## Matrimonial

**ਕੰਨਿਆ ਦੀ ਲੋੜ ਹੈ**

Wanted suitable match for Ramgarhia Sikh boy 25yrs, 5'-10". Holding Civil Engineering & Architecture Degree, currently pursing Post Graduate studies in Canada. Have 10yrs multiple visa for USA. US Citizen preferred. Contact: 734-377-5135 (USA) or 91-85287-00081 (India). 1-4

Wanted traditional, simple & sincere girl for a boy in 40s, 5, 6" teacher having legal US status. Only serious enquiries. No bars. Email full details & recent photo @ singh.millionaire@gmail.com or Call, Ph: 323-351-5737 4-6


## ਹਿਮਾਚਲ ਪ੍ਰਦੇਸ਼ ਦੀ ਦੂਜੀ ਰਾਜਧਾਨੀ ਧਰਮਸ਼ਾਲਾ

**ਧਰਮਸ਼ਾਲਾ:** ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਧਰਮਸ਼ਾਲਾ ਨੂੰ ਸੂਬੇ ਦੀ ਸਰਦ ਰੁੱਤ ਰਾਜਧਾਨੀ ਬਣਾਉਣ ਦਾ ਐਲਾਨ ਕੀਤਾ ਹੈ। ਇਸੇ ਸਾਲ ਵਿਧਾਨ ਚੋਣਾਂ ਹੋਣੀਆਂ ਹਨ ਤੇ ਸੂਬੇ ਦੇ 68 ਹਲਕਿਆਂ ਵਿਚੋਂ 25 ਇਸ ਖਿੱਤੇ ਵਿਚ ਹੀ ਪੈਂਦੇ ਹਨ। ਦਸੰਬਰ 2005 ਵਿਚ ਵੀ ਇਕ ਵਾਰ ਵਿਧਾਨ ਸਭਾ ਦਾ ਸਮੁੱਚਾ ਸਰਦ ਰੁੱਤ ਵਾਲਾ ਸਮਾਗਮ ਧਰਮਸ਼ਾਲਾ ਵਿਚ ਹੀ ਹੋਇਆ ਸੀ।

## ਜਬਰ ਜਨਾਹ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ

**ਕੁਰੂਕਸ਼ੇਤਰ:** ਕਰੀਬ 9 ਵਰ੍ਹਿਆਂ ਦੀ ਨੰਨ੍ਹੀ ਬੱਚੀ ਨਾਲ ਸਮੂਹਿਕ ਜਬਰ ਜਨਾਹ ਪਿੱਛੋਂ ਹੱਤਿਆ ਕਰਨ ਵਾਲੇ ਤਿੰਨ ਦੋਸ਼ੀਆਂ ਨੂੰ ਫਾਸਟ ਟ੍ਰੈਕ ਕੋਰਟ ਨੇ ਦੋਸ਼ੀ ਕਰਾਰ ਦਿੰਦਿਆਂ ਫਾਂਸੀ ਦੀ ਸਜ਼ਾ ਸੁਣਾਈ ਹੈ। ਇਸ ਤੋਂ ਬਿਨਾ ਇਸ ਕੇਸ 'ਚ ਇਕ ਨੂੰ ਬਰੀ ਕਰ ਦਿੱਤਾ ਗਿਆ। ਨਰਨੌਲ ਨੇੜੇ ਮੰਡੀ ਅਟੇਲੀ ਵਿਚ 31 ਅਕਤੂਬਰ 2014 ਦੀ ਰਾਤ ਨੂੰ 9 ਸਾਲ ਦੀ ਬੱਚੀ ਚੂਹਾ ਛੱਡਣ ਗਈ ਸੀ, ਜਿਸ ਨੂੰ ਅਗਵਾ ਕਰ ਲਿਆ ਗਿਆ। ਰਾਤ ਭਰ ਪੁਲਿਸ ਭਾਲ ਕਰਦੀ ਰਹੀ ਅਤੇ ਸਵੇਰੇ ਬੱਚੀ ਦੀ ਲਾਸ਼ ਮਿਲੀ।

ਜਦ ਪੁਲਿਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਹਸਪਤਾਲ ਭੇਜੀ, ਤਾਂ ਉਥੋਂ ਬੱਚੀ ਨਾਲ ਸਮੂਹਿਕ ਜਬਰ ਜਨਾਹ ਦੀ ਪੁਸ਼ਟੀ ਹੋਈ। ਪੁਲਿਸ ਨੇ ਇਸ ਮਾਮਲੇ ਵਿਚ ਕਾਰਵਾਈ ਕਰਦੇ ਹੋਏ 4 ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ। ਦੋਸ਼ੀਆਂ ਵਿਚ ਅਟੇਲੀ ਵਾਰਡ-10 ਵਾਸੀ ਦੀਪਕ, ਰਾਜੇਸ਼, ਅਰੁਣ ਤੇ ਰੇਲਵੇ ਵਿਚ ਇੰਜੀਨੀਅਰ ਸੰਜੇ ਸ਼ਾਮਲ ਸਨ। ਅਦਾਲਤ ਨੇ ਦੀਪਕ, ਰਾਜੇਸ਼ ਅਤੇ ਅਰੁਣ ਨੂੰ ਫਾਂਸੀ ਦੀ ਸਜ਼ਾ ਸੁਣਾਈ, ਜਦਕਿ ਚੌਥੇ ਸੰਜੈ ਨੂੰ ਬਰੀ ਕਰ ਦਿੱਤਾ ਗਿਆ।

## ਚੋਣਾਂ ਦੌਰਾਨ ਦਸ ਗੁਣਾ ਵਧਦੀ ਹੈ ਨਸ਼ੇ ਦੀ ਖਪਤ: ਕੁਰੈਸ਼ੀ

**ਚੰਡੀਗੜ੍ਹ:** ਭਾਰਤ ਦੇ ਸਾਬਕਾ ਮੁੱਖ ਚੋਣ ਕਮਿਸ਼ਨਰ ਡਾ. ਐਸ.ਵਾਈ. ਕੁਰੈਸ਼ੀ ਨੇ ਕਿਹਾ ਹੈ ਕਿ ਪੰਜਾਬ 'ਚ ਚੋਣਾਂ ਦੌਰਾਨ ਨਸ਼ਿਆਂ ਦੀ ਖਪਤ ਆਮ ਨਾਲੋਂ ਦਸ ਗੁਣਾ ਵਧ ਜਾਂਦੀ ਹੈ। ਉਨ੍ਹਾਂ ਆਪਣੇ ਅਹੁਦੇ ਉਤੇ ਹੁੰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇਕ ਪੱਤਰ ਲਿਖ ਕੇ ਪੰਜਾਬ 'ਚ ਚੋਣਾਂ ਦੌਰਾਨ ਨਸ਼ਿਆਂ ਦੇ ਦਰਿਆ ਵਗਣ ਦੀ ਜਾਣਕਾਰੀ ਦੇ ਦਿੱਤੀ ਸੀ। ਪਿਛਲੀਆਂ ਚੋਣਾਂ ਦੌਰਾਨ ਕਮਿਸ਼ਨ ਨੇ ਸੱਤ ਲੱਖ ਲੀਟਰ ਨਾਜਾਇਜ਼ ਸ਼ਰਾਬ ਅਤੇ 53 ਕਿਲੋ ਹੈਰੋਇਨ ਫੜੀ ਸੀ।


**SUPER TRAVEL**

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available

**Liquor Store For Sale**

**ਲਿੱਕਰ ਸਟੋਰ ਵਿਕਾਊ ਹੈ**

ਗੈਰੀ, ਇੰਡੀਆਨਾ ਵਿਚ ਬਰਾਡਵੇਅ ਤੇ ਰਿਜ ਰੋਡ ਦੇ ਚੌਰਾਹੇ ਵਿਚ ਬਹੁਤ ਵਧੀਆ ਚੱਲਦਾ ਲਿੱਕਰ ਸਟੋਰ ਵਿਕਾਊ ਹੈ

ਜਾਇਦਾਦ ਸਮੇਤ ਜਾਂ ਬਿਨਾ ਜਾਇਦਾਦ ਤੋਂ
With Or Without Property
ਸੇਲ (ਸਾਲਾਨਾ) $700,000 ਤੋਂ ਵੱਧ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਜਸਪਾਲ ਸਿੰਘ ਘੋਤੜਾ 765-337-5151
ਕੰਵਲਜੀਤ ਸਿੰਘ ਸਲੂਜਾ 630-696-8195
4-7

**ਕਿਚਨ ਹੈਲਪਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ**

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਕਿਚਨ ਹੈਲਪਰ ਤੇ ਡਿਸ਼ ਵਾਸ਼ਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

**ਫੋਨ: 757-240-9348**

3-4

**Desi Bazar**

916 E. Main Street #118, Greenwood, IN, 46143
**Tel: 317-888-2040, Fax: 317-887-6116**

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਰਸਮੀ ਕਾਰਵਾਈਆਂ ਨਿਬੇੜ ਚੋਣ ਮੈਦਾਨ 'ਚ ਡਟੀ ਪੰਜਾਬ ਦੀ ਸਿਆਸਤ

**ਚੰਡੀਗੜ੍ਹ:** ਕਾਗਜ਼-ਪੱਤਰ ਵਾਪਸ ਲੈਣ ਦਾ ਕੰਮ ਖਤਮ ਹੋਣ ਤੋਂ ਬਾਅਦ ਹੁਣ ਸਮੁੱਚੀ ਸਿਆਸੀ ਜੰਗ ਚੋਣ ਮੈਦਾਨ ਵਿਚ ਤਬਦੀਲ ਹੋ ਗਈ ਹੈ। ਪੰਜਾਬ ਵਿਧਾਨ ਸਭਾ ਚੋਣਾਂ ਲਈ 1146 ਉਮੀਦਵਾਰ ਆਪਣੇ ਸਿਆਸੀ ਭਵਿੱਖ ਨੂੰ ਅਜ਼ਮਾਉਣਗੇ। ਨਾਮਜ਼ਦਗੀਆਂ ਵਾਪਸ ਲੈਣ ਦੇ ਅੰਤਮ ਦਿਨ 114 ਉਮੀਦਵਾਰਾਂ ਨੇ ਨਾਮ ਵਾਪਸ ਲੈ ਲਏ। ਸਾਲ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਕੁੱਲ 1078 ਉਮੀਦਵਾਰ ਮੈਦਾਨ ਵਿਚ ਸਨ। ਇਸ ਵਾਰ ਈ.ਵੀ.ਐਮਜ਼ ਵਿਚ ਨੋਟਾ ਦਾ ਵੀ ਬਟਨ ਹੋਏਗਾ ਤਾਂ ਜੋ ਵੋਟਰ ਕੋਈ ਉਮੀਦਵਾਰ ਪਸੰਦ ਨਾ ਆਉਣ ਉਤੇ ਇਹ ਬਟਨ ਦੱਬ ਕੇ ਆਪਣੀ ਨਾਰਾਜ਼ਗੀ ਜ਼ਾਹਰ ਕਰ ਸਕਦਾ ਹੈ।

ਚੋਣ ਅਖਾੜਾ ਭਖਦਿਆਂ ਹੀ ਪੰਜਾਬੀਆਂ ਦੀਆਂ ਨਜ਼ਰਾਂ ਲੰਬੀ, ਜਲਾਲਾਬਾਦ, ਪਟਿਆਲਾ (ਸ਼ਹਿਰ), ਮਜੀਠਾ, ਅੰਮ੍ਰਿਤਸਰ (ਪੂਰਬੀ), ਲਹਿਰਾਗਾਗਾ ਆਦਿ ਵਿਧਾਨ ਸਭਾ ਹਲਕਿਆਂ ਉਤੇ ਟਿਕ ਗਈਆਂ ਹਨ। ਇਨ੍ਹਾਂ ਹਲਕਿਆਂ 'ਚ ਵੱਡੀਆਂ ਸਿਆਸੀ ਹਸਤੀਆਂ ਦਾ ਭਵਿੱਖ ਦਾਅ ਉਤੇ ਲੱਗਿਆ ਹੋਇਆ ਹੈ। ਇਸ ਵਾਰ ਦੀਆਂ ਚੋਣਾਂ ਦਾ ਸਭ ਤੋਂ ਵੱਡਾ ਤੇ ਦਿਲਚਸਪ ਪੱਖ ਇਹ ਹੈ ਕਿ ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਰਮਿਆਨ ਲੰਬੀ ਵਿਚ ਮੁਕਾਬਲਾ ਹੋਣ ਜਾ ਰਿਹਾ ਹੈ। ਆਮ ਆਦਮੀ ਪਾਰਟੀ (ਆਪ) ਵੱਲੋਂ ਇਸ ਹਲਕੇ ਤੋਂ ਦਿੱਲੀ ਦੇ ਸਿੱਖ ਆਗੂ ਜਰਨੈਲ ਸਿੰਘ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ 'ਆਪ' ਦੇ ਸੰਸਦ ਮੈਂਬਰ ਭਗਵੰਤ ਸਿੰਘ ਮਾਨ ਵੱਲੋਂ ਜਲਾਲਾਬਾਦ ਹਲਕੇ ਤੋਂ ਸਿੱਧੀ ਚੁਣੌਤੀ ਦਿੱਤੀ ਜਾ ਰਹੀ ਹੈ। ਕਾਂਗਰਸ ਨੇ ਇਸ ਹਲਕੇ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਉਮੀਦਵਾਰ ਬਣਾਇਆ ਹੈ। ਪਟਿਆਲਾ (ਸ਼ਹਿਰੀ) ਤੋਂ ਭਾਰਤੀ ਥਲ ਸੈਨਾ ਦੇ ਸਾਬਕਾ ਮੁਖੀ ਜਨਰਲ ਜੇ.ਜੇ. ਸਿੰਘ, ਕੈਪਟਨ ਅਮਰਿੰਦਰ ਸਿੰਘ ਨੂੰ ਟੱਕਰ ਦੇਣ ਲਈ ਅਕਾਲੀ ਦਲ ਵੱਲੋਂ ਮੈਦਾਨ ਵਿਚ ਹਨ।

### ਪੰਜਾਬ ਦੇ ਚੋਣ ਪਿੜ ਵਿਚ ਡਟੇ 1146 ਉਮੀਦਵਾਰ



ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਮੁਤਾਬਕ ਨਾਮਜ਼ਦਗੀਆਂ ਵਾਪਸ ਲੈਣ ਉਪਰੰਤ ਜ਼ਿਲ੍ਹਾ ਵਾਰ ਉਮੀਦਵਾਰਾਂ ਦੀ ਗਿਣਤੀ ਪਠਾਨਕੋਟ ਵਿਚ 35, ਗੁਰਦਾਸਪੁਰ ਵਿਚ 66, ਅੰਮ੍ਰਿਤਸਰ ਵਿਚ 120, ਤਰਨ ਤਾਰਨ ਵਿਚ 30, ਕਪੂਰਥਲਾ ਵਿਚ 35, ਜਲੰਧਰ ਵਿਚ 84, ਹੁਸ਼ਿਆਰਪੁਰ ਵਿਚ 70, ਸ਼ਹੀਦ ਭਗਤ ਸਿੰਘ ਨਗਰ ਵਿਚ 26, ਰੂਪਨਗਰ 'ਚ 24, ਮੁਹਾਲੀ ਵਿਚ 34, ਫਤਹਿਗੜ੍ਹ ਸਾਹਿਬ 'ਚ 25, ਲੁਧਿਆਣਾ ਵਿਚ 137, ਮੋਗਾ ਵਿਚ 41, ਫਿਰੋਜ਼ਪੁਰ ਵਿਚ 48, ਫਾਜ਼ਿਲਕਾ 'ਚ 44, ਮੁਕਤਸਰ ਵਿਚ 30, ਫਰੀਦਕੋਟ 'ਚ 28, ਬਠਿੰਡਾ ਵਿਚ 60, ਮਾਨਸਾ 'ਚ 27, ਸੰਗਰੂਰ 'ਚ 66, ਬਰਨਾਲਾ ਵਿਚ 30, ਪਟਿਆਲਾ 'ਚ 86 ਰਹਿ ਗਈ ਹੈ। ਅੰਮ੍ਰਿਤਸਰ ਸੰਸਦੀ ਹਲਕੇ ਦੀ ਉਪ ਚੋਣ ਲਈ ਕੁੱਲ 9 ਉਮੀਦਵਾਰ ਮੈਦਾਨ ਵਿਚ ਹਨ। ਕਾਂਗਰਸ ਦੇ ਗੁਰਜੀਤ ਸਿੰਘ ਔਜਲਾ, ਭਾਜਪਾ ਦੇ ਰਾਜਿੰਦਰ ਮੋਹਨ ਸਿੰਘ ਛੀਨਾ ਅਤੇ ਆਪ ਦੇ ਉਪਕਾਰ ਸਿੰਘ ਸੰਧੂ ਦਰਮਿਆਨ ਮੁਕਾਬਲਾ ਹੋਣ ਦੇ ਆਸਾਰ ਹਨ।

## ਅਕਾਲੀ, ਕਾਂਗਰਸ ਅਤੇ 'ਆਪ' ਵਿਚਕਾਰ ਵੱਕਾਰੀ ਟੱਕਰ

**ਚੰਡੀਗੜ੍ਹ:** ਪੰਜਾਬ 'ਚ 10 ਸਾਲਾਂ ਦੇ ਲੰਮੇ ਰਾਜ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਸਥਾਪਤੀ ਵਿਰੋਧੀ ਲਹਿਰ ਦਾ ਜ਼ਬਰਦਸਤ ਸਾਹਮਣਾ ਕਰਨਾ ਪੈ ਰਿਹਾ ਹੈ। ਵਿਧਾਨ ਸਭਾ ਚੋਣਾਂ ਦੌਰਾਨ ਭਾਵੇਂ ਦੋ ਦਰਜਨ ਦੇ ਕਰੀਬੀ ਸਿਆਸੀ ਧਿਰਾਂ ਵੱਲੋਂ ਆਪੋ-ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇ ਹੋਏ ਹਨ, ਪਰ ਮੁੱਖ ਤੌਰ ਉਤੇ ਹਾਲ ਦੀ ਘੜੀ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦਰਮਿਆਨ ਹੀ ਵੱਕਾਰੀ ਟੱਕਰ ਹੋਣ ਦੇ ਆਸਾਰ ਬਣੇ ਹੋਏ ਹਨ। ਕੁਝ ਹਲਕਿਆਂ ਤੋਂ ਚਹੁੰ ਕੋਨੇ ਜਾਂ ਬਹੁ ਕੋਨੇ ਮੁਕਾਬਲੇ ਵੀ ਹੋ ਸਕਦੇ ਹਨ। ਉਂਜ ਚੋਣ ਮੈਦਾਨ ਵਿਚ ਉਕਤ ਤਿੰਨਾਂ ਪਾਰਟੀਆਂ ਸਮੇਤ ਬਹੁਜਨ ਸਮਾਜ ਪਾਰਟੀ, ਖੱਬੀਆਂ ਪਾਰਟੀਆਂ, ਸੁੱਚਾ ਸਿੰਘ ਛੋਟੇਪੁਰ ਦੀ ਅਗਵਾਈ ਵਾਲੀ ਆਪਣਾ ਪੰਜਾਬ ਪਾਰਟੀ, ਤ੍ਰਿਣਮੂਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), 'ਆਪ' ਦੇ ਬਾਗੀ ਸੰਸਦ ਮੈਂਬਰ ਧਰਮਵੀਰ ਗਾਂਧੀ ਦੀ ਅਗਵਾਈ ਵਾਲੇ ਫਰੰਟ ਅਤੇ ਹੋਰਨਾਂ ਕਈ ਦਲਾਂ ਨੇ ਵੀ ਉਮੀਦਵਾਰ ਮੈਦਾਨ ਵਿਚ ਉਤਾਰੇ ਹਨ। ਉਪਰੋਕਤ ਆਗੂਆਂ ਸਮੇਤ ਰਾਜਿੰਦਰ ਕੌਰ ਭੱਠਲ, ਮਨਪ੍ਰੀਤ ਬਾਦਲ, ਸੁਨੀਲ ਜਾਖੜ, ਚਰਨਜੀਤ ਸਿੰਘ ਚੰਨੀ, ਪਰਮਿੰਦਰ ਢੀਂਡਸਾ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਬਿਕਰਮ ਮਜੀਠੀਆ ਆਦਿ ਵੀ ਚੁਣੌਤੀ ਦੇ ਰਹੇ ਹਨ।

## ਇਸ ਵਾਰ ਸਭ ਤੋਂ ਵੱਧ ਉਮੀਦਵਾਰ ਮੈਦਾਨ ਵਿਚ

**ਬਠਿੰਡਾ:** ਪੰਜਾਬ ਚੋਣਾਂ ਦੇ ਪਿੜ ਵਿਚ ਐਤਕੀਂ ਦੋ ਨਵੇਂ ਰਿਕਾਰਡ ਬਣੇ ਹਨ। ਇਕ ਤਾਂ ਸਭ ਤੋਂ ਵੱਧ ਉਮੀਦਵਾਰ ਚੋਣ ਮੈਦਾਨ ਵਿਚ ਹਨ ਤੇ ਦੂਜਾ ਸਭ ਤੋਂ ਘੱਟ ਉਮੀਦਵਾਰਾਂ ਨੇ ਕਾਗਜ਼ ਵਾਪਸ ਲਏ ਹਨ। ਕਰੀਬ ਪੰਜਾਹ ਵਰ੍ਹਿਆਂ ਵਿਚ ਅਜਿਹਾ ਨਹੀਂ ਹੋਇਆ। ਆਮ ਆਦਮੀ ਪਾਰਟੀ ਦੇ ਚੋਣ ਮੈਦਾਨ ਵਿਚ ਨਿੱਤਰਨ ਮਗਰੋਂ ਉਮੀਦਵਾਰਾਂ ਦੀ ਗਿਣਤੀ ਵਧੀ ਹੈ। ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿਚ 1146 ਉਮੀਦਵਾਰ ਚੋਣ ਪਿੜ ਵਿਚ ਹਨ, ਜਦਕਿ ਸਾਲ 2012 'ਚ 1078 ਉਮੀਦਵਾਰ ਚੋਣ ਮੈਦਾਨ ਵਿਚ ਸਨ। ਸਾਲ 1972 ਦੀਆਂ ਚੋਣਾਂ ਵਿਚ ਸਭ ਤੋਂ ਘੱਟ 468 ਉਮੀਦਵਾਰਾਂ ਨੇ ਚੋਣਾਂ ਲੜੀਆਂ ਸਨ। ਪੰਜਾਬੀ ਸੂਬਾ ਬਣਨ ਮਗਰੋਂ ਸਾਲ 1967 ਦੀਆਂ ਚੋਣਾਂ ਵਿਚ ਉਮੀਦਵਾਰਾਂ ਦੀ ਗਿਣਤੀ 602 ਸੀ, ਜਿਹੜੀ ਅਗਲੀਆਂ 1969 ਦੀਆਂ ਚੋਣਾਂ ਵਿਚ ਘਟ ਕੇ 471 ਰਹਿ ਗਈ ਸੀ। 2007 ਦੀਆਂ ਚੋਣਾਂ ਵਿਚ 1055 ਅਤੇ ਸਾਲ 2002 ਦੀਆਂ ਚੋਣਾਂ ਵਿਚ 923 ਉਮੀਦਵਾਰਾਂ ਨੇ ਚੋਣ ਲੜੀ ਸੀ, ਜਦਕਿ ਸਾਲ 1997 ਵਿਚ 693 ਅਤੇ ਸਾਲ 1985 ਦੀਆਂ ਚੋਣਾਂ ਵਿਚ 857 ਉਮੀਦਵਾਰ ਚੋਣਾਂ ਵਿਚ ਡਟੇ ਸਨ। ਇਸੇ ਤਰ੍ਹਾਂ ਸਾਲ 1980 ਵਿੱਚ 722 ਅਤੇ ਸਾਲ 1977 ਵਿਚ 692 ਉਮੀਦਵਾਰਾਂ ਨੇ ਚੋਣਾਂ ਲੜੀਆਂ ਸਨ।

# ਪੰਜ ਸੀਟਾਂ 'ਤੇ ਰਲ ਕੇ ਚੋਣ ਲੜਨਗੇ ਧਰਮਵੀਰ ਗਾਂਧੀ ਤੇ ਛੋਟੇਪੁਰ

**ਪਟਿਆਲਾ:** ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਦੇ 'ਪੰਜਾਬ ਫਰੰਟ' ਅਤੇ ਸੁੱਚਾ ਸਿੰਘ ਛੋਟੇਪੁਰ ਦੀ 'ਆਪਣਾ ਪੰਜਾਬ ਪਾਰਟੀ' ਦਰਮਿਆਨ ਪੰਜਾਬ ਪੱਧਰ ਦਾ ਸਮਝੌਤਾ ਭਾਵੇਂ ਸਿਰੇ ਨਹੀਂ ਚੜ੍ਹਿਆ ਸੀ, ਪਰ ਇਹ ਦੋਵੇਂ ਧਿਰਾਂ ਪਟਿਆਲਾ ਜ਼ਿਲ੍ਹੇ ਦੀਆਂ ਪੰਜ ਸੀਟਾਂ ਉਤੇ ਰਲ ਕੇ ਚੋਣ ਲੜਨਗੀਆਂ।

ਇਸ ਤਹਿਤ ਗਾਂਧੀ ਧੜੇ ਦੇ ਦੋ ਅਤੇ ਛੋਟੇਪੁਰ ਧੜੇ ਦੇ ਤਿੰਨ ਆਗੂ ਸਾਂਝੇ ਉਮੀਦਵਾਰਾਂ ਵਜੋਂ ਚੋਣ ਲੜਨਗੇ। ਇਸ ਕੜੀ ਵਜੋਂ ਹੀ 'ਆਪਣਾ ਪੰਜਾਬ ਪਾਰਟੀ' ਵੱਲੋਂ ਘਨੌਰ ਤੋਂ ਉਮੀਦਵਾਰ ਬਣਾਏ ਸ਼ਰਨਜੀਤ ਸਿੰਘ ਜੋਗੀਪੁਰ ਦੇ ਕਾਗਜ਼ ਵਾਪਸ ਕਰਵਾ ਦਿੱਤੇ ਗਏ ਹਨ, ਕਿਉਂਕਿ ਇਥੇ ਪਾਰਟੀ ਵੱਲੋਂ 'ਪੰਜਾਬ ਫਰੰਟ' ਦੇ ਉਮੀਦਵਾਰ ਗੁਰਸੇਵਕ ਅੰਟਾਲ ਦੀ ਹਮਾਇਤ ਦਾ ਫੈਸਲਾ ਕੀਤਾ ਗਿਆ ਹੈ। ਸਮਝੌਤੇ ਦਾ ਐਲਾਨ ਡਾ. ਧਰਮਵੀਰ ਗਾਂਧੀ ਨੇ ਪਟਿਆਲਾ (ਦਿਹਾਤੀ) ਹਲਕੇ ਤੋਂ 'ਆਪਣਾ ਪੰਜਾਬ ਪਾਰਟੀ' ਦੀ ਉਮੀਦਵਾਰ ਸ਼ਮਿੰਦਰ ਕੌਰ ਸੰਧੂ ਦੇ ਮੁੱਖ ਚੋਣ ਦਫਤਰ ਦਾ ਉਦਘਾਟਨ ਕਰਨ ਮੌਕੇ ਕੀਤਾ। ਡਾ. ਗਾਂਧੀ ਨੇ ਕਿਹਾ ਕਿ 'ਪੰਜਾਬ ਫਰੰਟ' ਪਟਿਆਲਾ ਦਿਹਾਤੀ ਤੋਂ 'ਆਪਣਾ ਪੰਜਾਬ ਪਾਰਟੀ' ਦੀ ਉਮੀਦਵਾਰ ਸ਼ਮਿੰਦਰ ਕੌਰ ਸੰਧੂ, ਰਾਜਪੁਰਾ ਤੋਂ ਰਣਜੀਤ ਰਾਣਾ ਤੇ ਨਾਭਾ ਤੋਂ ਜਰਨੈਲ ਸਿੰਘ ਅਕਾਲਗੜ੍ਹ ਦੀ ਹਮਾਇਤ ਕਰੇਗਾ।

## ਸਹਿਜਧਾਰੀ ਪਾਰਟੀ ਵੱਲੋਂ ਕਾਂਗਰਸ ਦੀ ਹਮਾਇਤ

**ਚੰਡੀਗੜ੍ਹ:** ਸਹਿਜਧਾਰੀ ਸਿੱਖ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਬਗੈਰ ਕਿਸੇ ਸ਼ਰਤ ਤੋਂ ਸਮਰਥਨ ਦਿੱਤਾ ਹੈ। ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੀ ਚਿੱਠੀ ਵਿਚ ਪਾਰਟੀ ਦੇ ਕੌਮੀ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂ ਨੇ ਕਿਹਾ ਹੈ ਕਿ ਸਹਿਜਧਾਰੀ ਸਿੱਖ ਪਾਰਟੀ ਦੀ ਕੌਮੀ ਕੌਂਸਲ ਨੇ ਸਰਬਸੰਮਤੀ ਨਾਲ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਹੈ। ਪਾਰਟੀ 2002 ਚੋਣਾਂ ਤੋਂ ਕਾਂਗਰਸ ਦੀ ਹਮਾਇਤ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਹੈ ਕਿ ਪੰਜਾਬ 'ਚ ਕਰੀਬ 70 ਲੱਖ ਸਹਿਜਧਾਰੀ ਸਿੱਖ ਹਨ, ਜਿਹੜੇ ਮਹਿਸੂਸ ਕਰਦੇ ਹਨ ਕਿ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਕਰਨ ਸਮੇਤ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।

# ਚੋਣਾਂ ਤੋਂ ਪਹਿਲਾਂ ਹੀ ਕੈਪਟਨ ਦੇ 'ਸਰਕਾਰੀ' ਐਲਾਨ

**ਜਲੰਧਰ:** ਪੰਜਾਬ ਵਿਧਾਨ ਸਭਾ ਚੋਣਾਂ 4 ਫਰਵਰੀ ਨੂੰ ਹਨ। ਨਤੀਜੇ 11 ਮਾਰਚ ਨੂੰ ਆਉਣਗੇ ਤੇ ਇਸ ਮਗਰੋਂ ਸਰਕਾਰ ਬਣੇਗੀ। ਦੂਜੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਹੁਣ ਤੋਂ ਹੀ 'ਸਰਕਾਰੀ' ਐਲਾਨ ਕਰ ਰਹੇ ਹਨ। ਕੈਪਟਨ ਨੇ ਬਿਜਲੀ ਡਿਊਟੀ ਵਿਚ 10 ਫੀਸਦੀ ਕਮੀ ਦਾ ਐਲਾਨ ਕਰਦਿਆਂ, ਬਿਜਲੀ ਨੂੰ ਪੰਜਾਬ ਭਰ ਵਿਚ ਉਚਿਤ ਰੇਟਾਂ 'ਤੇ ਮੁਹੱਈਆ ਕਰਵਾਉਣ ਸਮੇਤ ਪੈਟਰੋਲ ਤੇ ਐਲ.ਪੀ.ਜੀ ਨੂੰ ਸਸਤਾ ਕਰਨ ਦਾ ਵਾਅਦਾ ਕੀਤਾ ਹੈ। ਕੈਪਟਨ ਅਮਰਿੰਦਰ ਨੇ ਕਿਹਾ ਕਿ ਪਾਰਟੀ ਦੇ ਚੋਣ ਮਨੋਰਥ ਪੱਤਰ ਵਿਚ ਸਟੇਟ ਟਰਾਂਸਪੋਰਟ ਦੀਆਂ ਬੱਸਾਂ ਵਿਚ ਸੀਨੀਅਰ ਸਿਟੀਜ਼ਨਾਂ ਤੇ ਵਿਦਿਆਰਥੀਆਂ ਨੂੰ ਫਰੀ ਸਫਰ ਦੀ ਸੁਵਿਧਾ ਮੁਹੱਈਆ ਕਰਵਾਉਣਾ ਵੀ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਸਾਬਕਾ ਫੌਜੀ, ਪੁਲਿਸ ਤੇ ਨੀਮ ਫੌਜੀ ਦਸਤਿਆਂ ਦੇ ਜਵਾਨ ਵੀ ਸਰਕਾਰੀ ਬੱਸਾਂ ਵਿਚ ਫਰੀ ਮੁਫਤ ਦੀ ਸੁਵਿਧਾ ਹਾਸਲ ਕਰ ਸਕਣਗੇ।



ਕੈਪਟਨ ਨੇ ਇਨ੍ਹਾਂ ਐਲਾਨਾਂ ਨੂੰ ਲੈ ਕੇ ਤਰਕ ਦਿੱਤਾ ਕਿ ਕਾਂਗਰਸ ਦਾ ਚੋਣ ਮਨੋਰਥ ਪੱਤਰ ਪੰਜਾਬ ਦੀ ਅਬਾਦੀ ਦੇ ਹਰੇਕ ਵਰਗ ਦੀਆਂ ਸਮੱਸਿਆਵਾਂ ਦਾ ਹੱਲ ਕੱਢਦਿਆਂ, ਵਿਆਪਕ ਦਸਤਾਵੇਜ਼ ਹੋਣ ਦੇ ਬਾਵਜੂਦ, ਪਾਰਟੀ ਦੇ ਹਲਕਿਆਂ ਅੰਦਰ ਇਸ ਵਿਚ ਕੁਝ ਹੋਰ ਲੋਕ ਭਲਾਈ ਸਬੰਧੀ ਉਪਾਅ ਜੋੜੇ ਜਾਣ ਦੀ ਅਹਿਮ ਲੋੜ ਸਮਝੀ ਜਾ ਰਹੀ ਸੀ। ਉਨ੍ਹਾਂ ਨੇ ਪੈਟਰੋਲ ਤੇ ਐਲ.ਪੀ.ਜੀ. ਦੇ ਰੇਟਾਂ ਨੂੰ ਚੰਡੀਗੜ੍ਹ ਤੇ ਗੁਆਂਢੀ ਸੂਬਿਆਂ ਦੇ ਬਰਾਬਰ ਲਿਆਉਣ ਸਬੰਧੀ ਵਾਅਦੇ 'ਤੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਸਹੀ ਨਹੀਂ ਕਿ ਪੰਜਾਬ ਦੇ ਲੋਕਾਂ ਨੂੰ ਉਸੇ ਸੁਵਿਧਾ ਵਾਸਤੇ ਜ਼ਿਆਦਾ ਅਦਾਇਗੀ ਕਰਨੀ ਪਵੇ, ਜਿਸ ਬਦਲੇ ਬਾਕੀ ਘੱਟ ਪੈਸੇ ਦਿੰਦੇ ਹਨ। ਅਜਿਹੇ ਵਿਚ ਪੈਟਰੋਲ 'ਤੇ ਟੈਕਸਾਂ ਨੂੰ ਉਚਿਤ ਦਰ ਉਤੇ ਲਿਆਉਂਦਿਆਂ, ਇਸ ਨੂੰ ਹੋਰਾਂ ਦੇ ਬਰਾਬਰ ਲਿਆਇਆ ਜਾਵੇਗਾ। ਇਸ ਨਾਲ ਪੈਟਰੋਲ ਦੇ ਰੇਟਾਂ ਵਿਚ 3 ਰੁਪਏ ਪ੍ਰਤੀ ਲੀਟਰ ਕਮੀ ਲਿਆਉਣ 'ਚ ਸਹਾਇਤਾ ਮਿਲੇਗੀ। ਇਸੇ ਕਦਮ ਰਾਹੀਂ, ਐਲ.ਪੀ.ਜੀ ਦੇ ਰੇਟਾਂ ਨੂੰ 15 ਰੁਪਏ ਪ੍ਰਤੀ ਸਿਲੰਡਰ ਘਟਾਇਆ ਜਾਵੇਗਾ। ਕੈਪਟਨ ਨੇ ਖੁਲਾਸਾ ਕੀਤਾ ਕਿ ਪੈਟਰੋਲ ਤੇ ਐਲ.ਪੀ.ਜੀ ਦੀਆਂ ਕੀਮਤਾਂ ਵਿਚ ਕਮੀ ਲਿਆਉਣ ਦਾ ਫੈਸਲਾ ਲੋਕਾਂ ਤੇ ਖਾਸ ਕਰ ਕੇ ਉਦਯੋਗਪਤੀ ਵਰਗ ਤੋਂ ਮਿਲੇ ਸੁਝਾਆਂ ਦੇ ਅਧਾਰ ਉਤੇ ਲਿਆ ਗਿਆ ਹੈ, ਜਿਨ੍ਹਾਂ ਮੁਤਾਬਕ ਪੰਜਾਬ 'ਚ ਇਨ੍ਹਾਂ ਵਸਤਾਂ ਦੇ ਰੇਟ ਜ਼ਿਆਦਾ ਹੋਣ ਕਾਰਨ ਉਨ੍ਹਾਂ ਦੇ ਕਾਰੋਬਾਰ 'ਤੇ ਅਸਰ ਪੈ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਕਦਮ ਰਾਹੀਂ ਸਫਰ ਤੇ ਕਿਰਾਏ ਦੇ ਖਰਚਿਆਂ 'ਚ ਭਾਰੀ ਕਮੀ ਆਏਗੀ। ਇਸ ਨਾਲ, ਕਾਂਗਰਸ ਦੇ ਸੂਬੇ ਦੀ ਸੱਤਾ ਵਿਚ ਆਉਣ ਤੋਂ ਬਾਅਦ ਉਦਯੋਗਾਂ ਨੂੰ ਉਤਸ਼ਾਹਿਤ ਕਰਦਿਆਂ ਤੇ ਅੱਗੇ ਵਧਾਉਂਦਿਆਂ, ਪੰਜਾਬ ਅੰਦਰ ਇੰਡਸਟਰੀ ਨੂੰ ਮੁੜ ਖੜ੍ਹਾ ਕਰਨ ਦੀਆਂ ਕੋਸ਼ਿਸ਼ਾਂ ਨੂੰ ਤਾਕਤ ਮਿਲੇਗੀ।

ਉਨ੍ਹਾਂ ਨੇ ਖੇਤੀਬਾੜੀ ਵਿਕਾਸ ਲਈ ਫਰੀ ਬਿਜਲੀ ਦੇਣ ਸਮੇਤ ਉਦਯੋਗਕ ਤੇ ਘਰੇਲੂ ਖਪਤਕਾਰਾਂ ਨੂੰ ਰਿਆਇਤੀ ਰੇਟਾਂ ਉਤੇ ਬਿਜਲੀ ਮੁਹੱਈਆ ਕਰਵਾਉਣ ਸਬੰਧੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਕੈਪਟਨ ਨੇ ਖੁਲਾਸਾ ਕੀਤਾ ਕਿ ਸਸਤੀ ਬਿਜਲੀ ਦਾ ਲਾਭ ਹੋਰ ਵਧਾਉਣ ਵਾਸਤੇ ਹੋਰ ਕਦਮ ਚੁੱਕੇ ਜਾਣ ਦੀ ਲੋੜ ਸਮਝੀ ਗਈ ਹੈ। ਬੀਤੇ 10 ਸਾਲਾਂ ਤੋਂ ਟਰਾਂਸਪੋਰਟ ਉਤੇ ਬਾਦਲਾਂ ਦੇ ਮਾਫੀਆ ਦਾ ਕਬਜ਼ਾ ਹੈ ਤੇ ਇਸ ਮਾਮਲੇ ਵਿਚ ਲੋਕਾਂ ਦੇ ਸਿਰ ਤੋਂ ਬੋਝ ਨੂੰ ਹਟਾਉਣ ਲਈ ਉਹ ਵਚਨਬੱਧ ਹਨ। ਇਸ ਦਿਸ਼ਾ ਵਿਚ ਸੀਨੀਅਰ ਨਾਗਰਿਕਾਂ ਤੇ ਵਿਦਿਆਰਥੀਆਂ ਨੂੰ ਮੁਫਤ ਸਫਰ ਦੀ ਸੁਵਿਧਾ ਦੇਣ ਦਾ ਕਦਮ ਚੁੱਕਿਆ ਗਿਆ ਹੈ।

# ਕੇਜਰੀਵਾਲ ਵੱਲੋਂ ਸੁਰੱਖਿਆ ਹਟਾਉਣ ਲਈ ਚੋਣ ਕਮਿਸ਼ਨ ਨੂੰ ਪੱਤਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਫੇਰੀ ਦੌਰਾਨ ਉਨ੍ਹਾਂ ਦੀ ਸੁਰੱਖਿਆ ਹਟਾਈ ਜਾਵੇ ਕਿਉਂਕਿ ਇਸ ਦੀ ਵਜ੍ਹਾ ਨਾਲ ਲੋਕਾਂ ਨੂੰ ਬੇਲੋੜੀ ਪ੍ਰੇਸ਼ਾਨੀ ਹੁੰਦੀ ਹੈ। ਪੰਜਾਬ ਦੇ ਮੁੱਖ ਚੋਣ ਅਫਸਰ ਵੀ.ਕੇ. ਸਿੰਘ ਨੂੰ ਲਿਖੇ ਪੱਤਰ ਵਿਚ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਕਈ ਵਾਰ ਨੋਟਿਸ ਕੀਤਾ ਹੈ ਕਿ ਪੰਜਾਬ ਫੇਰੀ ਦੌਰਾਨ ਵੱਡੀ ਗਿਣਤੀ ਵਿਚ ਪੁਲਿਸ ਕਰਮੀ ਉਨ੍ਹਾਂ ਦੀ ਸੁਰੱਖਿਆ ਵਿਚ ਲਗਾਏ ਜਾਂਦੇ ਹਨ, ਜਿਨ੍ਹਾਂ ਦੀ ਕੋਈ ਲੋੜ ਨਹੀਂ।

ਕੇਜਰੀਵਾਲ ਨੇ ਕਿਹਾ ਕਿ 'ਆਪ' ਦੇ ਉਮੀਦਵਾਰ ਪਹਿਲਾਂ ਹੀ ਇਹ ਸਾਫ ਕਰ ਚੁੱਕੇ ਹਨ ਕਿ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕੀਤੇ ਜਾਣ ਦੀ ਕੋਈ ਜ਼ਰੂਰਤ ਨਹੀਂ ਹੈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ



ਵੱਲੋਂ ਹਾਲ ਹੀ ਵਿਚ 1200 ਪੁਲਿਸ ਕਰਮਚਾਰੀਆਂ ਨੂੰ ਸਿਆਸੀ ਲੋਕਾਂ ਦੀ ਸੁਰੱਖਿਆ ਤੋਂ ਹਟਾਇਆ ਗਿਆ ਸੀ ਤੇ ਹਾਲੇ ਵੀ 2000 ਪੁਲਿਸ ਕਰਮੀ ਸਿਆਸੀ ਆਗੂਆਂ ਦੀ ਹਿਫ਼ਾਜ਼ਤ ਵਿਚ ਲੱਗੇ ਹਨ।

## ਚੋਣ ਕਮਿਸ਼ਨ ਵੱਲੋਂ ਕੇਜਰੀਵਾਲ ਨੂੰ ਤਾੜਨਾ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗੋਆ ਵਿਚ ਇਕ ਚੋਣ ਰੈਲੀ ਦੌਰਾਨ ਪੈਸੇ ਲੈਣ ਬਾਰੇ ਬਿਆਨ ਤੋਂ ਤਾੜਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੇ ਚੋਣ ਜ਼ਾਬਤੇ ਦੀ ਉਲੰਘਣਾ ਜਾਰੀ ਰੱਖੀ ਤਾਂ ਉਨ੍ਹਾਂ ਤੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਵਿਚ ਪਾਰਟੀ ਦੀ ਮਾਨਤਾ ਮੁਅੱਤਲ ਜਾਂ ਰੱਦ ਕਰਨਾ ਸ਼ਾਮਲ ਹੈ। 16 ਜਨਵਰੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦਿਆਂ ਚੋਣ ਕਮਿਸ਼ਨ ਨੇ ਕੇਜਰੀਵਾਲ ਦੇ ਇਕ ਚੋਣ ਰੈਲੀ ਵਿਚਲੇ ਬਿਆਨ ਦਾ ਹਵਾਲਾ ਦਿੱਤਾ ਸੀ, 'ਕਾਂਗਰਸ ਤੇ ਭਾਜਪਾ ਪੈਸਾ ਵੰਡਣ ਆਵੇਗੀ। ਲੋਕਾਂ ਨੂੰ ਨਵੇਂ ਨੋਟਾਂ ਵਿਚ ਧਨ ਲੈ ਲੈਣਾ ਚਾਹੀਦਾ। ਇਥੋਂ ਤੱਕ ਕਿ ਮਹਿੰਗਾਈ ਨੂੰ ਧਿਆਨ ਵਿਚ ਰੱਖ ਕੇ 5000 ਰੁਪਏ ਦੀ ਬਜਾਏ 10 ਹਜ਼ਾਰ ਰੁਪਏ ਮੰਗਣੇ ਚਾਹੀਦੇ ਹਨ, ਪਰ ਵੋਟ 'ਆਪ' ਨੂੰ ਪਾਉਣੀ ਚਾਹੀਦੀ ਹੈ।'

ਚੋਣ ਕਮਿਸ਼ਨ ਦੇ ਹੁਕਮ ਬਾਅਦ ਕੇਜਰੀਵਾਲ ਨੇ ਟਵੀਟ ਕੀਤਾ, 'ਮੇਰੇ ਖਿਲਾਫ਼ ਚੋਣ ਕਮਿਸ਼ਨ ਦਾ ਹੁਕਮ ਬਿਲਕੁਲ ਗਲਤ ਹੈ। ਹੇਠਲੀ ਅਦਾਲਤ ਨੇ ਮੇਰੇ ਪੱਖ ਵਿਚ ਫ਼ੈਸਲਾ ਦਿੱਤਾ ਹੈ। ਚੋਣ ਕਮਿਸ਼ਨ ਨੇ ਅਦਾਲਤ ਦੇ ਹੁਕਮਾਂ ਦੀ ਅਣਦੇਖੀ ਕੀਤੀ ਹੈ।

# ਅੱਜ ਦੀ ਘੜੀ ਏਦਾਂ ਦਾ ਚੋਣ ਨਕਸ਼ਾ ਜਾਪਦਾ ਹੈ ਪੰਜਾਬ ਦਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਚੋਣਾਂ ਦੀ ਰਾਜਨੀਤੀ ਨਾਲ ਸਕੂਲ ਦੇ ਦਿਨਾਂ ਤੋਂ ਜੁੜੇ ਰਹਿਣ ਦੇ ਬਾਵਜੂਦ ਅਸੀਂ ਕਿਸੇ ਚੋਣ ਵਿਚ ਬਹੁਤਾ ਕਰ ਕੇ ਇੱਕ ਜਾਂ ਦੂਸਰੀ ਧਿਰ ਦੀ ਜਿੱਤ ਜਾਂ ਹਾਰ ਦੀ ਭਵਿੱਖਬਾਣੀ ਕਰਨ ਤੋਂ ਪ੍ਰਹੇਜ਼ ਕਰਨਾ ਠੀਕ ਸਮਝਦੇ ਹਾਂ। ਇਸ ਦੇ ਕਈ ਕਾਰਨਾਂ ਵਿਚੋਂ ਇੱਕ ਬੜਾ ਵੱਡਾ ਕਾਰਨ ਇਹ ਹੈ ਕਿ ਚੋਣਾਂ ਵਿਚ ਸਿਰਫ ਲੋਕਾਂ ਦੀ ਰਾਏ ਦਾ ਪ੍ਰਗਟਾਵਾ ਹੀ ਨਹੀਂ ਹੁੰਦਾ, ਕਈ ਹੋਰ ਚੁਸਤੀਆਂ ਵੀ ਚੱਲ ਜਾਂਦੀਆਂ ਹਨ।

ਸਭ ਜਾਣਦੇ ਹਨ ਕਿ ਸਿਆਸੀ ਮੈਦਾਨ ਦੇ ਕਈ ਵੱਡੇ ਖਿਡਾਰੀ ਆਪਣੀ ਪਾਰਟੀ ਨਾਲ ਹਜ਼ਾਰਾਂ ਲੋਕਾਂ ਦੇ ਇਕੱਠ ਵਿਚ ਸਾਰੀ ਉਮਰ ਵਫਾ ਨਿਭਾਉਣ ਦੀਆਂ ਗੱਲਾਂ ਕਰ ਕੇ ਆਖਰੀ ਰਾਤ ਕਈ ਵਾਰੀ ਆਪਣੇ ਪੱਕੇ ਚੇਲੇ-ਚਾਟੜਿਆਂ ਨੂੰ ਆਪਣੀ ਪਾਰਟੀ ਦੇ ਉਮੀਦਵਾਰ ਵਿਰੁਧ ਚੱਲਣ ਤੇ ਦੂਜੀ ਧਿਰ ਦੇ ਉਮੀਦਵਾਰ ਨੂੰ ਵੋਟਾਂ ਭੁਗਤਾਉਣ ਨੂੰ ਵੀ ਆਖ ਦਿੰਦੇ ਹਨ। ਇਹ ਕੰਮ ਇਸ ਵਾਰ ਵੀ ਹੋਣਾ ਹੈ ਅਤੇ ਹਾਲਾਤ ਦੇ ਸਭ ਅੰਦਾਜ਼ੇ ਆਖਰੀ ਰਾਤ ਦੀ ਇਸ ਚੁਸਤੀ ਕਾਰਨ ਧਰੇ-ਧਰਾਏ ਰਹਿ ਜਾਣਗੇ। ਸਿਰਫ ਇੱਕ ਹੀ ਗੱਲ ਇਸ ਵਰਤਾਰੇ ਨੂੰ ਨਾਕਾਮ ਕਰ ਸਕਦੀ ਹੈ ਤੇ ਉਹ ਇਹ ਕਿ ਕਿਸੇ ਚੋਣ ਮੌਕੇ ਆਮ ਲੋਕਾਂ ਦਾ ਵਹਿਣ ਇੱਕੋ ਪਾਸੇ ਵੱਲ ਵਗ ਰਿਹਾ ਹੋਵੇ, ਜਿਸ ਤਰ੍ਹਾਂ ਦਿੱਲੀ ਵਿਚ ਇੱਕ ਵਾਰ ਵਗਦਾ ਵੇਖਿਆ ਜਾ ਚੁੱਕਾ ਹੈ।

ਦਿਨ ਚੋਣਾਂ ਦੇ ਹਨ ਤੇ ਚੋਣਾਂ ਦੀ ਗੱਲ ਕਰਨੀ ਸਿਰਫ ਸਾਡੇ ਹੀ ਮਨ ਨੂੰ ਖਿੱਚ ਨਹੀਂ ਪਾਉਂਦੀ, ਸਾਦੇ ਸੁਭਾਅ ਦੇ ਆਮ ਲੋਕ ਵੀ ਦੁਕਾਨਾਂ ਤੋਂ ਘਰੇਲੂ ਸੌਦਾ ਖਰੀਦਦੇ ਅਤੇ ਬੱਸ-ਗੱਡੀ ਵਿਚ ਸਫਰ ਕਰਦੇ ਜਾਂ ਵਿਆਹ ਤੇ ਮਰਗ ਵਰਗੇ ਕਿਸੇ ਸਮਾਗਮ ਵਿਚ ਜੁੜਨ ਮੌਕੇ ਵੀ ਇਹੋ ਗੱਲਾਂ ਕਰੀ ਜਾਂਦੇ ਹਨ। ਇਹੋ ਕਾਰਨ ਹੈ ਕਿ ਇਸ ਵਾਰ ਨਾ ਚਾਹੁੰਦੇ ਹੋਏ ਵੀ ਸਾਨੂੰ ਇਸ ਲਈ ਚੋਣਾਂ ਦੀ ਗੱਲ ਕਰਨੀ ਪਈ ਹੈ ਕਿ ਦਿਨ ਹੀ ਚੋਣ ਚਰਚਾ ਦੇ ਹਨ। ਪੰਜ ਰਾਜਾਂ ਦੀਆਂ ਚੋਣਾਂ ਹਨ, ਪਰ ਸਾਨੂੰ ਗੋਆ ਅਤੇ ਮਨੀਪੁਰ ਤਾਂ ਕੀ, ਉਤਰਾਖੰਡ ਤੇ ਉਤਰ ਪ੍ਰਦੇਸ਼ ਦੀ ਚਰਚਾ ਵੀ ਪੰਜਾਬ ਤੋਂ ਵੱਧ ਖਿੱਚ-ਪਾਊ ਨਹੀਂ ਲੱਗ ਸਕਦੀ। ਕਾਰਨ ਹੈ ਕਿ ਪੰਜਾਬ ਨਾਲ ਸਾਡਾ ਪੰਜ ਸਾਲਾਂ ਦਾ ਭਵਿੱਖ ਜੁੜਿਆ ਹੈ।

ਤਿੰਨ ਕੁ ਮਹੀਨੇ ਪਹਿਲਾਂ ਜਦੋਂ ਪੰਜਾਬ ਸਰਕਾਰ ਨੇ ਆਪਣੇ ਕਾਨੂੰਨੀ ਤਿਕੜਮਬਾਜ਼ਾਂ ਰਾਹੀਂ ਅਦਾਲਤ ਵਿਚ ਇਹ ਅਰਜ਼ੀ ਪੇਸ਼ ਕੀਤੀ ਕਿ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਚਲਦਾ ਕੇਸ ਵਾਪਸ ਲੈਣਾ ਹੈ, ਹੋਰ ਬਹੁਤ ਸਾਰੇ ਲੋਕਾਂ ਵਾਂਗ ਅਸੀਂ ਵੀ ਇਹ ਸੋਚਦੇ ਸਾਂ ਕਿ ਦੋਵਾਂ ਧਿਰਾਂ ਦੀ ਅੰਦਰ-ਖਾਤੇ ਸੈਨਤ ਮਿਲ ਗਈ ਹੈ। ਅਗਲੇ ਦਿਨਾਂ ਵਿਚ ਜਦੋਂ ਕੁਝ ਅਕਾਲੀ ਆਗੂਆਂ ਦੇ ਖਿਲਾਫ ਚੱਲਦੇ ਕੇਸ ਵਾਪਸ ਲੈਣ ਦੀਆਂ ਅਰਜ਼ੀਆਂ ਵੀ ਆ ਗਈਆਂ ਤਾਂ ਗੱਲ ਸਮਝ ਆਈ ਕਿ ਸ਼ਿਕੰਜੇ ਵਿਚ ਫਸੇ ਆਪਣੇ ਬੰਦਿਆਂ ਦਾ ਬਚਾਅ ਕਰਨ ਲਈ ਪਹਿਲੀ ਅਰਜ਼ੀ ਕਾਂਗਰਸ ਪ੍ਰਧਾਨ ਦੇ ਖਿਲਾਫ ਚਲਦਾ ਕੇਸ ਵਾਪਸ ਲੈਣ ਦੀ ਇਸ ਲਈ ਪਾਈ ਗਈ ਹੈ ਕਿ ਨਿਰਪੱਖਤਾ ਦਾ ਪ੍ਰਭਾਵ ਪੈ ਸਕੇ।

ਫਿਰ ਜਦੋਂ ਚੋਣਾਂ ਲਈ ਸਰਗਰਮੀ ਸ਼ੁਰੂ ਹੋਈ ਤਾਂ ਇਹ ਚਰਚਾ ਵੀ ਜ਼ੋਰ ਫੜਨ ਲੱਗੀ ਕਿ ਦੋ ਵੱਡੀਆਂ ਪਾਰਟੀਆਂ ਦੀ ਆਪੋ ਵਿਚ ਇਸ ਗੱਲ ਉਤੇ ਸਹਿਮਤੀ ਹੈ ਕਿ ਤੀਸਰੀ ਨਵੀਂ ਪਾਰਟੀ ਦਾ ਰਾਹ ਰੋਕਣਾ ਹੈ, ਪਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਲੰਬੀ ਵਿਚ ਜਾ ਕੇ ਲੱਤ ਗੱਡਣ ਨਾਲ ਇਸ ਵਿਚ ਦਮ ਨਹੀਂ ਰਹਿ ਗਿਆ। ਲੋਕ ਸਭਾ ਚੋਣ ਮੌਕੇ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਅੰਮ੍ਰਿਤਸਰ ਜਾ ਕੇ ਅਰੁਣ ਜੇਤਲੀ ਦਾ ਰਾਹ ਰੋਕਿਆ ਸੀ ਤਾਂ ਉਸ ਲਈ ਉਹ ਚੋਣ ਸਿਰਫ ਚੋਣ ਨਹੀਂ, ਵੱਕਾਰ ਦਾ ਸਵਾਲ ਬਣ ਗਈ ਸੀ ਤੇ ਉਸ ਨੇ ਜੇਤਲੀ ਦੀ ਜਿੱਤਦੀ ਬਾਜ਼ੀ ਉਲਟਾ ਦਿੱਤੀ ਸੀ। ਇਸ ਵਾਰੀ ਲੰਬੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਆਢਾ ਲੈ ਕੇ ਉਸ ਨੇ ਫਿਰ ਇਹੋ ਜੋਖਮ ਉਠਾਇਆ ਹੈ, ਜਿਸ ਨਾਲ ਮੁਸ਼ਕਲ ਦੋਵਾਂ ਲਈ ਬਣ ਗਈ ਹੈ। ਬਹੁਤਾ ਫਿਕਰ ਫਿਰ ਵੀ ਮੁੱਖ ਮੰਤਰੀ ਬਾਦਲ ਨੂੰ ਹੋਵੇਗਾ। ਉਮਰ ਭਰ ਦੇ ਉਸ ਜੱਦੀ ਪਿੜ ਲੰਬੀ ਵਿਚ ਹਾਲਾਤ ਉਸ ਲਈ ਇਸ ਵੇਲੇ ਸੌਖਾਲੇ ਨਹੀਂ, ਹਰ ਤੀਸਰੇ ਦਿਨ ਉਸ ਨੂੰ ਕਿਸੇ ਨਾ ਕਿਸੇ ਪਿੰਡ ਵਿਚ ਲੋਕਾਂ ਦੇ ਰੋਹ ਕਾਰਨ ਚੱਲਦੀ ਚੋਣ ਮੀਟਿੰਗ ਨੂੰ ਵਿਚਾਲੇ ਛੱਡ ਕੇ ਜਾਣਾ ਪੈ ਰਿਹਾ ਹੈ। ਫਿਰ ਵੀ ਅੰਤਮ ਨਿਰਣਾ ਸਿਰਫ ਮੁਹਿੰਮ ਨਾਲ ਨਹੀਂ, ਪੁਰਾਣੇ ਨੋਟਾਂ ਦੀ ਬਜਾਏ ਨਵੇਂ ਛਾਪੇ ਗਏ ਨੋਟ ਪ੍ਰਭਾਵਤ ਕਰਨਗੇ, ਜਿਨ੍ਹਾਂ ਉਤੇ ਮਹਾਤਮਾ ਗਾਂਧੀ ਦੀ ਉਹ ਫੋਟੋ ਮੌਜੂਦ ਹੈ, ਜਿਸ ਦੇ ਮੂਹਰੇ ਵੱਡੇ-ਵੱਡੇ ਰੁਤਬਿਆਂ ਵਾਲਿਆਂ ਦੇ ਜ਼ਮੀਰ ਵੀ ਸ਼ਰਧਾ ਨਾਲ ਝੁਕ ਜਾਂਦੇ ਹਨ।

ਹਾਲਾਤ ਦਾ ਰੁਖ ਕਾਂਗਰਸ ਵਾਲੇ ਪਾਸੇ ਨੂੰ ਵੱਧ ਜਾਂਦਾ ਹੈ ਜਾਂ ਆਮ ਆਦਮੀ ਪਾਰਟੀ ਵੱਲ ਨੂੰ, ਇਸ ਬਾਰੇ ਅਜੇ ਕੋਈ ਅੰਦਾਜ਼ਾ ਲਾਉਣਾ ਔਖਾ ਹੈ, ਪਰ ਏਨੀ ਗੱਲ ਹੁਣ ਪ੍ਰਸ਼ਾਸਨ ਦੇ ਵੱਡੇ-ਛੋਟੇ ਪੁਰਜ਼ੇ ਵੀ ਕਹਿਣ ਲੱਗੇ ਹਨ ਕਿ ਹੋਰ ਭਾਵੇਂ ਕੋਈ ਧਿਰ ਜਿੱਤ ਜਾਵੇ, ਦਸ ਸਾਲਾਂ ਤੋਂ ਰਾਜ ਕਰਦੀ ਧਿਰ ਲਈ ਕੰਮ ਔਖਾ ਹੈ। ਅਸੀਂ ਪਿਛਲੇ ਦੋ ਸਾਲਾਂ ਵਿਚ ਕਈ ਤਰ੍ਹਾਂ ਦੇ ਉਤਾਰ-ਚੜ੍ਹਾਅ ਵੇਖੇ ਹਨ। ਇੱਕ ਵਾਰੀ ਅਕਾਲੀ-ਭਾਜਪਾ ਗੱਠਜੋੜ ਦੀ ਇਹ ਹਾਲਤ ਵੀ ਬਣ ਗਈ ਸੀ ਕਿ ਉਨ੍ਹਾਂ ਦੇ ਆਗੂ ਪਿੰਡਾਂ ਵਿਚ ਜਾਣ ਤੋਂ ਸਿਰ ਫੇਰਨ ਲੱਗੇ ਸਨ। ਫਿਰ ਉਨ੍ਹਾਂ ਦਾ ਪੱਖ ਮਜ਼ਬੂਤ ਹੋਣ ਲੱਗ ਪਿਆ ਅਤੇ ਇੱਕ ਵਾਰੀ ਜਾਪਣ ਲੱਗਾ ਕਿ ਉਹ ਮੁਕਾਬਲੇ ਦੀਆਂ ਦੋ ਵੱਡੀਆਂ ਸਿਆਸੀ ਧਿਰਾਂ ਵਿਚੋਂ ਫਿਰ ਇੱਕ ਨੂੰ ਪਿੱਛੇ ਛੱਡ ਕੇ ਸ਼ਾਇਦ ਦੂਸਰੀ ਨਾਲ ਆਢਾ ਲੈਣ ਜੋਗੇ ਹੋ ਜਾਣਗੇ। ਹੁਣ ਇਹ ਗੱਲ ਨਹੀਂ।

ਪ੍ਰਸ਼ਾਸਨ ਦੇ ਬਹੁਤ ਵੱਡੇ ਸਾਬਕਾ ਅਧਿਕਾਰੀ, ਜਿਹੜਾ ਨੌਕਰੀ ਦੌਰਾਨ ਬਹੁਤਾ ਸਮਾਂ ਚੋਣ ਡਿਊਟੀਆਂ ਨਾਲ ਜੁੜਿਆ ਰਿਹਾ ਸੀ, ਨੇ ਪਿਛਲੇ ਮਹੀਨੇ ਆਖਿਆ ਸੀ ਕਿ ਜਿਨ੍ਹਾਂ ਕੋਲ ਸਰਕਾਰਾਂ ਚਲਾਉਣ ਦਾ ਤਜਰਬਾ ਹੈ, ਉਨ੍ਹਾਂ 'ਤੇ ਲੋਕਾਂ ਨੂੰ ਭਰੋਸਾ ਨਹੀਂ ਰਿਹਾ ਤੇ ਜਿਨ੍ਹਾਂ ਨੂੰ ਲੋਕ ਹੁੰਗਾਰਾ ਭਰਦੇ ਹਨ, ਉਹ ਨਿਰੀ ਬੇਤਰਤੀਬੀ ਭੀੜ ਵਰਗੇ ਹਨ। ਬਦਲੇ ਹੋਏ ਹਾਲਾਤ ਦਾ ਅਸਰ ਉਸ ਦੀ ਸੋਚ ਵੀ ਬਦਲਣ ਲੱਗ ਪਿਆ ਹੈ। ਹੁਣ ਉਸ ਨੇ ਇੱਕ ਕੌਮੀ ਚੈਨਲ ਉਤੇ ਇਹ ਕਹਿ ਦਿੱਤਾ ਹੈ ਕਿ ਹਾਕਮ ਪਾਰਟੀ ਦੇ ਖਿਲਾਫ ਹਵਾ ਬਣਨ ਪਿੱਛੋਂ ਦੂਸਰੀਆਂ ਦੋਵਾਂ ਧਿਰਾਂ ਦੀ ਆਪਸੀ ਟੱਕਰ ਵਾਲੇ ਹਾਲਾਤ ਬਣਨ ਲੱਗੇ ਹਨ।

ਇਹੋ ਜਿਹੀ ਗੱਲ ਇੱਕ ਹੰਢੇ ਹੋਏ ਸਾਬਕਾ ਅਫਸਰ ਦੇ ਮੂੰਹੋਂ ਸੁਣ ਕੇ ਉਸ ਦੇ ਨਾਲ ਬੈਠੇ ਦੂਸਰੇ ਦੋ ਸੱਜਣਾਂ ਨੇ ਇਸ ਦਾ ਕੋਈ ਸੰਕੇਤ ਪੁੱਛਿਆ ਤਾਂ ਉਸ ਨੇ ਕਿਹਾ, "ਸ਼ਿਵ ਲਾਲ ਡੋਡਾ ਹੁਣ ਚੋਣ ਨਹੀਂ ਲੜੇਗਾ, ਭਾਜਪਾ ਦੀ ਮਦਦ ਕਰੇਗਾ, ਤੇ ਇਸ ਵਾਸਤੇ ਕਰੇਗਾ ਕਿ ਅਕਾਲੀ ਇੱਕ-ਇੱਕ ਸੀਟ ਲਈ ਤਰਲੋਮੱਛੀ ਹੋ ਰਹੇ ਹਨ। ਪਿਛਲੀ ਵਾਰ ਡੋਡਾ ਨੇ ਅਕਾਲੀਆਂ ਦੇ ਕਹਿਣ ਉਤੇ ਭਾਜਪਾ ਨੂੰ ਭਾਂਡੇ ਵਿਚ ਪੈਣ ਜੋਗੀ ਕਰਨ ਵਾਸਤੇ ਚੋਣ ਲੜੀ ਸੀ ਤੇ ਹੁਣ ਭਾਜਪਾ ਦਾ ਨੁਕਸਾਨ ਹੁੰਦਾ ਅਕਾਲੀ ਦਲ ਨੂੰ ਆਪਣੀ ਮੰਜੀ ਦੇ ਪਾਵੇ ਤਿੜਕਣ ਵਾਂਗ ਲੱਗਦਾ ਹੈ।" ਉਸ ਦੇ ਇਹ ਗੱਲ ਕਹਿਣ ਤੱਕ ਸ਼ਿਵ ਲਾਲ ਡੋਡਾ ਅਜੇ ਮੈਦਾਨ ਵਿਚ ਸੀ ਤੇ ਉਸੇ ਸ਼ਾਮ ਨੂੰ ਖਬਰ ਆ ਗਈ ਕਿ ਡੋਡਾ ਦੇ ਭਰਾ ਨਾਲ ਭਾਜਪਾ ਦੇ ਉਮੀਦਵਾਰ ਦੀ ਗੱਲ ਹੋ ਗਈ ਹੈ, ਸ਼ਿਵ ਲਾਲ ਡੋਡਾ ਚੋਣ ਨਹੀਂ ਲੜੇਗਾ। ਪਿਛਲੀ ਹਰ ਚੋਣ ਵਿਚ ਕੁਝ ਅਕਾਲੀ ਆਗੂ ਬਾਗੀ ਹੋ ਕੇ ਮੈਦਾਨ ਮੱਲਦੇ ਸਨ ਤੇ ਇਹ ਗੱਲ ਕਹੀ ਜਾਂਦੀ ਸੀ ਕਿ ਉਹ ਆਪ ਨਹੀਂ ਲੜਦੇ, ਲੀਡਰਸ਼ਿਪ ਨੇ ਜਿਨ੍ਹਾਂ ਨੂੰ ਟਿਕਟ ਨਹੀਂ ਸੀ ਦੇਣੀ ਤੇ ਮਜਬੂਰੀ ਵਿਚ ਦਿੱਤੀ ਹੈ, ਉਨ੍ਹਾਂ ਦਾ ਰਾਹ ਰੋਕਣ ਲਈ ਇਹ ਬੰਦੇ ਆਪ ਖੜੇ ਕਰਵਾਏ ਹਨ ਤੇ ਇਨ੍ਹਾਂ ਨੂੰ ਜਿਤਾਉਣ ਦਾ ਜ਼ੋਰ ਲਾਉਣਾ ਹੈ। ਇਸ ਵਾਰੀ ਏਦਾਂ ਨਹੀਂ ਹੋ ਰਿਹਾ। ਕਾਂਗਰਸ ਲੀਡਰਸ਼ਿਪ ਵਿਚ ਵੀ ਇਹ ਰੋਗ ਪੁਰਾਣਾ ਸੀ ਕਿ ਵਿਰੋਧੀ ਧੜੇ ਦਾ ਕਾਂਗਰਸੀ ਆਗੂ ਜਿੱਤਣ ਤੋਂ ਰੋਕਿਆ ਜਾਵੇ, ਪਰ ਹੁਣ ਉਹ ਲੋਕ ਇਹ ਸੋਚ ਕੇ ਚੋਣ ਲੜ ਰਹੇ ਹਨ ਕਿ ਜੇ ਇਸ ਵਾਰ ਵੀ ਖੁੰਝ ਗਏ ਤਾਂ ਯੂ ਪੀ ਵਾਲਿਆਂ ਵਾਂਗ ਰੋਇਆ ਕਰਾਂਗੇ। ਇਹੋ ਜਿਹੀ ਚਿੰਤਾ ਇਨ੍ਹਾਂ ਦੋਵਾਂ ਧਿਰਾਂ ਨੂੰ ਕਿਉਂ ਹੋਣ ਲੱਗ ਪਈ ਹੈ, ਇਸ ਦਾ ਕਾਰਨ ਸਭ ਨੂੰ ਪਤਾ ਹੈ। ਕਾਂਗਰਸ ਪਾਰਟੀ ਦੇ ਲੰਬੀ ਵਿਚ ਤਿੰਨ ਧੜੇ ਹਨ ਅਤੇ ਤਿੰਨੇ ਕਦੇ ਇਕੱਠੇ ਨਹੀਂ ਸੀ ਹੋਏ। ਹੁਣ ਪਹਿਲੀ ਵਾਰੀ ਮਿਲ ਕੇ ਚੱਲਦੇ ਪਏ ਹਨ।

ਰਹਿ ਗਈ ਗੱਲ ਆਮ ਆਦਮੀ ਪਾਰਟੀ ਦੀ, ਉਹ ਪੰਜਾਬ ਵਿਚ ਦਿੱਲੀ ਦੁਹਰਾ ਲਵੇਗੀ, ਇਸ ਦਾ ਸੁਫਨਾ ਉਸ ਦੇ ਕਈ ਆਗੂ ਲੈ ਰਹੇ ਹਨ, ਪਰ ਇਹ ਕੰਮ ਏਨਾ ਸੌਖਾ ਨਹੀਂ। ਪਿਛਲੀ ਵਾਰ ਕੈਪਟਨ ਅਮਰਿੰਦਰ ਸਿੰਘ ਨੂੰ ਜਿੱਤ ਦਾ ਹੱਦੋਂ ਬਾਹਰਾ ਯਕੀਨ ਲੈ ਬੈਠਾ ਸੀ ਤੇ ਇਸ ਵਾਰੀ ਉਹੀ ਹੱਦੋਂ ਬਾਹਰਾ ਯਕੀਨ ਆਮ ਆਦਮੀ ਪਾਰਟੀ ਅੰਦਰ ਨਜ਼ਰ ਆਉਂਦਾ ਹੈ। ਕੁਝ ਚੋਣਵੇਂ ਆਗੂਆਂ ਦਾ ਧਿਆਨ ਚੋਣ ਪ੍ਰਚਾਰ ਵੱਲ ਹੈ ਤੇ ਬਾਕੀ ਆਗੂ ਆਪਣੇ ਜੋੜੀਦਾਰਾਂ ਵਿਚੋਂ ਉਨ੍ਹਾਂ ਬੰਦਿਆਂ ਦੀ ਸੂਚੀ ਬਣਾਉਣ ਵਿਚ ਰੁੱਝੇ ਸੁਣੀਂਦੇ ਹਨ, ਜਿਨ੍ਹਾਂ ਨੂੰ ਮਾਰਚ ਵਿਚ ਨਤੀਜਾ ਆਏ ਪਿੱਛੋਂ ਵਜ਼ੀਰ ਬਣਾਉਣ ਲਈ ਹੁਣੇ ਤੋਂ ਗੰਢਤੁੱਪ ਕਰਨੀ ਪੈਣੀ ਹੈ। ਸ਼ੇਖਚਿੱਲੀ ਦੀ ਮਾਸੀ ਦੇ ਪੁੱਤਾਂ ਦੀ ਇਸ ਪਾਰਟੀ ਵਿਚ ਵੱਡੀ ਭਰਤੀ ਹੈ। ਉਨ੍ਹਾਂ ਦੀ ਦਿਨੇ ਸੁਫਨੇ ਵੇਖਣ ਦੀ ਆਦਤ ਏਨੀ ਛੁਲਕ-ਛੁਲਕ ਕੇ ਬਾਹਰ ਨੂੰ ਆਉਂਦੀ ਹੈ ਕਿ ਉਨ੍ਹਾਂ ਦੇ ਬਹੁਤ ਪੁਰਾਣੇ ਜਾਣਕਾਰ ਵੀ ਇਸ ਤੋਂ ਹੈਰਾਨ ਹੁੰਦੇ ਹਨ। ਪੰਜਾਬ ਦੀਆਂ ਚੋਣਾਂ ਦੇ ਨਤੀਜੇ ਨੂੰ ਇਹ ਗੱਲ ਵੀ ਪ੍ਰਭਾਵਤ ਕਰ ਸਕਦੀ ਹੈ।

ਚੋਣ ਜਦੋਂ ਕਿਸੇ ਆਗੂ ਦੇ ਸਿਰ ਨੂੰ ਚੜ੍ਹੀ ਹੁੰਦੀ ਹੈ, ਉਸ ਦੀ ਸੋਚ ਬਾਰੇ ਸਾਨੂੰ ਇੱਕ ਬੜੀ ਪੁਰਾਣੀ ਮਿਸਾਲ ਦਾ ਚੇਤਾ ਹੈ। ਇੱਕ ਸੱਜਣ ਇੱਕ ਛੋਟੀ ਪਾਰਟੀ ਵੱਲੋਂ ਪਾਰਲੀਮੈਂਟ ਦੀ ਚੋਣ ਲੜਦਾ ਪਿਆ ਸੀ। ਮਾਰਚ ਦੇ ਅੱਧ ਵਿਚ ਉਸ ਚੋਣ ਦਾ ਨਤੀਜਾ ਆਉਣਾ ਸੀ। ਕੁਝ ਸੱਜਣ ਉਸ ਨੂੰ ਬੇਨਤੀ ਕਰਨ ਗਏ ਕਿ ਤੇਈ ਮਾਰਚ ਨੂੰ ਸ਼ਹੀਦ ਭਗਤ ਸਿੰਘ ਦਾ ਦਿਨ ਮਨਾਉਣਾ ਹੈ, ਤੁਸੀਂ ਉਸ ਦਿਨ ਸਾਡੇ ਪਿੰਡ ਆਇਓ। ਉਸ ਨੇ ਸਿਰ ਫੇਰ ਦਿੱਤਾ। ਕਹਿਣ ਲੱਗਾ, "ਉਸ ਵਕਤ ਤਾਂ ਪਾਰਲੀਮੈਂਟ ਦਾ ਬਜਟ ਇਜਲਾਸ ਚੱਲਦਾ ਹੋਵੇਗਾ, ਮੈਂ ਤੁਹਾਡੇ ਪਿੰਡ ਕਿਵੇਂ ਆਵਾਂਗਾ?" ਵੋਟਾਂ ਗਿਣਨ ਪਿੱਛੋਂ ਉਸ ਦੀ ਜ਼ਮਾਨਤ ਜ਼ਬਤ ਹੋ ਗਈ ਤਾਂ ਤੇਈ ਮਾਰਚ ਨੂੰ ਬਿਨਾਂ ਬੁਲਾਏ ਉਸ ਸਮਾਗਮ ਵਿਚ ਆਣ ਵੜਿਆ ਸੀ। ਇਸ ਵਾਰੀ ਵੀ ਬਹੁਤ ਸਾਰੇ ਉਮੀਦਵਾਰਾਂ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਨਤੀਜਾ ਆਉਣ ਪਿੱਛੋਂ ਬਜਟ ਬਣਾਉਣ ਤੇ ਉਸ ਨੂੰ ਪਾਸ ਕਰਵਾਉਣ ਲਈ ਦਿਨ ਬਹੁਤ ਥੋੜ੍ਹੇ ਮਿਲ ਸਕਣਗੇ। ਕਿੰਨੇ ਹੁਲਾਰੇ ਵਿਚ ਹਨ ਵਿਚਾਰੇ!

# 'ਵੋਟਾਂ ਦੀ ਰੁੱਤ ਆਈ ਭਾਗ ਸਿਆਂ'

## ਪਾਠਕਾਂ ਦੀ ਰਾਇ

ਐਸ. ਅਸ਼ੋਕ ਭੌਰਾ ਨੇ ਆਪਣੀ ਛੋਟੀ ਅਤੇ ਸਿੱਧੀ-ਸਾਦੀ ਕਵਿਤਾ ਵਿਚ ਬਹੁਤ ਵੱਡਾ ਹਲੂਣਾ ਦਿੱਤਾ ਹੈ, ਪੰਜਾਬ ਦੇ ਵੋਟਰ ਨੂੰ ਕਿ ਜੇ ਹੁਣ ਨਹੀਂ ਤਾਂ ਕਦੇ ਨਹੀਂ; ਇਹ ਇੱਕੋ ਇੱਕ ਮੌਕਾ ਮਿਲਿਆ ਹੈ ਜਿਸ ਵਿਚ 'ਲੁਹਾਰ ਦੀ ਇੱਕੋ ਸੱਟ' ਨਾਲ ਬਹੁਤ ਕੁਝ ਬਦਲਿਆ ਜਾ ਸਕਦਾ ਹੈ। ਹਾਂ ਜੇ ਇਹ ਮੌਕਾ ਖੁੰਝ ਗਿਆ ਤਾਂ ਹੋ ਸਕਦਾ ਹੈ ਅਗਲੇ ਮੌਕੇ ਤੱਕ ਆਵਾਮ ਉਠਣ ਜੋਗਾ ਹੀ ਨਾ ਰਹੇ ਅਤੇ ਸੁੱਤੇ ਹੋਏ ਬੰਦੇ ਦੇ ਭਾਗ ਕੋਈ ਦੂਸਰਾ ਨਹੀਂ ਜਗਾ ਸਕਦਾ।

ਡਾ. ਗੁਰਨਾਮ ਕੌਰ, ਕੈਨੇਡਾ

ਛੋਟੀ ਜਿਹੀ ਕਵਿਤਾ ਵਿਚ ਕਿੰਨਾ ਕੁਝ ਬਿਆਨ ਕਰ ਦਿੱਤਾ ਹੈ ਕਿ ਨੇਤਾ ਦੇ ਘਰ ਤਾਂ ਨੇਤਾ ਹੀ ਜੰਮਣੇ ਹਨ, ਜਿਨ੍ਹਾਂ ਨੇ ਵਿਰਾਸਤੀ ਕੁਰਸੀ ਸਾਂਭ ਲੈਣੀ ਹੈ; ਲੋਕਾਂ ਨੂੰ 'ਲੁੱਟਣ' ਅਤੇ 'ਕੁੱਟਣ' ਵਾਸਤੇ। ਆਮ ਲੋਕਾਈ ਦੇ ਬੱਚਿਆਂ ਨੇ ਵੱਡੀਆਂ ਵੱਡੀਆਂ ਡਿਗਰੀਆਂ ਲੈ ਕੇ ਵੀ ਬੇਰੁਜ਼ਗਾਰ ਹੀ ਰਹਿਣਾ ਹੈ, ਰੁਜ਼ਗਾਰ ਮੰਗਦਿਆਂ ਟੈਂਕੀਆਂ 'ਤੇ ਚੜ੍ਹ ਕੇ ਜਾਨਾਂ ਦੇਣੀਆਂ ਹਨ ਅਤੇ ਪੁਲਿਸ ਦੇ ਡੰਡੇ, ਜਥੇਦਾਰਾਂ ਦੇ 'ਥੱਪੜ' ਖਾਣੇ ਹਨ।

ਜੇ ਪੰਜਾਬੀ ਹੁਣ ਵੀ ਨਾ ਜਾਗਿਆ ਤਾਂ ਸਾਰੇ ਭਾਰਤ ਦਾ ਢਿੱਡ ਭਰਨ ਵਾਲੀ ਕਿਸਾਨੀ ਖੇਤਾਂ ਵਿਚ ਆਪਣੀ ਲੜਾਈ ਦੀ ਜੰਗ ਹਾਰਦਿਆਂ ਫਿਰ ਖੁਦਕਸ਼ੀਆਂ ਦੇ ਰਾਹ ਪਈ ਰਹੇਗੀ। ਜੁਰਮ ਕਦੇ ਵੀ 'ਵਰਦੀ' ਵਾਲਿਆਂ ਦੀ ਸ਼ਹਿ ਤੋਂ ਬਿਨਾ ਨਹੀਂ ਹੁੰਦਾ ਅਤੇ ਆਫਰੇ ਹਾਕਮ ਨੂੰ ਬੇਇਨਸਾਫੀ ਨਜ਼ਰ ਤਾਂ ਕੀ ਆਉਣੀ ਹੈ, ਉਹ ਸਮੁਚੇ ਦਾ ਸਮੁੱਚਾ ਬੇਇਨਸਾਫੀ ਦਾ ਮੁਜੱਸਮਾ ਬਣ ਜਾਂਦਾ ਹੈ ਅਤੇ ਬਣ ਗਿਆ ਹੈ। ਆਪਣਾ ਕਦੇ ਵੀ ਨਾ ਰੱਜਣ ਵਾਲਾ ਢਿੱਡ ਭਰਨ ਲਈ ਲੋਕਾਂ ਦੇ ਬੱਚਿਆਂ ਵਿਚ ਨਸ਼ਿਆਂ ਦਾ ਵਪਾਰ ਕਰਦਾ ਹੈ। ਚਾਣੱਕਿਆ ਦੀ ਕਹੀ ਇੱਕ ਕਹਾਵਤ ਸੁਣਨ ਵਿਚ ਆਉਂਦੀ ਹੈ ਕਿ 'ਜਦੋਂ ਰਾਜਾ ਵਪਾਰੀ ਬਣ ਜਾਂਦਾ ਹੈ ਤਾਂ ਪਰਜਾ ਭਿਖਾਰੀ ਹੋ ਜਾਂਦੀ ਹੈ।' ਅੱਜ ਇਹ ਕਹਾਵਤ ਪੰਜਾਬ ਉਤੇ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ ਕਿ ਨੇਤਾ ਤਾਂ ਬੱਸਾਂ, ਕੇਬਲ ਟੀ.ਵੀ., ਹੋਟਲ, ਰੇਤਾ-ਬਜਰੀ, ਨਸ਼ੇ-ਹਰ ਵਸਤ ਦੇ ਵਪਾਰੀ ਬਣ ਗਏ ਹਨ ਅਤੇ ਆਮ ਪੰਜਾਬੀ ਲਈ ਦੋ ਡੰਗ ਦੀ ਰੋਟੀ ਕਮਾਉਣੀ ਵੀ ਔਖੀ ਹੋ ਗਈ ਹੈ।

ਪੰਜਾਬ ਦੇ ਹਾਲਾਤ ਇੰਨੇ ਵਿਗੜ ਗਏ ਹਨ ਕਿ ਬਾਹਰ ਤਾਂ ਬਾਹਰ, ਆਮ ਬੰਦਾ ਘਰ ਅੰਦਰ ਬੈਠਾ ਵੀ ਮਹਿਫੂਜ਼ ਨਹੀਂ ਮਹਿਸੂਸ ਕਰਦਾ। ਕੁੜੀਆਂ-ਕੱਤਰੀਆਂ ਦਾ ਘਰੋਂ ਬਾਹਰ ਨਿਕਲਣਾ ਸੁਰੱਖਿਅਤ ਨਹੀਂ ਰਿਹਾ; ਇੱਕਲਿਆਂ ਤਾਂ ਇੱਕ ਵਰਦੀਧਾਰੀ ਪੁਲਿਸ ਅਫਸਰ ਵੀ ਆਪਣੀ ਧੀ ਦੀ ਇੱਜ਼ਤ ਗੁੰਡਿਆਂ ਕੋਲੋਂ ਨਹੀਂ ਬਚਾ ਸਕਿਆ। ਸੇਵਾ ਦੇ ਨਾਂ 'ਤੇ ਹਾਕਮਾਂ ਨੇ ਲੋਕਾਂ ਨੂੰ ਖੂਬ ਲੁੱਟਿਆ ਹੈ।

ਮੌਜੂਦਾ ਸਿਹਤ ਮੰਤਰੀ ਸੁਰਜੀਤ ਜਿਆਣੀ ਨੇ ਇੱਕ ਨਸ਼ਾ ਛੁਡਾਊ ਕੇਂਦਰ ਦਾ ਉਦਘਾਟਨ ਕਰਦਿਆਂ ਬਿਆਨ ਦਿੱਤਾ ਸੀ ਕਿ ਸ਼ਰਾਬ ਨਸ਼ਾ ਨਹੀਂ ਹੈ। 'ਪੰਜਾਬ ਟਾਈਮਜ਼' ਦੇ 21 ਜਨਵਰੀ ਦੇ ਅੰਕ ਵਿਚ ਮੋਹਨ ਸ਼ਰਮਾ ਦਾ ਲੇਖ ਛਪਿਆ ਹੈ ਜਿਸ ਵਿਚ ਉਨ੍ਹਾਂ ਨੇ 'ਰਾਜ ਨਹੀਂ ਸੇਵਾ' ਦੇ ਨਾਹਰੇ ਹੇਠਾਂ ਪੰਜਾਬ ਦੇ ਵਿਕਾਸ ਦੀ ਤਸਵੀਰ ਪੇਸ਼ ਕੀਤੀ ਹੈ, "ਇਸ ਵੇਲੇ ਪ੍ਰਾਂਤ ਵਿਚ ਰੋਜ਼ਾਨਾ ਦੋ ਕਤਲ, (ਪੰਜਾਬ ਦੇ ਕਿਸਾਨਾਂ ਅਤੇ ਕਿਰਤੀਆਂ ਦੀ ਖੁਦਕਸ਼ੀ ਨੂੰ ਛੱਡ ਕੇ), 2 ਕਾਤਲਾਨਾ ਹਮਲੇ, ਚੋਰੀ ਦੀਆਂ 11 ਵਾਰਦਾਤਾਂ ਅਤੇ 18 ਸਟਰੀਟ ਕਰਾਈਮ, ਹਰ ਦੋ ਦਿਨਾਂ ਬਾਅਦ ਇਕ ਬੰਦਾ ਅਗਵਾ ਅਤੇ ਬਾਅਦ ਵਿਚ ਫਿਰੌਤੀਆਂ ਜਾਂ ਕਤਲਾਂ ਦਾ ਰੁਝਾਨ, ਦੋ ਦਿਨਾਂ ਵਿਚ ਪੰਜ ਔਰਤਾਂ ਨਾਲ ਬਲਾਤਕਾਰ, ਦੋ ਦਿਨਾਂ ਵਿਚ 7 ਬੰਦੇ ਝਪਟਮਾਰਾਂ ਦਾ ਸ਼ਿਕਾਰ ਹੋਣ ਕਾਰਨ ਪੰਜਾਬ ਦੀ ਹਾਲਤ ਉਸ ਗੁਬਾਰੇ ਵਾਂਗ ਬਣੀ ਹੋਈ ਹੈ, ਜਿਹੜਾ ਅਣਗਿਣਤ ਸੂਈਆਂ ਦੀ ਨੋਕ 'ਤੇ ਖੜ੍ਹਾ ਹੋਵੇ।"

ਨਸ਼ਿਆਂ ਬਾਰੇ ਮੋਹਨ ਸ਼ਰਮਾ ਨੇ ਲਿਖਿਆ ਹੈ, "ਪੰਜਾਬ ਦੇ ਨਸ਼ੱਈਆਂ ਵਿਚ 76.47 ਫੀਸਦੀ ਸ਼ਰਾਬ, 20.41 ਫੀਸਦੀ ਨਸ਼ੇ ਦੀਆਂ ਗੋਲੀਆਂ, 15.87 ਫੀਸਦੀ ਕੈਪਸੂਲਾਂ, 8.65 ਫੀਸਦੀ ਟੀਕਿਆਂ ਅਤੇ 4.85 ਫੀਸਦੀ ਗਾਂਜੇ ਤੇ ਚਰਸ ਦੀ ਵਰਤੋਂ ਕਰ ਰਹੇ ਹਨ। ਵੱਡੇ ਸ਼ਹਿਰਾਂ ਵਿਚ ਵਰਤੇ ਜਾਂਦੇ 'ਚਿੱਟੇ' ਨੇ ਹੁਣ ਪਿੰਡਾਂ ਵਿਚ ਵੀ ਘੁਸਪੈਠ ਕਰ ਲਈ ਹੈ ਅਤੇ ਇਸ ਨਸ਼ੇ ਦੇ ਮਾਰੂ ਅਸਰ ਕਾਰਨ ਸੱਥਰਾਂ 'ਚ ਇਹ ਸੁਆਲ ਧੁਖ ਰਹੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ ਜਿਸ ਨੇ ਸਮਾਜਿਕ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਹਨ।"

ਪੰਜਾਬੀ ਵੀਰੋ ਸੋਚਣ ਵਾਲੀ ਗੱਲ ਇਹ ਹੈ ਕਿ ਵਿਕਾਸ ਖੇਤੀ ਬਾੜੀ ਯੂਨੀਵਰਸਿਟੀ ਦੀ ਖੋਜ, ਫਾਰਮ ਦੀ ਥਾਂ ਕ੍ਰਿਕਟ ਸਟੇਡੀਅਮ ਬਣਾ ਦੇਣ ਵਿਚ ਨਹੀਂ ਹੈ ਕਿਉਂਕਿ ਖੇਤੀ 'ਤੇ ਕੀਤੀ ਖੋਜ ਨੇ ਪੰਜਾਬ ਨੂੰ ਰੋਟੀ ਦੇਣੀ ਹੈ, ਕ੍ਰਿਕਟ ਤਾਂ ਪੈਸੇ ਵਾਲਿਆਂ ਦੀ ਖੇਡ ਹੈ, ਕਿਸਾਨ ਦੇ ਕਿਸੇ ਕੰਮ ਨਹੀਂ ਆਉਣੀ। ਹਵਾਈ ਅੱਡੇ ਬਣਾਉਣ ਵਿਚ ਪੰਜਾਬ ਦਾ ਵਿਕਾਸ ਨਹੀਂ ਕਿਉਂਕਿ ਕਿੰਨੇ ਕੁ ਆਮ ਲੋਕ ਹਵਾਈ ਸਫਰ ਕਰ ਸਕਦੇ ਹਨ ਅਤੇ ਬੇਰੁਜ਼ਗਾਰਾਂ ਨੇ ਹਵਾਈ ਸਫਰ ਕਿਉਂ ਤੇ ਕਿਸ ਪੈਸੇ ਨਾਲ ਕਰਨਾ ਹੈ? ਹਾਈਵੇਅ ਕੰਪਨੀਆਂ ਨੇ ਬਣਾਏ ਹਨ, ਕੇਂਦਰ ਨੇ ਸਹਾਇਤਾ ਦਿੱਤੀ ਹੈ ਅਤੇ ਟੌਲ ਟੈਕਸ ਲੱਗਦੇ ਹਨ। ਆਮ ਲੋਕਾਂ ਨੂੰ ਆਮ ਸ਼ਹਿਰਾਂ ਨੂੰ ਜੋੜਦੀਆਂ ਆਮ ਸੜਕਾਂ ਅਤੇ ਪਿੰਡਾਂ ਦੀਆਂ ਪੱਕੀਆਂ ਸੜਕਾਂ ਚਾਹੀਦੀਆਂ ਹਨ ਜਿਨ੍ਹਾਂ ਵਿਚ ਇਸ ਸਮੇਂ ਗੋਡੇ ਗੋਡੇ ਟੋਏ ਹਨ, ਪਿਛਲੇ ਦਸ ਸਾਲਾਂ ਵਿਚ ਕਾਗਜ਼ਾਂ ਵਿਚ ਭਾਵੇਂ ਹੋਈ ਹੋਵੇ ਪਰ ਅਸਲ ਵਿਚ ਕਿਸੇ ਪਿੰਡ ਜਾਂ ਛੋਟੇ ਕਸਬੇ ਨੂੰ ਜੋੜਦੀ ਕਿਸੇ ਸੜਕ ਦੀ ਮੁਰੰਮਤ ਨਹੀਂ ਹੋਈ। ਵਿਕਾਸ ਸਟੇਟ ਵਿਚ 20-30 ਸਰਕਾਰੀ ਜਾਂ ਗੈਰ-ਸਰਕਾਰੀ ਯੂਨੀਵਰਸਿਟੀਆਂ, ਮਹਿੰਗੇ ਪ੍ਰਾਈਵੇਟ ਸਕੂਲ, ਤਕਨੀਕੀ, ਗੈਰ-ਤਕਨੀਕੀ ਕਾਲਜ ਖੋਲ੍ਹਣ ਜਾਂ ਮਹਿੰਗੇ ਪ੍ਰਾਈਵੇਟ ਹਸਪਤਾਲ ਖੋਲ੍ਹਣ ਵਿਚ ਨਹੀਂ ਹੈ। ਸਵਾਲ ਹੈ, ਕੀ ਵਿੱਦਿਆ ਅਤੇ ਸਿਹਤ ਸੇਵਾਵਾਂ ਆਮ ਆਦਮੀ ਦੀ ਪਹੁੰਚ ਵਿਚ ਹਨ ਕਿ ਨਹੀਂ? ਜੋ ਕਿ ਉਸ ਦਾ ਬੁਨਿਆਦੀ ਹੱਕ ਹੈ।

ਮੇਰੇ ਬਹੁਤ ਸਾਰੇ ਵੀਰ ਗਿਲਾ ਕਰ ਸਕਦੇ ਹਨ ਕਿ 'ਪੰਜਾਬੀ ਸੂਬਾ' ਜੋ ਲੈ ਦਿੱਤਾ ਕੀ ਇਹ ਪ੍ਰਾਪਤੀ ਨਹੀਂ? ਪੰਜਾਬੀ ਸੂਬਾ ਪੰਜਾਬੀ ਬੋਲੀ ਦੇ ਆਧਾਰ 'ਤੇ ਬਣਿਆ ਹੈ। ਬਣਨ ਤੋਂ ਪਹਿਲਾਂ ਪੰਜਾਬੀ ਗੁੜਗਾਉਂ, ਫਰੀਦਾਬਾਦ, ਧੁਰ ਹਿਮਾਲਿਆ ਦੀਆਂ ਚੋਟੀਆਂ ਤੱਕ ਪੜ੍ਹੀ-ਪੜ੍ਹਾਈ ਜਾਂਦੀ ਸੀ ਪਰ ਅੱਜ ਪੰਜਾਬੀ ਸੂਬੇ ਦੇ ਪ੍ਰਾਈਵੇਟ ਸਕੂਲਾਂ ਵਿਚ ਵੀ ਨਹੀਂ ਪੜ੍ਹਾਈ ਜਾਂਦੀ। ਪੜ੍ਹਾਈ ਤਾਂ ਕੀ, ਬੱਚਿਆਂ ਨੂੰ ਪੰਜਾਬੀ ਵਿਚ ਗੱਲ ਕਰਨ ਦੀ ਇਜਾਜ਼ਤ ਨਹੀਂ। ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਦਾ ਵੱਡਾ ਹਿੱਸਾ ਪੰਜਾਬ ਤੋਂ ਬਾਹਰ ਹੋ ਗਿਆ, ਪੰਜਾਬ ਦੀ ਰਾਜਧਾਨੀ ਖੁੱਸ ਗਈ, ਦਰਿਆਵਾਂ ਦਾ ਪਾਣੀ ਪਰਾਇਆ ਹੋ ਗਿਆ।

ਕੀ ਖੱਟਿਆ? ਪੰਜਾਬ ਲਿਆ ਸੀ ਕਿ ਬਹੁ-ਗਿਣਤੀ ਸਿੱਖ ਵੋਟਰਾਂ ਦੇ ਸਿਰ 'ਤੇ ਹਰ ਵਾਰੀ ਸਰਕਾਰ ਬਣਾਇਆ ਕਰਾਂਗੇ, ਉਹ ਵੀ ਪੰਜਾਬੀ ਬੋਲੀ ਦਾ ਵਿਰੋਧ ਕਰਨ ਵਾਲੀ ਬੀ.ਜੇ.ਪੀ (ਪੁਰਾਣੀ ਜਨ ਸੰਘ) ਦੇ ਸਹਿਯੋਗ ਤੋਂ ਬਿਨਾ ਅੱਜ ਤੱਕ ਬਣਾ ਨਹੀਂ ਸਕੇ। ਕੀ ਖੱਟਿਆ ਤੇ ਕੀ ਗੁਆਇਆ, ਇਸ ਦਾ ਲੇਖਾ-ਜੋਖਾ ਕਰਨਾ ਬਣਦਾ ਹੈ ਜਿਸ ਲਈ ਦੋਵੇਂ ਪ੍ਰਮੁੱਖ ਪਾਰਟੀਆਂ ਜਿੰਮੇਵਾਰ ਹਨ; ਦੋਵਾਂ ਪਾਰਟੀਆਂ ਦੀ ਸਿੱਧੇ ਰੂਪ ਵਿਚ ਵੀ ਅਤੇ ਭਾਈਵਾਲ ਰੂਪ ਵਿਚ ਵੀ ਕੇਂਦਰ ਵਿਚ ਸਰਕਾਰ ਰਹੀ ਹੈ। ਗੁਰੂਆਂ ਅਨੁਸਾਰ ਰਾਜੇ ਦਾ ਇੱਕੋ ਇੱਕ ਧਰਮ ਹੁੰਦਾ ਹੈ, ਨਿਆਉਂ ਕਰਨਾ; ਉਸ ਦਾ ਹੋਰ ਕੋਈ ਧਰਮ ਨਹੀਂ ਹੁੰਦਾ, 'ਰਾਜਾ ਨਿਆਉ ਕਰੇ ਹਥਿ ਹੋਇ।' ਪੰਜਾਬ ਨੂੰ ਇਸ ਵੇਲੇ ਤਬਦੀਲੀ ਦੀ ਜ਼ਰੂਰਤ ਹੈ। ਇਥੇ ਦਿੱਲੀ ਤੋਂ ਵਿਦਿਆਰਥੀਆਂ ਦੇ ਰੂਪ ਵਿਚ ਲੜਕੇ ਅਤੇ ਲੜਕੀਆਂ ਪੜ੍ਹਦੇ ਹਨ ਜੋ ਦਿੱਲੀ ਗਾਹੇ-ਬਗਾਹੇ ਜਾਂਦੇ ਰਹਿੰਦੇ ਹਨ। ਸਭ ਦਾ ਕਹਿਣਾ ਹੈ ਕਿ ਦਿੱਲੀ ਵਿਚ ਪਹਿਲਾਂ ਨਾਲੋਂ ਹਰ ਪਾਸੇ ਸੁਧਾਰ ਹੋਇਆ ਹੈ ਅਤੇ ਹੋ ਰਿਹਾ ਹੈ।

ਪੰਜਾਬ ਨੂੰ ਤਬਦੀਲੀ ਦੀ ਲੋੜ ਹੈ ਅਤੇ ਹੁਣੇ ਇਹ ਮੌਕਾ ਹੈ ਤਬਦੀਲੀ ਲਿਆਉਣ ਦਾ। ਨਵੇਂ ਤਜ਼ਰਬੇ ਮਨੁੱਖ ਕਰਦਾ ਆਇਆ ਹੈ ਅਤੇ ਕਰਦੇ ਰਹਿਣਾ ਹੈ। ਜਦੋਂ ਤੱਕ ਨਵਾਂ ਤਜ਼ਰਬਾ ਕਰਾਂਗੇ ਨਹੀਂ ਤਾਂ ਕਿਵੇਂ ਪਤਾ ਲੱਗੇਗਾ ਕਿ ਕੀ ਸਹੀ ਹੈ ਤੇ ਕੀ ਗਲਤ? ਜੋ ਭੁਗਤ ਲਿਆ ਹੈ, ਉਸ ਬਾਰੇ ਸਭ ਜਾਣਦੇ ਹਨ। ਕੰਢੇ 'ਤੇ ਬੈਠ ਕੇ ਲਹਿਰਾਂ ਗਿਣਨ ਨਾਲ ਤੈਰਨਾ ਨਹੀਂ ਆ ਸਕੇਗਾ। ਤੈਰਨਾ ਸਿੱਖਣ ਲਈ ਪਾਣੀ ਵਿਚ ਪੈਰ ਪਾਉਣੇ ਹੀ ਪੈਣਗੇ। ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਠੀਕ ਕਿਹਾ ਹੈ ਕਿ "ਕਾਂਗਰਸ ਅਤੇ ਅਕਾਲੀ ਦਲ ਦੇ ਲੀਡਰਾਂ ਦੀ ਸਮਝਦਾਰੀ ਕੀ ਕਰਨੀ ਹੋਈ, ਜਦੋਂ ਉਨ੍ਹਾਂ ਨੇ ਅਕਲ ਤੋਂ ਭ੍ਰਿਸ਼ਟਾਚਾਰ ਕਰਨ ਦਾ ਕੰਮ ਲਿਆ?" ਭਗਤ ਕਬੀਰ ਜੀ ਨੇ ਫੁਰਮਾਇਆ ਹੈ,

ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ
ਨਾਚਹੁ ਇਆ ਮਾਇਆ ਕੇ ਭਾਂਡੇ॥
ਸੂਰੁ ਕਿ ਸਨਮੁਖ ਰਨ ਤੇ ਡਰਪੈ
ਸਤੀ ਕਿ ਸਾਂਚੈ ਭਾਂਡੇ॥1॥
ਡਗਮਗ ਛਾਡਿ ਰੇ ਮਨ ਬਉਰਾ॥
ਅਬ ਤਉ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਉਰਾ॥1॥ਰਹਾਉ॥

(ਪੰਨਾ 338)

ਪੰਜਾਬ ਟਾਈਮਜ਼

*ਸਨਿਚਰਵਾਰ, 28 ਜਨਵਰੀ 2017*

# ਪੰਜਾਬ ਦਾ ਸਿਆਸੀ ਪਾਰਾ

ਕੜਾਕੇ ਦੀ ਠੰਢ ਦੇ ਬਾਵਜੂਦ ਪੰਜਾਬ ਦਾ ਸਿਆਸੀ ਪਾਰਾ ਨਿੱਤ ਦਿਨ ਉਤਾਂਹ ਜਾ ਰਿਹਾ ਹੈ। ਹੋਰ ਹਫਤੇ ਨੂੰ ਵੋਟਾਂ ਦਾ ਕੰਮ ਨਜਿੱਠਿਆ ਜਾਣਾ ਹੈ ਅਤੇ ਫਿਰ ਨਤੀਜੇ ਲਈ ਮਹੀਨਾ ਭਰ ਉਡੀਕਣਾ ਪੈਣਾ ਹੈ। ਹਾਲ ਦੀ ਘੜੀ ਸਾਰੀਆਂ ਸਿਆਸੀ ਧਿਰਾਂ ਦਾ ਜ਼ੋਰ ਵੋਟਰਾਂ ਨੂੰ ਭਰਮਾਉਣ/ਪਤਿਆਉਣ 'ਤੇ ਲੱਗਿਆ ਹੋਇਆ ਹੈ। ਇਸ ਵਾਰ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਉਕਾ ਹੀ ਨਿਵੇਕਲੀਆਂ ਅਤੇ ਨਿਆਰੀਆਂ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੀ ਸਿਆਸੀ ਭਾਈਵਾਲ ਭਾਰਤੀ ਜਨਤਾ ਪਾਰਟੀ ਪੂਰੇ ਦਸ ਸਾਲ ਸੱਤਾ ਦਾ ਸੁਖ ਭੋਗ ਚੁੱਕੀ ਹੈ। ਇਸ ਰਾਜ-ਭਾਗ ਦੌਰਾਨ ਆਵਾਮ ਨੂੰ ਕੀ ਕੁਝ ਮਿਲਿਆ ਹੈ, ਇਹ ਤਾਂ ਰਤਾ ਕੁ ਵਿਚਾਰਨ ਵਾਲਾ ਮਸਲਾ ਹੈ, ਪਰ ਇਕ ਤੱਥ ਸਾਰਿਆਂ ਲਈ ਸਪਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਨੇ ਖੂਬ ਚੰਮ ਦੀਆਂ ਚਲਾਈਆਂ ਹਨ। ਇਨ੍ਹਾਂ ਸਾਲਾਂ ਦੌਰਾਨ ਪੰਜਾਬ ਦੀ ਇਤਿਹਾਸਕ ਜਥੇਬੰਦੀ-ਸ਼੍ਰੋਮਣੀ ਅਕਾਲੀ ਦਲ, ਪੂਰੀ ਤਰ੍ਹਾਂ ਬਾਦਲ ਪਰਿਵਾਰ ਦੇ ਕਬਜ਼ੇ ਅਧੀਨ ਹੋ ਗਈ ਹੈ। ਆਪੋ-ਆਪਣੇ ਕੁਨਬੇ ਨੂੰ ਸਿਆਸੀ ਪਿੜ ਵਿਚ ਬਣਾਈ ਰੱਖਣ ਜਾਂ ਉਤਾਰਨ ਲਈ ਅਕਾਲੀ ਦਲ ਦੇ ਆਗੂਆਂ ਨੇ ਇਸ ਸਬੰਧੀ ਕੋਈ ਹੀਲ-ਹੁੱਜਤ ਨਹੀਂ ਕੀਤੀ ਹੈ। ਉਂਜ ਵੀ ਜਿਹੜਾ ਆਗੂ ਬਾਦਲਾਂ ਖਿਲਾਫ ਬੋਲਿਆ ਹੈ, ਸਿਆਸੀ ਦਾਅ ਨਾਲ ਉਸ ਦੀ ਸਫ ਤੁਰੰਤ ਵਲ੍ਹੇਟ ਦਿੱਤੀ ਗਈ। ਨਤੀਜਾ ਇਹ ਨਿਕਲਿਆ ਹੈ ਕਿ ਇਹ ਇਤਿਹਾਸਕ ਜਥੇਬੰਦੀ ਹੁਣ ਕੁਝ ਬਾਦਲ ਪਰਿਵਾਰ ਸਮੇਤ ਕੁਝ ਕੁ ਪਰਿਵਾਰਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਇਹ ਸੰਸਾਰ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ ਦੀ ਹੋਣੀ ਹੀ ਗਿਣੀ ਜਾਵੇਗੀ ਜਿਥੇ ਜਥੇਬੰਦੀਆਂ ਦੇ ਜਮਹੂਰੀਕਰਨ ਵੱਲ ਕਿਸੇ ਨੇ ਧਿਆਨ ਦੇਣਾ ਤਾਂ ਇਕ ਪਾਸੇ ਰਿਹਾ, ਕੰਨ ਵੀ ਨਹੀਂ ਧਰਿਆ ਹੈ। ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦਾ ਖਾਸਾ ਵੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰਾ ਨਹੀਂ, ਬਲਕਿ ਰਤਾ ਵਧ ਕੇ ਹੀ ਹੈ। ਹੁਣ ਵਿਧਾਨ ਸਭਾ ਚੋਣਾਂ ਲਈ ਹੋਈ ਟਿਕਟਾਂ ਦੀ ਕੁੱਕੜ-ਖੋਹ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਹ ਆਗੂ ਕਿਸ ਨਿਵਾਣ ਤੱਕ ਗਰਕ ਸਕਦੇ ਹਨ। ਸਭ ਸਿਆਸੀ ਧਿਰਾਂ ਦੇ ਬਾਗੀ ਆਪੋ-ਆਪਣੀ ਪਾਰਟੀ ਅਤੇ ਆਗੂਆਂ ਲਈ ਸਿਰਦਰਦੀ ਹੀ ਨਹੀਂ ਬਣੇ ਹੋਏ, ਹਾਰ ਦਾ ਕਾਰਨ ਬਣਦੇ ਵੀ ਨਜ਼ਰ ਆ ਰਹੇ ਹਨ। ਯਾਦ ਰਹੇ, ਪਿਛਲੀ ਵਾਰ ਕਾਂਗਰਸ ਦੀ ਹਾਰ ਦਾ ਇਕ ਕਾਰਨ ਇਹ ਬਾਗੀ ਹੀ ਬਣੇ ਸਨ ਜਿਨ੍ਹਾਂ ਨੇ ਟਿਕਟ ਨਾ ਮਿਲਣ ਦੀ ਸੂਰਤ ਵਿਚ ਖੁਦ ਆਜ਼ਾਦ ਉਮੀਦਵਾਰ ਵਜੋਂ ਚੋਣ-ਪਿੜ ਮੱਲ ਲਿਆ ਸੀ। ਅਸਲ ਵਿਚ ਮੁਲਕ ਦੀ ਮਸੁੱਚੀ ਸਿਆਸਤ ਕਿਉਂਕਿ ਚੋਣ ਢਾਂਚੇ ਦੁਆਲੇ ਹੀ ਸਿਮਟ ਕੇ ਰਹਿ ਗਈ ਹੈ, ਇਸ ਲਈ ਹਰ ਆਗੂ ਦੀ ਹੋਂਦ ਦਾ ਸਵਾਲ ਚੋਣ ਲੜਨ ਅਤੇ ਜਿੱਤਣ ਨਾਲ ਜੁੜਿਆ ਹੋਇਆ ਹੈ। ਇਸੇ ਕਰ ਕੇ ਟਿਕਟ ਨਾ ਮਿਲਣ ਤੋਂ ਬਾਅਦ ਹਰ ਆਗੂ ਆਪਣੀ ਹੋਂਦ ਬਚਾਉਣ ਖਾਤਰ ਹੱਥ-ਪੈਰ ਮਾਰਦਾ ਨਜ਼ਰ ਆਉਂਦਾ ਹੈ। ਸਿਤਮਜ਼ਰੀਫੀ ਇਹ ਹੈ ਕਿ ਇਸ ਨਿਘਾਰ ਵੱਲ ਕਿਸੇ ਸਿਆਸੀ ਧਿਰ ਦਾ ਕੋਈ ਧਿਆਨ ਨਹੀਂ ਹੈ, ਬਲਕਿ ਸਾਰੀਆਂ ਧਿਰਾਂ ਇਸੇ ਨੂੰ ਸਿਆਸਤ ਮੰਨ ਕੇ ਆਪੋ-ਆਪਣੇ ਰਾਹ ਪਈਆਂ ਹੋਈਆਂ ਹਨ ਅਤੇ ਇਹ ਰਾਹ ਬਿਨਾ ਸ਼ੱਕ, ਆਵਾਮ ਦੀ ਮੁਕਤੀ ਦਾ ਨਹੀਂ ਹੈ।

ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਨਵੀਂ ਉਭਰੀ ਸਿਆਸੀ ਧਿਰ ਆਮ ਆਦਮੀ ਪਾਰਟੀ ਨੂੰ ਵੀ ਭਾਵੇਂ ਸਿਆਸੀ ਮਾਹਿਰ ਹੁਣ ਇਸੇ ਸ਼੍ਰੇਣੀ ਵਾਲੀ ਪਾਰਟੀ ਮੰਨਣ ਲੱਗ ਪਏ ਹਨ, ਪਰ ਇਸ ਪਾਰਟੀ ਦਾ ਪੰਜਾਬ ਦੀ ਸਿਆਸਤ ਵਿਚ ਵੱਡਾ ਰੋਲ ਬਣ ਚੁੱਕਾ ਹੈ ਜਿਹੜਾ ਇਨ੍ਹਾਂ ਵਿਧਾਨ ਸਭਾ ਚੋਣਾਂ ਦੌਰਾਨ ਉਭਰ ਕੇ ਸਾਹਮਣੇ ਵੀ ਆ ਗਿਆ ਹੈ। ਟਿਕਟਾਂ ਦੀ ਵੰਡ, ਬਗਾਵਤ ਅਤੇ ਸਿਆਸੀ ਨੀਤੀਆਂ-ਰਣਨੀਤੀਆਂ ਦੇ ਮਾਮਲੇ ਵਿਚ ਇਹ ਪਾਰਟੀ ਭਾਵੇਂ ਦੂਜੀਆਂ ਪਾਰਟੀਆਂ ਦੇ ਨੇੜੇ-ਤੇੜੇ ਹੀ ਪੁੱਜ ਗਈ ਜਾਪਦੀ ਹੈ, ਪਰ ਇਸ ਪਾਰਟੀ ਦਾ ਦਿੱਲੀ ਸਰਕਾਰ ਚਲਾਉਣ ਦਾ ਰਿਕਾਰਡ ਦੱਸਦਾ ਹੈ ਕਿ ਇਹ ਰਵਾਇਤੀ ਸਿਆਸਤ ਨੂੰ ਵੱਢ ਮਾਰਨ ਦਾ ਮਾਦਾ ਰੱਖਦੀ ਹੈ। ਪੰਜਾਬ ਦੇ ਸਿਆਸੀ ਪਿੜ ਵਿਚ ਹੁਣ ਤੱਕ ਭਾਵੇਂ ਸ਼ਖਸੀਅਤਾਂ ਦੀ ਹੀ ਚਰਚਾ ਚੱਲੀ ਹੈ ਅਤੇ ਮੁੱਦਿਆਂ ਦੀ ਸਿਆਸਤ ਉਹ ਰੂਪ ਅਖਤਿਆਰ ਨਹੀਂ ਕਰ ਸਕੀ ਜਿਸ ਤਰ੍ਹਾਂ ਦੀ ਆਸ ਆਮ ਆਦਮੀ ਪਾਰਟੀ ਦੀ ਆਮਦ ਨਾਲ ਕੀਤੀ ਜਾ ਰਹੀ ਸੀ, ਫਿਰ ਵੀ ਇਸ ਪਾਰਟੀ ਨੇ ਸਿਆਸੀ ਪਿੜ ਵਿਚ ਕਈ ਪਿਰਤਾਂ ਪਾ ਦਿੱਤੀਆਂ ਹਨ। ਇਨ੍ਹਾਂ ਪਿਰਤਾਂ ਨੇ ਆਵਾਮ ਅੰਦਰ ਇਕ ਵਾਰ ਫਿਰ ਇਹ ਆਸ ਜਗਾਈ ਹੈ ਕਿ ਇਸ ਢਾਂਚੇ ਅੰਦਰ ਅਜੇ ਵੀ ਸੁਧਾਰ ਦੀ ਗੁੰਜਾਇਸ਼ ਹੈ; ਇਹ ਗੱਲ ਵੱਖਰੀ ਹੈ ਕਿ ਕੁਝ ਮਾਮਲਿਆਂ ਬਾਰੇ ਇਹ ਪਾਰਟੀ ਖੁਦ ਕਈ ਅੰਤਰ-ਵਿਰੋਧਾਂ ਅੰਦਰ ਘਿਰ ਗਈ ਹੋਈ ਹੈ ਅਤੇ ਇਸ ਦੇ ਜਥੇਬੰਦਕ ਮਸਲੇ ਅਜੇ ਤੱਕ ਵੀ ਅਣਸੁਲਝੇ ਪਏ ਹਨ।

ਹੁਣ ਵਿਚਾਰਨ ਵਾਲਾ ਮੁੱਖ ਨੁਕਤਾ ਇਹ ਹੈ ਕਿ ਪੰਜਾਬ ਦੇ ਲੋਕ, ਖਾਸ ਕਰ ਕੇ ਨੌਜਵਾਨ ਵਰਗ, ਇਨ੍ਹਾਂ ਚੋਣਾਂ ਦੌਰਾਨ ਕਿਸ ਧਿਰ ਦੇ ਹੱਕ ਵਿਚ ਭੁਗਤਦੇ ਹਨ। ਤਿੰਨਾਂ ਰਵਾਇਤੀ ਪਾਰਟੀਆਂ-ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀਆਂ ਸਰਗਰਮੀਆਂ ਅਤੇ ਆਗੂਆਂ ਦੀ ਸਿਆਸੀ ਪਹੁੰਚ ਦੱਸਦੀ ਹੈ ਕਿ ਇਨ੍ਹਾਂ ਦਾ ਸਾਰਾ ਜ਼ੋਰ ਹਰ ਹੀਲੇ ਚੋਣਾਂ ਜਿੱਤਣ 'ਤੇ ਲੱਗਿਆ ਹੋਇਆ ਹੈ। ਇਸ ਮਾਮਲੇ ਵਿਚ ਆਮ ਆਦਮੀ ਪਾਰਟੀ ਵੀ ਭਾਵੇਂ ਇਸੇ ਰਾਹ ਦੀ ਰਾਹੀ ਬਣ ਗਈ ਹੈ, ਪਰ ਇਸ ਪਾਰਟੀ ਨੇ ਨੌਜਵਾਨਾਂ ਵੱਲੋਂ ਮਿਲੇ ਹੁੰਗਾਰੇ ਨੂੰ ਜਿਸ ਤਰ੍ਹਾਂ ਚੋਣ ਮਾਹੌਲ ਵਿਚ ਢਾਲਣ ਦਾ ਯਤਨ ਕੀਤਾ ਹੈ, ਉਸ ਨਾਲ ਇਸ ਧਿਰ ਨੂੰ ਸਿਆਸੀ ਪਿੜ ਵਿਚ ਹੁਲਾਰਾ ਮਿਲਿਆ ਹੈ। ਪੰਜਾਬ ਵਿਚ ਅਗਲੀ ਸਰਕਾਰ ਕਿਸੇ ਵੀ ਸਿਆਸੀ ਧਿਰ ਦੀ ਬਣੇ, ਪਰ ਆਮ ਆਦਮੀ ਪਾਰਟੀ ਦੀ ਆਮਦ ਨੇ ਇਹ ਤੈਅ ਕਰ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਸੂਬੇ ਦੀ ਸਿਆਸਤ ਲੰਘ ਚੁੱਕੇ ਸਮੇਂ ਨਾਲੋਂ ਵੱਖਰੀ ਹੋਵੇਗੀ। ਜ਼ਾਹਰ ਹੈ ਕਿ ਪੰਜਾਬ ਵਿਚ ਨਵੀਂ ਸਿਆਸਤ ਉਸਲਵੱਟੇ ਲੈ ਰਹੀ ਹੈ। ਅਸਲ ਵਿਚ ਸਿਆਸੀ ਪਿੜ ਅੰਦਰ ਆ ਰਹੀ ਇਹ ਤਬਦੀਲੀ ਅਗਲੀ ਵਾਰ, 2022 ਵਿਚ ਹੋਣ ਵਾਲੀਆਂ ਵਿਧਾਨ ਸਭਾਈ ਚੋਣਾਂ ਲਈ ਪਿੜ ਵੀ ਤਿਆਰ ਕਰ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਆਹ ਚਾਰ ਫਰਵਰੀ ਨੂੰ?*

ਸੋਹਲੇ ਸਿਆਸਤੀ ਆਪਣੇ ਗਾਈ ਜਾਂਦੇ, ਤੇਜੀ ਫੜ ਗਿਆ 'ਮਿਸ਼ਨ' ਪ੍ਰਚਾਰ ਦਾ ਜੀ।
ਪਈ ਲੀਹ ਵਿਚ ਤੁਰਨ ਤੋਂ ਹੋਏ ਨਾਬਰ, ਹਰ ਕੋਈ ਨਾਅਰੇ ਤਬਦੀਲੀ ਦੇ ਮਾਰਦਾ ਜੀ।
ਦਸਾਂ ਸਾਲਾਂ ਦਾ ਗੁੱਸਾ ਹੁਣ ਭੜਕਿਆ ਏ, ਜ਼ਖਮੀ ਹੋਇਆ ਜਿਉਂ ਸ਼ੇਰ ਭਬਕਾਰਦਾ ਜੀ।
ਭਰ ਕੇ ਆਏ ਜਹਾਜ਼ ਪਰਵਾਸੀਆਂ ਦੇ, 'ਯੂਥ' ਹਾਕਮਾਂ ਤਾਈਂ ਲਲਕਾਰਦਾ ਜੀ।
ਇਕੋ ਤਰਫ ਨੂੰ ਤੁਰਿਆ ਵਹੀਰ ਜਾਪੇ, ਕੋਈ ਵਿਰਲਾ ਹੀ ਝੱਲ ਖਿਲਾਰਦਾ ਜੀ।
ਚੜ੍ਹਿਆ ਚਾਅ ਜਵਾਨੀ ਪੰਜਾਬ ਦੀ ਨੂੰ, ਹੋਵੇ ਵਿਆਹ ਜਿਉਂ ਫਰਵਰੀ ਚਾਰ ਦਾ ਜੀ!

# ਪੰਜਾਬ ਦਾ ਸਿਆਸੀ ਦੰਗਲ

ਪੰਜਾਬ ਵਿਧਾਨ ਸਭਾ ਚੋਣਾਂ ਦੇ ਮੈਦਾਨ ਵਿਚ ਨਿਤਰੀਆਂ ਪਾਰਟੀਆਂ ਦੇ ਚੋਣ ਏਜੰਡੇ ਪੜ੍ਹਦਿਆਂ ਕਈ ਵਾਰ ਅਚੰਭਾ ਹੁੰਦਾ ਹੈ ਕਿ, ਕੀ ਇਹ ਸਾਰੀਆਂ ਪਾਰਟੀਆਂ ਇਹ ਚੋਣਾਂ ਸਮਕਾਲ ਦੀ ਦਹਿਲੀਜ਼ ਤੋਂ ਪਾਰ ਜਾ ਕੇ ਲੜ ਰਹੀਆਂ ਹਨ? ਯਾਦ ਰਹੇ, ਇਹ ਚੋਣਾਂ ਉਸ ਦੌਰ ਵਿਚ ਹੋ ਰਹੀਆਂ ਹਨ ਜਦੋਂ ਖੇਤੀ ਸਬਸਿਡੀਆਂ ਵਿਚ ਕਟੌਤੀ ਬਾਰੇ ਅਮਰੀਕਨ ਚਿੰਤਕ ਡੇਵਿਡ ਮੈਕਨੇਲ਼ੀ ਨਾਗਰਿਕਾਂ ਨੂੰ ਇਹ ਚਿਤਾਵਨੀ ਦੇ ਰਿਹਾ ਹੈ- 'ਦੇਖੋ ਕਿਤੇ ਇਨ੍ਹਾਂ ਪੈਸਿਆਂ ਨਾਲ ਉਹ ਤੁਹਾਡੇ ਹੋਣ ਵਾਲੇ ਬੱਚਿਆਂ ਲਈ ਜੇਲ੍ਹਾਂ ਦਾ ਨਿਰਮਾਣ ਤਾਂ ਨਹੀਂ ਕਰ ਰਹੇ'। ਦੂਜੇ ਪਾਸੇ ਇਹ ਚੋਣਾਂ ਉਸ ਦੌਰ ਵਿਚ ਲੜੀਆਂ ਜਾ ਰਹੀਆਂ ਹਨ ਜਿਥੇ ਭਾਰਤ ਦੀ 'ਫੂਡ ਬਾਸਕਿਟ' ਦੇ ਤੌਰ 'ਤੇ ਪਛਾਣੇ ਜਾਂਦੇ ਪੰਜਾਬ ਦੇ ਆਵਾਮ ਦੇ ਬੱਚਿਆਂ/ਔਰਤਾਂ ਦਾ ਵੱਡਾ ਹਿੱਸਾ ਕੁਪੋਸ਼ਣ ਵਰਗੀ ਅਲਾਮਤ ਨਾਲ ਲੜ ਰਿਹਾ ਹੈ। ਇਹ ਉਸ ਦੌਰ ਦੀ ਸਿਆਸਤ ਦੀਆਂ ਚੋਣਾਂ ਹਨ ਜਿਥੇ ਵੋਟਰ ਹੋਣ ਦਾ ਅਰਥ 'ਖਪਤਕਾਰ' ਵਿਚ ਵਟ ਗਿਆ ਹੈ; ਜਿਥੇ ਸੱਚ ਬਹੁ-ਅਰਥੀ ਅੰਕੜਿਆਂ ਦੀਆਂ ਵਹੀਆਂ ਥੱਲੇ ਦੱਬ ਗਿਆ ਹੈ ਤੇ ਸਿਆਸੀ ਵਿਚਾਰਧਰਾਵਾਂ ਦੀਆਂ ਜੜ੍ਹਾਂ ਨੂੰ ਸਿਉਂਕ ਲੱਗ ਚੁੱਕੀ ਹੈ।

ਹੁਣ ਦੇਖਣਾ ਇਹ ਹੈ ਕਿ ਆਲਮੀ ਪੱਧਰ

**ਕੁਲਦੀਪ ਕੌਰ**
ਫੋਨ: +91-98554-04330

'ਤੇ ਚਲ ਰਹੇ ਵਰਤਾਰੇ ਦੀ ਤਰਜ਼ ਉਤੇ ਪੰਜਾਬ ਵਿਚ ਵੀ ਸੱਜੇ ਪੱਖੀ ਉਦਾਰਵਾਦੀ ਗੁੱਟਾਂ ਦਾ ਅਧਿਆਤਮਿਕ ਚਿੰਤਕਾਂ ਦੀ ਫੌਜ ਨਾਲ ਕੀਤਾ ਇਹ ਲਟਕਵਾਂ ਗਠਬੰਧਨ ਪੰਜਾਬੀਆਂ ਨੂੰ ਸਿਆਸੀ ਅਤੇ ਸਮਾਜਿਕ ਤੌਰ 'ਤੇ ਕਿੰਨਾ ਮਹਿੰਗਾ ਪੈਂਦਾ ਹੈ! ਇਹ ਦੇਖਣਾ ਵੀ ਘੱਟ ਦਿਲਚਸਪ ਨਹੀਂ ਹੋਵੇਗਾ ਕਿ ਭਾਰਤ ਦੇ ਸੰਵਿਧਾਨ ਵੱਲੋਂ 'ਲੋਕਾਂ ਲਈ, ਲੋਕਾਂ ਦੁਆਰਾ, ਲੋਕਾਂ ਦੀ' ਬਣਾਈ ਜਾਂਦੀ ਸਰਕਾਰ ਦੇ ਸਮਾਂਤਰ ਚੱਲ ਰਹੀਆਂ ਮਾਫੀਆ ਸਰਕਾਰਾਂ ਦੀ ਆਉਣ ਵਾਲੀ ਨਵੀਂ ਧਿਰ ਨਾਲ ਜੁਗਲਬੰਦੀ ਪੰਜਾਬ ਨੂੰ ਹੋਰ ਕਿਹੜੇ ਸਦਮਿਆਂ ਨਾਲ ਦੋ-ਚਾਰ ਹੋਣ ਲਈ ਮਜਬੂਰ ਕਰੇਗੀ!

ਪੰਜਾਬ ਦੇ ਜੰਮਿਆਂ ਨੂੰ 'ਨਿੱਤ ਮੁਹਿੰਮਾਂ' ਦੀ ਤਰਜਮਾਨੀ ਉਤੇ ਪੰਜਾਬ ਦੇ ਕਹਿੰਦੇ-ਕਹਾਉਂਦੇ ਕੁਨਬੇ ਮੈਦਾਨ ਵਿਚ ਨਿੱਤਰ ਚੁੱਕੇ ਹਨ। ਟਿਕਟਾਂ ਲੈਣ ਦੀ ਬਦਹਵਾਸੀ ਅਤੇ ਪਸੀਨਾ ਉਨ੍ਹਾਂ ਦੇ ਮੱਥਿਆਂ ਤੋਂ ਨੁੱਚੜ ਰਿਹਾ ਹੈ। ਜਿਨ੍ਹਾਂ ਨੂੰ ਟਿਕਟਾਂ ਮਿਲ ਗਈਆਂ, ਉਹ ਵਿਰੋਧੀਆਂ ਦਾ ਘੋਗਾ ਚਿੱਤ ਕਰਨ, ਖੂੰਜੇ ਲਾਉਣ, ਡਾਂਗ ਫੇਰਨ ਵਰਗੀਆਂ ਗਾਲ੍ਹਾਂ ਨਾਲ ਪੰਜਾਬ ਦੀਆਂ ਸਿਆਸਤ ਵਿਚ 'ਵਿਰਾਸਤੀ ਪੈੜਾਂ' ਪਾ ਰਹੇ ਹਨ। ਜਿਨ੍ਹਾਂ ਨੂੰ ਟਿਕਟਾਂ ਨਹੀਂ ਮਿਲੀਆਂ, ਉਹ ਜੁੱਤੀ ਮਾਰਨ ਦੇ ਮੌਕਿਆਂ ਦੀ ਤਲਾਸ਼ ਕਰ ਰਹੇ ਹਨ। ਸਾਡੇ ਸਮਿਆਂ ਦਾ ਇਕ ਹੋਰ ਚਿੰਤਕ ਬਰਨਾਰਡ ਹਰਕੋਰਟ ਇਸ ਰੁਝਾਨ ਬਾਰੇ ਟਿੱਪਣੀ ਕਰਦਿਆਂ ਲਿਖਦਾ ਹੈ- 'ਕਿੰਨੀ ਅਜੀਬ ਦਲੀਲ ਹੈ ਕਿ ਜਿਥੇ ਰਾਜ ਦਾ ਤੰਤਰ ਆਰਥਿਕ ਵਸੀਲਿਆਂ ਦੀ ਸਾਵੀਂ ਵੰਡ ਕਰਨ ਤੋਂ ਕਮਜ਼ੋਰ ਹੋਣ ਦੀ ਦਲੀਲ ਦੇ ਕੇ ਹੱਥ ਖਿੱਚ ਲੈਂਦਾ ਹੈ, ਉਥੇ ਆਵਾਮ ਨੂੰ ਡੰਡੇ ਨਾਲ ਕੰਟਰੋਲ ਕਰਨ ਦੀਆਂ ਨੀਤੀਆਂ ਅਤੇ ਵਿਉਂਤਾਂ ਬੁਣਨ ਦੇ ਮਾਮਲਿਆਂ ਵਿਚ ਰੱਬ ਬਣ ਬਹਿੰਦਾ ਹੈ'। ਰੱਬ ਬਣਨ ਦੀ ਇਸ ਮਸ਼ਕ ਵਿਚ ਉਲਝੇ ਇਨ੍ਹਾਂ ਉਮੀਦਵਾਰਾਂ ਦੇ ਨੱਕ ਜਦੋਂ ਜੀਪਾਂ-ਕਾਰਾਂ ਦੇ ਕਾਫਲੇ ਸਮੇਤ ਲੁਧਿਆਣੇ, ਜਲੰਧਰ ਤੇ ਅੰਮ੍ਰਿਤਸਰ ਵਰਗੇ 'ਵਿਸ਼ਵ ਪੱਧਰੀ' ਸ਼ਹਿਰਾਂ ਦੀਆਂ ਉਚੀਆਂ-ਨੀਵੀਆਂ, ਗੰਦੀਆਂ ਬਸਤੀਆਂ ਵਿਚ ਲਗਾਤਾਰ ਪਸਰੀ ਸੀਵਰੇਜ ਦੀ ਬਦਬੂ ਨਾਲ ਦੋ-ਚਾਰ ਹੁੰਦੇ ਹੋਣਗੇ ਤਾਂ ਘੱਟੋ-ਘੱਟ ਮੁਸ਼ਕ ਤਾਂ ਜ਼ਰੂਰ ਆਉਂਦਾ ਹੋਵੇਗਾ!

ਇਨ੍ਹਾਂ ਚੋਣਾਂ ਵਿਚ 'ਪੰਜਾਬ ਨੂੰ ਬਚਾਉ' ਦਾ ਨਾਅਰਾ ਸਭ ਤੋਂ ਵੱਧ ਵਾਰ ਵਰਤਿਆ ਗਿਆ ਹੈ। ਇਸ ਨਾਅਰੇ ਦੀ ਸਿਆਸਤ ਦੀ ਮੰਡੀ ਵਿਚ ਹੀ 'ਗਲ-ਵੱਢ' ਮੁਕਾਬਲਾ ਚੱਲ ਰਿਹਾ ਹੈ। ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਹੋਈਆਂ 'ਗੈਰ-ਕੁਦਰਤੀ ਮੌਤਾਂ' ਦੇ ਅੰਕੜੇ ਦੇਖੇ ਜਾਣ ਤਾਂ ਇਹ ਨਾਅਰਾ ਲਗਾਉਣ ਵਾਲੇ ਸ਼ੱਕ ਦੇ ਦਾਇਰੇ ਵਿਚ ਆ ਜਾਂਦੇ ਹਨ। ਸਰਕਾਰੀ ਤੇ ਗੈਰ-ਸਰਕਾਰੀ ਰਿਪੋਰਟਾਂ ਮੁਤਾਬਕ, ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਮਾਮਲੇ ਵਿਚ ਮਹਾਰਾਸ਼ਟਰ ਤੋਂ ਬਾਅਦ ਹੁਣ ਪੰਜਾਬ ਦਾ ਨਾਂ ਆ ਰਿਹਾ ਹੈ। ਅੰਗਰੇਜ਼ੀ ਅਖਬਾਰ 'ਦਿ ਇੰਡੀਅਨ ਐਕਸਪ੍ਰੈਸ' ਦੀ ਇਕ ਰਿਪੋਰਟ ਅਨੁਸਾਰ (ਜੂਨ 10,2016) ਸਿਰਫ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟਰੋਪਿਕ ਸਬਸਟਾਂਸ ਐਕਟ ਤਹਿਤ 2014 ਵਿਚ 88 ਅਤੇ 2015 ਵਿਚ 80 ਲੋਕਾਂ ਦੀ ਥਾਣਿਆਂ ਵਿਚ ਮੌਤ ਹੋ ਚੁੱਕੀ ਹੈ। ਇਸ ਵਿਚ ਜੇ ਥਾਣਿਆਂ ਵਿਚ ਮਾਮੂਲੀ ਚੋਰੀਆਂ ਦੇ ਇਲਜ਼ਾਮ ਵਿਚ ਅੰਦਰ ਕਰ ਕੇ ਮਾਰੇ ਦਲਿਤ ਅਤੇ ਗੈਰ-ਦਲਿਤ, ਪਰ ਗਰੀਬ ਮੁੰਡੇ-ਕੁੜੀਆਂ ਦਾ ਅੰਕੜਾ ਜੋੜ ਦਿੱਤਾ ਜਾਵੇ ਤਾਂ ਇਹ ਗਿਣਤੀ ਗੈਰ-ਮਾਮੂਲੀ ਨਹੀਂ ਰਹਿ ਜਾਂਦੀ। ਇਸ ਤੋਂ ਬਿਨਾ ਸੜਕ ਹਾਦਸਿਆਂ ਵਿਚ ਰੋਜ਼ ਮਰਨ ਵਾਲੇ ਅਤੇ ਨਕਾਰਾ ਹੋਣ ਵਾਲੇ ਲੋਕਾਂ ਦੀ ਵੱਡੀ ਗਿਣਤੀ ਦੇ ਦਰਦ ਨੂੰ ਬਿਨਾ ਕਿਸੇ ਹੀਜ-ਹੁੱਜਤ ਦੇ 'ਕਿਸਮਤ ਦੀ ਹੋਣੀ' ਅਤੇ 'ਰੱਬ ਦੀ ਕਰਨੀ' ਮੰਨ ਲਿਆ ਗਿਆ ਹੈ।

ਜੇ ਚੰਗੇ ਰਾਜ-ਪ੍ਰਬੰਧ ਅਤੇ ਵਿਕਾਸ ਦੇ ਮਹਤਵਪੂਰਨ ਸੂਚਕਾਂ- ਸਿਹਤ ਸਹੂਲਤਾਂ ਤੇ ਸਿੱਖਿਆ ਪ੍ਰਬੰਧਾਂ ਦੇ ਆਧਾਰ 'ਤੇ ਪੰਜਾਬ ਨਾਲ ਸਬੰਧਤ ਅੰਕੜੇ ਘੋਖੇ ਜਾਣ ਤਾਂ ਬਹੁਤ ਸਾਰੇ ਅਜਿਹੇ ਤੱਥ ਸਾਹਮਣੇ ਆਉਂਦੇ ਹਨ ਜਿਹੜੇ ਪੰਜਾਬ ਦੇ ਭਵਿਖ ਬਾਰੇ ਗੰਭੀਰ ਚਿੰਤਨ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹਨ। ਇਨ੍ਹਾਂ ਦੋਵਾਂ ਸੂਚਕਾਂ ਦਾ ਸਿੱਧਾ ਸਬੰਧ ਨਾ ਸਿਰਫ ਸੂਬੇ ਦੀ ਸਿਆਸਤ ਨਾਲ ਜੁੜਦਾ ਹੈ, ਸਗੋਂ ਇਨ੍ਹਾਂ ਦੀ ਮੌਜੂਦਾ ਸਥਿਤੀ ਆਲਮੀ ਪੱਧਰ 'ਤੇ ਪੂੰਜੀਵਾਦੀ ਪ੍ਰਬੰਧ ਦੁਆਰਾ ਪ੍ਰਚਾਰੇ ਤੇ ਪ੍ਰਸਾਰੇ 'ਖੁੱਲੀ ਮੰਡੀ' ਦੇ ਸਿਧਾਂਤ ਅਤੇ 'ਨਵ-ਉਦਾਰਵਾਦੀ ਪ੍ਰਬੰਧ' ਦੇ ਮੂਧੇ-ਮੂੰਹ ਗਿਰਨ ਵੱਲ ਵੀ ਗੁਝਾ ਇਸ਼ਾਰਾ ਹੈ। ਹੁਣੇ-ਹੁਣੇ ਜਾਰੀ ਔਕਸਫੇਮ ਦੀ ਰਿਪੋਰਟ ਦੱਸਦੀ ਹੈ- ਆਲਮੀ ਪੱਧਰ 'ਤੇ ਅਸਮਾਨਤਾ ਇੰਨੀ ਵੱਧ ਚੁੱਕੀ ਹੈ ਕਿ ਦੁਨੀਆ ਦੇ ਸਿਰਫ ਅੱਠ ਅਰਬਪਤੀਆਂ ਕੋਲ ਜਿੰਨਾ ਪੈਸਾ ਹੈ, ਉਨੇ ਨਾਲ ਦੁਨੀਆ ਦੀ ਅੱਧੀ ਆਬਾਦੀ ਗੁਜ਼ਾਰਾ ਕਰਦੀ ਹੈ। ਇਸ ਰਿਪੋਰਟ ਦਾ ਪੰਜਾਬੀ ਸੂਬੇ ਲਈ ਕੀ ਅਰਥ ਬਣਦਾ ਹੈ? ਇਸ ਨੂੰ ਹਰੀ ਕ੍ਰਾਂਤੀ, ਨਿਜੀਕਰਨ, ਪਰਵਾਸ ਅਤੇ ਠੇਕਾ ਆਧਾਰਤ ਖੇਤੀ ਨਾਲ ਜੋੜ ਕੇ ਪੜ੍ਹਿਆ ਪਵੇਗਾ। ਦੂਜੇ ਪਾਸੇ, ਇਸ ਨੂੰ ਲੁਪਤ ਬੇਰੁਜ਼ਗਾਰੀ, ਛੋਟੀਆਂ ਸਨਅਤਾਂ ਦੇ ਖਤਮ ਹੋਣ ਅਤੇ ਅਰਧ-ਬੇਰੁਜ਼ਗਾਰੀ ਦੇ ਅੰਕੜਿਆਂ ਨਾਲ ਜੋੜ ਕੇ ਵੀ ਪੜ੍ਹਿਆ ਜਾ ਸਕਦਾ ਹੈ। ਤੀਜੇ ਪਾਸੇ, ਇਸ ਨੂੰ ਸਿਹਤ, ਸਿਖਿਆ ਅਤੇ ਸੰਸਥਾਗਤ ਢਾਂਚਿਆਂ ਦੇ ਜਗਾੜੂਪੁਣੇ, ਨੀਤੀਆਂ ਨੂੰ ਲੇਟਵੇਂ (ਹੋਰਿਜ਼ਨਟਅਲ) ਦੀ ਬਿਜਾਏ ਲੰਬਾਤਮਕ (ਵਰਟੀਕਲ) ਰੂਪ ਦੇਣ ਨਾਲ ਜੋੜ ਕੇ ਵੀ ਪੜ੍ਹਨਾ ਬਣਦਾ ਹੈ। ਇਸ ਰਿਪੋਰਟ ਦੇ ਦੋ ਹੋਰ ਅਰਥ ਵੀ ਨਿਕਲਦੇ ਹਨ। ਪਹਿਲਾ ਇਹ ਕਿ ਲੰਬਾਤਮਕ ਨੀਤੀਆਂ ਦੇ ਹੱਕ ਵਿਚ ਦਿੱਤੀ ਜਾਂਦੀ ਦਲੀਲ ਕਿ ਜੇ ਉਪਰੋਂ ਸੁਧਾਰ ਤੇ ਉਦਾਰਵਾਦੀ ਕਾਰਜ ਸ਼ੁਰੂ ਕੀਤਾ ਜਾਵੇ ਤਾਂ ਹੌਲੀ-ਹੌਲੀ ਹੇਠਲਾ ਆਵਾਮ ਵੀ ਉਸ ਦੇ ਫਾਇਦੇ ਲੈ ਸਕਦਾ ਹੈ, ਬੁਰੀ ਤਰ੍ਹਾਂ ਨਾਲ ਫੇਲ੍ਹ ਹੋਈ ਹੈ। ਦੂਜਾ ਨੁਕਤਾ ਇਹ ਕਿ ਹਾਸ਼ੀਏ 'ਤੇ ਪਏ ਵਰਗਾਂ ਵਿਚ ਆਰਥਿਕ ਅਤੇ ਸਮਾਜਿਕ ਸਮਾਨਤਾ ਦੀ ਪਹਿਲੀ ਸ਼ਰਤ ਸਮਾਜਿਕ ਪ੍ਰਬੰਧ ਦੇ ਅਦਾਰਿਆਂ ਅਤੇ ਇਕਾਈਆਂ ਦਾ ਜਮਹੂਰੀਕਰਨ ਕਰਨਾ ਅਤੇ ਇਨ੍ਹਾਂ ਨੂੰ ਧਾਰਮਿਕ, ਆਰਥਿਕ, ਸਮਾਜਿਕ, ਜਾਤ-ਬਰਾਦਰੀ, ਸੱਤਾ, ਨਸਲ, ਪੂੰਜੀ ਵਰਗੇ ਦਾਬਿਆਂ ਤੋਂ ਮੁਕਤ ਕਰਾਉਣਾ ਹੈ। ਇਸ ਤੋਂ ਮੁਕਰਨ ਜਾਂ ਘੇਸਲ ਮਾਰਨ ਦਾ ਅਰਥ ਉਸ ਰੰਜ਼ ਅਤੇ ਰੋਸ ਵਿਚ ਨਿਕਲ ਸਕਦਾ ਹੈ ਜਿਸ ਦੀ ਝਲਕ ਨਿੱਤ ਦਿਨ ਅਸੀ ਸੜਕਾਂ 'ਤੇ ਦੇਖ ਸਕਦੇ ਹਾਂ। ਕੀ ਪੰਜਾਬ ਦੀ ਕੋਈ ਸਿਆਸੀ ਪਾਰਟੀ ਇਨ੍ਹਾਂ ਨੁਕਤਿਆਂ 'ਤੇ ਵਿਚਾਰ ਕਰਨ ਦੀ ਹਾਲਤ ਵਿਚ ਹੈ?

ਆਲਮੀ ਪੱਧਰ 'ਤੇ ਹੋਏ ਵਾਤਾਵਰਨ ਸਬੰਧੀ ਵਿਚਾਰ-ਵਟਾਂਦਰਿਆਂ ਵਿਚ ਇਹ ਨੁਕਤਾ ਵਾਰ-ਵਾਰ ਉਭਾਰਿਆ ਗਿਆ ਕਿ ਵੱਖ-ਵੱਖ ਮੁਲਕਾਂ ਨੂੰ ਆਪਸੀ ਸਹਿਮਤੀ ਨਾਲ ਆਪਣੇ ਆਵਾਮ ਲਈ ਸਾਫ ਪਾਣੀ, ਹਵਾ ਅਤੇ ਵਾਤਵਰਨ ਦੇ ਮੁੱਦੇ ਵਿਚਾਰਨੇ ਚਾਹੀਦੇ ਹਨ ਤੇ ਇਨ੍ਹਾਂ ਮੁੱਦਿਆਂ ਲਈ ਆਪਸੀ ਸਹਿਮਤੀ ਬਣਾਉਣੀ ਚਾਹੀਦੀ ਹੈ। ਇਸ ਬਾਬਤ ਮਹਾਂਮਾਰੀਆਂ ਦੀ ਦਸਤਕ ਦੇ ਖਦਸ਼ੇ ਅਤੇ ਭੋਜਨ-ਲੜੀ ਵਿਚ ਘੁਲੀਆਂ ਜ਼ਹਿਰਾਂ ਦੇ ਮੁੱਦੇ ਵੱਲ ਫੌਰੀ ਧਿਆਨ ਦੇਣ ਦੀ ਮੰਗ ਕੀਤੀ ਗਈ। ਪੰਜਾਬ ਵਿਚ ਪਿਛਲੇ ਦਿਨਾਂ ਦੌਰਾਨ ਫੈਲੇ ਡੇਂਗੂ ਦਾ ਇਕ ਕਾਰਨ ਬੇਤਰਤੀਬ ਢੰਗ ਨਾਲ ਵਸਾਈਆਂ ਜਾ ਰਹੀਆਂ ਸ਼ਹਿਰੀ ਬਸਤੀਆਂ ਅਤੇ ਉਨ੍ਹਾਂ ਨਾਲ ਪਨਪ ਰਹੀਆਂ ਗੰਦੀਆਂ ਬਸਤੀਆਂ ਨੂੰ ਦੱਸਿਆ ਗਿਆ ਹੈ। ਅੱਜ ਪੰਜਾਬ ਕੈਂਸਰ, ਸ਼ੂਗਰ ਤੇ ਹਾਈ ਬਲੱਡ-ਪ੍ਰੈਸ਼ਰ ਵਰਗੀਆਂ ਨਾਮੁਰਾਦ ਬਿਮਾਰੀਆਂ ਨਾਲ ਜੂਝ ਰਿਹਾ ਹੈ। ਇਥੇ ਇਹ ਤੱਥ ਵੀ ਮਹਤਵਪੂਰਨ ਹੈ ਕਿ ਜਿਵੇਂ ਵਾਤਾਵਰਨ ਨੂੰ ਬਚਾਉਣ ਲਈ ਖੇਤੀ ਖੇਤਰ ਦਾ ਬਚਣਾ ਜ਼ਰੂਰੀ ਹੈ, ਉਥੇ ਸਿਹਤ ਸੈਕਟਰ ਨੂੰ ਨਿੱਜੀਕਰਨ ਤੋਂ ਬਚਾਉਣ ਦਾ ਸਿੱਧਾ ਸਬੰਧ ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੀ ਦਰ ਨਾਲ ਜਾ ਜੁੜਦਾ ਹੈ। ਸਮਾਜਿਕ ਉਤਪਾਦਕਤਾ ਦੀ ਵਿਚਾਰਧਾਰਾ ਵਾਲੀ ਸਿਖਿਆ ਸਭਿਆਚਾਰਕ ਪ੍ਰਦੂਸ਼ਣ ਉਤੇ ਵੱਡੀ ਮਾਰ ਕਰ ਸਕਦੀ ਹੈ। ਸਰਕਾਰੀ ਸੰਸਥਾਵਾਂ ਦੀ ਕਾਰਗੁਜ਼ਾਰੀ ਨੂੰ ਪਾਰਦਰਸ਼ੀ ਬਣਾਉਣਾ ਸਰਕਾਰ 'ਤੇ ਭਰੋਸੇ ਦਾ ਪਹਿਲਾ ਤੱਤ ਬਣਦਾ ਹੈ ਜੋ ਬਦਕਿਸਮਤੀ ਨਾਲ ਸਰਕਾਰ ਗੁਆ ਚੁਕੀ ਹੈ। ਸਭ ਤੋਂ ਗੰਭੀਰ ਨੁਕਤਾ ਇਹ ਹੈ ਕਿ ਸਰਕਾਰ ਪਬਲ਼ਿਕ ਵਸੀਲਿਆਂ ਤੋਂ ਧੱਕੇਸ਼ਾਹੀ ਨਾਲ ਮੁਨਾਫਾ ਕਮਾਉਣ ਵਾਲੀਆਂ ਵੱਖ-ਵੱਖ ਧਿਰਾਂ (ਇਸ ਵਿਚ ਸਿਆਸੀ ਲਾਣਾ, ਭ੍ਰਿਸ਼ਟ ਅਫਸਰਸ਼ਾਹ, ਧਾਰਮਿਕ ਅੱਡੇ, ਜ਼ਖੀਰਬਾਜ਼, ਸਮਗਲਰ ਤੇ ਗੁੰਡਾ-ਸਮੂਹ ਸ਼ਾਮਿਲ ਹਨ) ਦੀ ਨਾ ਸਿਰਫ ਪੁਸ਼ਤ-ਪਨਾਹੀ ਕਰ ਰਹੀ ਹੈ, ਸਗੋਂ ਇਨ੍ਹਾਂ ਸਮੂਹਾਂ ਵਿਚਕਾਰ ਹੁੰਦੇ ਸੌਦਿਆਂ/ਸਮਝੌਤਿਆਂ ਨੂੰ ਨੈਤਿਕ ਰਜ਼ਾਮੰਦੀ ਵੀ ਦਿੰਦੀ ਹੈ। ਇਸ ਨਾਲ ਸੱਤਾ ਦੇ ਇਨ੍ਹਾਂ ਗਲਿਆਰਿਆਂ ਤੋਂ ਦੂਰ ਰਹਿੰਦੇ ਆਵਾਮ ਨੂੰ ਆਪਣੀ ਹੋਂਦ ਬਚਾਉਣ ਲਈ ਇਨ੍ਹਾਂ ਵਿਚੋਂ ਕਿਸੇ ਇਕ ਨਾਲ ਜੁੜਨਾ ਪੈਂਦਾ ਹੈ। ਨਤੀਜਾ ਜ਼ਲਾਲਤ-ਦਰ-ਜ਼ਲਾਲਤ ਵਿਚ ਨਿਕਲਦਾ ਹੈ। ਇਉਂ ਮਸਲਾ ਰੋਜ਼ਮਰਾ ਦੀਆਂ ਜ਼ਰੂਰਤਾਂ ਤੋਂ ਵਧ ਕੇ ਨਾਕਸ ਪ੍ਰਬੰਧ ਵਿਚ ਸਰੀਰਾਂ ਦੀ ਹੋਂਦ ਬਚਾਉਣ ਦੀ ਲੜਾਈ ਤੱਕ ਮਹਿਦੂਦ ਹੋ ਜਾਂਦਾ ਹੈ।

ਇਸ ਨਾਕਸ ਪ੍ਰਬੰਧ ਦੀ ਮਾਰ ਨਾ ਝੱਲ ਸਕਣ ਕਾਰਨ ਮਰਨ ਵਾਲੇ ਪੰਜਾਬੀਆਂ ਲਈ ਅਜਿਹੇ ਨਿਜ਼ਾਮ ਦੀ ਕੁਰਸੀ-ਦਰ-ਕੁਰਸੀ ਹੋਂਦ ਦਾ ਤਰਕ ਕੀ ਹੈ? ਸੰਵਿਧਾਨ ਦੀ ਸਹੁੰ ਚੁੱਕ ਕੇ ਕੁਰਸੀਆਂ ਉਤੇ ਬੈਠੇ ਨੇਤਾਵਾਂ ਅਤੇ ਸਿਵਲ ਪ੍ਰਸ਼ਾਸਨ ਦੇ ਨਾਮ ਉਤੇ ਇਸ ਅਮਲੇ-ਫੈਲੇ ਉਪਰ ਹਰ ਸਾਲ ਕਰੋੜਾਂ ਰੁਪਏ ਖਰਚ ਕਰਨ ਦੇ ਬਾਵਜੂਦ ਜੇ ਸਰਕਾਰ ਨਾਗਰਿਕ ਦੀ ਜਾਨ-ਮਾਲ ਤੱਕ ਦੀ ਗਾਰੰਟੀ ਦੀ ਜ਼ਾਮਨੀ ਵੀ ਨਹੀਂ ਦੇ ਸਕਦੀ, ਫਿਰ ਨਿਜ਼ਾਮ ਦੇ ਹੋਣ ਜਾਂ ਨਾ ਹੋਣ ਨਾਲ ਕੀ ਫਰਕ ਪੈਂਦਾ ਹੈ? ਮੌਜੂਦਾ ਦੌਰ ਵਿਚ ਉਚ ਜਾਤਾਂ ਦੀ ਧੌਂਸ ਖਿਲਾਫ ਲੜ ਰਿਹਾ ਪਿੰਡਾਂ ਦਾ ਦਲ਼ਿਤ ਵਰਗ, ਚੌਕਾਂ ਉਤੇ ਕੁੱਟ ਖਾਂਦੀਆਂ ਬੀਬੀਆਂ, ਸ਼ਹਿਰਾਂ ਦੇ ਲੇਬਰ ਚੌਕਾਂ ਵਿਚ ਦਿਹਾੜੀ ਦੀ ਤਲਾਸ਼ ਵਿਚ ਭਟਕਦੇ ਮਜ਼ਦੂਰ, ਟੈਂਕੀਆਂ ਉਤੇ ਖੁਦਕੁਸ਼ੀ ਲਈ ਪੈਟਰੋਲ ਦੀ ਬੋਤਲ ਲੈ ਕੇ ਚੜ੍ਹੇ ਬੇਰੁਜ਼ਗਾਰ, ਬੈਂਕਾਂ/ਸਭਾਵਾਂ ਅੱਗੇ ਪੈਨਸ਼ਨਾਂ ਦੀ ਉਡੀਕ ਵਿਚ ਖੜ੍ਹੇ ਬੁਜ਼ਰਗ ਸਿਰਫ ਮਾੜੀ ਆਰਥਿਕਤਾ ਦੀ ਨਿਸ਼ਾਨੀ ਨਹੀਂ, ਸਗੋਂ ਉਸ ਵੱਡੀ ਸਮਾਜਿਕ ਤਰਾਸਦੀ ਦਾ ਚਿੰਨ੍ਹ ਹਨ ਜਿਥੇ ਉਤਪਾਦਨ ਹੀ ਗਰੀਬੀ ਦੇ ਅਪਰਾਧੀਕਰਨ ਵਿਚੋਂ ਪੈਦਾ ਹੁੰਦਾ ਹੈ। ਇਸ ਦਾ ਦੂਜਾ ਅਰਥ ਇਹ ਹੈ ਕਿ ਸ਼ਾਇਦ ਸਿਆਸਤ ਇਸ ਤੱਥ ਦੀ ਤਸਲੀਮ ਕਰਨ ਲਈ ਤਿਆਰ ਨਹੀਂ ਕਿ ਜੇ ਇਕ ਆਮ ਨਾਗਰਿਕ ਨਿਜ਼ਾਮ ਦੁਆਰਾ ਤਿਆਰ ਕੀਤੇ ਮਾੜੇ ਜਿਉਣ ਹਾਲਾਤ ਵਿਚ ਜਿਉਣ ਲਈ ਮਜਬੂਰ ਹੈ ਤਾਂ ਉਸ ਦੀ ਸਿਆਸੀ ਆਜ਼ਾਦੀ ਆਪਣੇ ਆਪ ਹੀ ਖਤਰੇ ਵਿਚ ਪੈ ਜਾਂਦੀ ਹੈ। ਇਸੇ ਨਾਲ ਜੁੜਿਆ ਸਵਾਲ ਇਹ ਵੀ ਹੈ ਕਿ ਹਜ਼ਾਰਾਂ ਦੀ ਗਿਣਤੀ ਵਿਚ ਵਿਦੇਸ਼ਾਂ ਨੂੰ ਜਹਾਜ਼ ਚੜ੍ਹ ਗਏ ਮੁੰਡੇ-ਕੁੜੀਆਂ ਲਈ 'ਪੰਜਾਬ ਬਚਾਉ' ਅਤੇ 'ਸਿਆਸੀ ਆਜ਼ਾਦੀ' ਦੇ ਕੀ ਅਰਥ ਬਣਦੇ ਹਨ? ਆਖਿਰ ਇੰਨੇ ਵੱਡੇ ਪੱਧਰ 'ਤੇ ਨੌਜਵਾਨੀ ਦੀ ਹਿਜਰਤ ਨੂੰ ਸਿਰਫ ਆਰਥਿਕ ਲਾਲਸਾ ਕਹਿ ਕੇ ਤਾਂ ਰੱਦ ਨਹੀਂ ਕੀਤਾ ਜਾ ਸਕਦਾ!

ਇਸ ਸਵਾਲ ਨੂੰ ਵੀ ਨਵੇਂ ਸਿਰਿਉਂ ਪੁੱਛਣਾ ਬਣਦਾ ਹੈ ਕਿ ਪੰਜਾਬੀ ਸਮਾਜ ਦਾ ਉਹ ਵਰਗ ਜਿਸ ਕੋਲ ਜ਼ਮੀਨ/ਪੂੰਜੀ/ਸਮਾਜਿਕ ਦਾਬਾ ਵੀ ਹੈ ਤੇ ਉਸ ਨੂੰ ਕੰਟਰੋਲ ਕਰਣ ਲਈ ਨਿਜ਼ਾਮ ਵੀ, ਉਸ ਦੀ ਇਸ ਦੌਰ ਵਿਚ ਕੀ ਭੂਮਿਕਾ ਹੈ? ਇਸ ਵਿਚ ਉਹ ਧਾਰਮਿਕ-ਸਮਾਜਿਕ ਸੰਸਥਾਵਾਂ ਅਤੇ ਇਨ੍ਹਾਂ ਨਾਲ ਜੁੜੇ ਚਿੰਤਕ ਵੀ ਸ਼ਾਮਿਲ ਹਨ ਜਿਨ੍ਹਾਂ ਦੀ ਹੋਂਦ ਹੀ 'ਨਿਮਾਣਿਆਂ ਤੇ ਨਿਤਾਣਿਆਂ' ਦੀ ਸਿਆਸੀ ਅਨਪੜ੍ਹਤਾ ਬਣਾਈ ਰੱਖਣ 'ਤੇ ਟਿਕੀ ਹੋਈ ਹੈ। ਸਿਆਸੀ ਅਨਪੜ੍ਹਤਾ ਨਾਲ ਜੁੜੇ ਸਵਾਲ ਚੋਣਾਂ ਨਾਲ ਜੁੜ ਕੇ ਹੋਰ ਗੁੰਝਲਦਾਰ ਹੋ ਜਾਂਦੇ ਹਨ। ਇਸ ਅਨਪੜ੍ਹਤਾ ਦੇ ਬਾਵਜੂਦ 'ਨਿਮਾਣਿਆਂ ਤੇ ਨਿਤਾਣਿਆਂ' ਦੀਆਂ ਅੱਖਾਂ ਵਿਚਲੇ ਰੋਹ ਨੇ ਇਨ੍ਹਾਂ ਚੋਣਾਂ ਵਿਚ ਜ਼ੋਰ-ਅਜ਼ਮਾਈ ਕਰ ਰਹੇ ਕੁਨਬਿਆਂ ਦਾ ਖਾਸਾ ਪਰਖਣਾ ਹੈ। ਇਤਿਹਾਸ ਗਵਾਹ ਹੈ ਕਿ ਇਨ੍ਹਾਂ ਅੱਖਾਂ ਵਿਚ ਕਦੇ ਟੀਰ ਨਹੀਂ ਹੁੰਦਾ।

# ਪੰਜਾਬ ਦੀ ਸਿਆਸਤ ਅਤੇ ਪਰਵਾਸੀ ਪੰਜਾਬੀ

ਪੰਜਾਬੀਆਂ ਦੀ ਵਸੋਂ ਵਾਲੇ ਪਰਦੇਸਾਂ ਵਿਚ ਅੱਜ ਕੱਲ੍ਹ ਹਫਤਾਵਾਰੀ ਪਾਰਟੀਆਂ, ਪਰਿਵਾਰਕ ਸਮਾਗਮਾਂ ਅਤੇ ਗੁਰਦੁਆਰਿਆਂ ਦੇ ਇਕੱਠਾਂ ਸਮੇਤ ਹਰ ਜਗ੍ਹਾ ਪੰਜਾਬ ਦੀਆਂ ਚੋਣਾਂ ਦੀ ਚਰਚਾ ਹੋ ਰਹੀ ਹੈ। ਹਰ ਪਰਵਾਸੀ ਪੰਜਾਬੀ ਇਨ੍ਹਾਂ ਬਾਰੇ ਸੂਚਨਾਵਾਂ ਤੇ ਸੁਝਾਵਾਂ ਨਾਲ ਭਰਿਆ ਪਿਆ ਹੈ। ਪਰਵਾਸੀ ਪੰਜਾਬੀ ਵਸੋਂ ਵਾਲੇ ਦੇਸ਼ਾਂ ਦੇ ਕੌਮਾਂਤਰੀ ਹਵਾਈ ਅੱਡਿਆਂ 'ਤੇ ਭਾਰਤ ਲਈ ਜਹਾਜ਼ ਫੜਨ ਵਾਲਿਆਂ ਦੀ ਭੀੜ ਆਮ ਦਿਨਾਂ ਨਾਲੋਂ ਵਧੀ ਹੋਈ ਹੈ। ਕਿਸੇ ਯਾਤਰਾ 'ਤੇ ਜਾਣ ਵਾਲੇ



ਸਿੱਧੂ ਦਮਦਮੀ
ਫੋਨ: 001-626-400-3567

ਸ਼ਰਧਾਲੂਆਂ ਵਾਂਗ ਪਰਵਾਸੀ ਪੰਜਾਬੀ ਨਿੱਕੇ ਨਿੱਕੇ ਜਥਿਆਂ ਦੇ ਰੂਪ ਵਿਚ ਉਡਾਣਾਂ ਭਰ ਰਹੇ ਹਨ। ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਉਨ੍ਹਾਂ ਦੇ ਸੁਆਗਤ ਲਈ ਹਮ-ਖਿਆਲਾਂ ਵੱਲੋਂ ਢੋਲ ਵਜਾਏ ਜਾ ਰਹੇ ਹਨ, ਹਾਰ ਪਾਏ ਜਾ ਰਹੇ ਹਨ।

ਉਂਜ ਤਾਂ ਸਾਲਾਨਾ ਛੁੱਟੀਆਂ ਕਾਰਨ ਦਸੰਬਰ ਤੋਂ ਲੈ ਕੇ ਫਰਵਰੀ ਤਕ ਪਰਵਾਸੀ ਪੰਜਾਬੀ ਪਰਿਵਾਰਾਂ ਸਮੇਤ ਸੂਬੇ ਦੀ ਅਕਸਰ ਗੇੜੀ ਮਾਰਦੇ ਹੀ ਹਨ, ਪਰ ਇਸ ਵਾਰ ਫਰਵਰੀ ਵਿਚ ਹੋ ਰਹੀਆਂ ਚੋਣਾਂ ਕਾਰਨ ਬਹੁਤੇ ਇਸ ਵਾਰ ਦੀ ਗੇੜੀ ਨੂੰ ਤਹਿਦਾਰ ਸੈਂਡਵਿਚ ਵਾਂਗ ਨਜਿੱਠ ਰਹੇ ਹਨ। ਪਰਿਵਾਰਕ ਮਿਲਣੀਆਂ ਤੋਂ ਇਲਾਵਾ ਮਨਪਸੰਦ ਉਮੀਦਵਾਰਾਂ ਅਤੇ ਪਾਰਟੀਆਂ ਦੇ ਚੋਣ ਪ੍ਰਚਾਰ ਵਿਚ ਹਿੱਸਾ ਲੈਣਾ, ਮਾਇਕ ਤੇ ਹੋਰ ਸਾਧਨਾਂ ਦੀ ਮਦਦ ਕਰ ਕੇ ਹੌਸਲਾ-ਅਫਜ਼ਾਈ ਕਰਨਾ ਉਨ੍ਹਾਂ ਦੇ ਪ੍ਰੋਗਰਾਮਾਂ ਵਿਚ ਸ਼ਾਮਿਲ ਹੈ। ਪੰਜਾਬ ਚੋਣਾਂ ਵਿਚ ਬਿਨਾ ਸ਼ੱਕ, ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ, ਪਰ ਇੰਨੀ ਵੱਡੀ ਗਿਣਤੀ ਵਿਚ ਅਤੇ ਇੰਨੇ ਉਤਸ਼ਾਹ ਨਾਲ ਪਹਿਲੀ ਵਾਰ ਹੋ ਰਿਹਾ ਹੈ।

ਪੰਜਾਬ ਦੀ ਸਿਆਸਤ ਵਿਚ ਪਰਵਾਸੀ ਪੰਜਾਬੀਆਂ ਦੀ ਦਿਲਚਸਪੀ ਦਾ ਮੁੱਢ ਗਦਰੀਆਂ ਵੱਲੋਂ ਬੰਨ੍ਹਿਆ ਮੰਨਿਆ ਜਾ ਸਕਦਾ ਹੈ, ਪਰ ਗਦਰੀਆਂ ਦੀ ਸਿਆਸੀ ਦਿਲਚਸਪੀ ਦੇ ਕਲਾਵੇ ਵਿਚ ਇਕੱਲਾ ਪੰਜਾਬ ਹੀ ਨਹੀਂ, ਸਗੋਂ ਪੂਰਾ ਹਿੰਦੋਸਤਾਨ ਆਉਂਦਾ ਸੀ। ਆਜ਼ਾਦੀ ਤੋਂ ਬਾਅਦ ਸਿਆਸੀ ਤੇ ਸਮਾਜਿਕ ਕਾਰਨਾਂ ਕਰ ਕੇ ਪਰਵਾਸੀ ਪੰਜਾਬੀਆਂ ਦੀ ਸਿਆਸੀ ਦਿਲਚਸਪੀ ਜ਼ਿਆਦਾਤਰ ਪੰਜਾਬ ਤਕ ਸੀਮਤ ਰਹਿਣ ਲੱਗ ਪਈ। ਅੱਸੀ ਦੇ ਦਹਾਕੇ ਦੀ ਖਾੜਕੂ ਲਹਿਰ ਨੇ ਇਸ ਸੀਮਾ ਨੂੰ ਇਕ ਤਰ੍ਹਾਂ ਨਾਲ ਗੂੜ੍ਹਾ ਕਰ ਦਿੱਤਾ, ਪਰ ਇਸੇ ਦੌਰਾਨ ਦੇਸ਼-ਦੇਸ਼ਾਂਤਰ ਵਿਚ ਪਨਪ ਰਹੇ ਪੰਜਾਬੀ ਪਛਾਣ ਵਾਲੇ ਵਿਸ਼ਵ-ਵਿਆਪੀ ਪੰਜਾਬ ਦੀ ਹੋਂਦ ਮਹਿਸੂਸ ਕੀਤੀ ਜਾਣ ਲੱਗੀ। ਇਸ ਦੇ ਨਤੀਜੇ ਵਜੋਂ ਪਰਵਾਸੀ ਪੰਜਾਬੀਆਂ ਵੱਲੋਂ ਆਪਣੇ ਪਰਵਾਸ ਵਾਲੇ ਦੇਸ਼ਾਂ ਦੀ ਸਿਆਸਤ ਵਿਚ ਭਾਗ ਲੈਣ ਦਾ ਰੁਝਾਨ ਜ਼ੋਰ ਫੜਨ ਲੱਗਾ। ਇਸ ਵਰਤਾਰੇ ਦੀ ਨੀਂਹ ਦਲੀਪ ਸਿੰਘ ਸੌਂਧ ਨੇ ਭਾਵੇਂ ਪਿਛਲੀ ਸਦੀ ਦੇ ਪੰਜਾਹਵੇਂ ਦਹਾਕੇ ਵਿਚ ਅਮਰੀਕੀ ਕਾਂਗਰਸ ਦਾ ਮੈਂਬਰ ਬਣ ਕੇ ਰੱਖ ਦਿੱਤੀ ਸੀ, ਪਰ ਇਸ ਰੁਝਾਨ ਨੇ ਜ਼ੋਰ ਪਿਛਲੀ ਸਦੀ ਦੇ ਆਖਰੀ ਦਹਾਕੇ ਵਿਚ ਫੜਿਆ ਜਦੋਂ ਚੋਣਾਂ ਜਿੱਤ ਕੇ ਕੈਨੇਡਾ ਵਿਚ ਪੰਜਾਬੀ ਨਾ ਕੇਵਲ ਮੈਂਬਰ ਪਾਰਲੀਮੈਂਟ ਬਣਨ ਲੱਗੇ ਸਗੋਂ ਵਜ਼ੀਰਾਂ ਦੀਆਂ ਕੁਰਸੀਆਂ 'ਤੇ ਵੀ ਬੈਠਣ ਲੱਗ ਗਏ। ਇਨ੍ਹਾਂ ਵਿਚੋਂ ਬਹੁਤੇ ਕੈਨੇਡਾ ਵਿਚ ਜਨਤਕ ਅਹੁਦਾ ਹਾਸਲ ਕਰਨ ਪਿੱਛੋਂ ਪੰਜਾਬ ਦਾ ਗੇੜਾ ਜ਼ਰੂਰ ਮਾਰਦੇ ਸਨ, ਜਿਵੇਂ ਗੁਰਬਖਸ਼ ਸਿੰਘ ਮੱਲ੍ਹੀ, ਉਜਲ ਦੋਸਾਂਝ ਅਤੇ ਰੂਬੀ ਢੱਲਾ ਆਦਿ। ਇਨ੍ਹਾਂ ਗੇੜਿਆਂ ਦੀ ਬਦੌਲਤ ਪੰਜਾਬ ਤੇ ਕੈਨੇਡਾ ਦੇ ਪੰਜਾਬੀ ਸਿਆਸਤਦਾਨਾਂ ਵਿਚ ਦੁਵੱਲੀ ਦਿਲਚਸਪੀ ਜਾਗਣ ਦਾ ਮਾਹੌਲ ਬਣ ਗਿਆ। ਆਰਥਿਕ ਤੰਗੀ ਵਿਚੋਂ ਗੁਜ਼ਰ ਰਹੇ ਪੰਜਾਬ ਦੀ ਬਾਦਲ ਸਰਕਾਰ ਨੂੰ ਇਸ ਮੇਲ-ਜੋਲ ਵਿਚੋਂ ਮਾਇਕ ਰਾਹਤ ਤੇ ਪੰਜਾਬੀ ਮੂਲ ਦੇ ਕੈਨੇਡੀਅਨ ਲੀਡਰਾਂ ਨੂੰ ਪੰਜਾਬ ਵਾਸੀਆਂ ਦੇ ਕੈਨੇਡਾ ਰਹਿੰਦੇ ਰਿਸ਼ਤੇਦਾਰਾਂ ਦੀਆਂ ਵੋਟਾਂ ਪੱਕੀਆਂ ਕਰਨ ਦੇ ਰੂਟ ਨਜ਼ਰ ਆਉਣ ਲੱਗੇ।

ਨਤੀਜੇ ਵਜੋਂ, ਸੂਬਾ ਸਰਕਾਰ ਨਾਲ ਸਬੰਧਤ ਸ਼ਿਕਾਇਤਾਂ ਦੇ ਹੱਲ ਰਾਹੀਂ ਪਰਵਾਸੀਆਂ ਨੂੰ ਪਤਿਆਉਣ ਲਈ ਬਾਦਲ ਸਰਕਾਰ ਨੇ ਜਿਥੇ ਐਨ.ਆਰ.ਆਈ. ਸਭਾ, ਮੰਤਰਾਲਾ, ਹਾਟ ਲਾਈਨ ਤੇ ਪੁਲਿਸ ਸੈਲ ਆਦਿ ਬਣਾਏ, ਉਥੇ ਪਰਵਾਸੀਆਂ ਨੇ ਪੰਜਾਬ ਦੇ ਉਦਯੋਗ ਵਿਚ ਨਿਵੇਸ਼ ਕਰਨ ਲਈ, ਦਾਨ ਰਾਹੀਂ ਵਿਕਾਸ ਦੇ ਪੇਂਡੂ ਪ੍ਰਾਜੈਕਟ ਅਪਨਾਉਣ ਲਈ ਸਹਿਮਤੀਆਂ 'ਤੇ ਸਹੀ ਪਾਉਣੀ ਸ਼ੁਰੂ ਕਰ ਦਿੱਤੀ। ਪਰਵਾਸੀਆਂ ਨਾਲ ਬਣਾਏ ਜਾ ਰਹੇ ਰਾਬਤੇ ਨੂੰ ਅਰਥ ਭਰਪੂਰ ਬਣਾਉਣ ਲਈ ਬਾਦਲ ਸਰਕਾਰ ਨੇ ਵੱਡੇ ਫੰਡ ਖਰਚ ਕੇ ਸਾਲਾਨਾ ਪਰਵਾਸੀ ਸੰਮੇਲਨ ਵੀ ਕਰਵਾਏ, ਪਰ ਦੋਵਾਂ ਧਿਰਾਂ ਵਿਚਲਾ ਇਹ ਹਨੀਮੂਨ ਜਲਦੀ ਹੀ ਖਤਮ ਹੋ ਗਿਆ। ਦੂਜੇ ਪਰਵਾਸੀ ਸੰਮੇਲਨ ਤਕ ਪਹੁੰਚਦੇ ਪਹੁੰਚਦੇ ਭਾਵੇਂ ਦਫਤਰੀ ਕੰਮ ਅਤੇ ਸਰਕਾਰੀ ਆਓ ਭਗਤ ਹੋਣ ਕਾਰਨ ਪਰਵਾਸੀ ਅਕਾਲੀ ਲੀਡਰ ਤਾਂ ਬਾਦਲ ਸਰਕਾਰ ਤੋਂ ਖੁਸ਼ ਹੋ ਗਏ, ਪਰ ਆਮ ਪਰਵਾਸੀ ਨਿਰਾਸ਼ ਹੋ ਗਏ। ਦੂਜੇ ਸਾਲਾਨਾ ਪਰਵਾਸੀ ਸੰਮੇਲਨ ਵਿਚ ਅਣਸੁਲਝੇ ਪੁਲਿਸ ਕੇਸਾਂ, ਜਾਇਦਾਦਾਂ ਦੇ ਨਜਾਇਜ਼ ਕਬਜ਼ਿਆਂ ਤੇ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਦੀ ਗਿਣਤੀ ਇੰਨੀ ਵਧ ਗਈ ਅਤੇ ਪੀੜਤਾਂ ਦੀ ਸੁਰ ਇੰਨੀ ਤਿੱਖੀ ਹੋ ਗਈ ਕਿ ਬਾਦਲ ਸਰਕਾਰ ਲਈ ਇਹ ਸੰਮੇਲਨ ਘਾਟੇ ਦਾ ਸੌਦਾ ਬਣਦੇ ਜਾਪੇ। ਪਰਵਾਸੀ ਪੰਜਾਬੀਆਂ ਦੀ ਲੁਕਵੀਂ ਨਾਰਾਜ਼ਗੀ ਬਾਹਰ ਆਉਣ ਲੱਗੀ। ਸੋ, ਸਾਲਾਨਾ ਪਰਵਾਸੀ ਸੰਮੇਲਨ ਠੰਢੇ ਬਸਤੇ ਵਿਚ ਪੈ ਗਏ।

ਇਸ ਅਮਲ ਨਾਲ ਜ਼ਿਕਰਯੋਗ ਪੰਜਾਬੀ ਵਸੋਂ ਵਾਲੇ ਲਗਪਗ ਸਾਰੇ ਪਰਦੇਸਾਂ ਵਿਚ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਮਾਨ ਅਕਾਲੀ ਦਲ ਤੇ ਕਾਂਗਰਸ ਦੀਆਂ ਇਕਾਈਆਂ ਬਣ ਤਾਂ ਜ਼ਰੂਰ ਗਈਆਂ ਸਨ, ਪਰ ਕਿਸੇ ਸਿਆਸੀ ਸਰਗਰਮੀ ਦੀ ਥਾਂ ਇਹ ਪੰਜਾਬ ਤੋਂ ਵਿਦੇਸ਼ ਘੁੰਮਣ ਆਉਣ ਵਾਲੇ ਲੀਡਰਾਂ ਤੇ ਅਫਸਰਸ਼ਾਹਾਂ ਦੀ ਮਹਿਮਾਨ ਨਿਵਾਜ਼ੀ ਤਕ ਹੀ ਸੀਮਤ ਰਹਿੰਦੀਆਂ ਸਨ। ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਦੇ 2012 ਦੀਆਂ ਚੋਣਾਂ ਵੇਲੇ ਹੋਂਦ ਵਿਚ ਆਉਣ ਨਾਲ ਪਰਵਾਸੀਆਂ ਦਾ ਪੰਜਾਬ ਨਾਲ ਸਬੰਧਾਂ ਵਿਚ ਚੀਅਰਲੀਡਰ/ਹੱਲਾਸ਼ੇਰੀ ਦੇਣ ਵਾਲਿਆਂ ਦੇ ਰੂਪ ਵਿਚ ਸਿਆਸੀ ਦਾਖਲਾ ਸ਼ੁਰੂ ਹੋ ਗਿਆ। ਪੰਜਾਬ ਨੂੰ 'ਬਚਾਉਣ' ਅਤੇ 'ਬਦਲਣ' ਦੇ ਨਾਅਰੇ ਸਮੁੰਦਰੋਂ ਪਾਰ ਉਠਣ ਲੱਗੇ। ਸੂਬੇ ਵਿਚ ਦੋ ਰਵਾਇਤੀ ਸਿਆਸੀ ਪਾਰਟੀਆਂ ਵੱਲੋਂ ਰਚੇ ਗਏ ਸਿਆਸੀ ਵਿਊਹਚੱਕਰ ਨੂੰ ਤੋੜਨ ਲਈ ਤੀਜੇ ਬਦਲ ਦੀ ਸੰਭਾਵਨਾ ਪੈਦਾ ਹੋ ਗਈ। ਪੰਜਾਬ ਦੇ ਲੀਡਰਾਂ ਦੀ ਭ੍ਰਿਸ਼ਟਾਚਾਰੀ, ਦਾਦਾਗਿਰੀ, ਭਾਈ ਭਤੀਜਾਵਾਦ ਤੇ ਸਿਆਸੀ ਲੁੱਟ-ਕੁੱਟ ਤੋਂ ਸਤੇ ਪਰਵਾਸੀਆਂ ਨੂੰ ਮਨਪ੍ਰੀਤ ਵਿਚ ਪੰਜਾਬ ਨੂੰ ਮੁੜ ਲੀਹ 'ਤੇ ਲਿਆਉਣ ਵਾਲਾ ਮਸੀਹਾ ਨਜ਼ਰ ਆਇਆ। ਫਲਸਰੂਪ ਵਿਦੇਸ਼ਾਂ ਵਿਚ ਉਸ ਦੀਆਂ ਰੈਲੀਆਂ ਨੂੰ ਵੱਡਾ ਹੁੰਗਾਰਾ ਮਿਲਿਆ, ਫੰਡ ਇਕੱਠੇ ਹੋਣ ਲੱਗੇ। 2012 ਦੀਆਂ ਚੋਣਾਂ ਦੇ ਪ੍ਰਚਾਰ ਲਈ ਪਹਿਲੀ ਵਾਰ ਪਰਵਾਸੀ ਮਿੱਥ ਕੇ ਪੰਜਾਬ ਆਏ। ਇਨ੍ਹਾਂ ਦੀ ਗਿਣਤੀ ਭਾਵੇਂ ਬਹੁਤੀ ਨਹੀਂ ਸੀ, ਪਰ ਦੁਆਬੇ ਅਤੇ ਮਾਲਵੇ ਦੇ ਕੁਝ ਚੋਣ ਹਲਕਿਆਂ ਵਿਚ ਇਨ੍ਹਾਂ ਨੇ ਅਸਰ ਭਰਵਾਂ ਕੀਤਾ।

ਪਰਵਾਸੀ ਪੰਜਾਬੀਆਂ ਦੀ ਹੱਲਾਸ਼ੇਰੀ ਨਾਲ ਚੜ੍ਹੀ ਮਨਪ੍ਰੀਤ ਬਾਦਲ ਦੀ ਪਾਰਟੀ ਭਾਵੇਂ ਬੁਰੀ ਤਰ੍ਹਾਂ ਹਾਰ ਗਈ, ਪਰ ਚੋਣਾਂ ਰਾਹੀਂ ਪੰਜਾਬ ਦੇ ਸਿਸਟਮ ਤੇ ਸਿਆਸਤ ਦੀ ਸੁਧਾਈ ਕਰਨ ਲਈ ਪਰਵਾਸੀਆਂ ਨੂੰ ਦ੍ਰਿੜ ਕਰ ਗਈ। ਪਰਵਾਸੀਆਂ ਦੇ ਇਸੇ ਇਰਾਦੇ ਨੂੰ ਅੱਗੇ ਜਾ ਕੇ ਕੇਜਰੀਵਾਲ ਦੀ ਆਮ ਆਦਮੀ ਪਾਰਟੀ (ਆਪ) ਨੇ ਨਾ ਕੇਵਲ ਬੋਚ ਲਿਆ, ਸਗੋਂ ਅਕਾਲੀ-ਭਾਜਪਾ ਗੱਠਜੋੜ ਦੇ ਲਗਾਤਾਰ ਦੋ ਪਾਰੀਆਂ ਦੇ ਰਾਜ ਤੋਂ ਅੱਕੇ ਤੇ ਚਿੜੇ ਪਏ ਪੰਜਾਬ ਵਾਸੀਆਂ ਦੀ ਨਾਰਾਜ਼ਗੀ ਨੂੰ ਸੂਬੇ ਵਿਚ ਆਪਣੀ ਸਿਆਸੀ ਸ਼ਕਤੀ ਬਣਾ ਲਿਆ। ਫਲਸਰੂਪ, ਮਾਮੂਲੀ ਆਧਾਰ ਵਾਲੀ ਇਹ ਪਾਰਟੀ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਗਵੰਤ ਮਾਨ ਦੀ ਰਿਕਾਰਡ ਜਿੱਤ ਸਮੇਤ ਪਾਰਲੀਮੈਂਟ ਦੀਆਂ ਚਾਰ ਸੀਟਾਂ ਜਿੱਤ ਗਈ। ਇਨ੍ਹਾਂ ਨਤੀਜਿਆਂ ਤੋਂ ਹੱਲਾਸ਼ੇਰੀ ਲੈ ਕੇ 'ਆਪ' ਨੇ ਪੰਜਾਬ ਚੋਣਾਂ ਵਿਚ ਪਰਵਾਸੀ ਪੰਜਾਬੀਆਂ ਦੀ ਸ਼ਮੂਲੀਅਤ ਦਾ ਅਗਲਾ ਗੇੜ ਸ਼ੁਰੂ ਕਰ ਦਿੱਤਾ। ਪੰਜਾਬ ਦੀਆਂ 2017 ਦੀਆਂ ਅਸੈਂਬਲੀ ਚੋਣਾਂ ਦਾ ਬਿਗਲ ਵੱਜਦਿਆਂ ਹੀ ਪਰਵਾਸੀਆਂ ਦਾ ਰੋਲ ਕੇਵਲ ਮਾਇਕ ਸਹਾਇਤਾ ਤੇ ਵਿਰਲਾ ਵਾਂਝਾ ਚੋਣ ਪ੍ਰਚਾਰ ਕਰਨ ਤਕ ਹੀ ਸੀਮਤ ਨਾ ਰਿਹਾ, ਸਗੋਂ ਵਧ ਕੇ ਸਰਗਰਮ ਸਿਆਸੀ ਵਰਕਰਾਂ ਤੇ ਲੀਡਰਾਂ ਵਾਲਾ ਬਣਨ ਲੱਗਿਆ। ਇਕ-ਦੋ ਪਰਵਾਸੀਆਂ ਨੇ ਤਾਂ ਚੋਣਾਂ ਵਿਚ ਸਿੱਧਾ ਕੁੱਦਣ ਲਈ ਮਹਿੰਗੇ ਮੁੱਲ ਹਾਸਲ ਕੀਤੀ ਅਮਰੀਕਾ/ਕੈਨੇਡਾ ਦੀ ਸਿਟੀਜ਼ਨਸ਼ਿਪ ਵੀ ਛੱਡ ਦਿੱਤੀ। ਪਰਵਾਸੀ ਭਾਈਚਾਰੇ ਦੀ ਚੋਣਾਂ ਵਿਚ ਤਾਜ਼ੀ ਉਜਾਗਰ ਹੋਈ ਤਾਕਤ ਨੂੰ ਸਿਆਸੀ ਕਲਾਵੇ ਵਿਚ ਲੈਣ ਲਈ ਭਾਵੇਂ ਦੂਜੀਆਂ ਪਾਰਟੀਆਂ ਖਾਸ ਤੌਰ 'ਤੇ ਕਾਂਗਰਸ ਤੇ ਸੱਤਾਧਾਰੀ ਬਾਦਲ ਅਕਾਲੀ ਦਲ ਨੇ ਵੀ ਆਪਣੇ ਲੀਡਰਾਂ ਦੇ ਵਿਦੇਸ਼ੀ ਦੌਰਿਆਂ ਰਾਹੀਂ ਕੋਸ਼ਿਸ਼ ਕੀਤੀ, ਪਰ ਇਨ੍ਹਾਂ ਨੂੰ 'ਆਪ' ਵਾਲਾ ਹੁੰਗਾਰਾ ਨਹੀਂ ਮਿਲਿਆ।

ਰੋਚਕ ਗੱਲ ਇਹ ਕਿ ਪੰਜਾਬ ਸਿਆਸਤ ਵਿਚ ਪਰਵਾਸੀ ਫੈਕਟਰ ਦੇ ਪੈਦਾ ਹੋਣ ਦਾ ਜੈਵਿਕ ਕਾਰਨ ਸੂਚਨਾ ਕ੍ਰਾਂਤੀ ਬਣੀ ਹੈ। ਇਸ ਤੋਂ ਪਹਿਲਾਂ ਪਰਦੇਸ ਗਿਆਂ ਨਾਲ ਪਿੱਛੇ ਰਹਿ ਗਿਆਂ ਦਾ ਸੰਪਰਕ ਵਰ੍ਹੇ-ਛਿਮਾਹੀਂ ਆਉਣ ਵਾਲੀ ਚਿੱਠੀ ਹੀ ਹੁੰਦੀ ਸੀ, ਪਰ ਹੁਣ ਸਸਤੀ ਤੇ ਸੌਖੀ ਸਮਾਰਟ ਫੋਨ/ਨੈਟ ਸਹੂਲਤ ਕਾਰਨ ਸਮਾਂ ਅਤੇ ਵਿੱਥ ਮਿਟ ਗਈ ਹੈ। ਪਰਵਾਸੀ ਪੰਜਾਬੀ ਤੇ ਪੰਜਾਬ ਵਾਸੀ ਰੀਅਲਟਾਈਮ ਵਿਚ ਇੱਕ-ਦੂਜੇ ਨਾਲ ਸਾਈਬਰ ਸਪੇਸ ਵਿਚ ਚੌਵੀ ਘੰਟੇ ਜੁੜੇ ਰਹਿੰਦੇ ਹਨ। ਉਹ ਭਾਵੇਂ ਦੁਨੀਆਂ ਦੇ ਜਿਹੜੇ ਮਰਜ਼ੀ ਕੋਨੇ ਵਿਚ ਰਹਿੰਦੇ ਹੋਣ, ਪੰਜਾਬ ਵਿਚੋਂ ਗੈਰਹਾਜ਼ਰ ਨਹੀਂ ਹੁੰਦੇ। ਇੰਜ ਪੰਜਾਬ ਵਿਚ ਅਜੋਕੇ ਪਰਵਾਸੀਆਂ ਦੀ ਸਾਈਬਰ-ਸਪੇਸੀ ਹਾਜ਼ਰੀ ਇਕ ਤਰ੍ਹਾਂ ਨਾਲ ਉਨ੍ਹਾਂ ਨੂੰ ਸਿਆਸਤ ਸਮੇਤ ਸੂਬੇ ਦੇ ਹਰ ਸ਼ੋਹਬੇ ਨਾਲ ਵਾਬਸਤਾ ਰੱਖਦੀ ਹੈ। ਇੰਟਰਨੈਟ ਕਾਰਨ ਬਰਾਡਕਾਸਟਿੰਗ ਤੇ ਛਪਾਈ ਤਕਨੀਕਾਂ ਸਰਲ ਤੇ ਸਸਤੀਆਂ ਹੋਣ ਕਾਰਨ ਅਨੇਕਾਂ ਅਖਬਾਰ, ਟੈਲੀਵਿਜ਼ਨ, ਰੇਡੀਓ ਅਤੇ 'ਬਲਾਗ' ਨਾ ਕੇਵਲ ਪੰਜਾਬ ਦੀ ਨਿੱਕੀ ਤੋਂ ਨਿੱਕੀ ਤੇ ਤਾਜ਼ਾ-ਤਰੀਨ ਖਬਰ ਦਿੰਦੇ ਰਹਿੰਦੇ ਹਨ, ਸਗੋਂ ਅਹਿਮ ਘਟਨਾਵਾਂ ਨੂੰ ਅਕਸਰ 'ਲਾਈਵ' ਵੀ ਕਰਦੇ ਰਹਿੰਦੇ ਹਨ।

ਇਸ ਵਾਰ ਪੰਜਾਬ ਚੋਣਾਂ ਵਿਚ ਪਰਵਾਸੀਆਂ ਦੀ ਭਰਵੀਂ ਸ਼ਿਰਕਤ ਦੇ ਪਿੱਛੋਕੜ ਵਿਚ ਇਹ ਸਾਰੇ ਤੱਥ ਪਏ ਹਨ। ਪਰਵਾਸੀਆਂ ਦੇ ਜ਼ਿਆਦਾਤਰ ਆਮ ਆਦਮੀ ਪਾਰਟੀ ਦੇ ਹੱਕ ਵਿਚ ਸਰਗਰਮ ਹੋਣ ਕਾਰਨ ਭਾਵੇਂ ਦੂਜੀਆਂ ਦੋਵੇਂ ਵੱਡੀਆਂ ਪਾਰਟੀਆਂ-ਬਾਦਲ ਅਕਾਲੀ ਦਲ ਤੇ ਕਾਂਗਰਸ, ਨਾ ਕੇਵਲ ਔਖੀਆਂ ਹਨ, ਸਗੋਂ ਕਾਂਗਰਸ ਨੇ ਤਾਂ ਪ੍ਰਚਾਰ ਦੌਰਾਨ ਚੋਣ ਕਮਿਸ਼ਨ ਤੋਂ ਇਨ੍ਹਾਂ ਨੂੰ ਸੂਬੇ ਤੋਂ ਬਾਹਰ ਕੱਢਣ ਦੀ ਮੰਗ ਵੀ ਕੀਤੀ ਹੈ। ਹਾਲਾਂਕਿ ਪ੍ਰਚਲਿਤ ਚੋਣ ਨਿਯਮਾਂ ਅਨੁਸਾਰ ਭਾਰਤੀ ਪਾਸਪੋਰਟ ਵਾਲੇ ਪਰਵਾਸੀ ਨਾ ਕੇਵਲ ਚੋਣ ਪ੍ਰਚਾਰ ਵਿਚ ਹਿੱਸਾ ਲੈ ਸਕਦੇ ਹਨ, ਸਗੋਂ ਕਮਿਸ਼ਨ ਵੱਲੋਂ ਮਿੱਥੇ ਗਏ ਤਰੀਕਾ-ਏ-ਕਾਰ ਰਾਹੀਂ ਵੋਟ ਵੀ ਪਾ ਸਕਦੇ ਹਨ।

ਸੋ ਪਰਵਾਸੀ ਪੰਜਾਬੀ ਜੇ ਇਸ ਵਾਰ ਵੋਟਿੰਗ ਦਾ ਰੁਖ ਮੋੜਨ ਵਿਚ ਕਾਮਯਾਬ ਹੋ ਗਏ ਤਾਂ ਅੱਗੇ ਤੋਂ ਪੰਜਾਬ ਚੋਣਾਂ ਦੇ ਵਿਉਂਤਕਾਰਾਂ ਲਈ ਮਾਲਵਾ, ਮਾਝਾ ਤੇ ਦੋਆਬਾ ਦੇ ਤਿੰਨ ਖੇਤਰਾਂ ਵਿਚ ਚੌਥੇ ਖੇਤਰ ਦੇ ਤੌਰ 'ਤੇ 'ਪਰਵਾਸੀ ਪੰਜਾਬ' ਪੱਕੇ ਤੌਰ 'ਤੇ ਜੁੜ ਜਾਵੇਗਾ।

***ਪੰਜਾਬ ਦੀ ਸਿਆਸਤ ਵਿਚ ਪਰਵਾਸੀ ਪੰਜਾਬੀਆਂ ਦੀ ਦਿਲਚਸਪੀ ਦਾ ਮੁੱਢ ਗ਼ਦਰੀਆਂ ਵੱਲੋਂ ਬੰਨ੍ਹਿਆ ਮੰਨਿਆ ਜਾ ਸਕਦਾ ਹੈ, ਪਰ ਗਦਰੀਆਂ ਦੀ ਸਿਆਸੀ ਦਿਲਚਸਪੀ ਦੇ ਕਲਾਵੇ ਵਿਚ ਇਕੱਲਾ ਪੰਜਾਬ ਹੀ ਨਹੀਂ, ਸਗੋਂ ਪੂਰਾ ਹਿੰਦੋਸਤਾਨ ਆਉਂਦਾ ਸੀ। ਆਜ਼ਾਦੀ ਤੋਂ ਬਾਅਦ ਸਿਆਸੀ ਤੇ ਸਮਾਜਿਕ ਕਾਰਨਾਂ ਕਰ ਕੇ ਪਰਵਾਸੀ ਪੰਜਾਬੀਆਂ ਦੀ ਸਿਆਸੀ ਦਿਲਚਸਪੀ ਜ਼ਿਆਦਾਤਰ ਪੰਜਾਬ ਤਕ ਸੀਮਤ ਰਹਿਣ ਲੱਗ ਪਈ। ਅੱਸੀ ਦੇ ਦਹਾਕੇ ਦੀ ਖਾੜਕੂ ਲਹਿਰ ਨੇ ਇਸ ਸੀਮਾ ਨੂੰ ਇਕ ਤਰ੍ਹਾਂ ਨਾਲ ਗੂੜ੍ਹਾ ਕਰ ਦਿੱਤਾ।***



# ਸਿੱਖ ਧਰਮ 'ਤੇ ਸਿਆਸਤ ਦਾ ਪ੍ਰਭਾਵ

ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੇ ਖਿਲਾਫ਼ ਪੰਥ ਪ੍ਰਵਾਨਿਤ ਅਰਦਾਸ ਦੀ ਨਕਲ ਦੀ ਪੇਸ਼ਕਾਰੀ ਸਮੇਂ ਮੌਜੂਦ ਰਹਿਣ ਅਤੇ ਇਤਰਾਜ਼ ਨਾ ਕਰਨ ਦਾ ਜੋ ਦੋਸ਼ ਲੱਗਿਆ ਹੈ, ਉਸ ਦਾ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੁਣਾਇਆ ਗਿਆ ਅਤੇ ਮਲੂਕਾ ਨੇ ਇਸ ਹੁਕਮ ਨੂੰ ਬਤੌਰ ਸਿੱਖ ਖਿੜੇ ਮੱਥੇ ਪ੍ਰਵਾਨ ਕਰ ਕੇ ਅੰਤ ਆਪਣੀ ਭੁੱਲ ਬਖਸ਼ਵਾ ਲਈ। ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ 'ਤੇ ਕੋਈ ਰਾਇਜ਼ਨੀ ਦੀ ਲੋੜ ਨਹੀਂ ਅਤੇ ਨਾ ਹੀ ਇਜਾਜ਼ਤ ਹੈ, ਪਰ ਅਰਦਾਸ ਦਾ ਜੋ ਮਸਲਾ ਜਿਸ ਤਰ੍ਹਾਂ



ਭਾਈ ਅਸ਼ੋਕ ਸਿੰਘ ਬਾਗੜੀਆ
ਫੋਨ: +91-98140-95308

ਅਖ਼ਬਾਰਾਂ ਵਿਚ ਛਪਿਆ ਹੈ, ਉਹ ਜ਼ਰੂਰ ਬਾਰੀਕ ਤਫ਼ਤੀਸ਼ ਮੰਗਦਾ ਹੈ। ਖ਼ਬਰਾਂ ਮੁਤਾਬਕ ਰਾਮਪੁਰਾ ਫੂਲ ਵਿਚ ਸਿਕੰਦਰ ਸਿੰਘ ਮਲੂਕਾ ਦੇ ਚੋਣ ਦਫ਼ਤਰ ਦੇ ਉਦਘਾਟਨ ਲਈ ਅਕਾਲੀ ਸਰਕਾਰ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੇ ਆਪਣੀ ਧਾਰਮਿਕ ਰਸਮ ਕੀਤੀ। ਜੋ ਅਰਦਾਸ ਉਥੇ ਹੋਈ, ਉਹ ਪੁਜਾਰੀ ਨੇ ਕੀਤੀ। ਇਸ ਇਕੱਠ ਵਿਚ ਮਲੂਕਾ ਤੋਂ ਇਲਾਵਾ ਹੋਰ ਵੀ ਕਾਫ਼ੀ ਗਿਣਤੀ ਵਿਚ ਸਿੱਖ ਪਤਵੰਤੇ ਹੋਣਗੇ ਜਿਨ੍ਹਾਂ ਵਿਚ ਐਸ.ਜੀ.ਪੀ.ਸੀ. ਦੇ ਇਕ ਮੈਂਬਰ ਦਾ ਨਾਂ ਵੀ ਆਉਂਦਾ ਹੈ। ਅਜਿਹੇ ਹਾਲਾਤ ਵਿਚ ਇਕੱਲੇ ਮਲੂਕਾ ਨੂੰ ਦੋਸ਼ੀ ਕਰਾਰ ਦੇਣਾ ਕਿਥੋਂ ਤਕ ਸਹੀ ਹੈ? ਇਥੇ ਜੋ ਸਵਾਲ ਮੈਂ ਵਿਚਾਰਨਯੋਗ ਸਮਝਦਾ ਹਾਂ, ਉਹ ਇਹ ਹੈ ਕਿ ਜੇ ਸਿਕੰਦਰ ਸਿੰਘ ਮਲੂਕਾ ਉਥੋਂ ਅਰਦਾਸ ਦੀ ਅਵੱਗਿਆ ਦੇਖਦੇ ਹੋਏ ਆਵਾਜ਼ ਉਠਾਉਂਦੇ ਜਾਂ ਉਥੋਂ ਰੋਸ ਵਜੋਂ ਬਤੌਰ ਸਿੱਖ ਬਾਹਰ ਹੋ ਜਾਂਦੇ, ਤਾਂ ਅੱਜ ਦੇ ਸਿਆਸੀ ਰਲਗੱਡ ਕਾਰਨ ਭਾਜਪਾ ਅਤੇ ਅਕਾਲੀ ਦਲ ਸਿਆਸੀ ਗੱਠਜੋੜ ਦੀ ਗਲਵੱਕੜੀ ਢਿੱਲੀ ਪੈਣ ਦਾ ਖਤਰਾ ਪੈਦਾ ਹੋ ਜਾਣਾ ਸੀ। ਇਥੇ ਇਹ ਸਪਸ਼ਟ ਹੈ ਕਿ ਮਲੂਕਾ ਨੇ ਗੁਰਸਿੱਖ ਹੋਣ ਦੀ ਬਜਾਏ ਲੋੜਵੰਦ ਸਿਆਸਤਦਾਨ ਹੋਣ ਨੂੰ ਜ਼ਿਆਦਾ ਤਰਜੀਹ ਦਿੱਤੀ। ਇਹ ਸਿਆਸੀ ਕਦਮ ਚੁੱਕ ਕੇ ਉਨ੍ਹਾਂ ਨੇ ਬਤੌਰ ਸਿੱਖ ਸਜ਼ਾ ਕਬੂਲ ਕਰਨ ਨੂੰ ਜ਼ਿਆਦਾ ਠੀਕ ਸਮਝਿਆ।

ਇਹ ਸੰਕੇਤਕ ਘਟਨਾ ਹੈ ਕਿ ਕਿਸ ਤਰ੍ਹਾਂ ਸਿਆਸਤ ਸਾਡੇ ਧਰਮ, ਵਿਚਾਰਧਾਰਾ, ਵਿਹਾਰ ਅਤੇ ਅਸੂਲਾਂ ਉਤੇ ਭਾਰੂ ਹੋ ਰਹੀ ਹੈ। ਸਿਆਸਤ ਲਈ ਗੁਰੂ ਨੂੰ ਪਿੱਛੇ ਧੱਕ ਕੇ ਸਿਆਸੀ ਲਾਹਾ ਲੈਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ। ਪਹਿਲਾਂ ਹੀ ਇਸ ਸਰਕਾਰ ਦੇ ਰਾਜ-ਕਾਲ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਜੋ ਮਾਮਲੇ ਹੋਏ, ਉਨ੍ਹਾਂ ਸਬੰਧੀ ਕੋਈ ਦੋਸ਼ੀ ਗ੍ਰਿਫ਼ਤਾਰ ਨਾ ਹੋਣਾ ਸਿੱਖ ਮਨਾਂ ਨੇ ਅਜੇ ਤਕ ਨਹੀਂ ਕਬੂਲਿਆ।

ਜੇ ਅਰਦਾਸ ਦੀ ਗੱਲ ਅੱਗੇ ਕਰੀਏ ਤਾਂ ਅਰਦਾਸ ਨਾਲ ਜੋ ਛੇੜਖਾਨੀ ਹੋਈ, ਇਹ ਇਕ ਗ਼ੈਰ-ਸਿੱਖ ਨੇ ਸਿੱਖਾਂ ਵਿਚ ਖਤੂੰ ਕੇ ਕੀਤੀ; ਲੇਕਿਨ ਜੋ ਆਪਣੇ ਆਪ ਨੂੰ ਸਿੱਖ ਕਹਾਉਣ ਵਾਲੇ ਅਰਦਾਸ ਨੂੰ ਇਸ ਤਰੀਕੇ ਨਾਲ ਬਦਲ ਰਹੇ ਹਨ ਕਿ ਜਿਥੇ ਸਿੱਖ ਸਿਧਾਂਤ ਹੀ ਬਦਲ ਗਿਆ ਹੈ, ਉਸ ਉਪਰ ਕਦੇ ਕੋਈ ਹੀਲ ਹੁੱਜਤ ਨਹੀਂ ਹੋਈ। ਉਂਜ, ਸਿੱਖ ਅਰਦਾਸ ਵਿਚ ਸਿੱਖ ਸਿਧਾਂਤ ਉਲਟਾ ਦੇਣਾ ਸਾਡੇ ਸਿਆਸੀ ਧਾਰਮਿਕ ਆਗੂ ਸਵੀਕਾਰ ਕਰੀ ਜਾ ਰਹੇ ਹਨ। ਪੰਥ ਪ੍ਰਵਾਨਿਤ ਅਰਦਾਸ ਵਿਚ ਸ਼ਬਦ ਹਨ- "ਪੰਜੇ ਪਿਆਰੇ, ਚਾਰ ਸਾਹਿਬਜ਼ਾਦੇ" ਜਿਸ ਦਾ ਮਨੋਰਥ ਇਹ ਸਮਝ ਆਉਂਦਾ ਹੈ ਕਿ ਸਿੱਖ ਧਰਮ ਵਿਚ ਸੰਗਤ ਦਾ ਦਰਜਾ ਪਰਿਵਾਰ ਤੋਂ ਪਹਿਲਾਂ ਆਉਂਦਾ ਹੈ। ਇਸ ਦੀ ਮਿਸਾਲ ਸਾਨੂੰ ਦਸਮੇਸ਼ ਪਿਤਾ ਦੇ ਉਸ ਦੁਖਦਾਈ ਸਮੇਂ ਤੋਂ ਮਿਲਦੀ ਹੈ ਜਦੋਂ ਉਹ ਆਪਣੇ ਪਿਆਰਿਆਂ ਨਾਲ ਆਪਣੇ ਸਾਹਿਬਜ਼ਾਦਿਆਂ ਦੀ ਮ੍ਰਿਤਕ ਦੇਹਾਂ ਇਕ ਬਰਾਬਰ ਸਮਝ ਕੇ ਮਾਛੀਵਾੜੇ ਤੋਂ ਰਵਾਨਾ ਹੋਏ। ਸਾਹਿਬਜ਼ਾਦਿਆਂ ਨੂੰ ਬਾਕੀ ਸਿੱਖਾਂ ਨਾਲੋਂ ਉਚਾ ਜਾਂ ਵੱਖਰਾ ਨਹੀਂ ਸਮਝਿਆ। ਸਿੱਖ ਗੁਰੂ ਇਤਿਹਾਸ ਵਿਚ ਗੁਰੂ ਸਾਹਿਬਾਨ ਨੇ ਆਪਣੇ ਉਤਰਾਧਿਕਾਰੀ ਬਣਾਉਣ ਸਮੇਂ ਆਪਣੇ ਪਰਿਵਾਰ ਨੂੰ ਕਿਤੇ ਤਰਜੀਹ ਨਹੀਂ ਦਿੱਤੀ। ਲਿਆਕਤ ਅਤੇ ਕਾਬਲੀਅਤ, ਸ਼ਰਧਾ ਨੂੰ ਸਿਰਮੌਰ ਰੱਖਿਆ, ਪਰ ਜੋ ਅਰਦਾਸ ਸਿੱਖਾਂ ਦੇ ਇਕ ਵਰਗ ਵੱਲੋਂ ਕੀਤੀ ਜਾਂਦੀ ਹੈ, ਉਸ ਵਿਚ "ਚਾਰ ਸਾਹਿਬਜ਼ਾਦੇ, ਪੰਜ ਪਿਆਰੇ" ਕਹੇ ਜਾਂਦੇ ਹਨ। ਜਿਥੇ ਇਹ ਪੰਥ ਪ੍ਰਵਾਨਿਤ ਅਰਦਾਸ ਦੀ ਵੀ ਅਵੱਗਿਆ ਹੈ ਅਤੇ ਸਿੱਖ ਸਿਧਾਂਤ ਦੀ ਵੀ ਹੈ।

ਪਿੱਛੇ ਜਿਹੇ ਪੀ.ਟੀ.ਸੀ. ਤੋਂ ਇਕ ਦਸਤਾਵੇਜ਼ੀ ਕਲਿੱਪ ਦੇਖੀ ਜਿਸ ਵਿਚ ਪਤਾਲਪੁਰੀ ਫੂਲ ਤਾਰਦੇ ਦਿਖਾਏ ਗਏ ਤੇ ਅਰਦਾਸ ਹੋਈ ਜਦੋਂਕਿ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਵਿਚ ਇਸ ਗੱਲ ਦੀ ਸਿੱਖ ਨੂੰ ਸਖ਼ਤ ਮਨਾਹੀ ਹੈ। ਰਹਿਤ ਮਰਿਯਾਦਾ ਤਾਂ ਕਹਿੰਦੀ ਹੈ- '... ਅੰਗੀਠੇ ਵਿਚੋਂ ਫੂਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿ ਥਾਵਾਂ ਵਿਚ ਜਾ ਕੇ ਪਾਉਣੇ ਮਨਮਤ ਹੈ।' (ਪੰਨਾ 26) ਅਜਿਹੀਆਂ ਇਕਾ-ਦੁਕਾ ਘਟਨਾਵਾਂ ਨੂੰ ਵੱਖਰੀਆਂ ਕਰ ਕੇ ਨਹੀਂ ਵਿਚਾਰਿਆ ਜਾ ਸਕਦਾ। ਇਨ੍ਹਾਂ ਨੂੰ ਸਮੂਹਿਕ ਤੌਰ 'ਤੇ ਵਿਚਾਰ ਕੇ ਇਸ ਦਾ ਜੋ ਅਸਰ ਸਿੱਖ ਧਰਮ ਅਤੇ ਸਿੱਖ ਸਮਾਜ ਉਤੇ ਹੋ ਰਿਹਾ ਹੈ, ਉਸ ਨੂੰ ਦੇਖਿਆ ਅਤੇ ਸਮਝਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਸਿਆਸਤ ਦੀ ਸਿੱਖ ਧਰਮ ਵਿਚ ਦਖਲਅੰਦਾਜ਼ੀ ਦਾ ਜੋ ਪ੍ਰਭਾਵ ਦਿਖਣਾ ਸ਼ੁਰੂ ਹੋ ਗਿਆ ਹੈ, ਇਸ ਨੂੰ ਵੱਡੇ ਪ੍ਰਸੰਗ ਵਿਚ ਵੱਡੀ ਚਿੰਤਾ ਵਜੋਂ ਸੰਜੀਦਗੀ ਨਾਲ ਵਿਚਾਰਨਾ ਅੱਜ ਸਿੱਖਾਂ ਦੀ ਸਭ ਤੋਂ ਵੱਡੀ ਲੋੜ ਬਣ ਗਿਆ ਹੈ।

ਆਨੰਦਪੁਰ ਸਾਹਿਬ ਮਤਾ ਜਿਸ ਵਿਚ ਹਿੰਦੁਸਤਾਨ ਤੇ ਸਿਆਸੀ ਢਾਂਚੇ ਅੰਦਰ ਰਹਿ ਕੇ ਸਿੱਖਾਂ ਦੀ ਆਪਣੀ ਕਲਚਰ, ਜ਼ੁਬਾਨ ਅਤੇ ਧਰਮ ਵਾਸਤੇ ਕੁਝ ਸਹੂਲਤਾਂ ਦੀ ਮੰਗ ਕੀਤੀ ਗਈ ਸੀ, ਉਹ ਵੀ ਅੱਜ ਸਿਆਸਤ ਗੱਠਜੋੜ ਦੇ ਕੁਰਬਾਨ ਚੜ੍ਹ ਗਿਆ ਹੈ। ਪੰਜਾਬੀ ਸੂਬਾ ਜੋ ਇਕ ਭਾਸ਼ਾਈ ਸੂਬਾ ਹੋਣਾ ਚਾਹੀਦਾ ਸੀ, ਉਸ ਵਿਚ ਪੰਜਾਬੀ ਨੂੰ ਉਸ ਦੀ ਬਣਦੀ ਜਗ੍ਹਾ ਅਜੇ ਤਕ ਨਹੀਂ ਮਿਲੀ। ਪੰਜਾਬ ਦੀ ਮੁਖ਼ਾਲਫ਼ਤ ਤਾਂ ਇਥੋਂ ਤਕ ਵਧ ਗਈ ਹੈ ਕਿ ਬਾਦਲ ਸਰਕਾਰ ਦੀ ਭਾਈਵਾਲ ਪਾਰਟੀ ਗੁਆਂਢੀ ਸੂਬੇ ਵਿਚ ਪੰਜਾਬੀ ਖਿਲਾਫ਼ ਮੋਰਚਾ ਲਗਾਉਣ ਵਾਲਿਆਂ ਨੂੰ ਫਰੀਡਮ ਫਾਈਟਰ ਦਾ ਦਰਜਾ ਦੇਣ ਲਈ ਉਤਾਵਲੀ ਹੋ ਰਹੀ ਹੈ। ਮੌਜੂਦਾ ਸਿਆਸੀ ਮਾਹੌਲ ਵਿਚ ਘੱਟਗਿਣਤੀਆਂ ਅਤੇ ਸੂਬਾਈ ਜ਼ੁਬਾਨ ਕਲਚਰ ਨੂੰ ਆਪਣੀ ਜਗ੍ਹਾ ਮਹਿਫੂਜ਼ ਰੱਖਣ ਲਈ ਬਹੁਤ ਸੰਜੀਦਾ ਅਤੇ ਚੌਕੰਨੇ ਹੋ ਕੇ ਰਾਖੀ ਕੀਤੀ ਜਾਣੀ ਚਾਹੀਦੀ ਹੈ।

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਸਿਆਸੀ ਸ਼ਖਸੀਅਤਾਂ ਬਾਰੇ ਸੰਕੇਤਕ ਸਾਖੀਆਂ

ਜੰਗਲ ਵਿਚ ਰਹਿੰਦਾ ਸ਼ੇਰ ਕਾਫੀ ਬੁੱਢਾ ਹੋ ਗਿਆ। ਉਸ ਨੂੰ ਹੁਣ ਸ਼ਿਕਾਰ ਮਾਰਨ ਵਿਚ ਔਕੜ ਆਉਣ ਲੱਗੀ। ਇੰਜ ਕਈ ਡੰਗ ਉਸ ਨੂੰ ਫਾਕੇ ਰਹਿਣਾ ਪੈਂਦਾ। ਫਿਰ ਉਸ ਨੂੰ ਤਰਕੀਬ ਸੁੱਝੀ। ਇਕ ਦਿਨ ਨਿਢਾਲ ਜਿਹੇ ਫਿਰਦੇ ਨੇ ਕੁਝ ਗਿੱਦੜਾਂ ਅਤੇ ਹਿਰਨਾਂ ਨੂੰ ਕਿਹਾ ਕਿ ਤੁਸੀਂ ਸਾਰੇ ਜੰਗਲੀ ਜਾਨਵਰਾਂ ਨੂੰ ਮੇਰਾ ਸੁਨੇਹਾ ਦੇ ਦਿਓ ਕਿ ਉਹ ਹੁਣ ਡਰਨ ਨਾ, ਕਿਉਂਕਿ ਮੈਨੂੰ ਰੋਗ ਲੱਗ ਚੁੱਕਾ ਹੈ... ਮੇਰੀ ਉਮਰ ਦੇ ਗਿਣੇ ਕੁ ਦਿਨ ਬਚਦੇ ਹਨ, ਮੈਂ ਬੱਸ ਗੁਫਾ ਵਿਚ ਆਰਾਮ ਕਰਦਿਆਂ ਹੀ ਬਿਤਾਵਾਂਗਾ। ਮੈਂ ਇਸ ਜੰਗਲ ਦਾ ਬਾਦਸ਼ਾਹ ਹਾਂ; ਸੋ ਤੁਹਾਡਾ ਫਰਜ਼ ਵੀ ਬਣਦਾ ਹੈ ਕਿ ਤੁਸੀਂ ਸਾਰੇ ਮੇਰੀ ਮਿਜ਼ਾਜ-ਪੁਰਸ਼ੀ ਲਈ ਆਉਣਾ ਸ਼ੁਰੂ ਕਰੋ। ਹਾਂ, ਮੇਰੀ ਇਕ ਬੇਨਤੀ ਹੈ ਕਿ ਗੁਫਾ ਵਿਚ ਥਾਂ ਥੋੜ੍ਹੀ ਹੋਣ ਕਰ ਕੇ ਤੁਸੀਂ ਵਾਰੀ ਸਿਰ ਹੀ ਆਉਣ ਦੀ ਖੇਚਲ ਕਰਿਓ।

ਇਹ ਸੁਨੇਹਾ ਸੁਣ ਕੇ ਗਿੱਦੜਾਂ ਤੇ ਹਿਰਨਾਂ ਦੀਆਂ ਤਾਂ ਵਾਛਾਂ ਖਿੜ ਗਈਆਂ। ਉਨ੍ਹਾਂ ਖੁਸ਼ੀ ਵਿਚ ਦੁੜੰਗੇ ਮਾਰਦਿਆਂ ਸਾਰੇ ਜੰਗਲ ਵਿਚ ਇਸ 'ਖੁਸ਼ਖਬਰੀ' ਦੀ ਡੌਂਡੀ ਪਿੱਟ ਦਿੱਤੀ। ਸਾਰੇ ਜਾਨਵਰਾਂ ਨੇ ਚਾਅ-ਹੁਲਾਸ ਨਾਲ ਮੀਟਿੰਗ ਕਰ ਕੇ ਸ਼ੇਰ ਦੀ ਖਬਰਸਾਰ ਲੈਣ ਲਈ ਵਾਰੀਆਂ ਤੈਅ ਕਰ ਲਈਆਂ। ਵਾਰੀ ਮੁਤਾਬਕ ਪਹਿਲੇ ਦਿਨ ਗਧਾ, ਸ਼ੇਰ ਦੀ ਗੁਫਾ ਵਿਚ ਗਿਆ। ਦੂਜੇ ਦਿਨ ਹਿਰਨ ਤੇ ਤੀਜੇ ਦਿਨ ਕੋਈ ਬੱਕਰਾ...। ਇੰਜ ਵਾਰੀ-ਵਾਰੀ ਜਾਨਵਰ ਜਾਂਦੇ ਰਹੇ। ਬਾਕੀ ਜਾਨਵਰਾਂ ਨੇ ਤਾਂ ਇਹ ਗੱਲ ਗੌਲੀ ਹੀ ਨਾ, ਕਿ ਹਰ ਰੋਜ਼ ਜਿਹੜਾ ਵੀ ਜਾਨਵਰ ਸ਼ੇਰ ਦੀ ਖਬਰ ਲੈਣ ਜਾਂਦਾ ਹੈ, ਮੁੜ ਕੇ ਕਦੇ ਦਿਖਾਈ ਨਹੀਂ ਦਿੰਦਾ, ਪਰ ਹਫਤੇ ਕੁ ਬਾਅਦ ਜਦੋਂ ਲੂੰਬੜੀ ਦੀ ਵਾਰੀ ਆ ਗਈ, ਤਾਂ ਉਸ ਚਲਾਕ ਨੇ ਇਹ ਗੱਲ ਭਾਂਪ ਲਈ, ਕਿਉਂਕਿ ਮੀਟਿੰਗ ਵਿਚ ਸਰਬਸੰਮਤੀ ਨਾਲ ਮਤਾ ਪਾਸ ਹੋਇਆ ਸੀ, ਸ਼ੇਰ ਦੀ ਖਬਰ ਲੈਣ ਜਾਣ ਦਾ, ਇਸ ਲਈ ਉਹ ਮਨ ਵਿਚ ਸ਼ੱਕ ਲੈ ਕੇ ਚੁੱਪ-ਚੁਪੀਤੇ ਸ਼ੇਰ ਦੀ ਗੁਫਾ ਵੱਲ ਤੁਰ ਪਈ।

ਕੁਝ ਸੋਚ-ਵਿਚਾਰ ਕੇ ਉਹ ਸ਼ੇਰ ਦੀ ਗੁਫਾ ਅੰਦਰ ਵੜਨ ਦੀ ਥਾਂ ਬਾਹਰ ਹੀ ਬਹਿ ਗਈ ਤੇ ਉਚੀ ਆਵਾਜ਼ ਵਿਚ ਸ਼ੇਰ ਦਾ ਹਾਲ-ਚਾਲ ਪੁੱਛਣ ਲੱਗੀ। 'ਹਾਂ, ਹੂੰਅ, ਆਹੋ' ਦਾ ਹੁੰਗਾਰਾ ਭਰਦਿਆਂ ਸ਼ੇਰ ਕੁਝ ਚਿਰ ਤਾਂ ਲੂੰਬੜੀ ਦੀਆਂ ਪੁੱਛਾਂ ਦਾ ਜਵਾਬ ਦੇਈ ਗਿਆ, ਪਰ ਫਿਰ ਖਿਝ ਕੇ ਬੋਲਿਆ, "ਤੂੰ ਬਾਹਰ ਬੈਠੀ ਹੀ ਮੇਰੀ ਰਾਜ਼ੀ-ਖੁਸ਼ੀ ਪੁੱਛੀ ਜਾਨੀ ਐਂ? ਅੰਦਰ ਕਿਉਂ ਨ੍ਹੀਂ ਆਉਂਦੀ ਤੂੰ?"

"ਮੈਂ ਸੋਚਿਆ ਕਿ ਬਾਹਰੋਂ ਈ ਖਬਰ ਸਾਰ ਲੈ ਲਵਾਂ...!" ਪੂਛ ਘੁਮਾਉਂਦਿਆਂ ਲੂੰਬੜੀ ਕਹਿੰਦੀ, "ਅੰਦਰ ਮੈਂ ਤਦ ਨਹੀਂ ਆਈ ਕਿ ਮੈਥੋਂ ਪਹਿਲਾਂ ਜਿੰਨੇ ਵੀ ਜਾਨਵਰ ਤੇਰੀ ਖਬਰਸਾਰ ਲੈਣ ਗੁਫਾ ਵਿਚ ਵੜੇ, ਉਨ੍ਹਾਂ ਸਾਰਿਆਂ ਦੀਆਂ ਅੰਦਰ ਨੂੰ ਜਾਂਦੀਆਂ ਪੈੜਾਂ ਤਾਂ ਹੈਗੀਆਂ, ਪਰ ਉਨ੍ਹਾਂ ਵਿਚੋਂ ਕਿਸੇ ਦੀ ਵੀ ਬਾਹਰ ਨੂੰ ਮੁੜਦੇ ਦੀ ਪੈੜ ਨਹੀਂ ਦਿਸਦੀ।"

---

ਕੋਈ ਮੁਸਾਫਰ ਕਿਸੇ ਪਿੰਡ ਲਾਗਿਉਂ ਲੰਘਿਆ। ਉਸ ਨੇ ਦੇਖਿਆ ਕਿ ਕੁਝ ਸੱਜਣ ਖੂਹ ਵਿਚੋਂ ਬਾਲਟੀਆਂ ਨਾਲ ਪਾਣੀ ਕੱਢ-ਕੱਢ ਕੇ ਅੰਞਾਈਂ ਸੁੱਟੀ ਜਾ ਰਹੇ ਨੇ। ਪੁੱਛਣ 'ਤੇ ਉਸ ਨੂੰ ਦੱਸਿਆ ਗਿਆ ਕਿ ਸਾਰਾ ਪਿੰਡ ਇਸੇ ਖੂਹ ਤੋਂ ਪਾਣੀ ਪੀਂਦਾ ਆ ਰਿਹਾ ਸੀ। ਕੁਝ ਦਿਨਾਂ ਤੋਂ ਇਸ ਦਾ ਅੰਮ੍ਰਿਤ ਵਰਗਾ ਪਾਣੀ ਮੁਸ਼ਕ ਮਾਰਨ ਲੱਗ ਪਿਆ ਹੈ। ਅਸੀਂ ਕਈ ਦਿਨਾਂ ਤੋਂ ਇਹ ਸੋਚ ਕੇ ਪਾਣੀ ਕੱਢ-ਕੱਢ ਵਗਾਈ ਜਾ ਰਹੇ ਹਾਂ ਕਿ ਥੱਲਿਉਂ ਪਹਿਲਾਂ ਵਰਗਾ ਸ਼ੁੱਧ ਪਾਣੀ ਨਿਕਲ ਆਵੇਗਾ, ਪਰ ਸਾਰੀ ਮੁਸ਼ੱਕਤ ਅਜਾਈਂ ਜਾ ਰਹੀ ਹੈ, ਕਿਉਂਕਿ ਸਾਰਾ ਦਿਨ ਪਾਣੀ ਕੱਢਣ ਤੋਂ ਬਾਅਦ ਸ਼ਾਮ ਨੂੰ ਚੈਕ ਕਰੀਦੈ, ਮੁਸ਼ਕ ਆਉਣੋਂ ਹਟਦਾ ਈ ਨਹੀਂ।

ਮੁਸਾਫਰ ਨੇ ਤਾੜ ਲਿਆ ਕਿ ਪਿੰਡ ਵਾਸੀ




ਕਮਲੇ ਹਨ! ਅੱਗੇ ਵਧ ਕੇ ਉਸ ਨੇ ਸਾਰਿਆਂ ਨੂੰ 'ਦੁਕੰਮਣ' ਤੋਂ ਹਟਾ ਦਿੱਤਾ ਅਤੇ ਕਿਹਾ ਕਿ ਤੁਹਾਡੇ ਇਸ ਖੂਹ ਦਾ ਪਾਣੀ ਮੈਂ ਪਹਿਲਾਂ ਵਰਗਾ ਸਵੱਛ ਬਣਾ ਦਿਆਂਗਾ, ਪਰ ਮੇਰਾ ਸਾਥ ਦਿਓ, ਜਿਵੇਂ ਮੈਂ ਕਹਾਂ ਉਵੇਂ ਕਰੋ। ਪਾਣੀ ਕੱਢ-ਕੱਢ ਕਈ ਦਿਨਾਂ ਦੇ ਹੰਭੇ ਪਿੰਡ ਵਾਸੀ ਉਸ ਦੀ ਗੱਲ ਸੁਣ ਕੇ ਬੜੇ ਖੁਸ਼ ਹੋਏ। ਖਾਸ ਕਰ ਕੇ ਪਿੰਡ ਦੇ ਮੁੰਡੇ ਤਾਂ ਉਸ ਦਾ ਇਸ਼ਾਰਾ ਉਡੀਕਣ ਲੱਗੇ ਕਿ ਉਹ ਕਿਹੜਾ ਨਵਾਂ ਫਾਰਮੂਲਾ ਦੱਸੇਗਾ।

ਮੁਸਾਫਰ ਦੇ ਕਹੇ ਅਨੁਸਾਰ, ਸਾਰੇ ਪਿੰਡ ਦੇ ਸਾਹਮਣੇ ਮੁੰਡਿਆਂ ਨੇ ਮਜ਼ਬੂਤ ਰੱਸਾ ਫੜ ਕੇ ਉਸ ਨੂੰ ਖੂਹ ਵਿਚ ਉਤਾਰਿਆ। ਪਾਣੀ ਦੇ ਤਲ 'ਤੇ ਜਾ ਕੇ ਮੁਸਾਫਰ ਨੇ ਡੂੰਘਾ ਗੋਤਾ ਮਾਰਿਆ ਤੇ ਉਤੇ ਖੜ੍ਹੇ ਨੌਜਵਾਨਾਂ ਨੂੰ ਰੱਸਾ ਖਿੱਚਣ ਲਈ ਆਵਾਜ਼ ਦਿੱਤੀ। ਫੁਰਤੀਲੇ ਨੌਜਵਾਨਾਂ ਨੇ ਪਲਾਂ ਵਿਚ ਹੀ ਮੁਸਾਫਰ ਨੂੰ ਬਾਹਰ ਖਿੱਚ ਲਿਆ। ਸਾਰਾ ਪਿੰਡ ਬੜੀ ਉਤਸੁਕਤਾ ਨਾਲ ਖੂਹ ਵਿਚੋਂ ਨਿਕਲੇ ਮੁਸਾਫਰ ਵੱਲ ਅੱਡੀਆਂ ਚੁੱਕ-ਚੁੱਕ ਵੇਖਣ ਲੱਗਾ। ਮਰੀ ਹੋਈ ਬਿੱਲੀ ਉਸ ਦੇ ਹੱਥਾਂ ਵਿਚ ਸੀ। ਉਸ ਨੂੰ ਬਾਹਰ ਰੱਖ ਕੇ ਮੁਸਾਫਰ ਆਪਣੇ ਕੱਪੜੇ ਪਾਉਂਦਾ ਬੋਲਿਆ, "ਭੋਲੇ ਲੋਕੋ, ਹਵਾ ਵਿਚ ਤਲਵਾਰਾਂ ਮਾਰਨ ਨਾਲੋਂ ਹਰ ਮੁੱਦੇ ਦਾ ਅਸਲ ਕਾਰਨ ਲੱਭ ਕੇ, ਉਹਦਾ ਇਲਾਜ ਕਰਨਾ ਸਿਆਣਪ ਹੁੰਦੀ ਐ... ਖੂਹ ਵਿਚ ਮਰੀ ਬਿੱਲੀ ਕੱਢੇ ਬਗੈਰ ਮੁਸ਼ਕ ਆਉਣੋਂ ਨਹੀਂ ਸੀ ਬੰਦ ਹੋਣਾ।"

ਚਿਰਾਂ ਤੋਂ ਹਲਵਾਈ ਦੇ ਘਰ ਵਸਦੀ ਜਨਾਨੀ ਨੇ ਪਤੀ ਨੂੰ ਤਲਾਕ ਦੇ ਕੇ ਕੋਈ ਬਜਾਜ ਘਰਵਾਲਾ ਬਣਾ ਲਿਆ। ਕੁਝ ਅਰਸੇ ਬਾਅਦ ਉਹ ਉਸ ਨੂੰ ਵੀ ਛੱਡ ਕੇ ਕਿਸੇ ਦਰਜੀ ਦੇ ਜਾ ਵਸੀ। ਦਰਜੀ ਦੀ ਪਤਨੀ ਬਣਨ ਤੋਂ ਬਾਅਦ ਉਸ ਦੇ ਨਾਲ ਆਏ ਮੁੰਡੇ ਨੂੰ ਕਿਸੇ ਨੇ ਪੁੱਛ ਲਿਆ ਕਿ ਕਾਕਾ ਤੇਰਾ ਭਾਪਾ ਕੀ ਕੰਮ ਕਰਦਾ ਹੈ? ਭੋਲਾ ਜਿਹਾ ਮੂੰਹ ਬਣਾ ਕੇ ਮੁੰਡਾ ਕਹਿੰਦਾ, "ਮੇਰਾ ਭਾਪਾ ਪਹਿਲਾਂ ਤਾਂ ਸੀ ਹਲਵਾਈ, ਫਿਰ ਬਣਿਆ ਬਜਾਜ... ਅੱਜ ਕੱਲ੍ਹ ਐ ਦਰਜੀ... ਅਗਾਂਹ ਬੀਬੀ ਦੀ ਮਰਜ਼ੀ।"

---

ਇਕ ਸੱਜਣ ਦਾ ਘਰ ਮੈਰਿਜ ਪੈਲੇਸ ਦੇ ਨਾਲ ਹੀ ਸੀ। ਉਸ ਦਾ ਇਕ ਮਿੱਤਰ ਜੋ ਕਿਸੇ ਬੈਂਡ ਪਾਰਟੀ ਨਾਲ ਢੋਲ ਵਜਾਉਂਦਾ ਸੀ, ਅਕਸਰ ਬਰਾਤਾਂ ਨਾਲ ਆਇਆ ਆਪਣੇ ਮਿੱਤਰ ਦੇ ਘਰੇ ਵੀ ਘੜੀ ਪਲ ਬਹਿ ਕੇ ਗੱਲਾਂਬਾਤਾਂ ਮਾਰ ਜਾਂਦਾ। ਢੋਲ ਮਾਸਟਰ ਦੇ ਮਿੱਤਰ ਨੇ ਦੇਖਿਆ ਕਿ ਕਿਸੇ ਦਿਨ ਬਰਾਤ ਨਾਲ ਆਏ ਨੇ ਗੂੜ੍ਹੇ ਹਰੇ ਰੰਗ ਦੀ ਵਰਦੀ ਪਾਈ ਹੁੰਦੀ ਸੀ ਤੇ ਮੋਢਿਆਂ ਉਤੇ 'ਖਾਨ ਬੈਂਡ ਗਰੁਪ' ਦੇ ਬੈਜ ਲੱਗੇ ਹੁੰਦੇ, ਪਰ ਕਿਸੇ ਦਿਨ ਢੋਲ ਮਾਸਟਰ ਲਾਲ ਰੰਗ ਦੀ ਵਰਦੀ ਵਿਚ ਸਜਿਆ ਹੁੰਦਾ ਤੇ ਉਸ ਦਿਨ ਉਹਦੇ ਮੋਢਿਆਂ ਉਤੇ 'ਭਗਵਾਨ ਬੈਂਡ' ਦੇ ਬੈਜ ਲਿਸ਼ਕਦੇ ਹੁੰਦੇ।

"ਯਾਰਾ, ਤੂੰ ਕਿਸੇ ਇਕ ਬੈਂਡ ਗਰੁਪ ਦਾ ਪੱਕਾ ਮੈਂਬਰ ਨਹੀਂ?"

ਆਪਣੇ ਦੋਸਤ ਦਾ ਸਵਾਲ ਸੁਣ ਕੇ ਢੋਲ ਮਾਸਟਰ ਖਿਸਿਆਨੀ ਹਾਸੀ ਹੱਸਦਿਆਂ ਬੋਲਿਆ, "ਅਸੀਂ ਤਾਂ ਨੋਟ ਕਮਾਉਣੇ ਹੁੰਦੇ ਐ, ਬੈਜਾਂ ਤੋਂ ਦੁੱਧ ਲੈਣਾ ਆਪਾਂ। ਹਰੀ ਜਾਂ ਲਾਲ ਵਰਦੀ ਦਾ ਆਪਾਂ ਨੂੰ ਕੋਈ ਫਰਕ ਨਹੀਂ। ਖਾਨ ਹੋਇਆ ਜਾਂ ਭਗਵਾਨ, ਸਾਨੂੰ ਤਾਂ ਮਾਇਆ ਚਾਹੀਦੀ ਐ।"

## ਕਾਵਿ-ਵਿਅੰਗ

### ਵੋਟਰ ਨੂੰ!

ਵੋਟ ਪਾਉਣ ਵਾਲਿਆ ਵੇ ਇੰਨਾ ਕੁ ਖਿਆਲ ਰੱਖੀਂ,
ਤੇਰੀ ਵੋਟ ਦੱਸਣਾ ਸਮਾਜ ਦੀ ਪਸੰਦ ਨੂੰ।
ਸਬਰਾਂ ਦੀ ਹੱਦ ਲੰਘ ਸੋਚੇ ਬਦਲਾਵ ਨੂੰ ਜਾਂ,
ਲੁੱਟ-ਕੁੱਟ ਸਹਿਣ ਵਾਲੇ ਆਖੇ ਗਏ ਅਨੰਦ ਨੂੰ।
ਵੋਟ ਨਾਲ ਸਹਿਮਤੀ ਤੇ ਸਹੀ ਠਹਿਰਾਉਣਾ ਹੁੰਦਾ,
ਲੀਡਰਾਂ ਦੇ ਕੰਮਾਂ 'ਤੇ ਚੜ੍ਹਾਏ ਹੋਏ ਚੰਦ ਨੂੰ।
ਗਰਜ਼ਾਂ ਦੀ ਆੜ ਥੱਲੇ ਵੇਚ ਕੇ ਜ਼ਮੀਰ ਸਦਾ,
ਹੁੰਦਾ ਪਛਤਾਉਣਾ ਪਿੱਛੋਂ ਪਿਟ ਚੁੱਕੇ ਢੰਦ ਨੂੰ।
ਵਾਰੀ-ਵਾਰੀ ਠੱਗਾਂ ਕੋਲੋਂ ਛਿੱਤਰ ਹੀ ਖਾਈ ਜਾਵੇ,
ਸਮਝ ਨਾ ਆਵੇ ਲੋਕ-ਰਾਜੀ ਫਰਜ਼ੰਦ ਨੂੰ।
ਨਵੀਆਂ ਸੋਚਾਂ ਦੇ ਨਾਲ ਨਵਾਂ ਕੁਝ ਸੋਚਣਾ ਜਾਂ,
ਮਾਰਨੀ ਏਂ ਚੁੰਝ ਮੁੜ-ਮੁੜ ਉਸੇ ਗੰਦ ਨੂੰ।
ਪਰਖੇ ਹੋਏ ਚੋਰਾਂ ਨਾਲੋਂ ਨਵਿਆਂ 'ਤੇ ਆਸ ਰਹਿੰਦੀ,
ਘੱਟੋ-ਘੱਟ ਅੰਧੀ ਤਾਂ ਗੁੰਜਾਇਸ਼ ਮੁੱਠੀ ਬੰਦ ਨੂੰ।
ਭੁੱਲੀਂ ਨਾ ਚੁਰਾਸੀ ਅਤੇ ਨਾਹੀਂ ਵੋਟਾਂ ਵੇਲੇ ਭੁੱਲੀਂ,
ਕੱਲੇ-ਕੱਲੇ ਬਾਣੀ ਦੇ ਬੇਅਦਬੀ ਮਸੰਦ ਨੂੰ।

*-ਗੁਰਮੀਤ ਸਿੰਘ 'ਬਰਸਾਲ' (ਕੈਲੀਫੋਰਨੀਆ)*

---

### ਮਨਮਾਨੀ

ਹੱਲ ਨਹੀਂ ਲੱਭਦਾ ਹੁਣ ਲੋਕੋ ਪ੍ਰੇਸ਼ਾਨੀ ਦਾ।
ਹਾਲ ਹੋਇਆ ਹੈ ਮਾੜਾ ਹੁਣ ਕਿਰਸਾਨੀ ਦਾ।
ਲਾਭ ਕਿਸੇ ਵੀ ਰੋਜ਼ਗਾਰ ਵਿਚ ਮਿਲਦਾ ਨਹੀਂ,
ਹਰ ਪਾਸੇ ਹੀ ਵਿਛਿਆ ਜਾਲ ਹੈ ਹਾਨੀ ਦਾ।
ਭੇਤੀ ਘਰ ਦਾ ਹੀ ਅਕਸਰ ਲੰਕਾ ਢਾਹ ਜਾਂਦਾ,
ਬੰਦਾ ਬਚਦਾ ਨ੍ਹੀਂ ਕਦੇ ਮਾਰਿਆ 'ਭਾਨੀ' ਦਾ।
ਕਿਸਮਤ, ਵਕਤ, ਹਾਲਾਤ ਵੀ ਭਾਰੀ ਪੈ ਜਾਂਦੇ,
ਕਸੂਰ ਹਰ ਵਾਰ ਨਾ ਕੱਢੋ ਦਿਲ ਦੇ ਜਾਨੀ ਦਾ।
ਮਾਰੋ ਮਾਰ ਪਈ ਹੈ ਚਾਰੇ ਪਾਸੇ ਦੇਸ਼ ਅੰਦਰ,
ਬੱਸ ਇੱਕ ਧੰਦਾ ਚੱਲ ਰਿਹਾ ਏ 'ਅੰਬਾਨੀ' ਦਾ।
ਔਖੇ ਵੇਲੇ ਉਸੇ ਨਾਲ ਦੁੱਖ ਸੁੱਖ ਫਰੋਲ ਲਈਦਾ,
ਹੌਸਲਾ ਹੀ ਬਥੇਰਾ ਹੁੰਦੈ ਯਾਰ ਦੀ ਨਿਸ਼ਾਨੀ ਦਾ।
ਛੱਡ ਕੇ ਮਾਪੇ ਹੁਣ ਬੈਠਾ ਪਛਤਾ ਰਿਹਾ ਐ,
ਮੁੰਡਾ ਪੱਟਿਆ ਲੋਕੋ ਅੱਖ ਮਸਤਾਨੀ ਦਾ।
ਲੈ ਲੈ ਡਿਗਰੀਆਂ ਬਕਸੇ-ਥੈਲੇ ਭਰ ਲਏ ਨੇ,
ਮੁੱਲ ਨਹੀਂ ਪੈਂਦਾ ਭੋਰਾ ਵੀ ਦੁਆਨੀ ਦਾ।
ਕਰ ਕਰ ਗਲਤੀਆਂ ਦੋਸ਼ ਹੋਰਾਂ ਨੂੰ ਦਿੰਦੇ ਹਾਂ,
ਦੋਸ਼ ਸਾਰਾ ਹੈ ਆਪਣੀ ਹੀ ਮਨਮਾਨੀ ਦਾ।
ਪਾਣੀ, ਰੁੱਖ, ਵਕਤ ਹਾਂ ਕਰ ਬਰਬਾਦ ਰਹੇ,
ਭੁਗਤਣਾ ਪੈਣਾ ਹਰਜਾਨਾ ਕੀਤੀ ਨਾਦਾਨੀ ਦਾ।
'ਭੱਟੀ' ਕੌਣ ਚੁੱਕੇਗਾ ਜ਼ਿੰਮੇਵਾਰੀ ਹੁਣ ਇੱਥੇ,
ਦੇਸ਼ ਮੇਰੇ ਦੀ ਹੋ ਰਹੀ ਬਦਨਾਮੀ ਦਾ।

---

### ਚੰਦ

ਕੱਟ ਰਹੇ ਨੇ ਰੁੱਖ ਘਰ ਉਜਾੜ ਰਹੇ ਨੇ।
ਜਿਉਂਦੇ ਪਰਿੰਦਿਆਂ ਨੂੰ ਜੇਲ੍ਹੀ ਤਾੜ ਰਹੇ ਨੇ।
ਆਪਣੇ ਆਪ ਹੀ ਆ ਜਾਣ ਜਾਲ ਅੰਦਰ,
ਸ਼ਿਕਾਰੀ ਕੁਝ ਇਸ ਤਰ੍ਹਾਂ ਚੋਗ ਖਿਲਾਰ ਰਹੇ ਨੇ।

ਪੋਹ ਮਾਘ ਦੀਆਂ ਰਾਤਾਂ ਸੇਕਣ ਖਾਤਰ,
ਸਿਆਸਤਦਾਨ! ਲੋਕਾਂ ਨੂੰ ਲੱਕੜਾਂ ਵਾਂਗ ਪਾੜ ਰਹੇ ਨੇ।
ਫੂਕ ਰਹੇ ਪੁਤਲਾ ਸ਼ਰੇਆਮ, ਸ਼ਰੇਬਾਜ਼ਾਰ ਜਿਸਦਾ,
ਉਸੇ ਦੀ ਸੋਚ ਨੂੰ ਹੀ ਜ਼ਿਹਨ ਵਿਚ ਵਾੜ ਰਹੇ ਨੇ।

ਕਲਮ ਕਿਉਂ ਖਾਮੋਸ਼ ਹੈ, ਸਭ ਕਲਮਕਾਰਾਂ ਦੀ?
ਭੱਟੀ! ਚੜ੍ਹੇ ਸੂਰਜ ਹੀ ਲੋਕ ਚੰਦ ਚਾੜ੍ਹ ਰਹੇ ਨੇ।

---

### ਜਦੋਂ ਤਕ

ਜਦੋਂ ਤਕ ਸਾਹਿਬਾਂ ਬੇਈਮਾਨ ਰਹੇਗੀ।
ਮਿਰਜੇ ਦੀ ਖਤਰੇ 'ਚ ਜਾਨ ਰਹੇਗੀ।
ਜੇ ਵਿਦੇਸ਼ੀ ਲੈਲਾ ਭਰਦੀ ਉਡਾਨ ਰਹੇਗੀ।
ਮਜਨੂੰ ਦੀ ਜ਼ਿੰਦਗੀ ਵੀ ਵੀਰਾਨ ਰਹੇਗੀ।

ਤੇ ਜਦੋਂ ਤਕ ਰਾਂਝੇ ਦੀ ਨੌਕਰੀ ਨਹੀਂ ਲਗਦੀ,
ਅੱਜ ਦੇ ਦੌਰ ਦੀ ਹੀਰ ਪਰੇਸ਼ਾਨ ਰਹੇਗੀ।
ਉਦੋਂ ਤੱਕ ਸੱਸੀ ਨੂੰ ਕਮਾਉਣਾ ਹੀ ਪਏਗਾ,
ਜਦੋਂ ਤੱਕ ਪੁੰਨੂੰ ਦੀਆਂ ਜੇਬਾਂ 'ਚ ਭਾਨ ਰਹੇਗੀ।

ਤੇ ਜਦੋਂ ਤੱਕ ਸ਼ੀਰੀ ਘੁੰਮਣਾ ਨਹੀਂ ਛੱਡਦੀ,
ਵਿਚਾਰੇ ਫਰਿਹਾਦ ਦੀ ਤਾਂ ਬੰਦ ਦੁਕਾਨ ਰਹੇਗੀ।
ਜੇ ਕੀਮਾ ਮੋੜਾਂ 'ਤੇ ਖਲੋ ਹੋਰਾਂ ਦਾ ਇੰਤਜ਼ਾਰ ਕਰੇਗਾ,
ਮਲਕੀ ਵੀ ਭਟਕਾਉਂਦੀ ਆਪਣਾ ਧਿਆਨ ਰਹੇਗੀ।

ਜੇ ਫੇਸਬੁੱਕ 'ਤੇ ਹੀ ਰੋਮੀਓ ਖੁੱਲ੍ਹ ਗਿਆ ਜੂਲੀਅਟ ਨਾਲ,
ਭੱਟੀ ਮੁਲਾਕਾਤਾਂ 'ਚ ਫਿਰ ਕੀ ਜਾਨ ਰਹੇਗੀ।

*-ਸਵਿੰਦਰ ਸਿੰਘ ਭੱਟੀ*
*ਫੋਨ: 91-98729-89193*

### ਕਿਸਾਨ ਦੀ ਫਰਿਆਦ

ਕੁਰਸੀਆਂ ਦੇ ਉਮੀਦਵਾਰੋ,
ਮੇਰੀਆਂ ਵੀ ਸਨ ਉਮੀਦਾਂ।
ਪਰ ਦੋ ਸਿੱਕਿਆਂ ਬਦਲੇ ਹੋਈਆਂ,
ਮੇਰੀ ਮੱਤ ਪੱਤ ਦੀਆਂ ਖਰੀਦਾਂ।
ਅੰਨ ਦੇ ਦਾਤੇ, ਦੇਸ਼ ਦੇ ਪਾਲਕ,
ਕਰਜ਼ੇ ਦੀ ਜ਼ਿਲਤ ਨੇ ਮਾਰੇ,
ਆ ਰੁੱਖਾਂ 'ਤੇ ਲਟਕੇ ਦਿਖਾਵਾਂ,
ਚੁੰਮ ਲਈ ਫਾਂਸੀ ਜਿਨ੍ਹਾਂ ਸ਼ਹੀਦਾਂ।
ਲਾਡ ਲਡੋਂਦੀ, ਨੱਚਦੀ ਗੌਂਦੀ,
ਕੋਠੇ ਜੇਡੀ ਹੋ ਗਈ ਨਿੱਕੜੀ,
ਕਿਸ ਪੈਲੀ ਨੂੰ ਗਹਿਣੇ ਪਾਵਾਂ,
ਅੱਖੀਆਂ ਵਿਚ ਆਉਣ ਨਾ ਨੀਂਦਾਂ।
ਸ਼ਹਿਰਾਂ ਵਿਚ ਉਜਲੇ ਵਿਦਿਆਲੇ,
ਮੇਰੇ ਪਿੰਡ ਦਾ ਥੱਕਿਆ ਸੂਰਜ,
ਬੱਚਿਆਂ ਦਾ ਜੋ ਚਮਕਾਏ,
ਮੈਂ ਉਹ ਚਾਨਣ ਕਿਵੇਂ ਖਰੀਦਾਂ।
ਧਰਮ ਵਿਕਾਊ, ਸ਼ਰਮ ਵਿਕਾਊ,
ਰੱਬ ਦਾ ਸਾਰਾ ਭਰਮ ਵਿਕਾਊ,
ਮੁਰਸ਼ਦ ਨੂੰ ਜਦ ਮਿਲੀਆਂ ਭੇਟੀਆਂ,
ਧੜ ਧੜ ਪਾਏ ਵੋਟ ਮੁਰੀਦਾਂ।
ਦੋਸ਼ੀਆਂ ਨੂੰ ਉਚੀ ਪਦਵੀ,
ਬੇਦੋਸ਼ਾਂ ਨੂੰ ਬੰਨ੍ਹ ਕੇ ਥਾਣੇ,
'ਮੇਰਾ ਬਦਲਾ ਲੈ ਲਈਂ ਪੁੱਤਰਾ'
ਬਾਪੂ ਕਰਦਾ ਜਾਏ ਤਾਕੀਦਾਂ।
ਹੰਝੂਆਂ ਦੇ ਬੋਹਲਾਂ ਵਾਂਗੂੰ,
ਮੇਰੀ ਮਿਹਨਤ ਮੰਡੀ ਰੁਲ ਗਈ,
ਨੋਟ ਨੋਟ ਤੇ ਗੱਲੇ ਪੈ ਗਏ,
ਮੇਰੇ ਹੱਥਾਂ ਵਿਚ ਰਸੀਦਾਂ।
ਇਕ ਪਾਸੇ ਫਸਲਾਂ ਦੀ ਜਵਾਨੀ,
ਦੂਜੇ ਸ਼ਾਹਾਂ ਦੀ ਅੱਖ ਮੈਲੀ,
ਮੈਂ ਦੋਵਾਂ ਵਿਚਕਾਰ ਖਲੋਤਾ,
ਨਾ ਮੈਂ ਮਰਦਾ ਨਾ ਮੈਂ ਜੀਂਦਾਂ।
ਆ ਕੁਲਬੀਰ ਸੁੰਬਰੀਏ ਵਿਹੜਾ,
ਰੂੜੀ ਨੂੰ ਰੂੜੀ 'ਤੇ ਸੁੱਟੀਏ,
ਆਪਣੇ ਘਰ ਵੀ ਜਗੇ ਦੀਵਾਲੀ,
ਆਪਣੇ ਘਰ ਵੀ ਹੋਵਣ ਈਦਾਂ।

*-ਕੁਲਬੀਰ ਪੰਡਾ*
*ਹਿਊਸਟਨ, ਟੈਕਸਸ।*

### ਗਜ਼ਲ

ਇਹ ਦੁਨੀਆਂ ਸਾਰੀ ਮਤਲਬ ਦੀ
ਇਥੇ ਕੋਈ ਕਿਸੇ ਦਾ ਯਾਰ ਨਹੀਂ।
ਪਿਆਰ ਦੇ ਬਦਲੇ ਵਿਚ ਇਥੇ,
ਮਿਲਦਾ ਕਿਸੇ ਨੂੰ ਪਿਆਰ ਨਹੀਂ।

ਗਰਜ਼ਾਂ ਦੇ ਪਿੱਛੇ ਲੋਕ ਯਾਰੋ
ਸੌ ਸੌ ਨੇ ਵਾਅਦੇ ਕਰ ਜਾਂਦੇ,
ਆਪਣੀ ਵਾਰੀ ਜਦ ਆਵੇ,
ਨਿਭਾਉਂਦਾ ਕੋਈ ਇਕਰਾਰ ਨਹੀਂ।

ਆਪਣੇ ਹੀ ਧੋਖਾ ਦੇ ਜਾਵਣ
ਬੇਗਾਨਿਆਂ ਨੂੰ ਕੀ ਕਹਿਣਾ ਏ,
ਜਦ ਮੁਸ਼ਕਿਲ ਆ ਜਾਏ ਅਤ ਭਾਰੀ
ਤਦ ਲੈਂਦਾ ਕੋਈ ਸਾਰ ਨਹੀਂ।

ਬਹਾਰਾਂ ਦੀ ਰੁੱਤ ਦੇ ਵਿਚ ਯਾਰ
ਸਭ ਨੇੜੇ ਹੋ ਬਹਿੰਦੇ ਨੇ,
ਪਤਝੜ ਦੀ ਰੁੱਤ ਵਿਚ ਪੁੱਛ ਵੇਖੋ
ਸਾਥ ਦੇਣ ਨੂੰ ਕੋਈ ਤਿਆਰ ਨਹੀਂ।

ਜਦ ਨੈਣੀਂ ਝਲਕੇ ਨੂਰ ਸੋਹਣਾ
ਮਸਤੀ ਦਾ ਆਲਮ ਹੁੰਦਾ ਏ,
ਵੀਰਾਨਾ ਦਿਲ ਜਦ ਪਿਆ ਤੜਫੇ
ਤਦ ਮਿਲਦਾ ਕੋਈ ਗਮਖਾਰ ਨਹੀਂ।

ਜਦ ਚੜ੍ਹੀ ਅਕਾਸ਼ੀਂ ਗੁੱਡੀ ਸੀ
ਤਦ ਹਰ ਕੋਈ ਗਲੇ ਲਗਾਉਂਦਾ ਸੀ,
ਇਕ ਐਸਾ ਵਕਤ ਵੀ ਆ ਜਾਂਦੈ
ਜਦ ਹੁੰਦੇ ਦੋ ਤੋਂ ਚਾਰ ਨਹੀਂ।

ਇਕ ਵੇਲਾ ਸੀ ਜਦ ਮਿੱਠਤ ਸੀ
ਤੇ ਲੋਕੀ ਪਿਆਰ ਵਿਚ ਰੰਗੇ ਸਨ,
ਇਹ ਕੇਹਾ ਜ਼ਮਾਨਾ ਆਇਆ ਏ
ਲੋਕਾਂ ਵਿਚ ਚੱਜ ਅਚਾਰ ਨਹੀਂ।

*-ਮਨਜੀਤ ਸਿੰਘ ਗਿੱਲ*
*ਡਿਟਰਾਇਟ*
*ਫੋਨ: 248-885-6680*

### ਪ੍ਰਾਹੁਣੇ

ਹੁਣ ਘਰਾਂ ਦੇ ਬਨੇਰਿਆਂ 'ਤੇ
ਕਾਂ ਨਹੀਂ ਕੁਰਲਾਉਂਦੇ।
ਕਿਉਂਕਿ ਪ੍ਰਾਹੁਣੇ
ਹੋਟਲਾਂ 'ਚ ਠਹਿਰਦੇ
ਘਰ ਨਹੀਂ ਆਉਂਦੇ।
ਵਿਆਹ ਸ਼ਾਦੀਆਂ ਵੇਲੇ
ਮੇਲ ਆਉਂਦਾ ਪੈਲਸਾਂ 'ਚ।
ਲੱਕ ਹੀ ਲੋਕ ਦਿਸਦੇ
ਨਾਨਕੇ-ਦਾਦਕੇ ਨਹੀਂ ਥਿਆਉਂਦੇ।
ਹੁਣ ਘਰਾਂ ਦੇ ਬਨੇਰਿਆਂ 'ਤੇ...।

ਕਿਰਾਏ 'ਤੇ ਮਿਲ ਜਾਂਦੇ
ਜਾਗੋ, ਗਿੱਧੇ-ਭੰਗੜੇ ਆਦਿ
ਸਾਰਾ ਕਾਰਜ ਨਕਲੀ ਲੱਗਦਾ
ਮੂਵੀ ਲਈ ਬੱਸ ਚਿਹਰੇ ਸਜਾਉਂਦੇ।
ਹੁਣ ਘਰਾਂ ਦੇ ਬਨੇਰਿਆਂ 'ਤੇ...।

ਪੈਰਾਂ ਥੱਲੇ ਅੱਗ ਮੱਚੀ ਹੁੰਦੀ ਸਭ ਦੇ
ਛੇਤੀ ਮੁੜਨਾ ਹੈ।
ਨਾ ਖੁਸ਼ੀ ਜ਼ਾਹਰ ਕਰਦੇ
ਮੁੜ ਜਾਂਦੇ, ਲਿਫਾਫਾ ਹੱਥ ਫੜਾਉਂਦੇ।
ਹੁਣ ਘਰਾਂ ਦੇ ਬਨੇਰਿਆਂ 'ਤੇ...।

ਕਦੇ ਸਨ ਸੀਮਤ ਲੋੜਾਂ
ਨਾ ਟੈਨਸ਼ਨਾਂ, ਨਾ ਹੀ ਦੌੜਾਂ
ਨਾ ਵਿਖਾਵੇ, ਨਾ ਹੀ ਚੋੜਾਂ
ਸਾਦਾ ਖਾਂਦੇ, ਸਾਦਾ ਪਾਉਂਦੇ।
ਹੁਣ ਘਰਾਂ ਦੇ ਬਨੇਰਿਆਂ 'ਤੇ...।

ਕੈਸੇ ਨਿਰਮੋਹੇ ਹੋ ਗਏ ਲੋਕ
ਆਖਰ ਸੋਸ਼ਲ ਐਨੀਮਲ ਹਾਂ!
'ਸਾਹੀ' ਜਾਨਵਰ ਝੁੰਡਾਂ 'ਚ ਰਹਿੰਦੇ
ਅਸੀਂ ਇਕੱਲ ਚਾਹੁੰਦੇ।
ਹੁਣ ਘਰਾਂ ਦੇ ਬਨੇਰਿਆਂ 'ਤੇ
ਕਾਂ ਨਹੀਂ ਕੁਰਲਾਉਂਦੇ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

# ਬ੍ਰਿਟਿਸ਼ ਸੰਸਦ ’ਚ ਕਸ਼ਮੀਰ ਮਸਲੇ ਉਤੇ ਬਹਿਸ

**ਲੰਡਨ:** ਬ੍ਰਿਟਿਸ਼ ਸੰਸਦ ਵਿਚ ਸੰਸਦ ਮੈਂਬਰਾਂ ਨੇ ਖੇਤਰ ਵਿਚ ਵਧ ਰਹੀ ਹਿੰਸਾ ਬਾਰੇ ਚਿਤਾਵਨੀ ਦਿੰਦੇ ਹੋਏ ਕਸ਼ਮੀਰ ਮਸਲੇ ਉਤੇ ਬਹਿਸ ਕੀਤੀ। ਭਾਰਤ ਨੇ ਇਸ ਉਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਭਾਰਤ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਕਿਸੇ ਤੀਜੀ ਧਿਰ ਦੀ ਕੋਈ ਭੂਮਿਕਾ ਨਹੀਂ ਹੈ। ਹਾਊਸ ਆਫ ਕਾਮਨਜ਼ ‘ਚ ਲਿਆਂਦੇ ਮਤੇ ਵਿਚ ਕਿਹਾ ਗਿਆ ਕਿ ਬਰਤਾਨੀਆ ਸਰਕਾਰ ਭਾਰਤ ਤੇ ਪਾਕਿਸਤਾਨ ਨੂੰ ਸ਼ਾਂਤੀ ਗੱਲਬਾਤ ਲਈ ਉਤਸ਼ਾਹਿਤ ਕਰੇ ਤਾਂ ਕਿ ਇਸ ਮਸਲੇ ਦਾ ਲੰਬੇ ਸਮੇਂ ਤੱਕ ਹੱਲ ਕੀਤਾ ਜਾ ਸਕੇ।



ਕੰਜਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਬੋਬ ਬਲੈਕਮੈਨ ਨੇ ਕਿਹਾ ਕਿ ਕਿਸੇ ਪ੍ਰਭੂਸਤਾ ਸੰਪੰਨ ਰਾਸ਼ਟਰ ਦੀ ਰਾਜਨੀਤੀ ਵਿਚ ਬਰਤਾਨੀਆ ਦਾ ਕੋਈ ਦਖਲ ਨਹੀਂ, ਪਰ ਅਸੀਂ ਜੰਮੂ-ਕਸ਼ਮੀਰ ਦੇ ਲੋਕਾਂ ਦੇ ਦਰਦ ਨੂੰ ਘੱਟ ਕਰਨ ਲਈ ਤਿਆਰ ਖੜ੍ਹੇ ਹਾਂ। ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਰੂਪ ਨੇ ਕਿਹਾ ਕਿ ਸਰਕਾਰ ਨੂੰ ਇਸ ਦੀ ਜਾਣਕਾਰੀ ਹੈ, ਪਰ ਜੰਮੂ-ਕਸ਼ਮੀਰ ਦੇ ਮੁੱਦੇ ਉਤੇ ਸਾਡਾ ਰੁਖ ਸਪੱਸ਼ਟ ਹੈ ਕਿ ਸਾਰੇ ਮੁੱਦੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸ਼ਿਮਲਾ ਸਮਝੌਤਾ ਅਤੇ ਲਾਹੌਰ ਘੋਸ਼ਣਾ ਤਹਿਤ ਦੁਵੱਲੇ ਤੇ ਸ਼ਾਂਤੀਪੂਰਨ ਤਰੀਕੇ ਨਾਲ ਸੁਲਝਾਏ ਜਾਣੇ ਹਨ। ਉਨ੍ਹਾਂ ਕਿਹਾ ਕਿ ਤੀਜੇ ਪੱਖ ਲਈ ਕੋਈ ਸਥਾਨ ਨਹੀਂ ਹੈ।

## ਸ਼ਰੀਫ ਨੇ ਸੰਯੁਕਤ ਰਾਸ਼ਟਰ ਕੋਲ ਚੁੱਕਿਆ ਕਸ਼ਮੀਰ ਮੁੱਦਾ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਸੰਯੁਕਤ ਰਾਸ਼ਟਰ ਦੇ ਨਵੇਂ ਬਣੇ ਜਨਰਲ ਸਕੱਤਰ ਐਂਟੋਨੀਓ ਗੁਟਰੇਸ ਨਾਲ ਆਪਣੀ ਪਹਿਲੀ ਮੁਲਾਕਾਤ ਦੌਰਾਨ ਕਸ਼ਮੀਰ ਦਾ ਮੁੱਦਾ ਚੁੱਕਿਆ, ਪਰ ਉਨ੍ਹਾਂ ਵੱਲੋਂ ਕੌਮਾਂਤਰੀ ਸੰਗਠਨ ਦੇ ਦਖਲ ਲਈ ਕੀਤੀ ਗਈ ਅਪੀਲ ‘ਤੇ ਕੋਈ ਸਕਾਰਾਤਮਕ ਪ੍ਰਤੀਕਿਰਿਆ ਨਹੀਂ ਮਿਲੀ।

ਸ਼ਰੀਫ ਨੇ ਸੰਯੁਕਤ ਰਾਸ਼ਟਰ ਦੇ ਮੁਖੀ ਨੂੰ ਕਿਹਾ ਕਿ ਜੰਮੂ ਕਸ਼ਮੀਰ ਸਮੇਤ ਸਾਰੇ ਮੁੱਦਿਆਂ ‘ਤੇ ਅੱਗੇ ਵਧਣ ਲਈ ਨਿਰੰਤਰ ਗੱਲਬਾਤ ਪ੍ਰਕਿਰਿਆ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਭਾਵਨਾ ਨਾਲ ਉਨ੍ਹਾਂ ਨੇ ਭਾਰਤ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤਿਆਂ ਅਤੇ ਕਸ਼ਮੀਰੀ ਲੋਕਾਂ ਦੀ ਤਮੰਨਾ ਦੇ ਅਨੁਰੂਪ ਕਸ਼ਮੀਰ ਵਿਵਾਦ ਦੇ ਹੱਲ ਲਈ ਗੱਲਬਾਤ ਦਾ ਸੱਦਾ ਦਿੱਤਾ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਭਾਰਤ ਨੇ ਉਨ੍ਹਾਂ ਦੇ ਦੇਸ਼ ਵੱਲੋਂ ਗੱਲਬਾਤ ਦੇ ਦਿੱਤੇ ਸੱਦੇ ਦਾ ਕੋਈ ਸਕਾਰਾਤਮਕ ਜਵਾਬ ਨਹੀਂ ਦਿੱਤਾ ਤੇ ਗੱਲਬਾਤ ਨਾ ਕਰਨ ਦਾ ਰਵੱਈਆ ਅਪਨਾਇਆ।

## ਇੰਦਰਮੋਹਨ ਸਿੰਘ ਛਾਬੜਾ ਨੂੰ ਸਦਮਾ



**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਸਿੱਖ ਹਲਕਿਆਂ ਵਿਚ ਜਾਣੀ-ਪਛਾਣੀ ਸ਼ਖਸੀਅਤ ਅਤੇ ਸਿੱਖ ਟੀ.ਵੀ. ਦੇ ਸੰਚਾਲਕ ਸ. ਇੰਦਰਮੋਹਨ ਸਿੰਘ ਛਾਬੜਾ ਨੂੰ ਉਦੋਂ ਵੱਡਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਵੱਡੇ ਭਰਾ ਸ. ਇਕਬਾਲ ਸਿੰਘ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ 23 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ। ਉਹ ਜਲੰਧਰ ਰਹਿੰਦੇ ਸਨ।

ਸ. ਇਕਬਾਲ ਸਿੰਘ ਆਪਣੇ ਪਿਛੇ ਪਤਨੀ, ਦੋ ਬੇਟੇ, ਇਕ ਬੇਟੀ ਅਤੇ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਦਰਸ਼ ਨਗਰ ਜਲੰਧਰ ਵਿਖੇ ਐਤਵਾਰ, 29 ਜਨਵਰੀ ਨੂੰ ਬਾਅਦ ਦੁਪਹਿਰ 12 ਵਜੇ ਤੋਂ 3 ਵਜੇ ਤਕ ਹੋਵੇਗੀ।


ਕਥਾਵਾਚਕ ਦੀ ਲੋੜ ਹੈ

ਵਿਸਕਾਨਸਿਨ ਸਟੇਟ ਵਿਚ ਗੁਰਦੁਆਰਾ ਸਾਹਿਬ ਨੂੰ ਕਥਾਵਾਚਕ ਦੀ ਲੋੜ ਹੈ ਜੋ ਅੰਗਰੇਜ਼ੀ ਵਿਚ ਵੀ ਕਥਾ ਕਰ ਸਕਦਾ ਹੋਵੇ ਤਾਂ ਜੋ ਨਵੀਂ ਪੀੜ੍ਹੀ ਦੇ ਬੱਚੇ ਸਿੱਖੀ ਬਾਰੇ ਗਿਆਨ ਹਾਸਲ ਕਰ ਸਕਣ।

ਸੰਪਰਕ ਕਰੋ: ਡਾਕ ਪਤਾ

Punjab Times: 20451 N. Plum Grove Road, Palatine, IL 60074

E-mail: punjabtimes1@gmail.com (Sub.: WI-1)



ਗ੍ਰੰਥੀ ਸਿੰਘ ਦੀ ਲੋੜ ਹੈ

ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ) ਲਈ ਗ੍ਰੰਥੀ ਸਿੰਘ ਦੀ ਲੋੜ ਹੈ। ਗੁਰਬਾਣੀ ਦੀ ਵਿਆਖਿਆ ਅੰਗਰੇਜ਼ੀ ਵਿਚ ਵੀ ਕਰ ਸਕਣ ਵਾਲੇ ਗ੍ਰੰਥੀ ਸਿੰਘ ਨੂੰ ਤਰਜੀਹ।

ਸੰਪਰਕ ਕਰੋ, ਭਾਈ ਸੱਜਣ ਸਿੰਘ

ਫੋਨ: 718-347-5659



Michigan Truck Driving School

6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ

*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Raj Jamarai

Cell:734-644-1010

Office:734-747-4298



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ

*ਇਕ ਵਾਰ ਦਾ ਕਮਿਸ਼ਨ

*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426



ਸਨਰਾਈਜ਼ ਟਰੱਕ ਡਰਾਈਵਿੰਗ ਸਕੂਲ






*ਸਸਤੇ ਰੇਟਾਂ ‘ਤੇ ਟਰੱਕ ਡਰਾਈਵਿੰਗ ਸਿੱਖੋ

*ਸਾਡੇ ਕੋਲ ਤਜਰਬੇਕਾਰ ਇੰਸਟ੍ਰਕਟਰ ਹਨ

*ਰਿਹਾਇਸ਼ ਦਾ ਪ੍ਰਬੰਧ ਵੀ ਕਰਦੇ ਹਾਂ

ਡਰਾਈਵਿੰਗ ਸਿੱਖਣ ਤੋਂ ਬਾਅਦ ਨੌਕਰੀ ਦਾ ਪ੍ਰਬੰਧ ਵੀ ਕਰਦੇ ਹਾਂ

Call us now to get rolling on your new career path.

ਏਅਰਪੋਰਟ ਤੋਂ ਲਿਆਉਣ ਅਤੇ ਲੈ ਜਾਣ ਦਾ ਪ੍ਰਬੰਧ ਵੀ ਕਰਦੇ ਹਾਂ

Call: Jaswinder Singh 559-417-0877

2301 W. Belmont Ave., Fresno, CA 93722

# ਕਿਸਾਨ ਖੁਦਕੁਸ਼ੀਆਂ: ਮੁਆਵਜ਼ੇ ਦੀ ਥਾਂ ਲਾਰਿਆਂ ਵਿਚ ਰੱਖੇ ਪੀੜਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਸਿਆਸੀ ਧਿਰਾਂ ਕਿਸਾਨ ਹਿਤੈਸ਼ੀ ਹੋਣ ਦੇ ਦਾਅਵੇ ਕਰ ਰਹੀਆਂ ਹਨ, ਜਦੋਂਕਿ ਖੁਦਕੁਸ਼ੀ ਪੀੜਤ ਪਰਿਵਾਰਾਂ ਲਈ ਅਮਲੀ ਤੌਰ ਉਤੇ ਕੁਝ ਨਹੀਂ ਹੋਇਆ। ਖੁਦਕੁਸ਼ੀਆਂ ਦਾ ਸਭ ਤੋਂ ਵੱਡਾ ਸੰਤਾਪ ਜ਼ਿਲ੍ਹਾ ਸੰਗਰੂਰ ਦੇ ਕਿਸਾਨ ਪਰਿਵਾਰਾਂ ਨੂੰ ਝੱਲਣਾ ਪਿਆ ਹੈ। ਸੈਂਕੜੇ ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰ ਕਈ-ਕਈ ਸਾਲ ਬੀਤਣ ਦੇ ਬਾਵਜੂਦ ਸਰਕਾਰੀ ਮੁਆਵਜ਼ੇ ਤੋਂ ਵਾਂਝੇ ਹਨ।



ਜ਼ਿਲ੍ਹਾ ਸੰਗਰੂਰ ਵਿਚ ਕਿਸਾਨ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਗਿਣਤੀ ਭਾਵੇਂ ਸੈਂਕੜਿਆਂ ਵਿਚ ਹੈ, ਪਰ ਪਿਛਲੇ ਚਾਰ ਸਾਲਾਂ ਵਿਚ ਸਿਰਫ 26 ਪਰਿਵਾਰਾਂ ਨੂੰ ਹੀ ਸਰਕਾਰ ਵੱਲੋਂ ਮੁਆਵਜ਼ਾ ਮਿਲਿਆ ਹੈ, ਜਦੋਂਕਿ ਸੈਂਕੜੇ ਪਰਿਵਾਰ ਮੁਆਵਜ਼ੇ ਤੋਂ ਵਾਂਝੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਹੀ 154 ਖੁਦਕੁਸ਼ੀ ਪੀੜਤ ਪਰਿਵਾਰ ਅਜਿਹੇ ਹਨ, ਜਿਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲਿਆ। ਇਨ੍ਹਾਂ ਵਿਚੋਂ 23 ਖੁਦਕੁਸ਼ੀ ਪੀੜਤ ਪਰਿਵਾਰ ਅਜਿਹੇ ਹਨ, ਜਿਨ੍ਹਾਂ ਦੇ ਮੁਆਵਜ਼ੇ ਦੇ ਕੇਸ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਜਾ ਚੁੱਕੇ ਹਨ, ਪਰ ਫੰਡ ਪ੍ਰਾਪਤ ਨਾ ਹੋਣ ਕਾਰਨ ਇਨ੍ਹਾਂ ਪਰਿਵਾਰਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਜਾ ਸਕਿਆ।

ਖੇਤੀਬਾੜੀ ਵਿਭਾਗ ਦੇ ਦਫਤਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 2013 ਤੋਂ ਲੈ ਕੇ 2016 ਤੱਕ ਕਿਸਾਨ ਖੁਦਕੁਸ਼ੀਆਂ ਦੇ ਕੁੱਲ 276 ਕੇਸ ਦਰਜ ਹੋਏ ਸਨ, ਜਿਨ੍ਹਾਂ ਵਿਚੋਂ ਸਿਰਫ 26 ਕਿਸਾਨ ਪਰਿਵਾਰਾਂ ਨੂੰ ਹੀ ਮੁਆਵਜ਼ਾ ਮਿਲਿਆ ਹੈ। 2013 ਤੋਂ 2015 ਤੱਕ ਕਿਸਾਨ ਖੁਦਕੁਸ਼ੀਆਂ ਦੇ ਕੁੱਲ 124 ਕੇਸ ਪ੍ਰਾਪਤ ਹੋਏ, ਜਿਨ੍ਹਾਂ ਵਿਚੋਂ 26 ਪਰਿਵਾਰਾਂ ਨੂੰ ਮੁਆਵਜ਼ਾ ਮਿਲ ਚੁੱਕਿਆ ਹੈ, ਜਦੋਂ ਕਿ 23 ਕੇਸ ਪਾਸ ਹੋ ਚੁੱਕੇ ਹਨ, ਪਰ ਫੰਡ ਨਾ ਹੋਣ ਕਾਰਨ ਮੁਆਵਜ਼ਾ ਨਹੀਂ ਮਿਲਿਆ। ਕੁੱਲ 124 ਕੇਸਾਂ ਵਿਚੋਂ 75 ਕੇਸ ਸਰਕਾਰ ਵੱਲੋਂ ਰੱਦ ਕੀਤੇ ਜਾ ਚੁੱਕੇ ਹਨ।

ਬੀਤੇ ਵਰ੍ਹੇ ਸਰਕਾਰੀ ਅੰਕੜਿਆਂ ਮੁਤਾਬਕ ਕਿਸਾਨ ਖੁਦਕੁਸ਼ੀਆਂ ਦੇ 151 ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿਚੋਂ ਸਿਰਫ ਅੱਠ ਕੇਸ ਹੀ ਮਨਜ਼ੂਰ ਹੋਏ ਹਨ, ਜਦੋਂਕਿ 12 ਪੜਤਾਲ ਦੌਰਾਨ ਰੱਦ ਕੀਤੇ ਜਾ ਚੁੱਕੇ ਹਨ ਤੇ ਬਾਕੀ ਰਹਿੰਦੇ 131 ਕੇਸਾਂ ਦੀ ਪੜਤਾਲ ਕੀਤੀ ਜਾ ਰਹੀ ਹੈ। 2013 ਤੋਂ 2015 ਤੱਕ ਦੀ ਸਰਕਾਰੀ ਰਿਪੋਰਟ ਮੁਤਾਬਕ ਇਸ ਸਮੇਂ ਦੌਰਾਨ ਕਿਸਾਨ ਖੁਦਕੁਸ਼ੀ ਦੇ ਸਭ ਤੋਂ ਵੱਧ 37 ਕੇਸ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੇ ਵਿਧਾਨ ਸਭਾ ਹਲਕਾ ਸੁਨਾਮ ਨਾਲ ਸਬੰਧਤ ਹਨ, ਜਦੋਂਕਿ ਵਿਧਾਨ ਸਭਾ ਹਲਕਾ ਲਹਿਰਾਗਾਗਾ ਨਾਲ ਸਬੰਧਤ 11 ਕੇਸ ਹਨ, ਜੋ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਦਾ ਹਲਕਾ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਕਿਸਾਨ ਖੁਦਕੁਸ਼ੀਆਂ ਖਿਲਾਫ਼ ਗੰਭੀਰ ਨਹੀਂ ਹੈ। ਉਨ੍ਹਾਂ ਖੁਦਕੁਸ਼ੀਆਂ ਦੇ ਸਰਕਾਰੀ ਅੰਕੜੇ ਨੂੰ ਨਕਾਰਦਿਆਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਹੀ ਸੰਗਰੂਰ ਜ਼ਿਲ੍ਹੇ ਵਿਚ ਹਜ਼ਾਰਾਂ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ।

## ਖੁਦਕੁਸ਼ੀਆਂ ਲਈ ਬਾਦਲ ਪਰਿਵਾਰ ਜ਼ਿੰਮੇਵਾਰ: ਵੜੈਚ

**ਚੰਡੀਗੜ੍ਹ:** ਆਮ ਆਦਮੀ ਪਾਰਟੀ, ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਆਪਣੀ ਹਾਰ ਸਾਫ ਨਜ਼ਰ ਆਉਣ ਕਾਰਨ ਉਨ੍ਹਾਂ ਵੱਲੋਂ ਕਿਸਾਨਾਂ ਅਤੇ ਗਰੀਬ ਪਰਿਵਾਰਾਂ ਸਬੰਧੀ 'ਪੁੱਠੇ-ਸਿੱਧੇ' ਬਿਆਨ ਦਾਗੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲ ਵਿਚ ਬਾਦਲ ਪਰਿਵਾਰ ਵੱਲੋਂ ਪੰਜਾਬ ਨੂੰ ਦੋਹੇਂ ਹੱਥਾਂ ਨਾਲ ਲੁੱਟਿਆ ਗਿਆ ਹੈ ਅਤੇ ਹੁਣ ਉਹ ਵੱਡੇ-ਵੱਡੇ ਵਾਅਦੇ ਕਰ ਕੇ ਆਪਣੇ ਪਾਪ ਧੋਣ ਦੀ ਕੋਸ਼ਿਸ਼ ਕਰ ਰਹੇ ਹਨ। ਸੱਤਾ ਦੇ ਜ਼ੋਰ ਉਤੇ ਬਾਦਲ ਪਰਿਵਾਰ ਨੇ ਸੂਬੇ ਦੇ ਸੋਮਿਆਂ ਦੀ ਲੁੱਟ ਕੀਤੀ ਹੈ ਅਤੇ ਆਪਣੇ ਕਾਰੋਬਾਰ ਨੂੰ ਹੀ ਵਧਾਇਆ ਹੈ। ਸ੍ਰੀ ਵੜੈਚ ਨੇ ਦੋਹਾਂ ਬਾਦਲਾਂ ਨੂੰ ਪਿਛਲੇ ਦਸ ਸਾਲਾਂ ਵਿਚ 30,000 ਕਿਸਾਨ ਖੁਦਕੁਸ਼ੀ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਹੁਣ ਉਨ੍ਹਾਂ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਅਤੇ ਲੋਕ ਭਲਾਈ ਪੈਨਸ਼ਨਾਂ ਵਧਾਉਣ ਦੇ ਵਾਅਦੇ ਕਰਨ ਦਾ ਕੋਈ ਫਾਇਦਾ ਨਹੀਂ ਹੈ। 'ਆਪ' ਆਗੂ ਨੇ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ 9 ਸਾਲ ਬੁਢਾਪਾ, ਵਿਧਵਾ ਅਤੇ ਅੰਗਹੀਣ ਪੈਨਸ਼ਨ 250 ਰੁਪਏ ਮਹੀਨਾ ਦਿੱਤੀ ਗਈ ਅਤੇ ਅਖੀਰਲੇ ਸਾਲ ਵਿਚ ਇਸ ਨੂੰ ਵਧਾ ਕੇ 500 ਰੁਪਏ ਕੀਤਾ ਗਿਆ, ਜੋ ਹੋਰ ਸਾਰੇ ਸੂਬਿਆਂ ਨਾਲੋਂ ਘੱਟ ਹੈ।

# ਦਿਲਚਸਪ ਹੋਵੇਗਾ ਲੰਬੀ ਦਾ ਚੋਣ ਪਿੜ

**ਲੰਬੀ:** ਦੋ ਰਵਾਇਤੀ ਪਾਰਟੀਆਂ ਦੇ ਜਰਨੈਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਲੰਬੀ ਹਲਕੇ ਦੇ ਚੋਣ ਪਿੜ ਵਿਚ ਆਉਣ ਕਰ ਕੇ ਇਹ ਚੋਣ ਬੇਹੱਦ ਦਿਲਚਸਪ ਹੋ ਗਈ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਜਰਨੈਲ ਸਿੰਘ ਦੀ ਮੌਜੂਦਗੀ ਨੇ ਸਖਤ ਤਿਕੋਣੇ ਮੁਕਾਬਲੇ ਦੇ ਆਸਾਰ ਬਣਾ ਦਿੱਤੇ ਹਨ। ਇਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸਿਆਸੀ ਕਬਜ਼ਾ ਪਿਛਲੀਆਂ ਚਾਰ ਵਿਧਾਨ ਸਭਾ ਚੋਣਾਂ ਤੋਂ ਲਗਾਤਾਰ ਚਲਿਆ ਆ ਰਿਹਾ ਹੈ। ਉਹ ਹਰ ਵਾਰ ਫਸਵੇਂ ਮੁਕਾਬਲੇ ਵਿਚ ਵਧਵੇਂ ਫਰਕ ਨਾਲ ਜਿੱਤਦੇ ਆਏ ਹਨ। 2002 ਤੋਂ ਉਨ੍ਹਾਂ ਦੇ ਚਚੇਰੇ ਭਰਾ ਮਹੇਸ਼ਇੰਦਰ ਸਿੰਘ ਆਜ਼ਾਦ ਅਤੇ 2007 ਤੇ 2012 ਵਿਚ ਕਾਂਗਰਸ ਵੱਲੋਂ ਉਨ੍ਹਾਂ ਨੂੰ ਲਗਾਤਾਰ ਸਖਤ ਟੱਕਰ ਦਿੱਤੀ ਗਈ। 2012 ਵਿਚ ਲੰਬੀ ਹਲਕੇ 'ਚ ਤਿੰਨ ਬਾਦਲਾਂ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੇ ਛੋਟੇ ਭਰਾ ਗੁਰਦਾਸ ਸਿੰਘ ਬਾਦਲ (ਆਜ਼ਾਦ) ਅਤੇ ਮਹੇਸ਼ਇੰਦਰ ਸਿੰਘ ਬਾਦਲ (ਕਾਂਗਰਸ) ਦਾ ਮੁਕਾਬਲਾ ਹੋਇਆ ਸੀ ਤੇ ਪ੍ਰਕਾਸ਼ ਸਿੰਘ ਬਾਦਲ ਨੇ 24,739 ਵੋਟਾਂ ਨਾਲ ਜਿੱਤ ਦਰਜ ਕੀਤੀ ਸੀ।




ਮਹੇਸ਼ਇੰਦਰ ਸਿੰਘ ਬਾਦਲ ਨੂੰ 43,260 ਵੋਟਾਂ ਮਿਲੀਆਂ ਤੇ ਗੁਰਦਾਸ ਬਾਦਲ ਨੂੰ 5,352 ਵੋਟਾਂ ਮਿਲੀਆਂ ਸਨ।

ਸਿਰਫ਼ ਮੁੱਖ ਮੰਤਰੀ ਚੁਣਨ ਲਈ ਵੋਟ ਪਾਉਣ ਦੇ 'ਆਦੀ' ਲੰਬੀ ਦੇ ਵੋਟਰ ਇਸ ਵਾਰ ਕੈਪਟਨ ਅਮਰਿੰਦਰ ਸਿੰਘ ਅਤੇ ਜਰਨੈਲ ਸਿੰਘ ਨੂੰ ਬਦਲ ਵਜੋਂ ਦੇਖ ਰਹੇ ਹਨ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਹਲਕੇ ਵਿਚ ਸਿਆਸੀ ਕੰਮ ਸੁਚੱਜੇ ਢੰਗ ਨਾਲ ਚਲਾਉਣ ਲਈ ਕਈ-ਕਈ ਪਿੰਡਾਂ ਉਤੇ ਆਧਾਰਤ ਇੰਚਾਰਜ ਲਾਏ ਗਏ ਸਨ। ਪਰ ਇਹੀ ਵਿਉਂਤਬੰਦੀ ਅਕਾਲੀ ਦਲ ਦੀਆਂ ਜੜ੍ਹਾਂ 'ਚ ਬੈਠਣ ਲੱਗੀ ਹੈ।

# ਭਾਜਪਾ ਵੀ ਲੁਭਾਊ ਵਾਅਦਿਆਂ ਪੱਖੋਂ ਨਾ ਰਹੀ ਪਿੱਛੇ

**ਜਲੰਧਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੂਬੇ ਵਿਚ ਨਸ਼ੇ ਨਾ ਹੋਣ ਦੇ ਦਾਅਵੇ ਕਰ ਰਹੇ ਹਨ, ਪਰ ਭਾਜਪਾ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਹੈ। ਚੋਣ ਮਨੋਰਥ ਪੱਤਰ ਵਿਚ ਕਿਹਾ ਗਿਆ ਹੈ ਕਿ ਸਰਕਾਰ ਬਣਨ ਉਤੇ ਡਰੱਗ ਮਾਫੀਏ ਖਿਲਾਫ਼ ਮੁਹਿੰਮ ਲਈ ਸਪੈਸ਼ਲ ਐਂਟੀ ਡਰੱਗ ਸਕੁਐਡ ਬਣਾਇਆ ਜਾਵੇਗਾ।



ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿਚ ਲੋਕ ਲੁਭਾਊ ਵਾਅਦਿਆਂ ਨੂੰ ਦੁਹਰਾਇਆ ਹੈ। ਭਾਜਪਾ ਨੇ ਲੋਕਾਂ ਨੂੰ ਆਟਾ-ਦਾਲ ਸਕੀਮ ਦੇ ਨਾਲ 25 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਦੋ ਕਿਲੋ ਦੇਸੀ ਘਿਉ ਅਤੇ 10 ਰੁਪਏ ਕਿਲੋ ਦੇ ਹਿਸਾਬ ਨਾਲ 5 ਕਿਲੋ ਖੰਡ ਹਰ ਮਹੀਨੇ ਦੇਣ ਦਾ ਵਾਅਦਾ ਕੀਤਾ ਹੈ। ਚੋਣ ਮਨੋਰਥ ਪੱਤਰ ਵਿਚ ਭਾਜਪਾ ਨੇ ਗੱਠਜੋੜ ਸਰਕਾਰ ਦੀਆਂ 10 ਸਾਲ ਦੀਆਂ ਪ੍ਰਾਪਤੀਆਂ ਗਿਣਾਈਆਂ ਹਨ, ਪਰ ਨੋਟਬੰਦੀ ਦਾ ਜ਼ਿਕਰ ਤੱਕ ਨਹੀਂ ਕੀਤਾ। ਉਂਜ ਸੂਬਾ ਪ੍ਰਧਾਨ ਵਿਜੈ ਸਾਂਪਲਾ ਨੇ ਨੋਟਬੰਦੀ ਨੂੰ ਚੋਣ ਮੁੱਦਾ ਬਣਾਉਣ ਦਾ ਐਲਾਨ ਕੀਤਾ ਸੀ।

ਦੂਜੀਆਂ ਪਾਰਟੀਆਂ ਵਾਂਗ ਭਾਜਪਾ ਨੇ ਵੀ ਸੂਬੇ ਦੇ ਹਰ ਘਰ ਵਿਚ ਇਕ ਜਣੇ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਹੈ। ਦਲਿਤਾਂ ਨੂੰ ਪੜ੍ਹਾਈ ਲਈ 15 ਲੱਖ ਰੁਪਏ ਤੱਕ ਸਕਾਲਰਸ਼ਿਪ, ਲੜਕੀਆਂ ਨੂੰ ਪੀ.ਐਚ.ਡੀ ਤੱਕ ਮੁਫਤ ਪੜ੍ਹਾਈ, ਢਾਈ ਏਕੜ ਜਾਂ ਇਸ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਜਿਹੇ ਵਾਅਦੇ ਕੀਤੇ ਗਏ ਹਨ। ਵਪਾਰੀਆਂ ਨੂੰ ਖੁਸ਼ ਕਰਨ ਦੇ ਯਤਨ ਤਹਿਤ ਜੀ.ਐਸ.ਟੀ. ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਅਤੇ ਵੈਟ ਨੂੰ ਰਿਫੰਡ ਹੋਰ ਸਰਲ ਬਣਾਉਣ ਦੇ ਵਾਅਦੇ ਵੀ ਕੀਤੇ ਗਏ ਹਨ।

# ਭਾਰਤੀ ਮੂਲ ਦੀ ਪੱਤਰਕਾਰ ਬਣੀ ਯੂ.ਕੇ. ਯੂਨੀਵਰਸਿਟੀ ਦੀ ਚਾਂਸਲਰ

**ਲੰਡਨ:** ਭਾਰਤੀ ਮੂਲ ਦੀ ਪੱਤਰਕਾਰ ਰਣਵੀਰ ਸਿੰਘ (39) ਨੂੰ ਉਤਰੀ-ਪੱਛਮੀ ਇੰਗਲੈਂਡ ਦੀ 'ਯੂਨੀਵਰਸਿਟੀ ਆਫ ਸੈਂਟਰਲ ਲੰਕਾਸ਼ਾਇਰ' ਦੀ ਨਵੀਂ ਚਾਂਸਲਰ ਨਿਯੁਕਤ ਕੀਤਾ ਗਿਆ ਹੈ। ਪ੍ਰੈਸਟਨ 'ਚ ਜੰਮੀ-ਪਲੀ ਰਣਵੀਰ ਨੇ ਅਹੁਦਾ ਸੰਭਾਲਣ ਤੋਂ ਬਾਅਦ ਕਿਹਾ, ਮੈਨੂੰ ਯੂਨੀਵਰਸਿਟੀ ਵੱਲੋਂ ਇਸ ਦੀ ਨਵੀਂ ਚਾਂਸਲਰ ਬਣਨ ਦਾ ਮੌਕਾ ਪ੍ਰਾਪਤ ਕਰ ਕੇ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ। ਰਣਵੀਰ ਸਿੰਘ ਯੂ.ਕੇ. ਦੀ ਮਸ਼ਹੂਰ ਟੀ.ਵੀ. ਪੱਤਰਕਾਰ ਹੈ।

# ਸਿਆਸੀ ਧਿਰਾਂ ਦੇ ਦਬਕਿਆਂ ਦੇ ਬਾਵਜੂਦ ਚੋਣ ਮੈਦਾਨ ਵਿਚ ਡਟੇ ਬਾਗੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਮੈਦਾਨ ਵਿਚੋਂ ਨਾ ਹਟਣ ਵਾਲੇ ਬਾਗੀਆਂ ਨੂੰ ਉਮਰ ਭਰ ਲਈ ਪਾਰਟੀ ਵਿਚੋਂ ਕੱਢ ਦੇਣ ਦੀ ਚਿਤਾਵਨੀ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਘਨੌਰ ਤੋਂ ਬਾਗੀ ਤੇਜਿੰਦਰ ਪਾਲ ਸਿੰਘ ਸੰਧੂ ਦੀ ਪਤਨੀ ਅਨੁਪ੍ਰੀਤ ਕੌਰ ਸੰਧੂ ਨੂੰ ਪਾਰਟੀ ਤੋਂ ਕੱਢਣ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਬਾਵਜੂਦ ਕਾਂਗਰਸ ਦੇ ਇਕ ਦਰਜਨ ਅਤੇ ਅਕਾਲੀ ਦਲ ਦੇ ਅੱਧੀ ਦਰਜਨ ਤੋਂ ਵੱਧ ਬਾਗੀ ਚੋਣ ਮੈਦਾਨ ਵਿਚ ਹਨ। ਪਿਛਲੀਆਂ ਵਿਧਾਨ ਸਭਾਵਾਂ ਦੌਰਾਨ ਕੱਢੇ ਆਗੂ, ਇਸ ਵਾਰ ਟਿਕਟ ਲੈ ਗਏ। ਇਸ ਕਰ ਕੇ ਬਾਗੀਆਂ ਨੂੰ ਲੱਗ ਰਿਹਾ ਹੈ ਕਿ ਅੱਜ ਦੇ ਬਾਗੀ ਅਗਲੀ ਵਾਰ ਉਮੀਦਵਾਰ ਬਣ ਸਕਦੇ ਹਨ। ਪਾਰਟੀਆਂ ਹੁਣ ਜਿੱਤਣ ਵਾਲੇ ਉਮੀਦਵਾਰਾਂ ਨੂੰ ਟਿਕਟ ਦੇਣ ਦੇ ਨਾਮ ਉਤੇ ਕਿਸੇ ਵੀ ਪਾਰਟੀ ਦੇ ਆਗੂ ਨੂੰ ਉਮੀਦਵਾਰ ਬਣਾਉਣ ਤੋਂ ਝਿਜਕਦੀਆਂ ਨਹੀਂ। ਇਸ ਕਾਰਨ ਆਗੂਆਂ ਦੇ ਪਾਰਟੀਆਂ ਪ੍ਰਤੀ ਮੋਹ ਨੂੰ ਵੀ ਸੱਟ ਵੱਜੀ ਹੈ।

ਮਿਲੀ ਜਾਣਕਾਰੀ ਮੁਤਾਬਕ ਕਾਂਗਰਸ ਦੇ ਬੰਗਾ ਤੋਂ ਤਰਲੋਚਨ ਸਿੰਘ, ਨਕੋਦਰ ਤੋਂ ਗੁਰਬਿੰਦਰ ਸਿੰਘ ਅਟਵਾਲ, ਪਠਾਨਕੋਟ ਤੋਂ ਸਾਬਕਾ ਵਿਧਾਇਕ ਅਸ਼ੋਕ ਸ਼ਰਮਾ, ਭੋਆ ਤੋਂ ਰੁਮਾਲ ਚੰਦ, ਸੁਜਾਨਪੁਰ ਤੋਂ ਸਾਬਕਾ ਮੰਤਰੀ ਰਘੂਨਾਥ ਸਹਾਇਪੁਰੀ ਦਾ ਪੁੱਤਰ, ਬਟਾਲਾ ਤੋਂ ਅਸ਼ਵਨੀ ਸੇਖੜੀ ਖਿਲਾਫ਼ ਉਸ ਦਾ ਭਰਾ ਇੰਦਰ ਸੇਖੜੀ, ਡੇਰਾ ਬਾਬਾ ਨਾਨਕ ਤੋਂ ਸੁਖਜਿੰਦਰ ਰੰਧਾਵਾ ਦਾ ਭਤੀਜਾ ਦੀਪਇੰਦਰ ਸਿੰਘ ਰੰਧਾਵਾ, ਅੰਮ੍ਰਿਤਸਰ ਦੱਖਣੀ ਤੋਂ ਮਨਿੰਦਰ ਸਿੰਘ ਪਲਾਸੌਰ ਸਮੇਤ ਕਈ 'ਵੱਡੇ' ਆਗੂ ਬਾਗੀਆਂ ਵਜੋਂ ਚੋਣ ਮੈਦਾਨ ਵਿਚ ਹਨ। ਇਕ ਬਾਗੀ ਉਮੀਦਵਾਰ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਖੁਦ ਤਾਂ ਕਹਿ ਰਹੇ ਹਨ ਕਿ ਇਹ ਉਨ੍ਹਾਂ ਦੀ ਆਖਰੀ ਚੋਣ ਹੈ ਤਾਂ ਉਮਰ ਭਰ ਲਈ ਕੱਢਣ ਦਾ ਮਤਲਬ ਸਮਝ ਵਿਚ ਨਹੀਂ ਆਇਆ।

ਇਕ ਹੋਰ ਆਗੂ ਨੇ ਕਿਹਾ ਕਿ ਪਹਿਲਾਂ ਹੋਈਆਂ ਚੋਣਾਂ ਵਿਚ ਮੁਕੇਰੀਆਂ ਤੋਂ ਕਾਂਗਰਸ ਦੇ ਉਮੀਦਵਾਰ ਅਜੀਤ ਕੁਮਾਰ ਨਾਰੰਗ ਖਿਲਾਫ਼ ਬਾਗੀ ਖੜ੍ਹੇ ਰਜਨੀਸ਼ ਕੁਮਾਰ 53,951 ਵੋਟਾਂ ਲੈ ਕੇ ਚੋਣ ਜਿੱਤ ਗਏ ਸਨ, ਜਦਕਿ ਕਾਂਗਰਸੀ ਉਮੀਦਵਾਰ ਨੂੰ 13,525 ਵੋਟਾਂ ਨਾਲ ਸਬਰ ਕਰਨਾ ਪਿਆ ਸੀ। ਇਸ ਵਾਰ ਰਜਨੀਸ਼ ਕੁਮਾਰ ਕਾਂਗਰਸ ਦੇ ਉਮੀਦਵਾਰ ਹਨ। ਡੇਰਾਬੱਸੀ ਤੋਂ ਕਾਂਗਰਸੀ ਉਮੀਦਵਾਰ ਜਸਜੀਤ ਸਿੰਘ ਰੰਧਾਵਾ ਉਮੀਦਵਾਰ ਸਨ ਤੇ ਮੌਜੂਦਾ ਉਮੀਦਵਾਰ ਦੀਪਇੰਦਰ ਸਿੰਘ ਢਿੱਲੋਂ ਨੇ ਬਾਗੀ ਵਜੋਂ ਚੋਣ ਲੜੀ। ਉਹ ਕਈ ਸਾਲ ਅਕਾਲੀ ਦਲ ਵਿਚ ਰਹੇ ਤੇ ਹੁਣ ਕਾਂਗਰਸ ਦੇ ਉਮੀਦਵਾਰ ਹਨ। ਉਨ੍ਹਾਂ ਕਿਹਾ ਕਿ ਕੈਪਟਨ ਨੂੰ ਜਿੱਤਣ ਦੀ ਸ਼ਰਤ ਉਤੇ ਕਿਸੇ ਵੀ ਹੋਰ ਪਾਰਟੀ ਤੋਂ ਲਿਆਂਦੇ ਆਗੂ ਨੂੰ ਉਮੀਦਵਾਰ ਬਣਾਉਣ ਉਤੇ ਇਤਰਾਜ਼ ਨਹੀਂ ਹੈ।

ਸ਼੍ਰੋਮਣੀ ਅਕਾਲੀ ਦਲ ਦੇ 2012 ਦੀਆਂ ਚੋਣਾਂ ਵਿਚ ਉਮੀਦਵਾਰ ਤੇਜਿੰਦਰ ਪਾਲ ਸਿੰਘ ਸੰਧੂ ਨੂੰ ਟਿਕਟ ਨਾ ਦੇਣ ਕਾਰਨ ਘਨੌਰ ਤੋਂ ਬਾਗੀ ਵਜੋਂ ਉਨ੍ਹਾਂ ਦੀ ਪਤਨੀ ਅਨੁਪ੍ਰੀਤ ਕੌਰ ਸੰਧੂ ਚੋਣ ਮੈਦਾਨ ਵਿਚ ਹਨ। ਮੁਕਤਸਰ ਤੋਂ ਸਾਬਕਾ ਵਿਧਾਇਕ ਸੁਖਦਰਸ਼ਨ ਸਿੰਘ ਮਰਾੜ, ਮਹਿਲ ਕਲਾਂ ਤੋਂ ਸਾਬਕਾ ਮੰਤਰੀ ਗੋਬਿੰਦ ਸਿੰਘ ਕਾਂਝਲਾ, ਨਾਭਾ ਤੋਂ ਜੀਤ ਸਿੰਘ ਦੁਲੱਦੀ, ਸਨੌਰ ਤੋਂ ਅਕਾਲੀ ਦਲ ਦੇ ਯੂਥ ਵਿੰਗ ਦੇ ਆਗੂ ਹਰਮੀਤ ਸਿੰਘ ਪਠਾਨਮਾਜਰਾ, ਰਾਜਪੁਰਾ ਤੋਂ ਅਕਾਲੀ ਆਗੂ ਅਤੇ ਐਮਸੀ ਜਗਦੀਸ਼ ਕੁਮਾਰ ਜੱਗਾ ਸਮੇਤ ਕਈ ਬਾਗੀ ਮੈਦਾਨ ਵਿਚ ਹਨ। ਅਕਾਲੀ ਦਲ ਨੇ ਪਿਛਲੀ ਵਾਰ ਬਗਾਵਤ ਕਰਨ ਵਾਲੇ ਸਤਵੀਰ ਸਿੰਘ ਖਟੜਾ ਨੂੰ ਪਾਰਟੀ ਵਿਚੋਂ ਕੱਢਿਆ, ਪਰ ਇਸ ਵਾਰ ਪਾਰਟੀ ਦੇ ਉਮੀਦਵਾਰ ਹਨ। ਬੱਲੂਆਣਾ (ਰਾਖਵੇਂ) ਹਲਕੇ ਤੋਂ ਕਾਂਗਰਸ ਦੇ ਬਾਗੀ ਵਜੋਂ ਚੋਣ ਲੜੇ ਪ੍ਰਕਾਸ਼ ਸਿੰਘ ਭੱਟੀ ਹੁਣ ਅਕਾਲੀ ਦਲ ਦੇ ਉਮੀਦਵਾਰ ਹਨ। ਸਰਹਿੰਦ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੇ 2007 ਵਿਚ ਚੁਣੇ ਗਏ ਵਿਧਾਇਕ ਦੀਦਾਰ ਸਿੰਘ ਭੱਟੀ ਨੂੰ 2012 ਵਿਚ ਟਿਕਟ ਤੋਂ ਜਵਾਬ ਮਿਲ ਗਿਆ ਤਾਂ ਪੀ.ਪੀ.ਪੀ. ਨੇ ਉਨ੍ਹਾਂ ਨੂੰ ਆਪਣਾ ਉਮੀਦਵਾਰ ਬਣਾ ਲਿਆ। ਇਸ ਵਾਰ ਸ੍ਰੀ ਭੱਟੀ ਮੁੜ ਅਕਾਲੀ ਦਲ ਦੇ ਉਮੀਦਵਾਰ ਹਨ।

'ਆਪ' ਦੇ ਤਾਂ ਲਗਭਗ ਸਾਰੇ ਬਾਗੀ ਸੁੱਚਾ ਸਿੰਘ ਛੋਟੇਪੁਰ ਦੀ ਆਪਣਾ ਪੰਜਾਬ ਪਾਰਟੀ ਅਤੇ ਡਾ. ਧਰਮਵੀਰ ਗਾਂਧੀ ਦੇ ਫਰੰਟ ਵੱਲੋਂ ਉਮੀਦਵਾਰ ਹਨ। 'ਆਪ' ਨੇ ਵੀ ਪਾਰਟੀਆਂ ਦੇ ਕਈ ਬਾਗੀਆਂ ਨੂੰ ਟਿਕਟਾਂ ਦਿੱਤੀਆਂ ਹਨ। ਖਡੂਰ ਸਾਹਿਬ ਉਪ ਚੋਣ ਵਿਚ ਕਾਂਗਰਸ ਦੇ ਬਾਗੀ ਵਜੋਂ ਚੋਣ ਮੈਦਾਨ ਵਿਚ ਉਤਰੇ ਭੁਪਿੰਦਰ ਸਿੰਘ ਬਿੱਟੂ ਹੁਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ। ਸਾਲ 2012 ਵਿਚ ਵੀ ਬਾਗੀਆਂ ਨੇ ਕਾਂਗਰਸ ਦਾ ਕਾਫੀ ਨੁਕਸਾਨ ਕੀਤਾ ਸੀ।

# ਕੀ ਅਸੀਂ ਗੁਰਪੁਰਬਾਂ 'ਤੇ ਸਿਰਫ ਵਧਾਈਆਂ ਦੇਣ ਜੋਗੇ ਹੀ ਰਹਿ ਗਏ ਹਾਂ?



**ਜਸਵੰਤ ਸਿੰਘ ਸ਼ਾਦ**
**ਫੋਨ: 209-992-7185**

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਦਿਹਾੜਾ ਸਿੱਖ ਕੌਮ ਨੇ ਬੜੇ ਉਤਸ਼ਾਹ ਨਾਲ ਮਨਾਇਆ। ਸੋਸ਼ਲ ਮੀਡੀਏ ਉਤੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਰਿਹਾ। ਬਣੇ ਬਣਾਏ ਮੈਸੇਜ ਅੱਗੇ ਤੋਂ ਅੱਗੇ ਸ਼ੇਅਰ ਕੀਤੇ ਗਏ। ਕੀ ਅਸੀਂ ਸੱਚਮੁੱਚ ਗੁਰੂ ਨਾਲ ਇੰਨਾ ਪਿਆਰ ਕਰਦੇ ਹਾਂ? ਅੱਜ ਗੁਰੂ ਇਤਿਹਾਸ ਨਾਲ ਸਬੰਧਤ ਨਿਸ਼ਾਨੀਆਂ ਤੇ ਇਮਾਰਤਾਂ ਨੂੰ ਸਾਡੀਆਂ ਅੱਖਾਂ ਦੇ ਸਾਹਮਣੇ ਖਤਮ ਕੀਤਾ ਜਾ ਰਿਹਾ ਹੈ। ਜੇ ਗੁਰੂ ਨਾਲ ਇੰਨਾ ਪਿਆਰ ਹੈ ਤਾਂ ਅਸੀਂ ਬੋਲਦੇ ਕਿਉਂ ਨਹੀਂ? ਚੁੱਪਚਾਪ ਇਤਿਹਾਸ ਤਬਾਹ ਹੁੰਦਾ ਕਿਉਂ ਦੇਖ ਰਹੇ ਹਾਂ? ਕੀ ਸਾਨੂੰ ਪਤਾ ਹੀ ਨਹੀਂ ਕਿ ਸਾਡਾ ਵਿਰਸਾ ਤਬਾਹ ਕੀਤਾ ਜਾ ਰਿਹਾ ਹੈ? ਜਾਂ ਸਾਨੂੰ ਵਿਰਸੇ ਦੀ ਅਹਿਮੀਅਤ ਦਾ ਪਤਾ ਨਹੀਂ ਹੈ? ਜੇ ਸਿਰਫ ਦਸ਼ਮੇਸ਼ ਪਿਤਾ ਨਾਲ ਸਬੰਧਤ ਇਤਿਹਾਸਕ ਨਿਸ਼ਾਨੀਆਂ ਦੀ ਹੀ ਗੱਲ ਕਰ ਲਈਏ ਤਾਂ ਕੀ ਕੋਈ ਦੱਸ ਸਕਦਾ ਹੈ ਕਿ ਦਸਮ ਪਿਤਾ ਦੇ ਬਣਾਏ ਪੰਜ ਕਿਲਿਆਂ ਦੀ ਅੱਜ ਕੀ ਹਾਲਤ ਹੈ?

ਤਿੰਨ ਚਾਰ ਦਹਾਕੇ ਪਹਿਲਾਂ ਮੌਜੂਦ ਠੰਡਾ ਬੁਰਜ ਤੇ ਕੱਚੀ ਗੜ੍ਹੀ ਅਲੋਪ ਕਿਵੇਂ ਹੋ ਗਏ? ਪੰਜ ਸੱਤ ਸਦੀਆਂ ਪਹਿਲਾਂ ਬਣੇ ਮੁਗਲ ਵੇਲੇ ਦੇ ਕਿਲੇ ਤੇ ਇਮਾਰਤਾਂ ਜੇ ਅੱਜ ਵੀ ਜਿਉਂ ਦੇ ਤਿਉਂ ਖੜ੍ਹੇ ਹਨ ਤਾਂ ਸਾਡੀ ਵਿਰਾਸਤ ਨੂੰ ਕੌਣ ਖਾ ਗਿਆ? ਕੌਣ ਹੈ, ਜੋ ਚੁਣ ਚੁਣ ਕੇ ਸਾਡੀ ਵਿਰਾਸਤ ਨੂੰ ਢਹਿ ਢੇਰੀ ਕਰ ਰਿਹਾ ਹੈ? ਅਸੀਂ ਇਸ ਨੂੰ ਬਚਾਉਣ ਲਈ ਕੀ ਕਰ ਸਕਦੇ ਹਾਂ? ਜ਼ਰੂਰ ਸੋਚੀਏ। ਘੱਟੋ ਘੱਟ ਇੰਨਾ ਹੀ ਪਤਾ ਕਰ ਲਈਏ ਕਿ ਸਾਡੀ ਕਿਹੜੀ ਕਿਹੜੀ ਵਿਰਾਸਤੀ ਨਿਸ਼ਾਨੀ ਤਬਾਹ ਕੀਤੀ ਜਾ ਚੁੱਕੀ ਹੈ? ਦਰਜਨਾਂ ਇਤਿਹਾਸਕ ਨਿਸ਼ਾਨੀਆਂ ਕਾਰ ਸੇਵਾ ਵਾਲੇ ਬਾਬਿਆਂ ਨੇ ਗੁਰਦੁਆਰੇ ਵੱਡੇ ਕਰਨ ਦੇ ਬਹਾਨੇ ਖਤਮ ਕਰ ਦਿੱਤੀਆਂ ਹਨ। ਜਿੱਦਣ ਅਸੀਂ ਇਹ ਸੋਚਣਾ ਸ਼ੁਰੂ ਕਰ ਦਿੱਤਾ, ਸਮਝ ਲੈਣਾ ਸਾਨੂੰ ਗੁਰੂ ਨਾਲ ਪਿਆਰ ਹੈ, ਕਿਉਂਕਿ ਨਿਸ਼ਾਨੀਆਂ ਪਿਆਰਿਆਂ ਦੀਆਂ ਹੀ ਸਾਂਭ ਕੇ ਰੱਖੀਆਂ ਜਾਂਦੀਆਂ ਹਨ। ਵਰਨਾ ਵਧਾਈਆਂ ਦੇ ਸੰਦੇਸ਼ ਇੱਕ ਰਸਮ ਤੋਂ ਵੱਧ ਕੁਝ ਵੀ ਨਹੀਂ।

ਆਲੀਸ਼ਾਨ ਗੁਰਦੁਆਰੇ ਬਣਾਉਣ ਦੇ ਨਾਂ 'ਤੇ ਇਤਿਹਾਸਕ ਨਿਸ਼ਾਨੀਆਂ ਨੂੰ ਖਤਮ ਕਰਨਾ ਤਬਾਹਕੁਨ ਰੁਝਾਨ ਹੈ। ਦੁੱਖ ਇਸ ਗੱਲ ਦਾ ਨਹੀਂ ਕਿ ਇਹ ਤਬਾਹੀ ਹੋ ਰਹੀ ਹੈ, ਜ਼ਿਆਦਾ ਦੁੱਖ ਇਸ ਗੱਲ ਦਾ ਹੈ ਕਿ ਸਿੱਖ ਇਸ ਗੱਲੋਂ ਅਣਜਾਣ ਹਨ ਕਿ ਉਨ੍ਹਾਂ ਦਾ ਸਭ ਕੁਝ ਤਬਾਹ ਕੀਤਾ ਜਾ ਰਿਹਾ ਹੈ। ਇਤਿਹਾਸ ਦੇ ਨਾਲ ਨਾਲ ਅਸੀਂ ਗੁਰੂ ਦੇ ਫਲਸਫੇ ਤੋਂ ਵੀ ਟੁੱਟ ਚੁੱਕੇ ਹਾਂ। ਗੁਰੂ ਸਾਹਿਬ ਸਮਾਜਿਕ ਬਰਾਬਰੀ ਦੇ ਹੱਕ ਵਿਚ ਤੇ ਜ਼ੁਲਮ ਦੇ ਖਿਲਾਫ ਡੱਟ ਕੇ ਖੜੇ, ਜ਼ੁਲਮ ਦੇ ਖਿਲਾਫ ਆਪਣਾ ਸਰਬੰਸ ਤੱਕ ਵਾਰ ਦਿੱਤਾ। ਅੱਜ ਕਿੰਨੇ ਕੁ ਸਿੱਖ ਹਨ, ਜਿਹੜੇ ਜ਼ੁਲਮ ਦੇ ਖਿਲਾਫ ਬੋਲਣ ਜਾਂ ਖੜ੍ਹਨ ਦੀ ਜ਼ੁਰਅਤ ਰੱਖਦੇ ਹਨ?

ਜਿਸ ਦਸਮ ਪਿਤਾ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ, ਉਸ ਪਿਤਾ ਨੇ ਜਾਤ-ਪਾਤ ਤੇ ਮਨੁੱਖਤਾ ਵਿਚ ਪਈਆਂ ਵੰਡੀਆਂ ਮੁੱਢੋਂ ਨਕਾਰ ਕੇ ਪਰਮ ਮਨੁੱਖ (ਖਾਲਸੇ) ਦੀ ਸਿਰਜਣਾ ਕੀਤੀ ਸੀ। ਅੱਜ ਕਿੰਨੇ ਕੁ ਸਿੱਖ ਹਨ ਜਿਹੜੇ ਜਾਤ-ਪਾਤ ਨੂੰ ਖਤਮ ਕਰਨ ਲਈ ਕੋਸ਼ਿਸ਼ਾਂ ਕਰ ਰਹੇ ਹਨ। ਕੀ ਵਧਾਈਆਂ ਦੇਣ ਵਾਲੇ ਸਾਰੇ ਗੁਰੂ ਦੇ ਇਸ ਫਲਸਫੇ ਉਤੇ ਪਹਿਰਾ ਦਿੰਦੇ ਹਨ? ਜੇ ਨਹੀਂ ਤਾਂ ਫਿਰ ਕੀ ਉਹ ਦੱਸ ਸਕਦੇ ਹਨ ਕਿ ਵਧਾਈ ਦੇਣਾ ਉਨ੍ਹਾਂ ਲਈ ਸਿਰਫ ਇੱਕ ਰਸਮ ਬਣ ਕੇ ਹੀ ਕਿਉਂ ਰਹਿ ਗਿਆ? ਬ੍ਰਾਹਮਣਵਾਦੀ ਜਾਤ-ਪਾਤ ਦਾ ਕੋਹੜ ਖਤਮ ਕਰਨ ਲਈ ਗੁਰੂ ਸਾਹਿਬ ਨੇ ਇੱਕੋ ਬਾਟੇ ਅੰਮ੍ਰਿਤ ਛਕਾ ਕੇ ਸਿੱਖ ਦੀ ਜ਼ਾਤ-ਕੁੱਲ ਖਤਮ ਕਰਕੇ ਖਾਲਸਾ ਬਣਾਇਆ। ਅੱਜ ਕਿੰਨੇ ਕੁ ਅਮ੍ਰਿਤਧਾਰੀ ਸਿੰਘ ਹਨ ਜੋ ਇਸ ਕੋਹੜ ਤੋਂ ਬਚ ਸਕੇ ਹਨ?

ਅੱਜ ਡੇਰਾਵਾਦ ਰਾਹੀਂ ਸਿੱਖ ਨੂੰ ਗੁਰੂ ਨਾਲੋਂ ਤੋੜ ਕੇ ਦੇਹਧਾਰੀ ਪਖੰਡੀਆਂ ਨਾਲ ਜੋੜਿਆ ਜਾ ਰਿਹਾ ਹੈ। ਗੁਰੂ ਨਾਲੋਂ ਟੁੱਟਾ ਤੇ ਕਿਸੇ ਦੇਹਧਾਰੀ ਨੂੰ ਰੱਬ ਮੰਨਣ ਵਾਲਾ ਅਖੌਤੀ ਸਿੱਖ ਕਿਹੜੇ ਮੂੰਹ ਨਾਲ ਵਧਾਈ ਦੇਵੇਗਾ! ਭੁੱਚੋ ਮੰਡੀ ਵਾਲੇ ਡੇਰੇ ਦੇ ਨਾਮ ਨਾਲ ਜਾਣੇ ਜਾਂਦੇ ਇੱਕ ਡੇਰੇ ਵਿਚ ਸ਼ੱਰੇਆਮ ਜਾਤ-ਪਾਤੀ ਵਿਤਕਰਾ ਕੀਤਾ ਜਾਂਦਾ ਹੈ। ਗੁਰੂ ਦੇ ਖੰਡੇ ਬਾਟੇ ਦੀ ਪਾਹੁਲ ਦਾ ਬਹੁਤ ਸਾਰੇ ਡੇਰਿਆਂ ਵਿਚ ਸ਼ੱਰੇਆਮ ਨਿਰਾਦਰ ਹੋ ਰਿਹਾ ਹੈ ਪਰ ਖਾਲਸਾ ਅਖਵਾਉਣ ਵਾਲਾ ਕੋਈ ਵੀ ਇਸ ਵਿਰੁਧ ਆਵਾਜ਼ ਕਿਉਂ ਨਹੀਂ ਉਠਾਉਂਦਾ?

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
350ਵੇਂ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ
ਕੋਟਾਨਿ ਕੋਟਿ ਵਧਾਈ

ਜਾਤ-ਪਾਤ, ਡੇਰਾਵਾਦ, ਊਚ-ਨੀਚ ਵਿਚ ਫਸੇ ਸਿੱਖ ਵੀ ਦਸਮ ਪਿਤਾ ਦੇ ਆਗਮਨ ਪੁਰਬ ਮੌਕੇ ਸੋਸ਼ਲ ਮੀਡੀਏ ਅਤੇ ਅਖਬਾਰਾਂ ਰਾਹੀਂ ਵਧਾਈਆਂ ਦੇ ਇਸ਼ਤਿਹਾਰ ਲਗਵਾ ਰਹੇ ਹਨ। 'ਨਵਾਂ ਸਾਲ ਮੁਬਾਰਕ' ਜਾਂ 'ਦੀਵਾਲੀ ਮੁਬਾਰਕ' ਵਾਂਗ ਗੁਰੂਆਂ ਦੇ ਪ੍ਰਕਾਸ਼ ਪੁਰਬਾਂ ਨੂੰ ਵੀ ਇੱਕ ਰਸਮ ਬਣਾ ਲਿਆ ਗਿਆ ਹੈ। ਗੁਰੂਆਂ ਦੇ ਜੀਵਨ ਤੋਂ ਸੇਧ ਲੈ ਕੇ ਉਸ ਉਪਰ ਚੱਲਣ ਦੀ ਥਾਂ ਅਸੀਂ ਗੁਰਪੁਰਬਾਂ ਨੂੰ ਸਿਰਫ ਇੱਕ ਰਸਮ ਬਣਾ ਧਰਿਆ ਹੈ। ਅੱਜ ਹਰੇਕ ਗੁਰਪੁਰਬ ਨੂੰ ਮੱਥਾ ਟੇਕਣ ਤੇ ਲੰਗਰ ਛਕਣ-ਛਕਾਉਣ ਦੀ ਰਸਮ ਤੱਕ ਸੀਮਤ ਕਰ ਦਿੱਤਾ ਗਿਆ ਹੈ।

ਇੱਕ ਘੱਟ ਗਿਣਤੀ ਕੌਮ ਹੋਣ ਕਰਕੇ ਸਾਨੂੰ ਅੱਖਾਂ ਤੇ ਕੰਨ ਖੋਲ੍ਹ ਕੇ ਰੱਖਣੇ ਚਾਹੀਦੇ ਹਨ ਪਰ ਅਸੀਂ ਤਾਂ ਜਿਵੇਂ ਗੂੜ੍ਹੀ ਨੀਂਦ ਸੌਂ ਗਏ ਹਾਂ। ਮੈਂ ਫੇਸਬੁੱਕ ਉਤੇ ਇੱਕ ਪੋਸਟ ਪਾਈ ਸੀ ਕਿ ਪਿਛਲੇ ਛੇ ਸੱਤ ਦਹਾਕਿਆਂ ਵਿਚ ਸਿੱਖ ਇਤਿਹਾਸ ਅਤੇ ਗੁਰੂ ਕਾਲ ਨਾਲ ਸਬੰਧਤ ਬਹੁਤ ਸਾਰੀਆਂ ਇਤਿਹਾਸਕ ਨਿਸ਼ਾਨੀਆਂ ਤੇ ਇਮਾਰਤਾਂ ਖਤਮ ਤੇ ਬਰਬਾਦ ਕੀਤੀਆਂ ਗਈਆਂ ਹਨ ਜੇ ਕਿਸੇ ਨੂੰ ਕਿਸੇ ਵੀ ਇਮਾਰਤ ਬਾਰੇ ਪਤਾ ਹੈ ਤਾਂ ਜਾਣਕਾਰੀ ਜ਼ਰੂਰ ਸਾਂਝੀ ਕਰੇ। ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੇਰੇ 1200 ਤੋਂ ਵੱਧ ਦੋਸਤਾਂ ਵਿਚੋਂ ਇੱਕ ਬੰਦਾ ਵੀ ਤਬਾਹ ਕੀਤੀ ਕਿਸੇ ਇੱਕ ਨਿਸ਼ਾਨੀ ਬਾਰੇ ਨਹੀਂ ਦੱਸ ਸਕਿਆ। ਕਾਰਨ, ਸਾਡਾ ਇਸ ਪਾਸੇ ਧਿਆਨ ਨਹੀਂ ਹੈ। ਦੂਜੇ ਲਫਜ਼ਾਂ ਵਿਚ ਸਾਡਾ ਗੁਰੂ ਨਾਲ ਪਿਆਰ ਨਹੀਂ ਹੈ। ਇਸ ਤੋਂ ਪਤਾ ਲਗਦਾ ਹੈ ਕਿ ਅਸੀਂ ਵੀ ਦੂਜੇ ਧਰਮਾਂ ਵਾਂਗ ਸਿਰਫ ਮੰਨਤਾਂ ਮੰਗਣ ਜੋਗੇ ਰਹਿ ਗਏ ਹਾਂ।

ਇਕੱਲਾ ਇਕੱਲਾ ਸਿੱਖ ਗੁਰੂ ਪੰਥ ਦਾ ਸਿਪਾਹ-ਸਾਲਾਰ ਹੈ, ਭਾਵ ਉਸ ਦੀ ਪੰਥ ਪ੍ਰਤੀ ਡਿਊਟੀ ਤੇ ਫਰਜ਼ ਹਨ। ਸਾਡੀਆਂ ਅੱਖਾਂ ਸਾਹਮਣੇ ਸਾਡੀ ਵਿਰਾਸਤ ਤਬਾਹ ਕੀਤੀ ਜਾ ਰਹੀ ਹੈ ਤੇ ਸਾਨੂੰ ਪਤਾ ਹੀ ਨਹੀਂ, ਫਰਜ਼ ਤਾਂ ਦੂਰ ਦੀ ਗੱਲ ਹੈ। ਇਸ ਦਾ ਮਤਲਬ ਹੈ, ਜਾਂ ਤਾਂ ਸਾਨੂੰ ਵਿਰਾਸਤ ਦੀ ਅਹਿਮੀਅਤ ਦਾ ਪਤਾ ਨਹੀਂ ਜਾਂ ਅਸੀਂ ਅੰਨ੍ਹੇ-ਬੋਲੇ ਹਾਂ, ਜੋ ਸਾਨੂੰ ਦਿਸਦਾ-ਸੁਣਦਾ ਨਹੀਂ। ਪੰਜਾਬ ਦੀ ਮੌਜੂਦਾ ਸਰਕਾਰ ਵਲੋਂ ਖਾਲਸਾ ਵਿਰਾਸਤ, ਫਤਿਹ ਮੀਨਾਰ ਤੇ ਹੋਰ ਕਈ ਧਾਰਮਿਕ ਯਾਦਗਾਰਾਂ ਉਸਾਰਨ ਦਾ ਪ੍ਰਚਾਰ ਇਸ਼ਤਿਹਾਰਾਂ ਰਾਹੀਂ ਲੱਖਾਂ ਰੁਪਏ ਖਰਚ ਕੇ ਕੀਤਾ ਜਾ ਰਿਹਾ ਹੈ ਤਾਂ ਜੋ ਸਿਆਸੀ ਲਾਹਾ ਲਿਆ ਜਾ ਸਕੇ। ਪਰ ਕੀ ਕਦੇ ਕਿਸੇ ਨੇ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡੀਆਂ ਇੱਟਾਂ ਸੀਮਿੰਟ ਦੀਆਂ ਬਣੀਆਂ ਪੱਕੀਆਂ ਇਮਾਰਤਾਂ (ਨਿਸ਼ਾਨੀਆਂ) ਨੂੰ ਬੁਲਡੋਜ਼ਰ ਚਲਾ ਕੇ ਕਿਸ ਨੇ ਅਤੇ ਕਿਸ ਦੇ ਹੁਕਮ 'ਤੇ ਢਾਹਿਆ ਹੈ ਤੇ ਕਿਉਂ?

ਦਿੱਲੀ ਸਰਕਾਰ ਨੇ ਆਪ੍ਰੇਸ਼ਨ 'ਬਲਿਊ ਸਟਾਰ' ਸਮੇਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ। ਅੱਜ ਹਰੇਕ ਸਿੱਖ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਢਾਹੇ ਜਾਣ ਦਾ ਦੁੱਖ ਹੈ ਪਰ ਵੱਡੇ ਤੇ ਆਲੀਸ਼ਾਨ ਗੁਰਦੁਆਰੇ ਬਣਾਉਣ ਦੇ ਨਾਮ 'ਤੇ ਕਾਰ ਸੇਵਾ ਵਾਲੇ ਬਾਬਿਆਂ ਵਲੋਂ ਢਾਹੇ ਗਏ ਵਿਰਾਸਤੀ ਖਜਾਨੇ ਦਾ ਅਸੀਂ ਬੁਰਾ ਕਿਉਂ ਨਹੀਂ ਮਨਾਉਂਦੇ? ਅਸੀਂ ਉਨ੍ਹਾਂ ਨੂੰ ਆਪਣਾ ਵਿਰਸਾ ਤਬਾਹ ਕਰਨ ਦੀ ਖੁੱਲ ਕਿਉਂ ਦੇ ਰੱਖੀ ਹੈ? ਅੱਜ ਦਾ ਖਾਲਸਾ ਜ਼ੁਲਮ ਦੇ ਖਿਲਾਫ ਕਿਉਂ ਨਹੀਂ ਖੜ੍ਹਦਾ? ਕਿਉਂ ਨਹੀਂ ਬੋਲਦਾ ਆਪਣੀ ਕੌਮ ਅਤੇ ਮਨੁੱਖਤਾ ਉਤੇ ਹੋ ਰਹੇ ਜ਼ੁਲਮਾਂ ਦੇ ਖਿਲਾਫ? ਜਿਹੜੇ ਖੜ੍ਹਦੇ ਹਨ, ਅਸੀਂ ਉਨ੍ਹਾਂ ਦਾ ਸਾਥ ਕਿਉਂ ਨਹੀਂ ਦਿੰਦੇ? ਕਿਉਂਕਿ ਗੁਰਪੁਰਬ ਦੀ ਵਧਾਈ ਦੇਣੀ ਸੌਖੀ ਹੈ ਤੇ ਗੁਰੂ ਦੇ ਹੁਕਮ ਅਨੁਸਾਰ ਜ਼ੁਲਮ ਦੇ ਖਿਲਾਫ ਖੜ੍ਹਨਾ ਔਖਾ। ਇਸੇ ਲਈ ਅਸੀਂ ਕਿਸੇ ਵੀ ਧਾਰਮਿਕ ਦਿਨ ਦਿਹਾਰ ਉਤੇ ਵਧਾਈਆਂ ਦੇਣ ਵਾਲੀ ਹਨੇਰੀ ਲਿਆ ਦਿੰਦੇ ਹਾਂ।

ਆਓ, ਵਧਾਈਆਂ ਤੋਂ ਅੱਗੇ ਤੁਰੀਏ। ਆਪਣੀ ਤਬਾਹ ਹੋ ਰਹੀ ਵਿਰਾਸਤ ਨੂੰ ਬਚਾਉਣ ਬਾਰੇ ਸੋਚੀਏ ਤੇ ਸਰਬੱਤ ਦਾ ਭਲਾ ਸਿਰਫ ਜ਼ੁਬਾਨੀ-ਕਲਾਮੀ ਹੀ ਨਾ ਮੰਗੀਏ ਸਗੋਂ ਗੁਰੂ ਆਸ਼ੇ ਅਨੁਸਾਰ ਭਲਾ ਕਰਨ ਵੱਲ ਕੋਈ ਸਾਰਥਕ ਕਦਮ ਵੀ ਪੁੱਟੀਏ।

## 'ਦੰਗਲ' ਮੱਧ ਪ੍ਰਦੇਸ਼ ਵਿਚ ਟੈਕਸ ਫਰੀ

**ਭੁਪਾਲ:** ਆਮਿਰ ਖਾਨ ਦੀ ਮੁੱਖ ਭੂਮਿਕਾ ਵਾਲੀ ਚਰਚਿਤ ਫਿਲਮ 'ਦੰਗਲ' ਨੂੰ ਮੱਧ ਪ੍ਰਦੇਸ਼ ਵਿਚ ਟੈਕਸ ਮੁਕਤ ਕਰ ਦਿੱਤਾ ਗਿਆ ਹੈ। ਸੂਬਾ ਸਰਕਾਰ ਨੇ ਕੁਸ਼ਤੀ ਨੂੰ ਉਤਸ਼ਾਹਤ ਕਰਨ ਲਈ ਅਕੈਡਮੀ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪਤਨੀ ਸਾਧਨਾ ਨਾਲ ਫਿਲਮ ਦੇਖਣ ਤੋਂ ਬਾਅਦ ਟਵੀਟ ਕਰ ਕੇ ਉਕਤ ਜਾਣਕਾਰੀ ਦਿੱਤੀ।

ਆਪ
ਆਮ ਆਦਮੀ ਪਾਰਟੀ

ਵਿਸਕਾਨਸਿਨ ਵੱਸਦੇ ਪੰਜਾਬੀਆਂ ਵਲੋਂ ਅਮਰੀਕਾ 'ਚ ਵੱਸਦੇ
ਪੰਜਾਬ ਹਿਤੈਸ਼ੀਆਂ ਨੂੰ ਅਪੀਲ

ਇੰਡੀਆ ਬੈਠੇ ਆਪਣੇ ਭੈਣਾਂ-ਭਰਾਵਾਂ, ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਉਤੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਵੋਟਾਂ ਪਾਉਣ ਲਈ ਜੋਰ ਪਾਓ ਤਾਂ ਜੋ ਆਪਣੇ ਖੁਆਬਾਂ ਦੇ ਨਵੇਂ ਪੰਜਾਬ ਦੀ ਸਿਰਜਣਾ ਕਰ ਸਕੀਏ







"Once in a life time opportunity: Vote for AAP to save Punjab"

# ਡਰੱਗ ਮਾਮਲਾ: ਮਜੀਠੀਏ ਨੂੰ ਬਚਾਉਣ ਲਈ ਦਾਅ 'ਤੇ ਲੱਗੀ ਸਰਕਾਰ

**ਅੰਮ੍ਰਿਤਸਰ:** ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਸਾਲੇ ਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ 6000 ਕਰੋੜ ਦੇ ਡਰੱਗ ਰੈਕੇਟ ਮਾਮਲੇ ਵਿਚੋਂ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਐਸ.ਆਈ.ਟੀ. ਵੱਲੋਂ ਡਰੱਗ ਰੈਕੇਟ 'ਚ ਤਿੰਨ ਲੋਕਾਂ ਨੂੰ ਕਲੀਨ ਚਿੱਟ ਦਿੱਤੇ ਜਾਣ ਤੋਂ ਪੁਲਿਸ ਦੀ ਕਾਰਵਾਈ 'ਤੇ ਸਵਾਲ ਉਠੇ ਹਨ।

ਡਰੱਗ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮ ਵੱਲੋਂ ਫਤਿਹਗੜ੍ਹ ਸਾਹਿਬ ਅਦਾਲਤ ਵਿਚ 10 ਜਨਵਰੀ ਨੂੰ ਜਮ੍ਹਾਂ ਕੀਤੀ ਗਈ ਰਿਪੋਰਟ ਵਿਚੋਂ ਕੈਨੇਡਾ ਆਧਾਰਿਤ ਤਿੰਨ ਡਰੱਗ ਤਸਕਰਾਂ ਸਤਪ੍ਰੀਤ ਸਿੰਘ ਸੱਤਾ, ਪਰਮਿੰਦਰ ਸਿੰਘ ਪਿੰਦਾ ਅਤੇ ਅਮਰਿੰਦਰ ਲਾਡੀ ਦੇ ਨਾਂ ਕੱਢ ਦਿੱਤੇ ਗਏ ਹਨ, ਜੋ ਕਿ ਕੌਮਾਂਤਰੀ ਡਰੱਗ ਤਸਕਰੀ ਵਿਚ ਸ਼ਾਮਲ ਸਨ। ਇਹ ਤਿੰਨੇ ਬਿਕਰਮ ਮਜੀਠੀਆ ਦੇ ਕਰੀਬੀ ਦੱਸੇ ਜਾਂਦੇ ਹਨ। ਇਹ ਹੀ ਨਹੀਂ ਜਾਂਚ ਟੀਮ ਨੇ 600 ਕਰੋੜ ਦੇ ਡਰੱਗ ਮਾਮਲੇ ਨੂੰ 60 ਕਰੋੜ ਉਤੇ ਲੈ ਆਂਦਾ ਹੈ।

ਐਸ.ਆਈ.ਟੀ. ਰਿਪੋਰਟਾਂ ਮੁਤਾਬਕ ਜਗਦੀਸ਼ ਭੋਲਾ ਨੂੰ ਦੋ ਕੇਸਾਂ ਵਿਚ ਰਾਹਤ ਮਿਲ ਚੁੱਕੀ ਹੈ ਅਤੇ ਤੀਜੇ ਕੇਸ ਵਿਚ ਵੀ ਕਲੀਨ ਚਿੱਟ ਮਿਲ ਜਾਵੇਗੀ। ਐਨ.ਆਰ.ਆਈ. ਅਨੂਪ ਸਿੰਘ ਕਾਹਲੋਂ ਨੂੰ ਫਤਹਿਗੜ੍ਹ ਸਾਹਿਬ ਪੁਲਿਸ ਵੱਲੋਂ 13 ਮਾਰਚ 2013 ਨੂੰ ਸਿੰਥੈਟਿਕ ਡਰੱਗ ਸਣੇ ਗ੍ਰਿਫਤਾਰ ਕੀਤਾ ਗਿਆ ਸੀ। ਕਾਹਲੋਂ ਵੱਲੋਂ ਕੀਤੇ ਗਏ ਕਬੂਲਨਾਮੇ ਵਿਚ ਜਗਦੀਸ਼ ਭੋਲਾ ਦਾ ਨਾਂ ਆਇਆ ਅਤੇ ਉਸ ਨੇ ਬਿਕਰਮ ਮਜੀਠੀਆ ਨੂੰ ਸਰਗਨਾ ਦੱਸਿਆ। ਮਜੀਠੀਆ ਦਾ ਨਾਂ ਦੋ ਹੋਰ ਸਹਿ-ਦੋਸ਼ੀਆਂ ਮਨਜਿੰਦਰ ਸਿੰਘ ਉਰਫ ਬਿੱਟੂ ਔਲਖ ਅਤੇ ਜਗਜੀਤ ਸਿੰਘ ਚਹਿਲ ਵੱਲੋਂ ਲਿਆ ਗਿਆ ਸੀ, ਜੋ ਕਿ ਇਕ ਫਰਮਾ ਕੰਪਨੀ ਚਲਾਉਂਦੇ ਸਨ ਅਤੇ ਬਾਅਦ ਵਿਚ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਸੀ।

ਬਿੱਟੂ ਔਲਖ ਵੱਲੋਂ ਈ.ਡੀ. ਅੱਗੇ ਦਿੱਤੀ ਗਈ ਸਟੇਟਮੈਂਟ ਵਿਚ ਕਿਹਾ ਗਿਆ ਸੀ ਕਿ"ਮਜੀਠੀਆ ਨੇ ਸੱਤੇ ਨਾਲ ਮੈਨੂੰ ਆਪਣਾ ਸਭ ਤੋਂ ਚੰਗਾ ਮਿੱਤਰ ਦੱਸ ਕੇ ਮਿਲਾਇਆ। ਮੈਂ ਸੱਤੇ ਨੂੰ ਮਜੀਠੀਆ ਦੀ ਰਿਹਾਇਸ਼ 43, ਗ੍ਰੀਨ ਐਵੇਨਿਊ ਅੰਮ੍ਰਿਤਸਰ ਵਿਚ ਮਿਲਿਆ ਸੀ।

ਔਲਖ ਨੇ ਇਹ ਵੀ ਬਿਆਨ ਦਿੱਤਾ ਸੀ ਕਿ ਉਸ ਨੇ ਸੱਤੇ ਅਤੇ ਪਿੰਦੇ ਨੂੰ ਫਰਮਾ ਕੰਪਨੀ ਦੇ ਮਾਲਕ ਚਹਿਲ ਨਾਲ ਮਿਲਾਇਆ ਸੀ। ਸਤਪ੍ਰੀਤ ਸਿੰਘ ਸੱਤਾ ਅਤੇ ਪਰਮਿੰਦਰ ਸਿੰਘ ਪਿੰਦਾ ਦਾ ਨਾਂ ਬਨੂੜ ਪੁਲਿਸ ਥਾਣੇ ਵਿਚ 2013 ਦੀ ਐਫ.ਆਈ.ਆਰ. ਨੰਬਰ 56 ਵਿਚ ਦਰਜ ਹੈ। ਡਰੱਗ ਕੇਸ ਵਿਚ ਉਨ੍ਹਾਂ ਦੇ ਨਾਂ ਦੀ ਪੁਲਿਸ ਵੱਲੋਂ ਕਦੇ ਜਾਂਚ ਨਹੀਂ ਕੀਤੀ ਗਈ।

ਦੋਸ਼ ਹੈ ਕਿ ਕਬੂਲਨਾਮਿਆਂ ਵਿਚ ਬਿਕਰਮ ਮਜੀਠੀਆ ਦਾ ਨਾਂ ਆਉਣ ਉਤੇ ਪੰਜਾਬ ਪੁਲਿਸ ਨੇ ਡਰੱਗ ਰੈਕੇਟ ਦੀ ਜਾਂਚ ਰੋਕ ਦਿੱਤੀ। ਐਸ.ਐਸ.ਪੀ. ਹਰਦਿਆਲ ਸਿੰਘ ਮਾਨ, ਜੋ ਕਿ ਮਾਮਲੇ ਦੀ ਛਾਣਬੀਣ ਕਰ ਰਹੇ ਸਨ, ਉਨ੍ਹਾਂ ਨੂੰ ਦਸੰਬਰ 2014 ਦੇ ਪਹਿਲੇ ਹਫਤੇ ਫਿਰੋਜ਼ਪੁਰ ਤਬਦੀਲ ਕਰ ਦਿੱਤਾ ਗਿਆ ਤੇ ਕੇਸ ਤੋਂ ਹਟਾ ਦਿੱਤਾ ਗਿਆ।

### ਜਾਂਚ ਟੀਮ ਨੇ 600 ਕਰੋੜ ਦੇ ਮਾਮਲੇ ਨੂੰ 60 ਕਰੋੜ 'ਤੇ ਲਿਆਂਦਾ



### ਕਲੀਨ ਚਿੱਟ 'ਤੇ ਉਲਝੀਆਂ ਕਾਂਗਰਸ ਅਤੇ 'ਆਪ'

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਸ਼ਾ ਤਸਕਰੀ ਦਾ ਮਾਮਲਾ ਫਿਰ ਭਖ ਗਿਆ ਹੈ। ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਕਲੀਨ ਚਿੱਟ ਦੇਣ ਦੇ ਮਸਲੇ 'ਤੇ ਅਕਾਲੀ ਦਲ-ਭਾਜਪਾ ਤਾਂ ਚੁੱਪ ਹੈ, ਪਰ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਜੰਗ ਛਿੜ ਗਈ ਹੈ। ਮਜੀਠੀਆ ਨੂੰ ਕਲੀਨ ਚਿੱਟ ਬਾਰੇ ਮੀਡੀਆ ਰਿਪੋਰਟ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਇਸ ਦੀ ਉਚ ਪੱਧਰੀ ਜਾਂਚ ਮੰਗੀ ਸੀ।

ਉਧਰ, ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਆਉਣ ਉਤੇ ਐਸ.ਆਈ.ਟੀ. ਬਣਾ ਕੇ ਇਸ ਕੇਸ ਦੀ ਮੁੜ ਜਾਂਚ ਕੀਤੀ ਜਾਏਗੀ। ਇਸ ਮਗਰੋਂ ਆਪ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੈਪਟਨ ਦੇ ਵਾਅਦੇ ਨੂੰ ਹਾਸੋਹੀਣਾ ਦੱਸਿਆ ਹੈ। ਉਨ੍ਹਾਂ ਕੈਪਟਨ ਨੂੰ ਸਵਾਲ ਕੀਤਾ ਕਿ ਆਪਣੇ ਭਤੀਜੇ ਮਜੀਠੀਆ ਨੂੰ ਸੀ.ਬੀ.ਆਈ. ਜਾਂਚ ਤੋਂ ਪਹਿਲਾਂ ਕਿਉਂ ਬਚਾਇਆ ਸੀ।

ਉਨ੍ਹਾਂ ਕਿਹਾ ਕਿ ਕੈਪਟਨ ਨੇ ਬਹੁ-ਕਰੋੜੀ ਡਰੱਗ ਰੈਕਟ ਵਿਚ ਮਜੀਠੀਆ ਦੀ ਸ਼ਮੂਲੀਅਤ ਬਾਰੇ ਸੀ.ਬੀ.ਆਈ. ਜਾਂਚ ਦੀ ਆਪਣੀ ਹੀ ਪਾਰਟੀ ਦੀ ਮੰਗ ਨੂੰ ਠੁਕਰਾ ਦਿੱਤਾ ਸੀ। ਇਹ ਬਹੁਤ ਸ਼ਰਮ ਵਾਲੀ ਗੱਲ ਹੈ ਕਿ ਕੈਪਟਨ ਨੇ ਪੰਜਾਬ ਪੁਲਿਸ ਦੀ ਜਾਂਚ ਵਿਚ ਭਰੋਸਾ ਜਤਾਉਂਦਿਆਂ ਮਜੀਠੀਆ ਦੀ ਸੀ.ਬੀ.ਆਈ. ਜਾਂਚ ਦਾ ਵਿਰੋਧ ਕੀਤਾ ਸੀ।

# ਰੇਲ ਦੀ ਰਫਤਾਰ ਵਧਾਏਗਾ ਰੂਸ

**ਨਵੀਂ ਦਿੱਲੀ:** ਭਾਰਤ ਦੀਆਂ ਪੈਸੰਜਰ ਗੱਡੀਆਂ ਦੀ ਰਫਤਾਰ 200 ਕਿਲੋਮੀਟਰ ਪ੍ਰਤੀ ਘੰਟਾ ਕਰਨ ਲਈ ਰੂਸੀ ਰੇਲਵੇ ਭਾਰਤ ਦੀ ਮਦਦ ਕਰ ਰਿਹਾ ਹੈ। ਰੂਸੀ ਰੇਲਵੇ ਇਸ ਸਮੇਂ ਨਾਗਪੁਰ ਅਤੇ ਸਿਕੰਦਰਾਬਾਦ ਦੇ ਵਿਚਕਾਰ 575 ਕਿਲੋਮੀਟਰ ਵਿਚ ਭਾਰਤੀ ਰੇਲਵੇ ਦੀ ਮਦਦ ਕਰ ਰਿਹਾ ਹੈ। ਰੂਸ ਪਿਛਲੇ ਹਫਤੇ ਸ਼ੁਰੂਆਤੀ ਰਿਪੋਰਟ ਜਮ੍ਹਾ ਕਰਾ ਚੁੱਕਿਆ ਹੈ। ਇਸ ਰਫਤਾਰ ਤੱਕ ਪਹੁੰਚਣ ਲਈ ਰੂਸੀ ਰੇਲਵੇ ਨੇ ਕਈ ਤਕਨੀਕੀ ਸੁਝਾਅ ਦਿੱਤੇ ਹਨ ਜਿਸ 'ਚ ਰੇਲਵੇ ਲਾਈਨਾਂ ਦੀ ਮੁਰੰਮਤ ਅਤੇ ਜ਼ਮੀਨੀ ਪੱਧਰ ਨੂੰ ਠੀਕ ਕਰਨਾ ਵੀ ਸ਼ਾਮਲ ਹੈ, ਕਿਉਂਕਿ ਭਾਰਤੀ ਰੇਲਵੇ ਕੋਲ ਇਸ ਤਰ੍ਹਾਂ ਦੇ ਡੱਬੇ ਨਹੀਂ ਹਨ ਜੋ 200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲ ਸਕਣ। ਇਸ ਲਈ ਨਵੀਂ ਕਿਸਮ ਦੇ ਡੱਬਿਆਂ ਨੂੰ ਵੀ ਮਨਜ਼ੂਰੀ ਦੇਣ ਦੀ ਜ਼ਰੂਰਤ ਹੋਵੇਗੀ।

# ਅਧਿਕਾਰੀਆਂ ਨੂੰ ਤੰਗ ਕਰਨ ਲਈ ਭਾਰਤੀ ਦੋਸ਼ੀ ਕਰਾਰ

**ਸੈਨ ਫਰਾਂਸਿਸਕੋ:** ਭਾਰਤੀ ਮੂਲ ਦੇ 56 ਸਾਲਾ ਵਿਅਕਤੀ ਨੂੰ ਅਮਰੀਕੀ ਅਧਿਕਾਰੀਆਂ ਨੂੰ ਤਿੰਨ ਹਜ਼ਾਰ ਤੋਂ ਵੱਧ ਵਾਰ ਫੋਨ ਕਰ ਕੇ ਪ੍ਰੇਸ਼ਾਨ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਕੁਝ ਅਧਿਕਾਰੀਆਂ ਨੂੰ ਤਾਂ ਕੁਲਵੰਤ ਸਿੰਘ ਸੰਧੂ ਨੇ ਜਾਨ ਤੋਂ ਮਾਰਨ ਦੀ ਧਮਕੀ ਵੀ ਦਿੱਤੀ। ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੀ ਇਕ ਸੰਘੀ ਅਦਾਲਤ ਨੇ ਕੁਲਵੰਤ ਸਿੰਘ ਨੂੰ ਦੋ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ।

ਸਹਾਇਕ ਸੰਘੀ ਪ੍ਰੋਸੀਕਿਊਟਰ ਨੀਰਵ ਦੇਸਾਈ ਅਤੇ ਜੇਮਜ਼ ਕੋਨੌਲੀ ਨੇ ਸੰਘੀ ਜੱਜ ਗਾਰਲੈਂਡ ਈ. ਬੁਰੇਲ ਜੂਨੀਅਰ ਅੱਗੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਉਨ੍ਹਾਂ ਕਿਹਾ ਕਿ ਕੁਲਵੰਤ ਨੇ 2012 ਦੇ ਨੇੜ ਤੇੜੇ 'ਸਕਿਉਰਿਟੀ ਐਂਡ ਐਕਸਚੇਂਜ ਕਮਿਸ਼ਨ (ਐਸ.ਈ.ਸੀ.) ਦੇ ਕਰਮਚਾਰੀਆਂ ਨੂੰ ਫੋਨ ਕਰ ਕੇ ਪ੍ਰੇਸ਼ਾਨ ਕਰਨਾ ਸ਼ੁਰੂ ਕੀਤਾ ਸੀ। ਸਾਲ 2015 ਵਿਚ ਉਸ ਨੇ ਤਿੰਨ ਹਜ਼ਾਰ ਤੋਂ ਵੱਧ ਕਾਲਾਂ ਅਤੇ 350 ਤੋਂ ਵੱਧ ਆਵਾਜ਼ ਸੁਨੇਹੇ ਭੇਜੇ।

ਐਸ.ਈ.ਸੀ. ਸਟਾਕ ਮਾਰਕੀਟ ਤੇ ਸਕਿਉਰਿਟੀ ਇੰਡਸਟਰੀਜ਼ ਨੂੰ ਰੈਗੂਲੇਟ ਕਰਦਾ ਹੈ। ਕੁਲਵੰਤ ਵੱਲੋਂ ਭੇਜੇ ਗਏ ਆਵਾਜ਼ ਸੁਨੇਹਿਆਂ ਵਿਚ ਐਸ.ਈ.ਸੀ. ਦੇ ਮੁਲਾਜ਼ਮਾਂ ਨੂੰ ਜਨਤਕ ਤੌਰ 'ਤੇ ਫਾਹੇ ਲਾਉਣ, ਜ਼ਿੰਦਾ ਸਾੜਨ, ਗੋਲੀ ਮਾਰਨ, ਪਾਣੀ ਵਿਚ ਡੁਬੋਣ ਅਤੇ ਰਾਕੇਟ ਜਾਂ ਟੈਂਕਾਂ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ।



### ਬੱਚਿਆਂ ਨੂੰ ਕਾਰ ਵਿਚ ਛੱਡਣ 'ਤੇ ਮਾਪਿਆਂ ਨੂੰ ਜੁਰਮਾਨਾ

**ਬ੍ਰਿਸਬੇਨ:** ਆਸਟਰੇਲੀਆ ਵਿਚ ਇਸ ਵੇਲੇ ਪੈ ਰਹੀ ਸਖਤ ਗਰਮੀ ਦੌਰਾਨ ਇਕ ਜੋੜੇ ਵੱਲੋਂ ਆਪਣੇ ਤਿੰਨ ਛੋਟੇ ਬੱਚਿਆਂ ਨੂੰ ਕਾਰ ਵਿਚ ਹੀ ਛੱਡ ਕੇ ਖਰੀਦਦਾਰੀ ਲਈ ਚਲੇ ਜਾਣ ਉਤੇ ਸਿਡਨੀ ਦੀ ਅਦਾਲਤ ਨੇ ਇਸ ਨੂੰ ਮਾਨਵਤਾ ਪ੍ਰਤੀ ਅਣਗਹਿਲੀ ਕਰਾਰ ਦਿੰਦਿਆਂ ਜੁਰਮਾਨਾ ਕੀਤਾ ਹੈ। ਇਹ ਘਟਨਾ ਦਸੰਬਰ ਦੀ ਹੈ ਜਦੋਂ ਸ਼ਾਪਿੰਗ ਮਾਲ ਦੀ ਪਾਰਕਿੰਗ ਵਿਚ ਬੱਚਿਆਂ ਦੀਆਂ ਚੀਕਾਂ ਸੁਣ ਕੇ ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ ਸੀ। ਦੂਜੇ ਪਾਸੇ, ਸ਼ਕੂਰ ਅਤੇ ਉਨ੍ਹਾਂ ਦੀ ਪਤਨੀ ਦਾ ਕਹਿਣਾ ਹੈ ਕਿ ਉਹ ਸਿਰਫ ਪੰਜ ਮਿੰਟ ਲਈ ਹੀ ਦੁਕਾਨ ਵਿਚ ਗਏ ਸਨ।

# ਪੰਜਾਬੀ ਸ਼ਾਇਰ ਅਤੇ ਗੀਤਕਾਰ ਨਕਸ਼ ਲਾਇਲਪੁਰੀ ਦਾ ਦੇਹਾਂਤ

**ਮੁੰਬਈ:** ਉਰਦੂ ਤੇ ਪੰਜਾਬੀ ਦੇ ਸ਼ਾਇਰ ਅਤੇ ਗੀਤਕਾਰ ਨਕਸ਼ ਲਾਇਲਪੁਰੀ (88) ਦਾ ਆਪਣੀ ਰਿਹਾਇਸ਼ 'ਤੇ ਦੇਹਾਂਤ ਹੋ ਗਿਆ। ਦੋ ਵਾਰ ਚੂਲਾ ਟੁੱਟਣ ਕਾਰਨ ਉਹ ਕਾਫੀ ਕਮਜ਼ੋਰ ਹੋ ਗਏ ਸਨ ਅਤੇ ਹਸਪਤਾਲ 'ਚ ਦਾਖਲ ਸਨ। ਨਕਸ਼ ਲਾਇਲਪੁਰੀ ਦਾ ਜਨਮ ਪਾਕਿਸਤਾਨੀ ਪੰਜਾਬ 'ਚ ਸਥਿਤ ਲਾਇਲਪੁਰ ਵਿਚ ਜਸਵੰਤ ਰਾਏ ਦੇ ਘਰ ਹੋਇਆ ਸੀ।

ਉਨ੍ਹਾਂ 1952 ਵਿਚ ਫਿਲਮ 'ਜੱਗੂ' ਵਿਚ ਸ਼ਾਮਲ ਗੀਤ 'ਅਗਰ ਤੇਰੀ ਆਖੋਂ ਸੇ ਆਖੇਂ ਮਿਲਾ ਦੂੰ' ਰਾਹੀਂ ਫਿਲਮ ਜਗਤ ਵਿਚ ਪੈਰ ਰੱਖਿਆ ਸੀ। ਇਸ ਮਗਰੋਂ ਉਨ੍ਹਾਂ 'ਚੇਤਨਾ', 'ਆਹਿਸਤਾ ਆਹਿਸਤਾ', 'ਤੁਮਹਾਰੇ ਲੀਏ' ਅਤੇ 'ਘਰੌਂਦਾ' ਜਿਹੀਆਂ ਫਿਲਮਾਂ ਲਈ ਗੀਤ ਲਿਖੇ। ਸਾਲ 2005 ਵਿਚ ਉਨ੍ਹਾਂ ਫਿਲਮ 'ਤਾਜ ਮਹੱਲ-ਐਨ ਐਟਰਨਲ ਲਵ ਸਟੋਰੀ' ਅਤੇ 2006 ਵਿਚ ਫਿਲਮ 'ਯਾਤਰਾ' ਲਈ ਗੀਤ ਲਿਖੇ ਸਨ ਜਿਨ੍ਹਾਂ ਨੂੰ ਕ੍ਰਮਵਾਰ ਨੌਸ਼ਾਦ ਅਤੇ ਖ਼ਯਾਮ ਵੱਲੋਂ ਸੰਗੀਤਬੱਧ ਕੀਤਾ ਗਿਆ ਸੀ।



# ਕਾਮਾਗਾਟਾਮਾਰੂ ਦੇ ਮੁਸਾਫਰਾਂ ਬਾਰੇ ਹੁਕਮਨਾਮੇ ਦਾ ਮੁੱਦਾ ਫਿਰ ਭਖਿਆ

**ਚੰਡੀਗੜ੍ਹ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਪੰਜ ਤਖਤਾਂ ਦੇ ਜਥੇਦਾਰ 102 ਸਾਲ ਪਹਿਲਾਂ (6 ਅਕਤੂਬਰ 1914) ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨੂੰ 'ਸਿੱਖ ਨਹੀਂ' ਕਰਾਰ ਦੇਣ ਵਾਲੇ ਹੁਕਮਨਾਮੇ ਉਪਰ ਮੁੜ ਵਿਚਾਰ ਕਰਨਗੇ। ਪ੍ਰੋ. ਮੋਹਨ ਸਿੰਘ ਮੈਮੋਰੀਅਮ ਫਾਊਂਡੇਸ਼ਨ ਕੈਨੇਡਾ ਦੇ ਪ੍ਰਧਾਨ ਸਾਹਿਬ ਸਿੰਘ ਥਿੰਦ ਵੱਲੋਂ ਇਹ ਮੁੱਦਾ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਅੱਗੇ ਉਠਾਉਣ ਬਾਅਦ ਇਸ 'ਤੇ ਮੁੜ ਵਿਚਾਰ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਇਹ ਫਾਊਂਡੇਸ਼ਨ ਕਾਮਾਗਾਟਾਮਾਰੂ ਕਾਂਡ ਉਪਰ ਕੈਨੇਡੀਅਨ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਸੰਸਦ ਵਿਚ ਮੁਆਫੀ ਮੰਗਵਾ ਚੁੱਕੀ ਹੈ। ਜਥੇਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਇਹ ਮੁੱਦਾ ਉਨ੍ਹਾਂ ਦੇ ਵਿਚਾਰ ਅਧੀਨ ਹੈ। ਇਸ ਮੁੱਦੇ ਉਤੇ ਜਥੇਦਾਰਾਂ ਦੀ ਮੀਟਿੰਗ 'ਚ ਵਿਚਾਰ ਕਰ ਕੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਸ੍ਰੀ ਥਿੰਦ ਵੱਲੋਂ ਜਥੇਦਾਰ ਗੁਰਬਚਨ ਸਿੰਘ ਨੂੰ ਦਿੱਤੇ ਮੈਮੋਰੰਡਮ ਵਿਚ ਕਿਹਾ ਗਿਆ ਹੈ ਕਿ ਖਾਸ ਕਰ ਕੇ ਉਤਰੀ ਅਮਰੀਕਾ ਵਿਚ ਸਥਾਪਤ ਹੋਈ ਗਦਰ ਪਾਰਟੀ ਅਤੇ ਗਦਰ ਲਹਿਰ ਵਿਚ ਸਿੱਖਾਂ ਦੀ ਭੂਮਿਕਾ ਇਤਿਹਾਸਕ ਰਹੀ ਹੈ। ਉਨ੍ਹਾਂ ਅਫਸੋਸ ਜ਼ਾਹਿਰ ਕੀਤਾ ਕਿ ਸਾਲ 1914 ਵਿਚ ਅਕਾਲ ਤਖਤ ਦੇ ਜਥੇਦਾਰ ਅਰੂੜ ਸਿੰਘ ਵੱਲੋਂ ਜਾਰੀ ਕੀਤਾ ਇਕ ਫਰਮਾਨ ਇਸ ਲਹਿਰ ਦੇ ਸ਼ਹੀਦਾਂ ਖਾਸ ਕਰ ਕੇ ਸਿੱਖਾਂ ਲਈ ਅਫਸੋਸਨਾਕ ਤੱਥ ਬਣ ਗਿਆ ਹੈ।

ਉਨ੍ਹਾਂ ਮੈਮੋਰੰਡਮ ਰਾਹੀਂ ਜਾਣਕਾਰੀ ਦਿੱਤੀ ਕਿ ਤਤਕਾਲੀ ਜਥੇਦਾਰ ਅਰੂੜ ਸਿੰਘ ਨੇ 6 ਅਕਤੂਬਰ, 1914 ਨੂੰ ਕਾਮਾਗਾਟਾਮਾਰੂ ਜਹਾਜ਼ ਦੇ ਸਾਰੇ ਮੁਸਾਫਰਾਂ ਨੂੰ 'ਸਿੱਖ ਨਹੀਂ' ਕਰਾਰ ਦਿੱਤਾ ਸੀ ਅਤੇ ਗਦਰੀਆਂ ਬਾਰੇ ਗਲਤ ਸ਼ਬਦਾਵਲੀ ਵਰਤ ਕੇ ਇਨ੍ਹਾਂ ਤੋਂ ਦੂਰ ਰਹਿਣ ਦੀਆਂ ਹਦਾਇਤਾਂ ਕੀਤੀਆਂ ਸਨ।

ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਨਾਂ ਉਤੇ ਕੀਤਾ ਇਹ ਫੈਸਲਾ ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਕਾਮਾਗਾਟਾਮਾਰੂ ਅਤੇ ਗ਼ਦਰ ਲਹਿਰ ਵਿਚ ਸਿੱਖਾਂ ਵੱਲੋਂ ਪਾਏ ਯੋਗਦਾਨ ਦੀ ਬੇਕਦਰੀ ਕਰਨ ਵਾਲਾ ਹੈ।

ਇਸ ਨਾਲ ਖਾਸ ਕਰ ਕੇ ਕੈਨੇਡਾ ਵਸਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਪਏ ਹਨ। ਫਾਊਂਡੇਸ਼ਨ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲੋਂ ਮੰਗ ਕੀਤੀ ਹੈ ਕਿ ਇਸ ਫੈਸਲੇ ਉਪਰ ਮੁੜ ਵਿਚਾਰ ਕਰ ਕੇ ਆਜ਼ਾਦੀ ਸੰਗਰਾਮ ਲਈ ਉਠੀਆਂ ਲਹਿਰਾਂ ਵਿਚ ਹਿੱਸਾ ਲੈਣ ਵਾਲੇ ਸਿੱਖਾਂ ਦਾ ਸਤਿਕਾਰ ਤੇ ਗੌਰਵ ਬਹਾਲ ਕੀਤਾ ਜਾਵੇ। ਉਨ੍ਹਾਂ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਮੁੱਦਾ ਵੀ ਅਕਾਲ ਤਖ਼ਤ ਸਾਹਿਬ ਕੋਲ ਉਠਾਇਆ ਹੈ। ਉਨ੍ਹਾਂ ਜਥੇਦਾਰ ਦੇ ਧਿਆਨ ਵਿਚ ਲਿਆਂਦਾ ਕਿ ਕੈਨੇਡਾ ਵਿਚ ਵਸਦੇ ਸਿੱਖਾਂ ਤੇ ਪੰਜਾਬੀ ਭਾਈਚਾਰੇ ਦੇ ਹਿੱਤਾਂ ਲਈ ਸੰਘਰਸ਼ ਕਰਦਿਆਂ ਭਾਈ ਮੇਵਾ ਸਿੰਘ ਲੋਪੋਕੇ ਨੇ 11 ਜਨਵਰੀ, 1915 ਨੂੰ ਵੈਨਕੂਵਰ ਵਿਖੇ ਫਾਂਸੀ ਦਾ ਰੱਸਾ ਚੁੰਮਿਆ ਸੀ। ਇਸ ਸ਼ਹੀਦ ਦਾ ਨਾਂ ਅੱਜ ਵੀ ਕੈਨੇਡਾ ਸਰਕਾਰ ਦੇ ਕਾਨੂੰਨੀ ਤੇ ਇਤਿਹਾਸਕ ਰਿਕਾਰਡ 'ਚ ਅਪਰਾਧੀਆਂ ਵਾਲੀ ਸੂਚੀ 'ਚ ਦਰਜ ਹੈ।



### ਹੁਕਮਨਾਮਾ ਪਹਿਲਾਂ ਹੀ ਹੋ ਚੁੱਕਾ ਹੈ ਜਾਰੀ: ਡਾ. ਰੂਪ ਸਿੰਘ

**ਅੰਮ੍ਰਿਤਸਰ:** ਕਾਮਾਗਾਟਾਮਾਰੂ ਜਹਾਜ਼ ਦੇ ਸਿੱਖ ਮੁਸਾਫਰਾਂ ਬਾਰੇ 1914 'ਚ ਸ੍ਰੀ ਅਕਾਲ ਤਖਤ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਵੱਲੋਂ ਜਾਰੀ ਕੀਤੇ ਗਏ ਫਰਮਾਨ ਨੂੰ ਲੈ ਕੇ ਚੱਲ ਰਹੇ ਚਰਚਿਆਂ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਸਿੱਖ ਵਿਦਵਾਨ ਡਾ. ਰੂਪ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਸਿੱਖ ਮੁਸਾਫ਼ਰਾਂ ਬਾਰੇ ਹੁਕਮਨਾਮਾ ਸ੍ਰੀ ਅਕਾਲ ਤਖਤ ਸਾਹਿਬ ਤੋਂ 12 ਅਕਤੂਬਰ 1920 ਨੂੰ ਜਾਰੀ ਹੋ ਚੁੱਕਾ ਹੈ, ਇਸ ਲਈ ਇਸ ਸਬੰਧੀ ਦੁਬਾਰਾ ਹੁਕਮਨਾਮਾ ਜਾਰੀ ਕਰਵਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਉਤਰੀ ਅਮਰੀਕਾ 'ਚ ਸਥਾਪਤ ਹੋਈ ਗਦਰ ਪਾਰਟੀ ਤੇ ਗਦਰ ਲਹਿਰ ਵਿਚ ਸਿੱਖਾਂ ਦੀ ਭੂਮਿਕਾ ਇਤਿਹਾਸਕ ਰਹੀ ਹੈ ਤੇ ਉਨ੍ਹਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਉਤੇ ਦਰਜ ਹਨ, ਜੋ ਕਦੇ ਵੀ ਭੁਲਾਈਆਂ ਨਹੀਂ ਜਾ ਸਕਦੀਆਂ।

# ਬੱਚੇ ਨੇ ਲੱਖਾਂ ਦੀ ਕਮਾਈ ਦਾ ਕੱਢਿਆ ਤਰੀਕਾ

**ਲੰਡਨ:** ਬਰਤਾਨੀਆ ਦੇ ਸਮਰਸੇਟ ਇਲਾਕੇ ਵਿਚ ਰਹਿਣ ਵਾਲਾ 13 ਸਾਲਾ ਹਾਰਵੇ ਮਿਲਿੰਗਟਨ 8ਵੀਂ ਦਾ ਵਿਦਿਆਰਥੀ ਹੈ। ਸਿਰਫ



8 ਹਫਤੇ ਪਹਿਲਾਂ ਖੁਦ ਦਾ ਕੰਮ ਸ਼ੁਰੂ ਕੀਤਾ। ਹੁਣ ਤੱਕ ਤਿੰਨ ਲੱਖ ਰੁਪਏ (3000 ਪੌਂਡ) ਤੋਂ ਜ਼ਿਆਦਾ ਕਮਾ ਚੁੱਕਾ ਹੈ। ਹਾਰਵੇ, ਵਾਹਨਾਂ ਉਤੇ ਲੱਗਣ ਵਾਲੇ ਟੈਕਸ ਰਿਮਾਇੰਡਰ ਸਟੀਕਰ ਬਣਾਉਂਦਾ ਹੈ। ਜਿਸ ਨਾਲ ਲੋਕਾਂ ਨੂੰ ਯਾਦ ਰਹਿੰਦਾ ਹੈ ਕਿ ਉਨ੍ਹਾਂ ਨੂੰ ਵਾਹਨ ਦਾ ਟੈਕਸ ਕਦੋਂ ਜਮ੍ਹਾ ਕਰਨਾ ਹੈ। ਉਸ ਦੇ ਇਸ ਕੰਮ ਦੇ ਪਿੱਛੇ ਦੀ ਕਹਾਣੀ ਵੀ ਕਾਫੀ ਦਿਲਚਸਪ ਹੈ।

ਦਰਅਸਲ, ਬ੍ਰਿਟੇਨ ਦਾ ਟ੍ਰਾਂਸਪੋਰਟ ਵਿਭਾਗ ਕਾਰਾਂ ਉਤੇ ਲੱਗਣ ਵਾਲੇ ਟੈਕਸ ਸਟੀਕਰ ਜਾਰੀ ਕਰਦਾ ਸੀ। ਜਿਨ੍ਹਾਂ ਉਤੇ ਟੈਕਸ ਭਰਨ ਦੀ ਆਖਰੀ ਤਰੀਕ ਲਿਖੀ ਰਹਿੰਦੀ ਸੀ। ਬੀਤੇ ਸਾਲ ਅਕਤੂਬਰ 'ਚ ਇਹ ਕੰਮ ਪੂਰੀ ਤਰ੍ਹਾਂ ਡਿਜ਼ੀਟਲ ਹੋ ਗਿਆ ਅਤੇ ਵਿਭਾਗ ਨੇ ਸਟੀਕਰ ਜਾਰੀ ਕਰਨੇ ਬੰਦ ਕਰ ਦਿੱਤੇ। ਬੀਤੇ ਮਾਰਚ ਦੀ ਗੱਲ ਹੈ। ਇਕ ਦਿਨ ਹਾਰਵੇ ਦੇ ਪਿਤਾ ਦੀ ਕਾਰ ਟ੍ਰਾਂਸਪੋਰਟ ਡਿਪਾਰਟਮੈਂਟ ਵਾਲੇ ਚੁੱਕ ਕੇ ਲੈ ਗਏ। ਉਹ ਟੈਕਸ ਜਮ੍ਹਾ ਕਰਨਾ ਭੁੱਲ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਨੂੰ ਕਰੀਬ 50 ਹਜ਼ਾਰ ਰੁਪਏ (500 ਪੌਂਡ) ਦਾ ਜੁਰਮਾਨਾ ਭਰਨਾ ਪਿਆ। ਹਾਰਵੇ ਨੂੰ ਜਦੋਂ ਇਸ ਦਾ ਪਤਾ ਲੱਗਾ ਤਾਂ ਉਸ ਨੇ ਜਾਂਚ ਕੀਤੀ। ਪਤਾ ਲੱਗਾ ਕਿ ਭੁੱਲਣ ਕਾਰਨ ਮਾਰਚ ਵਿਚ ਹੀ 6 ਹਜ਼ਾਰ ਤੋਂ ਜ਼ਿਆਦਾ ਲੋਕ ਟੈਕਸ ਨਹੀਂ ਜਮ੍ਹਾ ਕਰ ਪਾਏ। ਇਨ੍ਹਾਂ ਉਤੇ 50 ਤੋਂ 80 ਹਜ਼ਾਰ ਰੁਪਏ (800 ਪੌਂਡ) ਤੱਕ ਦਾ ਜੁਰਮਾਨਾ ਲਗਾਇਆ ਗਿਆ। ਬਸ ਇਥੋਂ ਹੀ ਬਿਜ਼ਨੈੱਸ ਦੀ ਸ਼ੁਰੂਆਤ ਹੋਈ। ਪਿਤਾ ਦੀ ਮਦਦ ਨਾਲ ਹਾਰਵੇ ਨੇ ਇਕ ਵੈੱਬਸਾਈਟ ਬਣਾਈ ਅਤੇ ਟੈਕਸ ਰਿਮਾਇੰਡਰ ਸਟੀਕਰ ਦੀ ਐਡ ਦਿੱਤੀ।

ਸ਼ੁਰੂ ਵਿਚ ਉਸ ਨੂੰ 50 ਆਰਡਰ ਮਿਲੇ। ਹੁਣ ਹਰ ਦਿਨ 400 ਆਰਡਰ ਮਿਲ ਰਹੇ ਹਨ। ਲੋਕ ਹਾਰਵੇ ਨੂੰ ਆਪਣਾ ਵਾਹਨ ਅਤੇ ਟੈਕਸ ਦੀ ਜਾਣਕਾਰੀ ਦੇ ਨਾਲ ਪਤਾ ਭੇਜ ਦਿੰਦੇ ਹਨ। ਇਸ ਤੋਂ ਬਾਅਦ ਲੋਕਾਂ ਦੇ ਮਨਪਸੰਦ ਡਿਜ਼ਾਇਨ ਦਾ ਸਟੀਕਰ ਬਣਾ ਕੇ ਘਰ ਜਾਂਦਾ ਹੈ। ਇਕ ਸਟੀਕਰ 395 ਰੁਪਏ (4 ਪੌਂਡ) ਦਾ ਹੈ। ਹਾਰਵੇ ਦੇ ਕਈ ਗਾਹਕ ਕਹਿੰਦੇ ਹਨ ਕਿ 80 ਹਜ਼ਾਰ ਦਾ ਜੁਰਮਾਨਾ ਭਰਨ ਨਾਲੋਂ 400 ਰੁਪਏ ਦਾ ਸਟੀਕਰ ਲੈਣਾ ਜ਼ਿਆਦਾ ਸਸਤਾ ਹੈ।

## 'ਆਪ' ਵਿਧਾਇਕ ਜਰਨੈਲ ਸਿੰਘ ਬਰੀ

**ਨਵੀ ਦਿੱਲੀ:** ਅਦਾਲਤ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਜਰਨੈਲ ਸਿੰਘ ਨੂੰ ਦਿੱਲੀ ਨਗਰ ਨਿਗਮ ਦੇ ਇਕ ਇੰਜੀਨੀਅਰ ਦੇ ਕੰਮ ਵਿਚ ਅੜਿੱਕਾ ਪਾਉਣ, ਇਕ ਅਣ-ਅਧਿਕਾਰਤ ਇਮਾਰਤ ਨੂੰ ਢਾਹੁਣ, ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਅਤੇ ਇਕ ਸਰਕਾਰੀ ਅਧਿਕਾਰੀ ਦੀ ਕੁੱਟ-ਮਾਰ ਦੇ ਦੋਸ਼ਾਂ ਵਿਚੋਂ ਬਰੀ ਕਰ ਦਿੱਤਾ ਹੈ।

ਅਦਾਲਤ ਨੇ ਇਸ ਕੇਸ ਬਾਰੇ ਪੁਲਿਸ ਵੱਲੋਂ ਦਾਖਲ ਕੀਤੀ ਚਾਰਜਸ਼ੀਟ ਅਤੇ ਦੋਸ਼ਾਂ ਦੀ ਜ਼ਮੀਨੀ ਪੱਧਰ ਤੱਕ ਤਕਨੀਕੀ ਜਾਂਚ ਕਰਨ ਬਾਅਦ ਕਿਹਾ ਕਿ ਇਹ ਦੋਸ਼ ਗਲਤ ਤੇ ਅਸਹਿਯੋਗ ਹਨ।

# ਕਾਂਗਰਸ ਤੇ ਸਮਾਜਵਾਦੀ ਪਾਰਟੀ ਵਿਚ ਗੱਠਜੋੜ

**ਲਖਨਊ:** ਸੀਟਾਂ ਸਬੰਧੀ ਕੁਝ ਦਿਨਾਂ ਤੋਂ ਚੱਲ ਰਹੇ ਤਣਾਅ ਨੂੰ ਖਤਮ ਕਰਦਿਆਂ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਨੇ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਗੱਠਜੋੜ ਨੂੰ ਅੰਤਮ ਰੂਪ ਦੇ ਦਿੱਤਾ। ਦੋਵੇਂ ਪਾਰਟੀਆਂ ਦੇ ਆਗੂਆਂ ਨੇ ਦੱਸਿਆ ਕਿ ਸਮਾਜਵਾਦੀ ਪਾਰਟੀ 298 ਅਤੇ ਕਾਂਗਰਸ 105 ਸੀਟਾਂ 'ਤੇ ਚੋਣ ਲੜੇਗੀ।

ਯੂ.ਪੀ. ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜ ਬੱਬਰ ਨੇ ਕਿਹਾ ਕਿ ਹਫਤੇ ਦੇ ਅੰਦਰ ਘੱਟੋ ਘੱਟ ਸਾਂਝੇ ਪ੍ਰੋਗਰਾਮ ਦਾ ਖਰੜਾ ਤਿਆਰ ਕਰ ਲਿਆ ਜਾਏਗਾ। ਦੋਵੇਂ ਪਾਰਟੀਆਂ ਵਿਚ ਪਿਛਲੇ ਕਈ ਦਿਨਾਂ ਤੋਂ ਸੀਟਾਂ ਦੀ ਵੰਡ ਨੂੰ ਲੈ ਕੇ ਰੇੜਕਾ ਚੱਲ ਰਿਹਾ ਸੀ। ਸੀਨੀਅਰ ਕਾਂਗਰਸ ਆਗੂ ਅਹਿਮਦ ਪਟੇਲ ਨੇ ਪਹਿਲਾਂ ਟਵੀਟ ਕਰ ਕੇ ਦੱਸਿਆ ਸੀ ਕਿ ਅਖਿਲੇਸ਼, ਪ੍ਰਿਅੰਕਾ ਗਾਂਧੀ ਅਤੇ ਹੋਰ ਆਗੂਆਂ ਦਰਮਿਆਨ ਸੀਟਾਂ ਸਬੰਧੀ ਵਿਚਾਰ ਵਟਾਂਦਰਾ ਹੋ ਰਿਹਾ ਹੈ। ਆਰ.ਜੇ.ਡੀ. ਪ੍ਰਧਾਨ ਲਾਲੂ ਪ੍ਰਸਾਦ ਅਤੇ ਤ੍ਰਿਣਮੂਲ ਕਾਂਗਰਸ ਮੁਖੀ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸਮਝੌਤਾ ਹੋਣ ਉਤੇ ਆਸ ਜਤਾਈ ਹੈ ਕਿ ਸੂਬੇ ਵਿਚ ਫਿਰਕੂ ਤਾਕਤਾਂ ਨੂੰ ਹਾਰ ਮਿਲੇਗੀ।

ਉਧਰ, ਸਮਾਜਵਾਦੀ ਪਾਰਟੀ ਨੇ ਉਤਰ ਪ੍ਰਦੇਸ਼ ਦੇ ਚੌਤਰਫਾ ਵਿਕਾਸ ਲਈ ਚੋਣ ਮਨੋਰਥ ਪੱਤਰ ਵਿਚ ਕਈ ਯੋਜਨਾਵਾਂ ਦੇ ਵਾਅਦੇ ਕੀਤੇ



ਹਨ। 'ਕਾਮ ਬੋਲਤਾ ਹੈ' ਦੇ ਨਾਅਰੇ ਹੇਠ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਪਾਰਟੀ ਪ੍ਰਧਾਨ ਦੀ ਹੈਸੀਅਤ ਵਜੋਂ ਚੋਣ ਮਨੋਰਥ ਪੱਤਰ ਜਾਰੀ ਕੀਤਾ। ਮੈਨੀਫੈਸਟੋ ਵਿਚ ਲੈਪਟਾਪ ਵੰਡਣ, ਕੰਨਿਆ ਵਿਦਿਆ ਧਨ, ਸਮਾਜਵਾਦੀ ਪੈਨਸ਼ਨ, ਪੂਰਵਾਂਚਲ ਐਕਸਪ੍ਰੈਸਵੇਅ ਬਣਾਉਣ ਅਤੇ ਜਨੇਸ਼ਵਰ ਮਿਸ਼ਰਾ ਆਦਰਸ਼ ਪਿੰਡ ਸਥਾਪਤ ਕੀਤੇ ਜਾਣ ਦੇ ਵਾਅਦੇ ਕੀਤੇ ਗਏ ਹਨ।

## ਅਖਿਲੇਸ਼-ਮਾਇਆਵਤੀ ਮਿਹਣੋ-ਮਿਹਣੀ

**ਲਖਨਊ:** ਅਖਿਲੇਸ਼ ਯਾਦਵ ਨੇ ਬਸਪਾ ਉਤੇ ਵਰ੍ਹਦਿਆਂ ਕਿਹਾ ਕਿ ਪਹਿਲਾਂ ਬਣੀ ਸਰਕਾਰ 'ਪੱਥਰਾਂ ਵਾਲੀ ਸਰਕਾਰ' ਸੀ। ਉਨ੍ਹਾਂ ਕਿਹਾ ਕਿ ਉਸ ਸਰਕਾਰ ਨੇ ਸਿਰਫ ਹਾਥੀਆਂ ਦੇ ਬੁੱਤ ਹੀ ਲਾਉਣ ਦਾ ਕੰਮ ਕੀਤਾ ਅਤੇ ਹੁਣ ਵੀ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਸੂਬੇ 'ਚ ਵੱਡੇ-ਵੱਡੇ ਹਾਥੀਆਂ ਦੇ ਬੁੱਤ ਲਾ ਦਿੱਤੇ ਜਾਣਗੇ। ਉਧਰ, ਬਸਪਾ ਮੁਖੀ ਮਾਇਆਵਤੀ ਨੇ ਸਮਾਜਵਾਦੀ ਪਾਰਟੀ ਦੇ ਮੈਨੀਫੈਸਟੋ ਨੂੰ ਰਸਮੀ ਅਤੇ ਪ੍ਰਚਾਰ ਸ਼ੋਸ਼ਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਸੂਬੇ ਲਈ ਕੁਝ ਵੀ ਨਹੀਂ ਕੀਤਾ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Noblesville Trucks and Trailers Repair Shop
15203 Stony Creek Way, Noblesville, IN 46060
ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ
ਵਧੀਆ ਤੇ ਭਰੋਸੇਯੋਗ ਸਰਵਿਸ



*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
(150 ਮੀਲ ਦੇ ਏਰੀਏ ਵਿਚ)
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976
ਫੈਕਸ: 317-774-9665

# ਆਰਥਿਕ ਪਾੜੇ ਪੱਖੋਂ ਭਾਰਤੀਆਂ ਨੇ ਤੋੜ ਦਿੱਤੇ ਸਾਰੇ ਰਿਕਾਰਡ

**ਨਵੀਂ ਦਿੱਲੀ:** ਅਮੀਰਾਂ ਦੀ ਦੌਲਤ ਛਾਲਾਂ ਮਾਰ ਕੇ ਵਧ ਰਹੀ ਹੈ ਜਦੋਂਕਿ ਗਰੀਬਾਂ ਨੂੰ ਦਿਨ-ਬ-ਦਿਨ ਗੁਜ਼ਾਰਾ ਕਰਨਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਭਾਰਤ ਵਿਚ ਆਰਥਿਕ ਪਾੜਾ ਦੁਨੀਆਂ ਦੇ ਹੋਰ ਮੁਲਕਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਅਤੇ ਤੇਜ਼ੀ ਨਾਲ ਵਧ ਰਿਹਾ ਹੈ।

ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਆਕਸਫੈਮ ਦੀ ਤਾਜ਼ਾ ਜਾਰੀ ਰਿਪੋਰਟ ਵਿਚ ਭਾਰਤ ਸਮੇਤ ਸਮੁੱਚੇ ਸੰਸਾਰ ਦੇ ਮੁਲਕਾਂ ਵਿਚ ਗਰੀਬੀ-ਅਮੀਰੀ ਦੇ ਵਧ ਰਹੇ ਪਾੜੇ ਸਬੰਧੀ ਹੈਰਾਨੀ ਵਾਲੇ ਅੰਕੜੇ ਪੇਸ਼ ਕੀਤੇ ਹਨ। ਇਸ ਰਿਪੋਰਟ ਅਨੁਸਾਰ ਦੁਨੀਆਂ ਦੀ ਅੱਧੀ ਦੌਲਤ ਸਿਰਫ ਅੱਠ ਵਿਅਕਤੀਆਂ ਕੋਲ ਹੈ ਜਦੋਂਕਿ ਭਾਰਤ ਦੇ 57 ਵਿਅਕਤੀਆਂ ਕੋਲ 70 ਫੀਸਦੀ ਦੀ ਆਬਾਦੀ ਦੇ ਬਰਾਬਰ ਦੌਲਤ ਹੈ। ਦੁਨੀਆਂ ਦੇ ਇਨ੍ਹਾਂ ਅੱਠ ਅਮੀਰਾਂ ਵਿਚੋਂ 6 ਅਮਰੀਕਾ ਦੇ, ਇਕ ਮੈਕਸਿਕੋ ਅਤੇ ਇਕ ਯੂਰਪੀਅਨ ਹੈ।

ਭਾਰਤ ਦੇ ਸਭ ਤੋਂ ਵੱਧ ਅਮੀਰ ਅੱਠ ਵਿਅਕਤੀਆਂ ਵਿਚ ਮੁਕੇਸ਼ ਅੰਬਾਨੀ, ਦਿਲੀਪ ਸਿੰਘਵੀ, ਅਜ਼ੀਮ ਪ੍ਰੇਮ ਜੀ, ਸ਼ਿਵ ਨਾਦਰ, ਕੁਮਾਰ ਮੰਗਲਮ ਬਿੜਲਾ, ਸਾਈਰਸ ਪੂਨਾਵਾਲਾ, ਲਕਸ਼ਮੀ ਮਿੱਤਲ ਅਤੇ ਉਦੇ ਕੋਟਕ ਸ਼ਾਮਲ ਹਨ। ਰਿਪੋਰਟ ਇਹ ਵੀ ਸੰਕੇਤ ਦੇ ਰਹੀ ਹੈ ਕਿ ਜਿਥੇ ਦੁਨੀਆਂ ਦੇ ਸਭ ਅਮੀਰ ਅਮਰੀਕਾ ਤੇ ਯੂਰਪ ਵਿਚ ਹਨ, ਉਥੇ ਸਭ ਤੋਂ ਵੱਧ ਗਰੀਬ ਏਸ਼ੀਆ ਅਤੇ ਅਫਰੀਕਾ ਵਿਚ ਹਨ।

ਰਿਪੋਰਟ ਵਿਚ ਪੇਸ਼ ਅੰਕੜਿਆਂ ਅਨੁਸਾਰ ਮੁਲਕ ਦੇ ਇਕ ਫੀਸਦੀ ਅਰਬਪਤੀ ਦੇਸ਼ ਦੀ 58 ਫੀਸਦੀ ਦੌਲਤ ਉਤੇ ਕਾਬਜ਼ ਹਨ। ਭਾਰਤ ਦੀ ਕੁੱਲ 3.2 ਲੱਖ ਕਰੋੜ ਡਾਲਰ ਦੀ ਸੰਪਤੀ ਵਿਚੋਂ ਇਕੱਲਾ ਮੁਕੇਸ਼ ਅੰਬਾਨੀ ਹੀ 1.30 ਲੱਖ ਕਰੋੜ ਦੀ ਸੰਪਤੀ ਦਾ ਮਾਲਕ ਹੈ। ਮੁਲਕ ਅੰਦਰ ਦੌਲਤ ਦੀ ਇਸ ਅਸਾਵੀਂ ਵੰਡ ਕਾਰਨ ਹੀ ਵੱਡੇ ਪੱਧਰ 'ਤੇ ਗਰੀਬੀ, ਬੇਰੁਜ਼ਗਾਰੀ ਅਤੇ ਕੁਪੋਸ਼ਣ ਵਿਚ ਲਗਾਤਾਰ ਹੋ ਰਹੇ ਵਾਧੇ ਦੇ ਨਾਲ-ਨਾਲ ਆਮ ਲੋਕਾਂ ਲਈ ਸਿਹਤ ਅਤੇ ਸਿੱਖਿਆ ਸਹੂਲਤਾਂ ਸੁੰਗੜਦੀਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਸਾਡੀ ਸਰਕਾਰ ਮੁਲਕ ਦੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ ਸਿਹਤ ਸੇਵਾਵਾਂ ਉਤੇ ਸਿਰਫ ਇਕ ਫੀਸਦੀ ਅਤੇ ਸਿੱਖਿਆ 'ਤੇ ਤਿੰਨ ਫੀਸਦੀ ਹੀ ਖਰਚ ਕਰ ਰਹੀ ਹੈ। ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਹੀ ਦੇਸ਼ ਦੇ 17 ਸੂਬਿਆਂ ਵਿਚ ਕਿਸਾਨ ਪਰਿਵਾਰਾਂ ਦੀ ਔਸਤ ਆਮਦਨ ਸਿਰਫ 1666 ਰੁਪਏ ਪ੍ਰਤੀ ਮਹੀਨਾ ਹੀ ਹੈ। ਜੇ ਇਨ੍ਹਾਂ ਵਿਚੋਂ ਵੱਡੇ ਕਿਸਾਨਾਂ ਨੂੰ ਕੱਢ ਦੇਈਏ ਤਾਂ ਇਹ ਆਮਦਨ ਹੋਰ ਵੀ ਘਟ ਜਾਵੇਗੀ।

### 57 ਭਾਰਤੀਆਂ ਕੋਲ 70 ਫੀਸਦੀ ਆਬਾਦੀ ਦੇ ਬਰਾਬਰ ਦੌਲਤ



### 21 ਕਰੋੜ ਲੋਕਾਂ ਕੋਲ ਜ਼ਿੰਦਗੀ ਜਿਉਣ ਦਾ ਵਸੀਲਾ ਨਹੀਂ

**ਨਵੀਂ ਦਿੱਲੀ:** ਮੁਲਕ ਵਿਚ 21 ਕਰੋੜ ਲੋਕ ਅਜਿਹੇ ਹਨ ਜਿਨ੍ਹਾਂ ਕੋਲ ਜ਼ਿੰਦਗੀ ਜਿਉਣ ਦਾ ਕੋਈ ਵੀ ਵਸੀਲਾ ਨਹੀਂ ਹੈ। ਪਿਛਲੇ 8 ਸਾਲਾਂ ਦੌਰਾਨ ਮੁਲਕ ਦੀ ਜੀ.ਡੀ.ਪੀ. 63.8 ਫੀਸਦੀ ਵਧੀ, ਪਰ ਔਸਤ ਤਨਖਾਹ ਵਿਚ ਸਿਰਫ 0.2 ਫੀਸਦੀ ਵਾਧਾ ਹੋਇਆ ਹੈ। ਇਸ ਵਾਧੇ ਵਿਚੋਂ ਵੀ 30 ਫੀਸਦੀ ਵਾਧਾ ਤਾਂ ਉਚ ਦਰਜੇ ਦੇ ਪ੍ਰਬੰਧਕਾਂ ਦੀਆਂ ਤਨਖਾਹਾਂ ਵਿਚ ਹੀ ਹੋਇਆ ਹੈ ਜਦੋਂਕਿ ਮਜ਼ਦੂਰਾਂ ਦੀਆਂ ਉਜਰਤਾਂ 30 ਫੀਸਦੀ ਘਟ ਗਈਆਂ ਹਨ।



### ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਦਾ ਵਰਤਾਰਾ

**ਨਵੀਂ ਦਿੱਲੀ:** ਇਹ ਤੱਥ ਹੋਰ ਵੀ ਚੌਂਕਾ ਦੇਣ ਵਾਲਾ ਹੈ ਕਿ ਆਕਸਫੈਮ ਦੀ ਪਿਛਲੇ ਸਾਲ ਦੀ ਰਿਪੋਰਟ ਅਨੁਸਾਰ ਦੁਨੀਆਂ ਦੀ ਅੱਧੀ ਦੌਲਤ 62 ਧਨ ਕੁਬੇਰਾਂ ਕੋਲ ਸੀ, ਪਰ ਸਾਲ ਦੇ ਅੰਦਰ-ਅੰਦਰ ਇਨ੍ਹਾਂ ਧਨਾਢਾਂ ਦੀ ਗਿਣਤੀ ਘਟ ਕੇ ਸਿਰਫ ਅੱਠ ਉਤੇ ਆ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਅਮੀਰ ਹੋਰ ਅਤੇ ਗਰੀਬ ਹੋਰ ਗਰੀਬ ਹੁੰਦੇ ਜਾ ਰਹੇ ਹਨ।

# ਐਸ.ਵਾਈ.ਐਲ. ਵਿਵਾਦ ਬਾਰੇ ਸੁਣਵਾਈ ਰੋਕਣ ਤੋਂ ਨਾਂਹ

**ਨਵੀਂ ਦਿੱਲੀ:** ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਵਿਵਾਦ ਦੀ ਸੁਣਵਾਈ ਪੰਜਾਬ ਵਿਚ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਦੇ ਆਉਣ ਤੋਂ ਬਾਅਦ ਕਰਵਾਏ ਜਾਣ ਦੀ ਮੰਗ ਨੂੰ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ ਹੈ। ਪੰਜਾਬ ਦੀ ਅਪੀਲ ਨੂੰ ਰੱਦ ਕਰਦਿਆਂ ਜਸਟਿਸ ਪੀ.ਸੀ. ਘੋਸ਼ ਅਤੇ ਅਮਿਤਵਾ ਰਾਏ ਉਤੇ ਆਧਾਰਿਤ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਪਹਿਲਾਂ ਹੀ ਫੈਸਲਾ ਦੇ ਚੁੱਕੀ ਹੈ ਕਿ ਸਰਕਾਰਾਂ ਬਦਲਣ ਨਾਲ ਬਕਾਇਆ ਪਏ ਕੇਸਾਂ ਦੀ ਸੁਣਵਾਈ ਉਤੇ ਕੋਈ ਅਸਰ ਨਹੀਂ ਪੈਣਾ।

ਉਂਜ ਬੈਂਚ ਨੇ ਹਰਿਆਣਾ ਦੀ ਅਪੀਲ ਦਾ ਜਵਾਬ ਦੇਣ ਲਈ ਪੰਜਾਬ ਨੂੰ ਤਿੰਨ ਹਫਤਿਆਂ ਦਾ ਸਮਾਂ ਦੇ ਦਿੱਤਾ ਹੈ। ਪੰਜਾਬ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਮ ਜੇਠਮਲਾਨੀ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਦੋਵੇਂ ਸੂਬਿਆਂ (ਪੰਜਾਬ ਤੇ ਹਰਿਆਣਾ) ਨੂੰ ਕਾਨੂੰਨੀ ਲੜਾਈ ਲਈ ਇਕੱਲਿਆਂ ਛੱਡਣ ਦੀ ਬਜਾਏ ਰਾਵੀ-ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵੰਡ ਦੇ ਝਗੜੇ ਨੂੰ ਰਾਜਸੀ ਸੂਝ-ਬੂਝ ਨਾਲ ਸੁਲਝਾਏ। ਬੈਂਚ ਨੇ ਸਪਸ਼ਟ ਕੀਤਾ ਕਿ ਪੰਜਾਬ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਨਹੀਂ ਝਾੜ ਸਕਦਾ ਕਿਉਂਕਿ ਸੁਪਰੀਮ ਕੋਰਟ ਐਸ.ਵਾਈ.ਐਲ. ਨਹਿਰ ਦੀ ਉਸਾਰੀ ਮੁਕੰਮਲ ਕਰਾਉਣ ਦੇ ਆਪਣੇ ਹੁਕਮਾਂ ਨੂੰ ਯਕੀਨੀ ਬਣਾਏਗਾ।



ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਰਣਜੀਤ ਕੁਮਾਰ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੀ ਤਾਮੀਲ ਤਾਂ ਹੀ ਹੋਏਗੀ ਜੇਕਰ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ 2004 ਨੂੰ ਅਦਾਲਤ ਰੱਦ ਕਰ ਦੇਵੇ। ਉਨ੍ਹਾਂ ਦਲੀਲ ਦਿੱਤੀ ਕਿ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ 10 ਨਵੰਬਰ 2016 ਨੂੰ ਰਾਸ਼ਟਰਪਤੀ ਨੂੰ ਦਿੱਤੀ ਸਲਾਹ 'ਚ ਐਕਟ ਨੂੰ ਗਲਤ ਕਰਾਰ ਦਿੱਤਾ ਸੀ, ਪਰ ਇਹ ਕੋਈ ਹੁਕਮ ਨਹੀਂ ਸੀ। ਬੈਂਚ ਨੇ ਹਰਿਆਣਾ ਤੋਂ ਪੁੱਛਿਆ ਕਿ ਉਸ ਨੇ ਕਿਸਾਨਾਂ ਨੂੰ ਐਸ.ਵਾਈ.ਐਲ. ਨਹਿਰ ਵਾਲੀ ਜ਼ਮੀਨ ਮੋੜਨ ਦੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਕਿਉਂ ਨਹੀਂ ਦਿੱਤੀ। ਕੇਂਦਰ ਨੇ ਕਿਹਾ ਕਿ ਹਰਿਆਣਾ ਦੀ ਅਰਜ਼ੀ 'ਤੇ ਉਨ੍ਹਾਂ ਦਾ ਜਵਾਬ ਤਿਆਰ ਹੈ ਅਤੇ ਉਹ ਇਸੇ ਹਫਤੇ ਦਾਖਲ ਕਰਨਗੇ।

# ਗੁਰੂ ਸਾਹਿਬਾਨ ਦੀਆਂ ਤਸਵੀਰਾਂ ਪਿੱਛੇ ਆਭਾ ਚੱਕਰ ਜ਼ਰੂਰੀ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਕ ਪਾਸੇ ਕੈਲੰਡਰਾਂ ਉਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਛਾਪਣ ਨੂੰ ਮਨਮਤ ਆਖਿਆ ਅਤੇ ਦੂਜੇ ਪਾਸੇ ਇਨ੍ਹਾਂ ਤਸਵੀਰਾਂ ਵਿਚ ਗੁਰੂ ਸਾਹਿਬ ਦੇ ਪਿੱਛੇ ਆਭਾ ਚੱਕਰ ਨਾ ਦਿਖਾਉਣ ਉਤੇ ਇਤਰਾਜ਼ ਪ੍ਰਗਟਾਇਆ। ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਦੇਸ਼-ਵਿਦੇਸ਼ ਤੋਂ ਸ਼ਿਕਾਇਤਾਂ ਆ ਰਹੀਆਂ ਹਨ ਕਿ ਕੁਝ ਤਸਵੀਰਾਂ ਵਿਚ ਗੁਰੂ ਸਾਹਿਬਾਨ ਦੇ ਸੀਸ ਪਿੱਛੇ ਆਭਾ ਚੱਕਰ ਨਹੀਂ ਦਿਖਾਇਆ ਗਿਆ, ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।



ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਸਿਰਫ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ ਹੈ, ਪਰ ਕੁਝ ਲੋਕ ਇਸ ਤੋਂ ਗੁੰਮਰਾਹ ਹੋ ਕੇ ਗੁਰੂ ਸਾਹਿਬ ਦੀਆਂ ਤਸਵੀਰਾਂ ਛਾਪਦੇ ਹਨ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਹੀਂ ਛਾਪਣੀਆਂ ਚਾਹੀਦੀਆਂ। ਪਿਛਲੇ ਕੁਝ ਸਮੇਂ ਵਿਚ ਚਿੱਤਰਕਾਰਾਂ ਨੇ ਆਪਣੀ ਕਲਾ ਰਾਹੀਂ ਗੁਰੂਆਂ ਦੀਆਂ ਸ਼ਖਸੀਅਤਾਂ ਦਾ ਭਾਵਪੂਰਤ ਢੰਗ ਰਾਹੀਂ ਚਿਤਰਣ ਕਰਨ ਦਾ ਯਤਨ ਕੀਤਾ ਹੈ, ਜਿਸ ਨੂੰ ਲੋਕਾਂ ਨੇ ਪਸੰਦ ਕਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਤਸਵੀਰਾਂ ਵਿਚ ਗੁਰੂ ਸਾਹਿਬ ਦੇ ਸੀਸ ਦੁਆਲੇ ਅਧਿਆਤਮਕ ਆਭਾ ਚੱਕਰ ਦਿਖਾਇਆ ਗਿਆ ਸੀ, ਜਿਸ ਨਾਲ ਇਹ ਤਸਵੀਰਾਂ ਵੱਖ ਦਿਖਾਈ ਦਿੰਦੀਆਂ ਹਨ। ਉਨ੍ਹਾਂ ਆਖਿਆ ਕਿ ਕੁਝ ਤਸਵੀਰਾਂ ਵਿਚ ਇਹ ਆਭਾ ਚੱਕਰ ਨਹੀਂ ਦਿਖਾਇਆ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

# ਅਲ ਕਾਇਦਾ ਦੇ ਕਮਜ਼ੋਰ ਹੋਣ 'ਤੇ ਫਿਕਰਮੰਦ ਸੀ ਲਾਦਿਨ

**ਵਾਸ਼ਿੰਗਟਨ:** ਅਤਿਵਾਦੀ ਸੰਗਠਨ ਅਲਕਾਇਦਾ ਦਾ ਸਰਗਨਾ ਉਸਾਮਾ ਬਿਨ ਲਾਦਿਨ ਆਪਣੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ.ਐਸ.) ਦੀਆਂ ਹਿੰਸਕ ਸਰਗਰਮੀਆਂ ਤੇ ਅਲਕਾਇਦਾ ਦਾ ਪ੍ਰਭਾਵ ਘੱਟ ਜਾਣ 'ਤੇ ਬਹੁਤ ਚਿੰਤਤ ਸੀ।

ਇਸ ਦਾ ਖੁਲਾਸਾ ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਵੱਲੋਂ ਜਾਰੀ ਕੀਤੇ ਦਸਤਾਵੇਜ਼ਾਂ ਤੋਂ ਹੋਇਆ ਹੈ। 2011 ਵਿਚ ਅਮਰੀਕੀ ਨੇਵੀ ਸੀਲਜ਼ ਦੇ ਕਮਾਂਡੋਜ਼ ਨੇ ਪਾਕਿਸਤਾਨ 'ਚ ਲਾਦਿਨ ਨੂੰ ਉਸ ਦੇ ਗੁਪਤ ਟਿਕਾਣੇ ਉਤੇ ਹਮਲਾ ਕਰ ਕੇ ਮਾਰ ਦਿੱਤਾ ਸੀ ਤੇ ਉਸ ਸਮੇਂ ਬਰਾਮਦ ਹੋਏ ਕੁਝ ਦਸਤਾਵੇਜ਼ਾਂ ਨੂੰ ਹੁਣ ਜਾਰੀ ਕੀਤਾ ਗਿਆ ਹੈ।



ਇਨ੍ਹਾਂ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਲਾਦਿਨ ਅਮਰੀਕਾ ਖਿਲਾਫ ਆਪਣੀ ਲੜਾਈ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਦੁਨੀਆਂ ਭਰ ਦੇ ਜਿਹਾਦੀ ਸੰਗਠਨਾਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਸੀ। ਇਨ੍ਹਾਂ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਲਾਦਿਨ ਨੇ ਆਪਣੇ ਪੁੱਤਰਾਂ ਨੂੰ ਸੁਚੇਤ ਕੀਤਾ ਸੀ ਕਿ ਉਸ ਤੱਕ ਅੱਪੜਨ ਲਈ ਉਨ੍ਹਾਂ ਦੇ ਸਰੀਰ ਵਿਚ ਇਲੈਕਟ੍ਰੋਨਿਕ ਚਿੱਪ ਲਗਾਈ ਜਾ ਸਕਦੀ ਹੈ। ਲਾਦਿਨ ਆਪਣੇ ਪਰਿਵਾਰ ਦੇ ਮੂਲ ਦੇਸ਼ ਯਮਨ ਵੱਲ ਕਾਫੀ ਧਿਆਨ ਦਿੰਦਾ ਸੀ ਤੇ ਉਸ ਨੇ ਅਲਕਾਇਦਾ ਆਨ ਦਾ ਅਰੇਬੀਅਨ ਪੇਨੀਨਸੂਲਾ (ਏ.ਕਿਊ. ਏ.ਪੀ) ਦੇ ਸੰਸਥਾਪਕ ਨਸੀਰ ਅਲ ਵੁਹਾਯਸ਼ੀ ਨੂੰ ਸੁਚੇਤ ਕੀਤਾ ਸੀ ਕਿ ਉਹ ਸਰਕਾਰ ਵਿਰੋਧੀ ਸਰਗਰਮੀਆਂ ਨੂੰ ਜਲਦਬਾਜ਼ੀ ਵਿਚ ਅੰਜਾਮ ਨਾ ਦੇਵੇ ਕਿਉਂਕਿ ਅਜੇ ਦੁਨੀਆ ਵਿਚ ਕਿਤੇ ਵੀ ਇਸਲਾਮਿਕ ਸਟੇਟ ਗਠਿਤ ਕਰਨ ਦਾ ਠੀਕ ਸਮਾਂ ਨਹੀਂ ਆਇਆ ਹੈ।

# ਮੂਰਥਲ ਜਬਰ ਜਨਾਹ ਬਾਰੇ ਅਦਾਲਤੀ ਦਾਅਵਾ ਬਣਿਆ ਸਰਕਾਰ ਲਈ ਨਮੋਸ਼ੀ

## ਹਰਿਆਣਾ ਸਰਕਾਰ ਦੇ ਦਾਅਵਿਆਂ 'ਤੇ ਹਾਈ ਕੋਰਟ ਨੂੰ ਸ਼ੱਕ

**ਚੰਡੀਗੜ੍ਹ:** ਮੂਰਥਲ ਵਿਚ ਜਬਰ ਜਨਾਹ ਦੀਆਂ ਘਟਨਾਵਾਂ ਬਾਰੇ ਸਾਰੇ ਸ਼ੱਕ ਸ਼ੁਬਹੇ ਦੂਰ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਪ੍ਰਤੱਖ ਤੌਰ ਉਤੇ ਜਬਰ ਜਨਾਹ ਦੀਆਂ ਘਟਨਾਵਾਂ ਵਾਪਰੀਆਂ ਹਨ। ਜਸਟਿਸ ਐਸ.ਐਸ. ਸਾਰੋਂ ਅਤੇ ਜਸਟਿਸ ਦਰਸ਼ਨ ਸਿੰਘ ਦੇ ਬੈਂਚ ਦੀਆਂ ਇਹ ਟਿੱਪਣੀਆਂ ਹਰਿਆਣਾ ਸਰਕਾਰ ਦੇ ਦਾਅਵੇ ਦੇ ਉਲਟ ਹਨ, ਜੋ 10 ਮਹੀਨਿਆਂ ਤੋਂ ਜਬਰ ਜਨਾਹ ਦੀਆਂ ਘਟਨਾਵਾਂ ਨੂੰ ਨਕਾਰ ਰਹੀ ਹੈ।

ਬੈਂਚ ਨੇ ਕਿਹਾ ਕਿ ਔਰਤਾਂ ਨੂੰ ਘੜੀਸ ਕੇ ਖੇਤਾਂ ਵਿਚ ਲਿਜਾਇਆ ਗਿਆ। ਮੂਰਥਲ ਦੇ ਖੇਤਾਂ ਵਿਚ ਮਨੁੱਖੀ ਵੀਰਜ ਲੱਗੇ ਔਰਤਾਂ ਦੇ ਅੰਦਰੂਨੀ ਕੱਪੜੇ ਮਿਲੇ ਹਨ, ਜਿਸ ਤੋਂ ਜਬਰ ਜਨਾਹ ਦੀ ਪੁਸ਼ਟੀ ਹੁੰਦੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਦੇ ਦਾਅਵਿਆਂ ਨੂੰ ਸ਼ੁਰੂ ਤੋਂ ਹੀ ਸ਼ੱਕ ਦੀ ਨਜ਼ਰ ਨਾ ਵੇਖਿਆ ਜਾ ਰਿਹਾ ਸੀ। ਹੁਣ ਅਦਾਲਤ ਨੇ ਸਖਤ ਸ਼ਬਦਾਂ ਵਿਚ ਆਖ ਦਿੱਤਾ ਹੈ ਕਿ ਸਮੂਹਿਕ ਬਲਾਤਕਾਰ ਦੇ ਦੋਸ਼ ਬੇਬੁਨਿਆਦ ਨਹੀਂ ਸਨ ਅਤੇ ਜਦੋਂ ਸਬੂਤਾਂ ਤੇ ਗਵਾਹਾਂ ਦੇ ਬਿਆਨਾਂ ਦੇ ਰੂਪ ਵਿਚ ਬੁਨਿਆਦ ਮੌਜੂਦ ਹੈ ਤਾਂ ਰਾਜ ਸਰਕਾਰ, ਮੁਲਜ਼ਮਾਂ ਦਾ ਖੁਰਾ ਨੱਪਣ, ਉਨ੍ਹਾਂ




ਦੀ ਸ਼ਨਾਖਤ ਕਰਨ ਅਤੇ ਉਨ੍ਹਾਂ ਖਿਲਾਫ ਕੇਸ ਦਰਜ ਕਰ ਕੇ ਢੁਕਵੀਂ ਕਾਨੂੰਨੀ ਕਾਰਵਾਈ ਕਰਨ ਵਰਗੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਹਰਿਆਣਾ ਸਰਕਾਰ ਇਸ ਮਾਮਲੇ ਵਿਚ ਲਗਾਤਾਰ ਨਾਂਹ-ਨੁੱਕਰ ਵਾਲਾ ਰੁਖ ਅਪਨਾਉਂਦੀ ਆ ਰਹੀ ਸੀ।

ਹੁਣ ਅਦਾਲਤ ਦੀ ਸਖਤੀ ਪਿੱਛੋਂ ਹਰਿਆਣਾ ਸਰਕਾਰ ਨੂੰ ਕਹਿਣਾ ਪਿਆ ਕਿ ਭਾਵੇਂ ਉਹ ਬਲਾਤਕਾਰ ਦੀਆਂ ਘਟਨਾਵਾਂ ਦੀ ਸੰਭਾਵਨਾ ਰੱਦ ਨਹੀਂ ਕਰਦੀ, ਫਿਰ ਵੀ ਛੇੜ-ਛਾੜ ਦੀਆਂ ਘਟਨਾਵਾਂ ਵਾਪਰਨ ਦੀ ਪੁਸ਼ਟੀ ਜ਼ਰੂਰ ਕਰਦੀ ਹੈ। ਨਾਲ ਹੀ ਇਸ ਦਾ ਇਹ ਕਹਿਣਾ ਹੈ ਕਿ ਅਜੇ ਵੀ ਬਲਾਤਕਾਰ ਮਾਮਲੇ ਦਾ ਨਾ ਕੋਈ ਚਸ਼ਮਦੀਦ ਗਵਾਹ ਸਾਹਮਣੇ ਆਇਆ ਹੈ ਅਤੇ ਨਾ ਹੀ ਕਿਸੇ ਦੋਸ਼ੀ ਦੀ ਸ਼ਨਾਖਤ ਹੋ ਸਕੀ ਹੈ।

ਹਾਈ ਕੋਰਟ ਨੇ ਇਸ ਪੱਖ ਉਤੇ ਵੀ ਨਾਖੁਸ਼ੀ ਪ੍ਰਗਟਾਈ ਹੈ ਅਤੇ ਕਿਹਾ ਹੈ ਕਿ ਚਸ਼ਮਦੀਦ ਗਵਾਹ ਲੱਭਣੇ ਜਾਂ ਦੋਸ਼ੀਆਂ ਦੀ ਸ਼ਨਾਖਤ ਕਰਨਾ ਸੂਬਾਈ ਮਸ਼ੀਨਰੀ ਦਾ ਕੰਮ ਹੈ, ਅਦਾਲਤਾਂ ਦਾ ਨਹੀਂ। ਹਾਈ ਕੋਰਟ ਨੇ ਹੇਠਲੀ ਅਦਾਲਤ ਨੂੰ ਓਨੀ ਦੇਰ ਤੱਕ ਅਗਲੇਰੀ ਕਾਰਵਾਈ ਕਰਨ ਤੋਂ ਰੋਕ ਦਿੱਤਾ ਹੈ ਜਦੋਂ ਤੱਕ ਸਮੁੱਚੀ ਤਫਤੀਸ਼ ਸਹੀ ਲੀਹ ਉਤੇ ਨਹੀਂ ਆਉਂਦੀ।

# ਤਕਦੀਰ ਸਿੰਘ ਢਿੱਲੋਂ ਨੇ ਰਚਿਆ ਇਤਿਹਾਸ

**ਵਿਕਟੋਰੀਆ:** ਹਾਂਗਕਾਂਗ ਵਿਚ ਹੋਈ 58 ਕਿੱਲੋ ਵਰਗ ਦੀ ਈ-1 ਬਾਕਸਿੰਗ ਵਰਲਡ ਚੈਂਪੀਅਨਸ਼ਿਪ-2017 ਵਿਚ 15 ਸਾਲਾ ਗੱਭਰੂ ਨੇ 37 ਸਾਲਾ ਬਾਕਸਿੰਗ ਭਲਵਾਨ ਨੂੰ ਚਿੱਤ ਕਰ ਕੇ ਇਤਿਹਾਸ ਰਚ ਦਿੱਤਾ। ਇਸ 15 ਸਾਲਾ ਨੌਜਵਾਨ ਦੀ ਪ੍ਰਾਪਤੀ ਨਾਲ ਪੂਰੀ ਦੁਨੀਆਂ ਵਿਚ ਵੱਸਦਾ ਪੰਜਾਬੀ ਭਾਈਚਾਰਾ ਮਾਣ ਮਹਿਸੂਸ ਕਰ ਰਿਹਾ ਹੈ। ਇਹ ਨੌਜਵਾਨ ਜੰਮਪਲ ਭਾਵੇਂ ਹਾਂਗਕਾਂਗ ਦਾ ਹੈ, ਪਰ ਇਸ ਦੀਆਂ ਰਗਾਂ ਵਿਚ ਪੰਜਾਬ ਦਾ ਖ਼ੂਨ ਹੈ। ਪੰਜਾਬ ਤੋਂ ਹਾਂਗਕਾਂਗ ਜਾ ਕੇ ਵਸੇ ਹਰਦੇਵ ਸਿੰਘ ਢਿੱਲੋਂ ਦੇ ਪੁੱਤਰ ਤਕਦੀਰ ਸਿੰਘ ਢਿੱਲੋਂ ਨੇ ਜ਼ਬਰਦਸਤ ਮੁਕਾਬਲੇ ਵਿਚ ਚੋਟੀ ਦੇ ਖਿਡਾਰੀ ਐਮੀਗੋ ਸ਼ੋਈ ਨੂੰ ਮਾਤ ਦੇ ਕੇ ਰਿੰਗ ਆਪਣੇ ਨਾਂ ਕਰ ਲਿਆ।



ਇਸ ਵਰਲਡ ਚੈਂਪੀਅਨਸ਼ਿਪ ਵਿਚ ਹਾਂਗਕਾਂਗ, ਜਾਪਾਨ, ਬਰਤਾਨੀਆ, ਬ੍ਰਾਜ਼ੀਲ, ਕੈਨੇਡਾ, ਤਾਈਵਾਨ ਤੇ ਇਟਲੀ ਸਮੇਤ ਕਰੀਬ 7 ਦੇਸ਼ਾਂ ਦੇ ਚੋਟੀ ਦੇ ਬਾਕਸਿੰਗ ਖਿਡਾਰੀਆਂ ਨੇ ਹਿੱਸਾ ਲਿਆ। ਪੰਜਾਬ ਤੋਂ ਪਿੰਡ ਭਲੂਰ ਜ਼ਿਲ੍ਹਾ ਮੋਗਾ ਦੇ ਵਸਨੀਕ ਤਕਦੀਰ ਸਿੰਘ ਦੇ ਪਿਤਾ ਹਰਦੇਵ ਸਿੰਘ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਦੇ ਸਪੁੱਤਰ ਨੇ ਸਾਰੀ ਦੁਨੀਆਂ ਵਿਚ ਉਨ੍ਹਾਂ ਦਾ ਹੀ ਨਹੀਂ, ਸਗੋਂ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ ਹੈ।

ਇਸ ਮੁਕਾਬਲੇ ਦੀ ਚਰਚਾ ਇਸ ਲਈ ਵੀ ਵਧੇਰੇ ਹੋ ਰਹੀ ਹੈ ਕਿਉਂਕਿ 58 ਕਿੱਲੋ ਵਰਗ ਦੇ ਇਸ ਮੁਕਾਬਲੇ ਵਿਚ 15 ਸਾਲਾ ਤਕਦੀਰ ਸਿੰਘ ਦਾ ਮੁੱਖ ਮੁਕਾਬਲਾ 37 ਸਾਲਾ ਐਮੀਗੋ ਸ਼ੋਈ ਨਾਲ ਹੋਇਆ। ਐਮੀਗੋ ਸ਼ੋਈ ਕੋਈ ਆਮ ਬਾਕਸਰ ਨਹੀਂ ਬਲਕਿ 18 ਵਰ੍ਹਿਆਂ ਦੀ ਉਮਰ ਤੋਂ ਬਾਕਸਿੰਗ ਦੀ ਖੇਡ ਵਿਚ ਵਿਸ਼ਵ ਪੱਧਰ ਉਤੇ ਨਾਮਣਾ ਖੱਟ ਰਹੇ ਹਨ। ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਚੈਂਪੀਅਨ ਰਹੇ ਹਨ। ਸਭ ਤੋਂ ਵੱਡੀ ਗੱਲ ਹੈ ਕਿ ਐਮੀਗੋ ਸ਼ੋਈ ਨੂੰ ਅਜਿੱਤ ਸਮਝਿਆ ਜਾਂਦਾ ਸੀ। ਆਪਣੀ ਇਸ ਪ੍ਰਾਪਤੀ ਸਦਕਾ ਤਕਦੀਰ ਦੁਨੀਆਂ ਭਰ ਦੇ ਅਖਬਾਰਾਂ ਤੇ ਸੋਸ਼ਲ ਮੀਡੀਆ ਉਤੇ ਛਾਇਆ ਹੋਇਆ ਹੈ।

K K Pamma Catring Service

ਵਧੀਆ ਅਤੇ ਤਸੱਲੀਬਖ਼ਸ਼ ਕੈਟਰਿੰਗ

ਸ਼ਿਕਾਗੋ, ਮਿਲਵਾਕੀ ਅਤੇ ਇੰਡੀਆਨਾ, ਮਿਸ਼ੀਗਨ, ਵਿਸਕਾਨਸਿਨ ਅਤੇ ਮਿਡਵੈਸਟ ਦੇ ਹੋਰ ਇਲਾਕਿਆਂ ਵਿਚ ਵਿਆਹ-ਸ਼ਾਦੀ, ਕਿਸੇ ਵੀ ਪਾਰਟੀ ਜਾਂ ਮੇਲਿਆਂ ਲਈ ਕੈਟਰਿੰਗ ਵਾਸਤੇ ਯਾਦ ਰੱਖੋ



ਕੇ ਕੇ ਪੰਮਾ
ਫੋਨ: 847-219-7432

ਸਾਡੀ ਖਾਸੀਅਤ
ਗਰਮਾ ਗਰਮ
ਕੜਾਕੇਦਾਰ ਜਲੇਬੀਆਂ

## ਰਾਮਦੇਵ ਵੱਲੋਂ ਉਲੰਪੀਅਨ ਭਲਵਾਨ ਨੂੰ ਧੋਬੀ ਪਟਕਾ

**ਨਵੀਂ ਦਿੱਲੀ:** ਪਹਿਲਾਂ ਯੋਗ ਤੇ ਫਿਰ ਕਾਰੋਬਾਰ ਵਿਚ ਬਾਬਾ ਰਾਮਦੇਵ ਨੇ ਵਿਲੱਖਣ ਛਾਪ ਛੱਡੀ ਹੈ। ਰਾਮਦੇਵ ਨੇ ਹੁਣ ਕੁਸ਼ਤੀ ਦੇ ਮੈਦਾਨ ਵਿਚ ਵੀ ਬੱਲੇ-ਬੱਲੇ ਕਰਵਾ ਦਿੱਤੀ ਹੈ। ਮੌਕਾ ਸੀ ਪ੍ਰੋ-ਰੈਸਲਿੰਗ ਦਾ, ਜਿਥੇ ਬਾਬਾ ਰਾਮਦੇਵ ਨੇ ਅਜਿਹਾ ਦਾਅ ਮਾਰਿਆ ਕਿ ਉਨ੍ਹਾਂ ਉਲਪਿੰਕ ਖੇਡਾਂ 'ਚ ਤਾਂਬੇ ਦਾ ਤਮਗਾ ਜਿੱਤਣ ਵਾਲੇ ਪਹਿਲਵਾਨ ਆਂਦਰੇ ਸਟੇਡਨਿਕ ਨੂੰ ਚਿੱਤ ਕਰ ਦਿੱਤਾ।

ਬਾਬਾ ਰਾਮਦੇਵ ਨੇ ਇਹ ਮੁਕਾਬਲਾ 12-0 ਦੇ ਫਰਕ ਨਾਲ ਜਿੱਤਿਆ। ਸਟੇਡਨਿਕ ਨੇ 2008 ਦੀਆਂ ਉਲੰਪਿਕ ਖੇਡਾਂ ਵਿਚ ਭਾਰਤ ਦੇ ਸੁਸ਼ੀਲ ਕੁਮਾਰ ਨੂੰ ਚਿੱਤ ਕੀਤਾ ਸੀ। ਕੁਸ਼ਤੀ ਦੌਰਾਨ ਵਿਦੇਸ਼ੀ ਪਹਿਲਵਾਨ ਨੇ ਪਹਿਲਾਂ ਤਾਂ ਰਾਮਦੇਵ ਨੂੰ ਕਾਫੀ ਤੰਗ ਕੀਤਾ। ਇਸ ਪਿਛੋਂ ਬਾਬਾ ਰਾਮਦੇਵ ਨੇ ਅਜਿਹਾ ਦਾਅ ਮਾਰਿਆ ਕਿ ਸਟੇਡਨਿਕ ਮੂਧੇ ਮੂੰਹ ਜਾ ਡਿੱਗਾ। ਪਿਛਲੇ ਦਿਨੀਂ ਬਾਬਾ ਰਾਮਦੇਵ ਨੇ ਇਕ ਟੀ.ਵੀ. ਸ਼ੋਅ ਦੌਰਾਨ ਫਿਲਮੀ ਐਕਟਰ ਰਣਬੀਰ ਸਿੰਘ ਦੀ ਬੱਸ ਕਰਵਾ ਦਿੱਤੀ ਸੀ।

# ਸ਼ਾਇਰ ਸਾਜਿਦ ਚੌਧਰੀ ਦੀ ਪੁਸਤਕ 'ਆਪਣਾ ਖੋਜ' ਰਿਲੀਜ਼

**ਸ਼ਿਕਾਗੋ (ਬਿਊਰੋ):** ਪਾਕਿਸਤਾਨੀ ਪੰਜਾਬੀ ਸ਼ਾਇਰ ਜਨਾਬ ਸਾਜਿਦ ਚੌਧਰੀ ਦਾ ਦੂਜਾ ਕਾਵਿ ਸੰਗ੍ਰਿਹ 'ਆਪਣਾ ਖੋਜ' ਲੰਘੇ ਐਤਵਾਰ



ਸ਼ਾਇਰ ਸਾਜਿਦ ਚੌਧਰੀ

ਨੂੰ ਸ਼ਾਮਬਰਗ ਪਬਲਿਕ ਲਾਇਬਰੇਰੀ ਵਿਚ ਉਰਦੂ ਇੰਟੀਚਿਊਟ ਸ਼ਿਕਾਗੋ ਵਲੋਂ ਕਰਵਾਏ ਗਏ ਇਕ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਪ੍ਰੋਗਰਾਮ ਦਾ ਪ੍ਰਬੰਧ ਜਨਾਬ ਅਮੀਨ ਹੈਦਰ ਨੇ ਕੀਤਾ ਅਤੇ ਮੰਚ ਸੰਚਾਲਨ ਵੀ ਉਨ੍ਹਾਂ ਦੇ ਹੱਥ ਸੀ।

ਜਨਾਬ ਸਾਜਿਦ ਚੌਧਰੀ ਆਮ ਕਰ ਕੇ ਸੂਫੀ ਤਰਜ ਵਿਚ ਸ਼ਾਇਰੀ ਕਰਦੇ ਹਨ। ਉਹ ਉਰਦੂ ਤੇ ਪੰਜਾਬੀ-ਦੋਹਾਂ ਜ਼ਬਾਨਾਂ ਵਿਚ ਲਿਖਦੇ ਹਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾ ਪੰਜਾਬੀ ਜ਼ਬਾਨ ਨੂੰ ਹੁੰਦੀ ਹੈ।

ਇਹ ਕਾਵਿ ਸੰਗ੍ਰਿਹ ਸ਼ਾਹਮੁਖੀ ਅਤੇ ਉਰਦੂ ਨਾ ਪੜ੍ਹ ਸਕਣ ਵਾਲੇ ਪਾਠਕਾਂ ਲਈ ਰੋਮਨ ਲਿਪੀ ਵਿਚ ਛਾਪੀ ਗਈ ਹੈ। ਕਿਤਾਬ ਜਨਾਬ ਸਾਜਿਦ ਨੇ ਆਪਣੀ ਬੇਗਮ ਅਤੇ ਧੀਆਂ ਨੂੰ ਸਮਰਪਿਤ ਕੀਤੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀ ਪੁਸਤਕ 'ਰੰਗੋ-ਰੰਗੀ' ਆਈ ਸੀ ਜੋ ਸ਼ਾਹਮੁਖੀ ਅਤੇ ਗੁਰਮੁਖੀ-ਦੋਵੇਂ ਲਿਪੀਆਂ ਵਿਚ ਸੀ। ਉਹ ਗਲੋਬਲ ਪੰਜਾਬੀ ਮਿਲਾਪ ਦੇ ਠਾਕਰ ਸਿੰਘ ਬਸਾਤੀ ਨਾਲ ਸਹਿ ਮੇਜ਼ਬਾਨ ਵੀ ਹਨ।

ਪ੍ਰੋਗਰਾਮ ਦੌਰਾਨ ਹੋਰਨਾਂ ਤੋਂ ਇਲਾਵਾ ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ, ਉਨ੍ਹਾਂ ਦੀ ਪਤਨੀ ਅਮਰਜੀਤ ਕੌਰ ਅਟਵਾਲ, ਰਾਜਿੰਦਰ ਸਿੰਘ ਮਾਗੋ ਅਤੇ ਠਾਕਰ ਸਿੰਘ ਬਸਾਤੀ ਵੀ ਮੌਜੂਦ ਸਨ। ਸ. ਬਸਾਤੀ ਨੇ ਕਾਵਿ ਸੰਗ੍ਰਿਹ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਕਾਵਿ ਸੰਗ੍ਰਿਹ ਪੰਜਾਬੀ ਸਾਹਿਤ ਦੇ ਖਜਾਨੇ ਨੂੰ ਭਰਪੂਰ ਕਰੇਗਾ। ਉਨ੍ਹਾਂ ਰੱਬ ਅੱਗੇ ਅਰਜੋਈ ਕੀਤੀ ਕਿ ਉਹ ਜਨਾਬ ਸਾਜਿਦ ਚੌਧਰੀ ਦੀ ਕਲਮ ਨੂੰ ਹੋਰ ਤੌਫੀਕ ਬਖਸ਼ੇ ਅਤੇ ਉਹ ਇਸੇ ਤਰ੍ਹਾਂ ਸ਼ਾਇਰੀ ਕਰਦੇ ਰਹਿਣ।

ਪੁਸਤਕ ਵਿਚ ਪਰਿਵਾਰਕ ਰਿਸ਼ਤਿਆਂ, ਅੱਲ੍ਹਾ, ਪੰਜਾਬ ਤੇ ਪੰਜਾਬੀ ਤੋਂ ਇਲਾਵਾ ਹੋਰ ਬਹੁਤ ਸਾਰੇ ਮਜਬੂਨ ਛੋਹੇ ਗਏ ਹਨ।

## ਧਰਮ ਪਰਿਵਰਤਨ ਵਿਰੋਧੀ ਬਿੱਲ ਪੰਜਾਬ ਅਸੈਂਬਲੀ ਵਿਚ

**ਲਾਹੌਰ:** ਸੂਬਾ ਸਿੰਧ ਵਿਚ ਜਬਰੀ ਧਰਮ ਬਦਲੀ 'ਤੇ ਕਾਬੂ ਪਾਉਣ ਲਈ ਲਾਗੂ ਕੀਤੇ ਬਿੱਲ ਨੂੰ ਗੈਰ-ਇਸਲਾਮੀ ਦੱਸ ਕੇ ਰੱਦ ਕੀਤੇ ਜਾਣ ਪਿਛੋਂ ਹੁਣ ਇਹੋ ਬਿੱਲ ਪੰਜਾਬ ਅਸੈਂਬਲੀ 'ਚ ਪੇਸ਼ ਕੀਤਾ ਜਾਵੇਗਾ।

ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਦੱਸਿਆ ਕਿ ਉਹ ਤੇ ਉਨ੍ਹਾਂ ਦੇ ਹੋਰ ਅਸੈਂਬਲੀ ਮੈਂਬਰ ਵਕੀਲ ਹੀਨਾ ਪਰਵੇਜ਼ ਭੱਟ, ਕਾਂਜੀ ਰਾਮ, ਸ਼ਹਿਜ਼ਾਦ ਮੁਨਸ਼ੀ ਤੇ ਤਾਰਿਕ ਗਿੱਲ ਬਿੱਲ ਦਾ ਖਰੜਾ ਤਿਆਰ ਕਰ ਰਹੇ ਹਨ। ਗੈਰ-ਮੁਸਲਿਮ ਜਬਰੀ ਧਰਮ ਬਦਲੀ ਵਿਰੋਧੀ ਕ੍ਰਿਮਿਨਲ ਬਿੱਲ ਰਾਹੀਂ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਹਿੰਦੂ ਲੜਕੇ-ਲੜਕੀ ਦਾ ਜਬਰੀ ਧਰਮ ਬਦਲੀ ਲਈ ਪੰਜ ਸਾਲ ਦੀ ਕੈਦ ਤੈਅ ਕੀਤੀ ਗਈ ਹੈ।

Syan Video Production, Inc.

ਵਿਆਹ-ਸ਼ਾਦੀ ਹੋਵੇ, ਖ਼ੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਜਿੰਦਰ ਸਿੰਘ

Call Toll Free:
1-800-RAJ-SYAN
*(with 17 years Experienced)*

Call:734-261-0936
734-890-1767

e-mail: raj@syanvideo.com
visit at: www.syanvideo.com

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# ਆਖਰਕਾਰ... ...ਲਬ ਆਜ਼ਾਦ




## ਸਾਢੇ ਤਿੰਨ ਸਾਲਾਂ ਪਿਛੋਂ ਹੋਈ ਕਲਾਕਾਰਾਂ ਦੀ ਰਿਹਾਈ

### ਕਲਾ ਪਰਿਕਰਮਾ

**ਜਗਜੀਤ ਸਿੰਘ ਸੇਖੋਂ**

ਦੱਬੇ-ਕੁਚਲਿਆਂ ਦੀ ਆਵਾਜ਼ 'ਕਬੀਰ ਕਲਾ ਮੰਚ' ਨਾਲ ਜੁੜੇ ਤਿੰਨ ਕਲਾਕਾਰਾਂ- ਸਚਿਨ ਮਾਲੀ, ਸਾਗਰ ਗੋਰਖੇ ਤੇ ਰਾਮੇਸ਼ ਗੈਚਰ, ਨੂੰ ਆਖਰਕਾਰ ਰਿਹਾਅ ਕਰ ਦਿੱਤਾ ਗਿਆ। ਇਨ੍ਹਾਂ ਨੂੰ ਸਾਢੇ ਤਿੰਨ ਸਾਲ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ। ਦੋਸ਼ ਇਹ ਲਾਇਆ ਗਿਆ ਸੀ ਕਿ ਇਹ ਮਾਓਵਾਦੀਆਂ ਦੇ ਹੱਕ ਵਿਚ ਪ੍ਰਚਾਰ ਕਰਦੇ ਹਨ। ਗ੍ਰਿਫਤਾਰੀ ਦੇ ਇਨ੍ਹਾਂ ਸਾਲਾਂ ਦੌਰਾਨ ਇਨ੍ਹਾਂ ਖਿਲਾਫ ਸਿਰਫ ਇਕ ਗਵਾਹ ਹੀ ਭੁਗਤਾਇਆ ਗਿਆ, ਜਦਕਿ ਪੁਲਿਸ ਨੇ ਗਵਾਹਾਂ ਦੀ ਸੂਚੀ ਵਿਚ 174 ਜਣੇ ਸ਼ਾਮਲ ਕੀਤੇ ਹੋਏ ਹਨ।

ਕਬੀਰ ਕਲਾ ਮੰਚ ਕੁਝ ਵਿਦਿਆਰਥੀਆਂ ਨੇ ਗੁਜਰਾਤ ਕਤਲੇਆਮ ਤੋਂ ਬਾਅਦ 2002 ਵਿਚ ਪੂਣੇ (ਮਹਾਰਾਸ਼ਟਰ) ਵਿਚ ਕਾਇਮ ਕੀਤਾ ਸੀ। ਮੰਚ ਦੇ ਕਲਾਕਾਰ ਗੀਤ-ਸੰਗੀਤ ਅਤੇ ਨਾਟਕਾਂ ਰਾਹੀਂ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਸੁਨੇਹਾ ਵੰਡਣ ਲੱਗੇ। ਦਲਿਤਾਂ ਨਾਲ ਹੋ ਰਹੀਆਂ ਵਧੀਕੀਆਂ ਖਿਲਾਫ ਮੰਚ ਡਟ ਕੇ ਖਲੋਇਆ। ਇਨ੍ਹਾਂ ਕਾਲਕਾਰਾਂ ਦੇ ਗੀਤਾਂ ਅਤੇ ਚੇਤਨਾ ਮੁਹਿੰਮ ਦੀ ਚਰਚਾ ਮਸ਼ਹੂਰ ਦਸਤਾਵੇਜ਼ੀ ਫਿਲਮਸਾਜ਼ ਆਨੰਦ ਪਟਵਰਧਨ ਨੇ ਆਪਣੀ ਫਿਲਮ 'ਜੈ ਭੀਮ ਕਾਮਰੇਡ' ਵਿਚ ਠੋਕ-ਵਜਾ ਕੇ ਕੀਤੀ ਹੈ।

ਇਸ ਚੇਤਨਾ ਮੁਹਿੰਮ ਨੂੰ ਡੱਕਣ ਲਈ ਮਹਾਰਾਸ਼ਟਰ ਦੀ ਅਤਿਵਾਦ-ਵਿਰੋਧੀ ਸਕੁਐਡ ਨੇ ਮਈ 2011 ਵਿਚ ਮੰਚ ਦੀ ਕਰਤਾ-ਧਰਤਾ ਸ਼ੀਤਲ ਸਾਠੇ ਤੇ ਉਸ ਦੇ ਸਾਥੀਆਂ ਨੂੰ ਮਾਓਵਾਦੀ ਪੱਖੀ ਗਰਦਾਨ ਕੇ ਫੜੋ-ਫੜੀ ਆਰੰਭ ਕਰ ਦਿੱਤੀ। ਸਿੱਟੇ ਵਜੋਂ ਉਨ੍ਹਾਂ ਨੂੰ ਰੂਪੋਸ਼ ਹੋਣਾ ਪਿਆ। ਦੀਪਕ ਦੇਂਗਲੇ ਤੇ ਸਿਧਾਰਥ ਨੂੰ ਬੰਬੇ ਹਾਈ ਕੋਰਟ ਵੱਲੋਂ ਜ਼ਮਾਨਤ ਮਿਲਣ ਤੋਂ ਬਾਅਦ ਸ਼ੀਤਲ ਸਾਠੇ ਤੇ ਸਚਿਨ ਮਾਲੀ (ਸ਼ੀਤਲ ਸਾਠੇ ਦਾ ਪਤੀ) ਨੇ ਆਪਣੀ ਰੂਪੋਸ਼ੀ ਖਤਮ ਕਰ ਦਿੱਤੀ, ਪਰ ਸ਼ੀਤਲ ਦੇ ਗਰਭਵਤੀ ਹੋਣ ਦੇ ਬਾਵਜੂਦ ਉਸ ਦੀ ਜ਼ਮਾਨਤ ਮਨਜ਼ੂਰ ਨਹੀਂ ਕੀਤੀ ਗਈ ਅਤੇ ਦੋਹਾਂ ਨੂੰ ਜੇਲ੍ਹ ਅੰਦਰ ਡੱਕ ਦਿੱਤਾ ਗਿਆ। ਮਗਰੋਂ 28 ਜੂਨ 2013 ਨੂੰ ਮਾਨਵੀ ਆਧਾਰ 'ਤੇ ਸ਼ੀਤਲ ਦੀ ਜ਼ਮਾਨਤ ਮਨਜ਼ੂਰ ਕੀਤੀ ਗਈ। ਮੰਚ ਦੇ ਬਾਕੀ ਕਲਾਕਾਰ ਜੇਲ੍ਹ ਅੰਦਰ ਹੀ ਸੜਦੇ ਰਹੇ ਅਤੇ ਹੁਣ ਲੰਮੀ ਅਦਾਲਤੀ ਲੜਾਈ ਤੋਂ ਬਾਅਦ ਸੁਪਰੀਮ ਕੋਰਟ ਨੇ 17 ਜਨਵਰੀ 2017 ਨੂੰ ਸਚਿਨ ਮਾਲੀ, ਸਾਗਰ ਗੋਰਖੇ ਅਤੇ ਰਾਮੇਸ਼ ਗੈਚਰ ਦੀ ਰਿਹਾਈ ਦੇ ਹੁਕਮ ਜਾਰੀ ਕੀਤੇ ਹਨ।

ਰਿਹਾਈ ਤੋਂ ਬਾਅਦ ਸਚਿਨ ਮਾਲੀ ਨੇ ਕਿਹਾ ਹੈ ਕਿ ਉਹ ਝੁੱਗੀ-ਝੌਂਪੜੀਆਂ ਵਿਚ, ਫੈਕਟਰੀਆਂ ਦੇ ਗੇਟਾਂ ਅੱਗੇ ਅਤੇ ਪਿੰਡਾਂ ਦੀਆਂ ਸੱਥਾਂ ਵਿਚ ਗੀਤ ਗਾਉਂਦੇ ਹਨ। ਇਨ੍ਹਾਂ ਗੀਤਾਂ ਵਿਚ ਅਵਾਮ ਦੀਆਂ ਮੁਸ਼ਕਿਲਾਂ ਦੀ ਹੀ ਚਰਚਾ ਹੁੰਦੀ ਹੈ। ਗੀਤਾਂ ਵਿਚ ਇਨ੍ਹਾਂ ਨਾਲ ਹੋ ਰਹੇ ਨਿਆਂ ਖਿਲਾਫ ਡਟਣ ਦਾ ਹੋਕਾ ਹੁੰਦਾ ਹੈ ਅਤੇ ਇਹੀ ਗੱਲ ਸਰਕਾਰ ਨੂੰ ਮਨਜ਼ੂਰ ਨਹੀਂ; ਇਹ ਨਹੀਂ ਚਾਹੁੰਦੀ ਕਿ ਲੋਕ ਜ਼ਿਆਦਤੀਆਂ ਖਿਲਾਫ ਸਵਾਲ ਉਠਾਉਣ।



ਸੁਰਾਂ ਦਾ ਸੁਨੇਹਾ: ਕਬੀਰ ਕਲਾ ਮੰਚ।

ਉਂਜ, ਇਨ੍ਹਾਂ ਕਲਾਕਾਰਾਂ ਦੀ ਚੇਤਨਾ ਮੁਹਿੰਮ ਨੂੰ ਜੇਲ੍ਹ ਦੀਆਂ ਸੀਖਾਂ ਵੀ ਡੱਕ ਨਹੀਂ ਸਕੀਆਂ। ਸਚਿਨ ਮਾਲੀ ਜੇਲ੍ਹ ਅੰਦਰ ਗੀਤ ਲਿਖਦਾ ਰਿਹਾ ਅਤੇ ਸ਼ੀਤਲ ਸਾਠੇ ਆਪਣੇ ਹੋਰ ਸਾਥੀਆਂ ਨਾਲ ਇਨ੍ਹਾਂ ਗੀਤਾਂ ਨੂੰ ਆਵਾਜ਼ ਦਿੰਦੀ ਰਹੀ। ਪਿਛਲੇ ਸਾਲ ਜਦੋਂ ਹੈਦਰਾਬਾਦ ਯੂਨੀਵਰਸਿਟੀ ਅਤੇ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅੰਦਰ ਵਿਦਿਆਰਥੀਆਂ ਦਾ ਰੋਹ ਫੁੱਟਿਆ ਤਾਂ ਕਬੀਰ ਕਲਾ ਮੰਚ ਦੇ ਕਲਾਕਾਰ ਉਥੇ ਵੀ ਆਵਾਜ਼ ਬੁਲੰਦ ਕਰਨ ਅੱਪੜ ਗਏ ਸਨ।

ਸਚਿਨ ਮਾਲੀ ਨੇ ਜੇਲ੍ਹ ਅੰਦਰ ਇਕ ਕਿਤਾਬਚਾ ਵੀ ਲਿਖਿਆ- 'ਜਾਤ-ਪਾਤ ਦੇ ਖਾਤਮੇ ਲਈ ਸਭਿਆਚਾਰਕ ਇਨਕਲਾਬ'। ਉਸ ਦਾ ਆਖਣਾ ਹੈ ਕਿ ਕਲਾਕਾਰਾਂ ਨੂੰ ਸਮਾਜ ਦੇ ਰਾਹ ਦਸੇਰੇ ਬਣਨਾ ਚਾਹੀਦਾ ਹੈ। ਜਾਤ-ਪਾਤ ਬਾਰੇ ਉਹ ਬਹੁਤ ਸਪਸ਼ਟ ਹੈ। ਉਸ ਮੁਤਾਬਕ, ਦਲਿਤਾਂ ਦੀ ਪਛਾਣ ਦਾ ਮਸਲਾ ਦੋ ਧਾਰਾ ਹੈ; ਇਕ ਧਾਰ ਦਲਿਤ ਚੇਤਨਾ ਨਾਲ ਜੁੜੀ ਹੋਈ ਹੈ ਅਤੇ ਦੂਜੀ ਧਾਰ ਇਸ ਸਮਾਜਿਕ ਬੁਰਾਈ ਦੇ ਖਾਤਮੇ ਨਾਲ ਜੁੜਦੀ ਹੈ। ਜਾਤ-ਪਾਤ ਖਤਮ ਕੀਤੇ ਬਗੈਰ ਦਲਿਤਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਮੁਕਾਈਆਂ ਨਹੀਂ ਜਾ ਸਕਦੀਆਂ। ਸਚਿਨ ਅਤੇ ਸ਼ੀਤਲ ਦਾ ਦਾਈਆ ਹੈ ਕਿ ਉਹ ਅਖੀਰ ਤੱਕ ਆਪਣਾ ਚੇਤਨਾ ਸਫਰ ਜਾਰੀ ਰੱਖਣਗੇ। ਅੱਜ ਦਾ ਸਮਾਂ ਚੇਤਨਾ ਦਾ ਹੜ੍ਹ ਲਿਆਉਣ ਦੀ ਮੰਗ ਕਰਦਾ ਹੈ। ਇਸ ਵਿਚ ਚੋਖਾ ਹਿੱਸਾ ਕਲਾਕਾਰਾਂ ਦਾ ਹੋਣਾ ਚਾਹੀਦਾ ਹੈ।




ਅਡੋਲ ਸਫਰ: ਸਚਿਨ ਤੇ ਸ਼ੀਤਲ (ਵਿਚਕਾਰ) ਫਿਲਮਸਾਜ਼ ਆਨੰਦ ਪਟਵਰਧਨ ਨਾਲ ਅਤੇ (ਸੱਜੇ) ਸਾਗਰ ਤੇ ਰਮੇਸ਼।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਫਰਵਰੀ 2017 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-258



*ਜਾਪਦਾ ਏ ਨੁਕਸ ਦਿਮਾਗ ਵਿਚ ਹੋਣਾ ਕੋਈ*
*ਜਾਂ ਫਿਰ ਬੰਦਾ ਇਹ ਗਰੀਬੀ ਨੇ ਹੈ ਮਾਰਿਆ।*
*ਅੰਧ-ਵਿਸ਼ਵਾਸ਼ੀ ਪਰ ਕਹਿੰਦੇ ਇਹ ਜ਼ਰੂਰ ਹੋਣੇ,*
*'ਬੋਰੀ ਵਾਲੇ ਬਾਬਾ ਜੀ' ਨੇ ਸਾਨੂੰ ਹੈਗਾ ਤਾਰਿਆ।*

## ਕੈਪਸ਼ਨ ਮੁਕਾਬਲਾ-256



ਨਾਲ ਰੰਗਾਂ ਦੇ ਭਰ ਗਈ ਧਰਤੀ
ਸਰੋਂ ਦੇ ਉਪਰ ਜੋਬਨ ਆਇਆ।
ਚੁਫੇਰੇ ਐਸਾ ਨੂਰ ਵਿਖਰਿਆ
ਪਿੱਪਲ ਪੱਤਿਆਂ ਰੰਗ ਵਟਾਇਆ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਲੰਘੀਆਂ ਕੱਕਰ-ਕੋਹਰੇ ਦੀਆਂ ਰਾਤਾਂ
ਹੁਣ ਆ ਬਹਾਰ ਨੇ ਫੇਰਾ ਪਾਇਆ।
ਬਨਸਪਤੀ ਨੇ ਭੀ ਲਈ ਹੈ ਅੰਗੜਾਈ
ਜਦੋਂ ਆ ਬਸੰਤ ਨੇ ਡੇਰਾ ਲਾਇਆ।
ਪੀਲੇ, ਚਿੱਟੇ, ਲਾਲ ਅਤੇ ਗੁਲਾਬੀ
ਫੁੱਲ ਲੱਗੇ ਡਾਲੀਆਂ 'ਤੇ ਟਹਿਕਣ।
ਧਰਤੀ ਦੀ ਗੋਦ ਫਲ ਰਹੀ ਹੈ
ਪੰਛੀ ਦੇਣ ਸੁਨੇਹਾ ਜਦੋਂ ਚਹਿਕਣ।
**-ਸੇਵਾ ਸਿੰਘ ਨੂਰਪੁਰੀ**
**ਫੋਨ: 408-912-3438**

---

ਖੁੱਲ੍ਹਾ ਅਸਮਾਨ ਹੋਵੇ
ਸਧਾਰਣ ਤਾਪਮਾਨ ਹੋਵੇ।
ਕਣਕਾਂ 'ਤੇ ਚੜ੍ਹਿਆ ਨੂਰ ਹੋਵੇ।
ਪੇੜਾਂ ਨੂੰ ਪੈ ਰਿਹਾ ਬੂਰ ਹੋਵੇ।
ਗਿਰਗਿਟ ਵਾਂਗੂੰ ਰੰਗ ਬਦਲਦੇ
ਪਿੱਪਲ ਦੇ ਪੱਤਿਆਂ ਦੀ ਸ਼ਾਨ ਹੋਵੇ।
ਸਰੋਂ ਦੇ ਫੁੱਲਾਂ 'ਤੇ ਆਇਆ
ਜਵਾਨੀ ਦਾ ਤੂਫਾਨ ਹੋਵੇ।
ਫੱਗਣ ਦਾ ਉਡ ਚੁਕਾ ਫਾਗ ਹੋਵੇ।
ਧਰਤੀ ਨੂੰ ਲੱਗਿਆ ਭਾਗ ਹੋਵੇ।
ਹਰ ਚੀਜ਼ 'ਚ ਵੱਸਦਾ ਭਗਵਾਨ ਹੋਵੇ,
ਅਜਿਹੇ ਮੌਸਮ ਦਾ ਕੀ ਨਾਮ ਹੋਵੇ?
ਬਸੰਤ ਜਾਂ ਬਹਾਰ? ਕੀ ਨਾਮ ਹੋਵੇ?
**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਖੇਤਾਂ ਵਿਚ ਗੁਲਜ਼ਾਰ ਆ ਗਈ
ਲੱਗਦੈ ਜਿਵੇਂ ਬਹਾਰ ਆ ਗਈ।
ਨਵ-ਜਨਮੇ ਜਿਹੀਆਂ ਪਿੱਪਲ ਪੱਤੀਆਂ
ਦੇਖੋ ਕੁਦਰਤ ਕਿੰਜ ਰੁਸ਼ਨਾ ਗਈ।
ਪੀਲੇ ਫੁੱਲ ਸਰੋਂ ਦੇ ਪਾਉਣ ਭੁਲੇਖੇ
ਜਿੱਦਾਂ ਸਰੂ ਜਹੀ ਮੁਟਿਆਰ ਆ ਗਈ।
**-ਜਗਜੀਤ ਕੌਰ ਕੈਂਟਨ, ਮਿਸ਼ੀਗਨ**

---

ਰਲਾ-ਮਿਲਾ ਬਨਾਉਟੀ ਰੰਗ
ਲੋਕੀ ਖੇਡਦੇ ਹੋਲੀ।
ਦੇਖੋ ਕੁਦਰਤ ਦੀ ਬਨਸਪਤੀ
ਮੌਸਮ ਬਦਲਿਆ, ਬ੍ਰਹਿਮੰਡ ਹਰਿਆ
ਫੁੱਟੀਆਂ ਨਵੀਆਂ ਕਰੂੰਬਲਾਂ
ਨਵੇਂ ਸ਼ਕੂਫੇ ਰੰਗ ਲਾਇਆ।
ਡਾਲ 'ਤੇ ਲਮਕਦੇ ਵੰਨ-ਸਵੰਨੇ ਪੱਤੇ
ਚਿੱਤਰਕਾਰ ਚਿਤਵਦਾ ਕਲਾ ਜਿਵੇਂ
ਹੱਥ ਲਾਓ, ਜਿਵੇਂ ਮਖਮਲ
ਹੱਥਾਂ 'ਚੋਂ ਤਿਲਕਦੀ।
ਉਵੇਂ ਜੜੀ ਕੁਦਰਤ 'ਚ
ਦਿਲ ਮੋਹਣੀ ਹੱਦੋਂ ਸੋਹਣੀ
ਕੱਢ ਕਲੇਜਾ ਲੈ ਜਾਂਦੀ
ਇਹੀਓ ਕੁਦਰਤ ਦੀ ਦੇਣ
ਮੁਗਧ ਹੋ ਦਿਲ ਹਸ ਹਸ ਹੋਂਵਦਾ
ਪੈਂਦੀ ਨਿਗ੍ਹਾ ਜਦ ਕੋਮਲ ਪੱਤੀਆਂ 'ਤੇ।
ਤਾਹੀਓਂ ਵਰਡਜ਼ਵਰਥ ਲਿਖਦਾ,
'ਕੁਦਰਤ ਕਦੇ ਧੋਖਾ ਨਹੀਂ ਦਿੰਦੀ,
ਜੋ ਇਸ ਨੂੰ ਪਿਆਰ ਕਰਦਾ।
**-ਦਰਸ਼ਨਪਾਲ ਦੋਸਾਂਝ**

ਗੁਰਮਤਿ ਵਿਚਾਰ

# ਭਗਤਿ ਵਛਲ ਪਰਵਾਣੁ ਚਰਣਾ ਧੂਰ ਹੈ



ਡਾ. ਗੁਰਨਾਮ ਕੌਰ, ਪਟਿਆਲਾ

ਤੀਸਰੀ ਵਾਰ ਦੀ ਇਸ ਦਸਵੀਂ ਪਉੜੀ ਵਿਚ ਭਾਈ ਗੁਰਦਾਸ ਦੱਸਦੇ ਹਨ ਕਿ ਗੁਰੂ ਦੇ ਸ਼ਬਦ ਰਾਹੀਂ ਗੁਰਸਿੱਖ ਕਿਸ ਤਰ੍ਹਾਂ ਉਸ ਪਰਮ ਸਤਿ ਦਾ ਅਨੁਭਵ ਕਰ ਲੈਂਦਾ ਹੈ। ਗੁਰੂ ਦੇ ਸ਼ਬਦ ਉਤੇ ਉਸ ਨੂੰ ਗੁਰੂ ਦੀ ਮੂਰਤ ਸਮਝ ਕੇ, ਜਿਹੜਾ ਕਿ ਹਰ ਸਮੇਂ ਤੁਹਾਡੇ ਨਾਲ ਹੁੰਦਾ ਹੈ, ਉਸ 'ਤੇ ਧਿਆਨ ਲਾਈਏ ਤਾਂ ਉਸ ਦੀ ਨੇੜਤਾ ਦਾ ਅਨੁਭਵ ਕਰ ਸਕੀਦਾ ਹੈ। ਗੁਰੂ ਦੇ ਸ਼ਬਦ ਰਾਹੀਂ ਪ੍ਰਾਪਤ ਕੀਤੇ ਗਿਆਨ ਤੋਂ ਗੁਰਮੁਖਿ ਨੂੰ ਸਮਝ ਪੈਂਦੀ ਹੈ ਕਿ ਉਹ ਅਕਾਲ ਪੁਰਖ ਜੀਵ ਤੋਂ ਦੂਰ ਨਹੀਂ ਹੈ। ਪਰ ਮਨੁੱਖ ਦੇ ਕੀਤੇ ਕਰਮਾਂ ਦਾ ਬੀਜ ਉਸ ਦੇ ਪਹਿਲੇ ਕੀਤੇ ਕਰਮਾਂ ਅਨੁਸਾਰ ਉਗਦਾ ਹੈ।

ਭਾਈ ਗੁਰਦਾਸ ਸੇਵਾ ਦੇ ਮਹੱਤਵ ਨੂੰ ਦੱਸਦੇ ਹਨ ਕਿ ਸੇਵਾ ਰਾਹੀਂ ਸਿੱਖ ਨੂੰ ਪ੍ਰਧਾਨਤਾ ਮਿਲਦੀ ਹੈ। ਉਹ ਗੁਰੂ ਦੀਆਂ ਨਜ਼ਰਾਂ ਵਿਚ ਮਨਜ਼ੂਰੀ ਪ੍ਰਾਪਤ ਕਰਦਾ ਹੈ। ਉਹ ਅਕਾਲ ਪੁਰਖ ਜੋ ਪਰਮ ਖਜ਼ਾਨਾ ਹੈ, ਸਦਾ ਭਰਪੂਰ ਰਹਿੰਦਾ ਹੈ ਅਤੇ ਹਰ ਥਾਂ ਵਿਆਪਕ ਹੈ। ਸਾਧਸੰਗਤਿ ਅਜਿਹਾ ਸਥਾਨ ਹੈ ਜਿੱਥੇ ਉਸ ਦੀ ਵਿਆਪਕਤਾ ਦਾ ਨੂਰ ਜਗ-ਮਗ ਵਰਸ ਰਿਹਾ ਹੈ। ਭਾਈ ਗੁਰਦਾਸ ਅਨੁਸਾਰ ਭਾਵੇਂ ਲੱਖ ਚੰਦਰਮਾ ਤੇ ਲੱਖਾਂ ਹੀ ਸੂਰਜ ਨਿਕਲਣ ਅਤੇ ਆਪਣੀ ਰੋਸ਼ਨੀ ਨਾਲ ਚਾਨਣ ਦੇਣ ਪਰ ਸਤਿਸੰਗਤਿ ਦਾ ਜੋ ਨੂਰ ਵਰਸਦਾ ਹੈ, ਉਸ ਦੇ ਸਾਹਮਣੇ ਇਹ ਸਾਰਾ ਚਾਨਣ ਫਿੱਕਾ ਹੈ। ਸਤਿਸੰਗਤਿ ਵਿਚ ਹੋ ਰਹੀ ਅਕਾਲ ਪੁਰਖ ਦੀ ਉਸਤਤਿ ਦੇ ਸਾਹਮਣੇ ਲੱਖਾ ਵੇਦ ਤੇ ਪੁਰਾਣ ਫਿੱਕੇ ਹਨ। ਗੁਰਮੁਖਿ ਨੂੰ ਅਕਾਲ ਪੁਰਖ ਦੇ ਚਰਨਾਂ ਦੀ ਧੂੜ ਬਹੁਤ ਪਿਆਰੀ ਲੱਗਦੀ ਹੈ:

ਗੁਰ ਮੂਰਤਿ ਕਰਿ ਧਿਆਨ ਸਦਾ ਹਜੂਰ ਹੈ।
ਗੁਰਮੁਖਿ ਸਬਦੁ ਗਿਆਨੁ ਨੇੜਿ ਨ ਦੂਰ ਹੈ।
ਪੂਰਬਿ ਲਿਖਤੁ ਨੀਸਾਣੁ ਕਰਮ ਅੰਕੂਰ ਹੈ।
ਗੁਰ ਸੇਵਾ ਪਰਧਾਨੁ ਸੇਵਕ ਸੂਰ ਹੈ।
ਪੂਰਨ ਪਰਮ ਨਿਧਾਨ ਸਦ ਭਰਪੂਰ ਹੈ।
ਸਾਧਸੰਗਤਿ ਅਸਥਾਨੁ ਜਗ ਮਗ ਨੂਰ ਹੈ।
ਲਖ ਲਖ ਸਸੀਅਰ ਭਾਨੁ ਕਿਰਣਿ ਠਰੂਰ ਹੈ।
ਲਖ ਲਖ ਬੇਦ ਪੁਰਾਣਿ ਕੀਰਤਨ ਚੂਰ ਹੈ।
ਭਗਤਿ ਵਛਲ ਪਰਵਾਣੁ ਚਰਣਾ ਧੂਰ ਹੈ॥੧੦॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਗੁਰੂ ਤੇ ਸਿੱਖ ਦਾ ਰਿਸ਼ਤਾ ਦੱਸਦੇ ਹਨ ਕਿ ਦੋਵੇਂ ਇੱਕ ਦੂਸਰੇ ਦੇ ਨਾਲ ਇਕਮਿਕ ਹਨ, ਅਤੇ ਗੁਰੂ ਨਾਲ ਇਕਸੁਰ ਹੋ ਕੇ ਅਕਾਲ ਪੁਰਖ ਦਾ ਅਨੁਭਵ ਕੀਤਾ ਜਾਂਦਾ ਹੈ। ਗੁਰੂ ਤੇ ਸਿੱਖ ਇਕਮਿਕ ਹੋ ਕੇ ਗੁਰੂ ਰਾਹੀਂ ਉਸ ਅਕਾਲ ਪੁਰਖ ਨੂੰ ਗੁਰੂ ਦੇ ਰੂਪ ਵਿਚ ਸਨਮੁਖ ਅਨੁਭਵ ਕਰਦੇ ਹਨ। ਗੁਰੂ ਕੋਲੋਂ ਸਿੱਖਿਆ ਤੇ ਦੀਖਿਆ ਲੈ ਕੇ ਹੀ ਸਿੱਖ ਸਿੱਖ ਅਖਵਾਉਂਦਾ ਹੈ। ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਗੁਰੂ ਤੇ ਸਿੱਖ ਇਕਮਿਕ, ਇਕ ਦੂਸਰੇ ਨਾਲ ਇਕਸੁਰ ਹੁੰਦੇ ਹਨ। ਇਹ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਹੀਰੇ ਨਾਲ ਹੀਰਾ ਕੱਟ ਕੇ ਹੀ ਉਸ ਨੂੰ ਧਾਗੇ ਵਿਚ ਪਰੋਇਆ ਜਾਂਦਾ ਹੈ ਅਤੇ ਮਾਲਾ ਬਣਦੀ ਹੈ। ਜਿਵੇਂ ਪਾਣੀ ਦੀ ਲਹਿਰ ਪਾਣੀ ਵਿਚ ਮਿਲ ਕੇ ਪਾਣੀ ਦਾ ਹੀ ਰੂਪ ਧਾਰਨ ਕਰ ਲੈਂਦੀ ਹੈ। ਇਸੇ ਤਰ੍ਹਾਂ ਜੋਤੀ ਨਾਲ ਜੋਤਿ ਮਿਲ ਕੇ ਇੱਕ ਦੀਪ ਤੋਂ ਦੂਸਰਾ ਦੀਪ ਜਗਦਾ ਹੈ ਤੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਅਕਾਲ ਪੁਰਖ ਦਾ ਇਹ ਅਸਚਰਜ ਖੇਲ ਹੈ ਕਿ ਗੁਰੂ ਨਾਲ ਸਿੱਖ ਮਿਲ ਕੇ ਇੱਕ ਦ੍ਰਿਸ਼ਟਾਂਤ ਦਾ ਰੂਪ ਧਾਰਨ ਕਰ ਲੈਂਦਾ ਹੈ, ਸਿੱਖ ਗੁਰੂ ਦੇ ਰੂਪ ਵਿਚ ਸਮਿਲਤ ਹੋ ਜਾਂਦਾ ਹੈ। ਦੁੱਧ ਤੋਂ ਦਹੀਂ ਬਣਦਾ ਹੈ ਅਤੇ ਦਹੀਂ ਵਿਚ ਘਿਉ ਸਮਾਇਆ ਹੁੰਦਾ ਹੈ; ਇਸ ਲਈ ਦਹੀਂ ਨੂੰ ਰਿੜਕ ਕੇ ਉਸ ਵਿਚੋਂ ਘਿਉ ਕੱਢਿਆ ਜਾਂਦਾ ਹੈ। ਇਸੇ ਤਰ੍ਹਾਂ ਅਕਾਲ ਪੁਰਖ ਦੀ ਜੋਤਿ ਦਾ ਚਾਨਣ ਤਿੰਨਾਂ ਸੰਸਾਰਾਂ-ਅਕਾਸ਼, ਪਾਤਾਲ ਅਤੇ ਧਰਤੀ ਨੂੰ ਰੁਸ਼ਨਾ ਰਿਹਾ ਹੈ। ਭਾਵ ਉਸ ਦੀ ਜੋਤਿ ਹਰ ਥਾਂ ਅਤੇ ਹਰ ਇੱਕ ਵਿਚ ਵਿਆਪਕ ਹੈ:

ਗੁਰ ਸਿਖੁ ਸਿਖੁ ਗੁਰ ਸੋਇ
ਅਲਖੁ ਲਖਾਇਆ।
ਗੁਰ ਦੀਖਿਆ ਲੈ ਸਿਖਿ ਸਿਖੁ ਸਦਾਇਆ।
ਗੁਰ ਸਿਖ ਇੱਕੋ ਹੋਇ ਜੋ ਗੁਰ ਭਾਇਆ।
ਹੀਰਾ ਕਣੀ ਪਰੋਇ ਹੀਰੁ ਬਿਧਾਇਆ।
ਜਲ ਤਰੰਗੁ ਅਵਲੋਇ ਸਲਿਲ ਸਮਾਇਆ।
ਜੋਤੀ ਜੋਤਿ ਸਮੋਇ ਦੀਪੁ ਦੀਪਾਇਆ।
ਅਚਰਜ ਅਚਰਜੁ ਢੋਇ ਚਲਿਤੁ ਬਣਾਇਆ।
ਦੁਧਹੁ ਦਹੀ ਵਿਲੋਇ ਘਿਉ ਕਢਾਇਆ।
ਇਕੁ ਚਾਨਣੁ ਤ੍ਰਿਹੁ ਲੋਇ
ਪ੍ਰਗਟੀ ਆਇਆ॥੧੧॥

ਗਿਆਰਵੀਂ ਪਉੜੀ ਵਿਚ ਭਾਈ ਗੁਰਦਾਸ ਵਰਣਨ ਕੀਤਾ ਹੈ ਕਿ ਕਿੰਜ ਗੁਰੂ ਦਾ ਸਿੱਖ ਗੁਰੂ ਦੇ ਸ਼ਬਦ 'ਤੇ ਵੀਚਾਰ ਕਰਕੇ ਗੁਰੂ ਵਿਚ ਅਭੇਦ ਹੋ ਜਾਂਦਾ ਹੈ ਅਤੇ ਫਿਰ ਅਕਾਲ ਪੁਰਖ ਦੀ ਰਜ਼ਾ ਵਿਚ ਗੁਰੂ ਦੀ ਮਿਹਰ ਸਦਕਾ ਅਕਾਲ ਪੁਰਖ ਦਾ ਪ੍ਰਤੱਖ ਅਨੁਭਵ ਕਰਦਾ ਹੈ। ਬਾਰ੍ਹਵੀਂ ਪਉੜੀ ਵਿਚ ਭਾਈ ਗੁਰਦਾਸ ਗੁਰੂ ਤੇ ਸਿੱਖ ਦੇ ਇਸੇ ਰਿਸ਼ਤੇ ਨੂੰ ਗੁਰੂਆਂ ਦੀਆਂ ਉਦਾਹਰਣਾਂ ਰਾਹੀਂ ਦੱਸਦੇ ਹਨ ਕਿ ਕਿਸ ਤਰ੍ਹਾਂ ਇੱਕ ਗੁਰੂ ਨੇ ਆਪਣੇ ਸਿੱਖ ਨੂੰ ਸ਼ਬਦ ਰਾਹੀਂ ਅਕਾਲ ਪੁਰਖ ਦਾ ਅਨੁਭਵ ਕਰਾ ਕੇ ਉਸ ਵਿਚ ਰੱਬੀ ਜੋਤਿ ਜਗਾ ਕੇ ਗੁਰੂ ਹੋਣ ਦੇ ਸਮਰੱਥ ਬਣਾਇਆ ਜਿਸ ਵਿਚ ਸਿੱਖ ਦੇ ਰੂਪ ਵਿਚ ਆਪਣੀ ਘਾਲਣਾ ਤੇ ਸੇਵਾ ਵੀ ਸ਼ਾਮਲ ਹੈ।

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਤੱਕ (ਭਾਈ ਗੁਰਦਾਸ ਦਾ ਜੀਵਨ ਕਾਲ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੱਕ ਦਾ ਹੈ) ਗੁਰੂਆਂ ਦੀ ਇਸੇ ਮਹਿਮਾ ਨੂੰ ਸੰਖੇਪ ਰੂਪ ਵਿਚ ਦੱਸਿਆ ਹੈ। ਭਾਈ ਗੁਰਦਾਸ ਜ਼ਿਕਰ ਕਰਦੇ ਹਨ ਕਿ ਗੁਰੂ ਨਾਨਕ ਗੁਰੂਆਂ ਦੇ ਗੁਰੂ ਹੋਏ ਹਨ। ਗੁਰੂ ਨਾਨਕ ਨੇ ਗੁਰੂ ਅੰਗਦ ਦੇਵ ਨੂੰ ਅਲਖ ਤੇ ਅਭੇਦ ਅਕਾਲ ਪੁਰਖ ਦਾ ਅਨੁਭਵ ਕਰਾ ਕੇ ਸਹਿਜ ਪਦ ਵਿਚ ਟਿਕਾ ਦਿੱਤਾ; ਗੁਰੂ ਅੰਗਦ ਅੰਦਰ ਦੈਵੀ ਜੋਤਿ ਜਗਾ ਕੇ ਉਨ੍ਹਾਂ ਨੂੰ ਗੁਰੂ ਪਦ ਨੂੰ ਪ੍ਰਾਪਤ ਕਰਨ ਦੇ ਸਮਰੱਥ ਬਣਾਇਆ। ਇਸੇ ਤਰ੍ਹਾਂ ਗੁਰੂ ਅੰਗਦ ਦੇਵ ਨੇ ਗੁਰੂ ਅਮਰ ਦਾਸ ਨੂੰ ਅਕਾਲ ਪੁਰਖ ਦਾ ਅਨੁਭਵ ਕਰਾ ਕੇ ਉਸ ਵਿਚ ਸਮਾ ਦਿੱਤਾ ਅਤੇ ਉਹ ਉਸ ਅਲੱਖ ਨੂੰ ਲੱਖਣ ਦੇ ਸਮਰੱਥ ਹੋ ਗਏ ਭਾਵ ਰੱਬੀ ਜੋਤਿ ਜਗਣ ਨਾਲ ਗੁਰੂ ਬਣ ਸਕਣ ਦੇ ਸਮਰੱਥ ਹੋਏ। ਗੁਰੂ ਅਮਰ ਦਾਸ ਨੇ ਅਕਾਲ ਪੁਰਖ ਦੇ ਪ੍ਰੇਮ ਦੇ ਇਸੇ ਪਿਆਲੇ ਦਾ ਅੰਮ੍ਰਿਤ ਚੁਆਇਆ ਅਤੇ ਉਹ ਇਸ ਨੂੰ ਪੀ ਕੇ ਗੁਰੂ ਰਾਮ ਦਾਸ ਚਉਥੀ ਨਾਨਕ ਜੋਤਿ ਦੇ ਰੂਪ ਵਿਚ ਸਹਿਜ ਆਸਣ 'ਤੇ ਬਿਰਾਜਮਾਨ ਹੋਏ।

ਗੁਰੂ ਅਰਜਨ ਦੇਵ ਨੇ ਗੁਰੂ ਰਾਮ ਦਾਸ ਦੀ ਸੇਵਾ ਕੀਤੀ ਤੇ ਉਸ ਸੇਵਾ ਦੇ ਫਲ ਸਰੂਪ ਉਨ੍ਹਾਂ ਨੂੰ ਦੈਵੀ ਜੋਤਿ ਦਾ ਅਨੁਭਵ ਹੋਇਆ ਅਤੇ ਗੁਰੂ ਰਾਮ ਦਾਸ ਨੇ ਉਨ੍ਹਾਂ ਨੂੰ ਗੁਰੂ ਰੂਪੀ ਦਾਤ ਬਖਸ਼ਿਸ਼ ਕੀਤੀ। ਗੁਰੂ ਹਰਗੋਬਿੰਦ ਨੇ ਗੁਰੂ ਦੇ ਸ਼ਬਦ ਰੂਪੀ ਅੰਮ੍ਰਿਤ ਨੂੰ ਰਿੜਕਿਆ ਤੇ ਇਸ ਦਾ ਅਮਿਉ ਰਸ ਪੀਤਾ ਅਤੇ ਗੁਰੂ ਅਰਜਨ ਦੇਵ ਦੀ ਮਿਹਰ ਸਦਕਾ ਗੁਰੂ ਬਣੇ। ਇਸ ਤਰ੍ਹਾਂ ਇਨ੍ਹਾਂ ਸੱਚੇ ਮਹਾਂ ਪੁਰਸ਼ਾਂ ਦੀ ਮਿਹਰ ਸਦਕਾ ਆਮ ਲੋਕਾਂ ਦੇ ਮਨਾਂ ਵਿਚ ਉਸ ਅਕਾਲ ਪੁਰਖ ਦੇ ਸ਼ਬਦ ਦਾ ਨਿਵਾਸ ਹੋਇਆ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਸ਼ਬਦ ਦੀ ਭਗਤੀ ਵੱਲ ਲਾਇਆ। ਇਨ੍ਹਾਂ ਗੁਰਮੁਖਾਂ ਨੇ ਲੋਕਾਂ ਦੇ ਨਾ-ਭਰੇ ਜਾਣ ਵਾਲੇ ਹਿਰਦਿਆਂ ਨੂੰ ਸ਼ਬਦ ਨਾਲ ਭਰ ਦਿੱਤਾ, ਖਾਲੀ ਮਨਾਂ 'ਚ ਵੀ ਅਕਾਲ ਪੁਰਖ ਦੇ ਸ਼ਬਦ ਦਾ ਨਿਵਾਸ ਕਰ ਦਿੱਤਾ। ਇਸ ਤਰ੍ਹਾਂ ਖਾਲੀ ਮਨਾਂ ਨੂੰ ਸ਼ਬਦ ਨਾਲ ਭਰਪੂਰ ਕਰਕੇ ਲੋਕਾਂ ਦੇ ਮਨਾਂ ਦੇ ਸੰਸਿਆਂ ਤੇ ਭਰਮਾਂ ਨੂੰ ਦੂਰ ਕਰ ਦਿੱਤਾ:

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ।
ਅੰਗਦੁ ਅਲਖੁ ਅਭੇਉ ਸਹਜਿ ਸਮੋਇਆ।
ਅਮਰਹੁ ਅਮਰ ਸਮੇਉ ਅਲਖੁ ਅਲੋਇਆ।
ਰਾਮ ਨਾਮ ਅਰਿਖੇਉ ਅੰਮ੍ਰਿਤੁ ਚੋਇਆ।
ਗੁਰ ਅਰਜਨ ਕਰਿ ਸੇਉ ਢੋਐ ਢੋਇਆ।
ਗੁਰ ਹਰਗੋਬਿੰਦੁ ਅਮੇਉ
ਅਮਿਉ ਵਿਲੋਇਆ।
ਸਚਾ ਸਚਿ ਸੁਚੇਉ ਸਚਿ ਖਲੋਇਆ।
ਆਤਮ ਅਗਹ ਗਹੇਉ ਸਬਦੁ ਪਰੋਇਆ।
ਗੁਰਮੁਖ ਅਭਰ ਭਰੇਉ
ਭਰਮ ਭਉ ਖੋਇਆ॥੧੨॥

ਭੱਟਾਂ ਦੇ ਸਵਈਏ ਵੀ ਭਾਈ ਗੁਰਦਾਸ ਦੇ ਇਸ ਕਥਨ ਦੀ ਹੀ ਪ੍ਰੋੜਤਾ ਕਰਦੇ ਹਨ। ਭੱਟ ਕਲ੍ਹ ਸਹਾਰ ਕਹਿੰਦਾ ਹੈ ਕਿ ਮੈਂ ਉਸ ਅਕਾਲ ਪੁਰਖ ਨੂੰ, ਜੋ ਹਰ ਇੱਕ 'ਤੇ ਬਖਸ਼ਿਸ਼ਾਂ ਕਰਨ ਵਾਲਾ ਹੈ, ਜੋ ਸੰਤਾਂ ਦਾ ਆਸਰਾ ਹੈ ਅਤੇ ਸਦਾ ਹਾਜ਼ਰ-ਨਾਜ਼ਰ ਹੈ, ਦਾ ਇੱਕ ਮਨ ਹੋ ਕੇ ਸਿਮਰਨ ਕਰਦਾ ਹੋਇਆ, ਉਸ ਦੇ ਚਰਨ ਕੰਵਲਾਂ ਨੂੰ ਆਪਣੇ ਹਿਰਦੇ ਵਿਚ ਟਿਕਾਉਂਦਾ ਹਾਂ ਤੇ ਉਸ ਅਕਾਲ ਪੁਰਖ ਦੀ ਮਿਹਰ ਤੇ ਉਸ ਦੇ ਚਰਨ ਕੰਵਲਾਂ ਦੀ ਬਰਕਤਿ ਨਾਲ ਪਰਮ ਗੁਰੂ (ਗੁਰੂਆਂ ਦੇ ਗੁਰੂ) ਸਤਿਗੁਰੂ ਨਾਨਕ ਦੇਵ ਦੇ ਗੁਣਾਂ ਦਾ ਗਾਇਨ ਕਰਦਾ ਹਾਂ। ਮੈਂ ਉਸ ਪਰਮ ਗੁਰੂ ਦੇ ਗੁਣ ਗਾਉਂਦਾ ਹਾਂ ਜੋ ਪਾਪਾਂ ਨੂੰ ਦੂਰ ਕਰਨ ਵਾਲਾ ਹੈ ਅਤੇ ਜੋ ਬਾਣੀ ਦਾ ਸੋਮਾ ਹੈ। ਉਸੇ ਗੁਰੂ ਨਾਨਕ ਦੇ ਗੁਣ ਜੋਗੀ, ਜੰਗਮ ਧਿਆਨ ਧਰ ਕੇ ਗਾਉਂਦੇ ਹਨ ਅਤੇ ਉਹ ਲੋਕ ਗਾਉਂਦੇ ਹਨ ਜੋ ਗੰਭੀਰ ਤੇ ਧੀਰਜਵਾਨ ਹਨ। ਗੁਰੂ ਨਾਨਕ ਅਜਿਹੇ ਗੁਰੂ ਹਨ ਜਿਨ੍ਹਾਂ ਨੇ ਆਤਮਕ ਅਨੰਦ ਨੂੰ ਜਾਣਿਆ ਹੈ ਅਤੇ ਉਸ ਗੁਰੂ ਦੇ ਗੁਣ ਇੰਦਰ, ਪ੍ਰਹਿਲਾਦ ਭਗਤ ਸਭ ਗਾਉਂਦੇ ਹਨ। ਮੈਂ ਉਸ ਗੁਰੂ ਨਾਨਕ ਦੇਵ ਦੇ ਗੁਣ ਗਾਉਂਦਾ ਹਾਂ ਜਿਸ ਨੇ ਰਾਜ ਤੇ ਜੋਗ ਮਾਣਿਆ ਹੈ:

ਇਕ ਮਨਿ ਪੁਰਖੁ ਧਿਆਇ ਬਰਦਾਤਾ॥
ਸੰਤ ਸਹਾਰੁ ਸਦਾ ਬਿਖਿਆਤਾ॥
ਤਾਸੁ ਚਰਨ ਲੇ ਰਿਦੈ ਬਸਾਵਉ॥
ਤਉ ਪਰਮ ਗੁਰੂ ਨਾਨਕ ਗੁਨ ਗਾਵਉ॥੧॥
(ਪੰਨਾ ੧੩੮੯)

ਭੱਟ ਕਲ੍ਹ ਸਹਾਰ ਗੁਰੂ ਅੰਗਦ ਦੇਵ ਦੀ ਉਪਮਾ ਬਿਆਨਦਾ ਹੈ ਕਿ ਉਹ ਕਰਤਾਰ ਸਰਬ-ਵਿਆਪਕ ਅਕਾਲ ਪੁਰਖ ਜੋ ਇਸ ਸ੍ਰਿਸ਼ਟੀ ਦਾ ਮੂਲ ਕਾਰਨ ਹੈ, ਸਿਰਜਣਹਾਰ ਤੇ ਸਮਰੱਥਾਵਾਨ ਹੈ, ਉਹ ਧੰਨ ਹੈ। ਧੰਨ ਹੈ ਸਤਿਗੁਰੂ ਨਾਨਕ ਦੇਵ ਜਿਸ ਨੇ ਹੇ ਗੁਰੂ ਅੰਗਦ ਤੇਰੇ ਮੱਥੇ ਉਤੇ ਆਪਣਾ ਮਿਹਰ ਭਰਿਆ ਹੱਥ ਰੱਖਿਆ ਹੈ। ਉਸ ਵੇਲੇ ਸਹਿਜੇ ਹੀ ਗੁਰੂ ਨਾਨਕ ਨੇ ਤੇਰੇ ਮੱਥੇ ਉਤੇ ਹੱਥ ਰੱਖਿਆ ਅਤੇ ਨਾਮ ਰੂਪੀ ਅੰਮ੍ਰਿਤ ਤੇਰੇ ਅੰਦਰ ਛਹਿਬਰ ਲਾ ਕੇ ਵੱਸ ਪਿਆ। ਉਹ ਅੰਮ੍ਰਿਤ ਜਿਸ ਦੀ ਬਰਕਤ ਨਾਲ ਦੇਵਤੇ, ਮਨੁੱਖ, ਗਣ ਅਤੇ ਰਿਸ਼ੀ ਮੁਨੀ ਪ੍ਰਤੱਖ ਰੂਪ ਵਿਚ ਭਿੱਜ ਗਏ। ਤੂੰ ਦੁਖਦਾਈ ਕਾਲ ਨੂੰ ਆਪਣੀ ਸ਼ਕਤੀ ਦਿਖਾ ਕੇ ਨਸ਼ਟ ਕਰ ਦਿੱਤਾ। ਆਪਣੇ ਮਨ ਨੂੰ ਭਟਕਣ ਤੋਂ ਰੋਕ ਲਿਆ (ਸਹਿਜ ਪ੍ਰਾਪਤ ਕਰ ਲਿਆ) ਅਤੇ ਕਾਮ, ਕ੍ਰੋਧ ਆਦਿ ਪੰਜ ਦੂਤਾਂ ਨੂੰ ਇੱਕ ਹੀ ਥਾਂ ਇਕੱਠਾ ਕਰਕੇ ਆਪਣੇ ਕਾਬੂ ਵਿਚ ਕਰ ਲਿਆ। ਹੇ ਗੁਰੂ ਅੰਗਦੁ ਤੁਸੀਂ ਗੁਰੂ ਨਾਨਕ ਦੇ ਦਰ 'ਤੇ ਪੈ ਕੇ ਜਗਤ ਨੂੰ ਜਿੱਤ ਲਿਆ ਹੈ, ਤੁਸੀਂ ਸਭ ਨੂੰ ਇੱਕ ਦ੍ਰਿਸ਼ਟੀ ਨਾਲ ਦੇਖ ਰਹੇ ਹੋ। ਉਸ ਅਕਾਲ ਪੁਰਖ ਨਾਲ ਲਿਵ ਜੋੜਨ ਕਰਕੇ ਗੁਰੂ ਅੰਗਦ ਦੀ ਸੁਰਤਿ ਪੂਰਨ ਖਿੜਾਉ ਦੀ ਅਵਸਥਾ ਵਿਚ ਟਿਕੀ ਰਹਿੰਦੀ ਹੈ। ਕਲ੍ਹ ਸਹਾਰ ਅਨੁਸਾਰ ਜਗਤ ਦੇ ਗੁਰੂ ਨਾਨਕ ਜੋ ਆਪ ਅਕਾਲ ਪੁਰਖ ਦਾ ਸਰੂਪ ਹੈ, ਦੀ ਚਰਨ ਛੋਹ ਸਦਕਾ ਲਹਣੇ (ਗੁਰੂ ਅੰਗਦ) ਦੀ ਵਡਿਆਈ ਸਾਰੇ ਸੰਸਾਰ ਵਿਚ ਫੈਲ ਰਹੀ ਹੈ:

ਸੋਈ ਪੁਰਖੁ ਧੰਨੁ ਕਰਤਾ ਕਾਰਣ
ਕਰਤਾਰੁ ਕਰਣ ਸਮਰਥੋ॥
ਸਤਿਗੁਰੂ ਧੰਨੁ ਨਾਨਕੁ ਮਸਤਕਿ
ਤੁਮ ਧਰਿਓ ਜਿਨਿ ਹਥੋ॥ (ਪੰਨਾ ੧੩੯੧)

ਤੀਸਰੇ ਗੁਰੂ ਅਮਰ ਦਾਸ ਦੀ ਉਸਤਤਿ ਕਰਦਿਆਂ ਭੱਟ ਕਲ੍ਹ ਸਹਾਰ 'ਸਵਈਏ ਮਹਲੇ ਤੀਜੇ ਕੇ ੩' ਦੇ ਅਰੰਭ ਵਿਚ ਲਿਖਦਾ ਹੈ ਕਿ ਉਸ ਸਦੀਵੀ ਕਾਇਮ ਰਹਿਣ ਵਾਲੇ ਅਕਾਲ ਪੁਰਖ ਦਾ ਸਿਮਰਨ ਕਰ, ਜਿਸ ਦਾ ਇੱਕ ਨਾਮ ਸੰਸਾਰ ਵਿਚ ਅਛੱਲ ਹੈ। ਉਸ ਸਰਵ-ਸ੍ਰੇਸ਼ਟ ਨਾਮ ਦਾ ਸਿਮਰਨ ਕਰ ਜਿਸ ਨੇ ਭਗਤਾਂ ਨੂੰ ਇਸ ਸੰਸਾਰ ਸਾਗਰ ਤੋਂ ਪਾਰ ਲੰਘਾ ਦਿੱਤਾ ਹੈ। ਗੁਰੂ ਨਾਨਕ ਉਸੇ ਨਾਮ ਵਿਚ ਅਨੰਦ ਲੈ ਰਹੇ ਹਨ ਅਤੇ ਇਸੇ ਨਾਮ ਸਦਕਾ ਲਹਿਣਾ ਜੀ ਥਾਪੇ ਗਏ ਜਿਸ ਕਰਕੇ ਉਨ੍ਹਾਂ ਨੂੰ ਸਾਰੀਆਂ ਸਿੱਧੀਆਂ ਪ੍ਰਾਪਤ ਹੋਈਆਂ। ਕਲ੍ਹ ਕਵੀ ਆਪਣੇ ਆਪ ਨੂੰ ਕਹਿੰਦਾ ਹੈ ਕਿ ਉਸੇ ਨਾਮ ਸਦਕਾ ਸ੍ਰੇਸ਼ਟ ਬੁੱਧੀ ਦੇ ਮਾਲਕ ਗੁਰੂ ਅਮਰ ਦਾਸ ਦੀ ਵਡਿਆਈ ਲੋਕਾਂ ਵਿਚ ਪਸਰ ਰਹੀ ਹੈ।

ਕਵੀ ਕਹਿੰਦਾ ਹੈ ਕਿ ਜਿਸ ਤਰ੍ਹਾਂ ਮੌਲਸਰੀ ਦੇ ਉਤਮ ਰੁੱਖ ਦੀਆਂ ਟਾਹਣੀਆਂ ਖਿਲਰ ਕੇ ਸੁਗੰਧੀ ਫੈਲਾਉਂਦੀਆਂ ਹਨ, ਉਸੇ ਤਰ੍ਹਾਂ ਗੁਰੂ ਅਮਰ ਦਾਸ ਦੇ ਜੱਸ-ਰੂਪ ਸੂਰਜ ਦੀ ਕਿਰਣ ਦੇ ਸੰਸਾਰ ਵਿਚ ਪਰਗਟ ਹੋਣ ਕਾਰਨ ਹਰ ਪਾਸੇ ਲੋਕ ਗੁਰੂ ਅਮਰ ਦਾਸ ਦੀ ਵਡਿਆਈ ਗਾ ਰਹੇ ਹਨ। ਜਿਸ ਨਾਮ ਨੂੰ ਗੁਰੂ ਨਾਨਕ ਦੇਵ ਨੇ ਉਚਾਰਿਆ ਤੇ ਵਰਤਾਇਆ ਅਤੇ ਸੰਸਾਰੀ ਜੀਵਾਂ ਦੀ ਬਿਰਤੀ ਨੂੰ ਸੰਸਾਰ ਵੱਲੋਂ ਉਲਟਾ ਦਿੱਤਾ, ਉਹੀ ਅਛੱਲ ਨਾਮ ਜੋ ਭਗਤਾਂ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਵਾਲਾ ਹੈ, ਗੁਰੂ ਅਮਰ ਦਾਸ ਦੇ ਹਿਰਦੇ ਵਿਚ ਪਰਗਟ ਹੋਇਆ ਹੈ:

ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ
ਗੰਗ ਪਸਛਮਿ ਧਰੀਆ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ
ਅਮਰਦਾਸ ਗੁਰ ਕਉ ਫੁਰਿਆ॥
(ਪੰਨਾ ੧੩੯੨-੯੩)

'ਸਵਈਏ ਮਹਲੇ ਚਉਥੇ ਕੇ ੪' ਵਿਚ ਭੱਟ ਕਵੀ ਕਲ੍ਹ ਸਹਾਰ ਗੁਰੂ ਰਾਮ ਦਾਸ ਦੀ ਵਡਿਆਈ ਕਰਦਿਆਂ ਜੋਤਿ ਤੋਂ ਜੋਤਿ ਜਗਣ ਦੀ ਗੱਲ ਕਰਦਾ ਹੈ ਕਿ ਗੁਰੂ ਰਾਮ ਦਾਸ ਨੇ ਉਸ ਬੇਅੰਤ ਅਕਾਲ ਪੁਰਖ ਨੂੰ ਲੱਭ ਲਿਆ ਹੈ ਜੋ ਮਨੁੱਖਾਂ ਦੇ ਖਾਲੀ ਮਨਾਂ ਨੂੰ ਭਰ ਦਿੰਦਾ ਹੈ। ਉਨ੍ਹਾਂ ਨੇ ਉਸ ਨੂੰ ਆਪਣੇ ਮਨ ਵਿਚ ਟਿਕਾਇਆ ਅਤੇ ਸਿਮਰਿਆ ਹੈ ਜੋ ਦੁਨੀਆਂ ਦੇ ਦੁੱਖਾਂ ਦਾ ਨਾਸ ਕਰਨ ਵਾਲਾ ਤੇ ਆਤਮਾ ਨੂੰ ਜਗਾਉਣ ਵਾਲਾ ਹੈ। ਗੁਰੂ ਰਾਮ ਦਾਸ ਆਪ ਸਦਾ ਖੁਸ਼ੀ ਵਿਚ ਰਹਿੰਦੇ ਹਨ, ਪਰਮਾਤਮ-ਪ੍ਰੇਮ ਵਿਚ ਮਸਤ ਉਹ ਅਕਾਲ ਪੁਰਖ ਦੇ ਪ੍ਰੇਮ ਨੂੰ ਆਪ ਹੀ ਜਾਣਦੇ ਹਨ। ਉਹ ਸਤਿਗੁਰੂ (ਅਮਰ ਦਾਸ) ਦੀ ਮਿਹਰ ਸਦਕਾ ਸਹਿਜ ਅਨੰਦ ਨੂੰ ਮਾਣ ਰਹੇ ਹਨ। ਕਵੀ ਕਲ੍ਹ ਸਹਾਰ ਆਖਦਾ ਹੈ ਕਿ ਗੁਰੂ ਨਾਨਕ ਦੀ ਮਿਹਰ ਨਾਲ, ਗੁਰੂ ਅੰਗਦ ਦੀ ਬਖਸ਼ਿਸ਼ ਕੀਤੀ ਸੁਮਤਿ ਨਾਲ ਗੁਰੂ ਅਮਰ ਦਾਸ ਨੇ ਅਕਾਲ ਪੁਰਖ ਦੇ ਹੁਕਮ ਨੂੰ ਵਰਤੋਂ ਵਿਚ ਲਿਆਂਦਾ ਹੈ ਅਤੇ ਹੇ ਗੁਰੂ ਰਾਮ ਦਾਸ ਤੁਸੀਂ ਸਦਾ ਕਾਇਮ ਰਹਿਣ ਵਾਲੇ ਅਬਿਨਾਸ਼ੀ ਹਰੀ ਦੀ ਪਦਵੀ ਪ੍ਰਾਪਤ ਕਰ ਲਈ ਹੈ:

ਸਦਾ ਚਾਇ ਹਰਿ ਭਾਇ
ਪ੍ਰੇਮ ਰਸੁ ਆਪੇ ਜਾਣਇ॥
ਸਤਗੁਰ ਕੈ ਪਰਸਾਦਿ
ਸਹਜ ਸੇਤੀ ਰੰਗੁ ਮਾਣਇ॥
ਨਾਨਕ ਪ੍ਰਸਾਦਿ ਅੰਗਦ
ਸੁਮਤਿ ਅਮਰਿ ਅਮਰੁ ਵਰਤਾਇਓ॥
ਗੁਰ ਰਾਮਦਾਸ ਕਲ੍ਹੁਚਰੈ ਤੈਂ ਅਟਲ
ਅਮਰ ਪਦੁ ਪਾਇਓ॥੫॥ (ਪੰਨਾ ੧੩੯੭)

ਅੱਗੇ 'ਸਵਈਏ ਮਹਲੇ ਪੰਜਵੇਂ ਕੇ ੫' ਵਿਚ ਕਵੀ ਕਲ੍ਹ ਸਹਾਰ ਬਿਆਨ ਕਰਦਾ ਹੈ ਕਿ ਉਹ ਉਸ ਸਦਾ ਕਾਇਮ ਰਹਿਣ ਵਾਲੇ ਅਚੱਲ ਅਕਾਲ ਪੁਰਖ ਦਾ ਸਿਮਰਨ ਕਰਦਾ ਹੈ ਜਿਸ ਦੇ ਸਿਮਰਨ ਨਾਲ ਦੁਰਮਤਿ ਦੀ ਮੈਲ ਕੱਟੀ ਜਾਂਦੀ ਹੈ। ਉਹ ਸਤਿਗੁਰੂ ਦੇ ਕੰਵਲਾਂ ਵਰਗੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਟਿਕਾਉਂਦਾ ਹੈ ਅਤੇ ਪ੍ਰੇਮ ਨਾਲ ਗੁਰੂ ਅਰਜਨ ਦੇਵ ਦੇ ਗੁਣ ਵਿਚਾਰਦਾ ਹੈ। ਗੁਰੂ ਅਰਜਨ ਦੇਵ ਨੂੰ ਸੰਬੋਧਿਤ ਹੈ ਕਿ ਹੇ ਗੁਰੂ ਮੈਂ ਨਿਮਰਤਾ ਨਾਲ ਆਪ ਦੀ ਸਿਫਤਿ-ਸਾਲਾਹ ਕਰਦਾ ਹਾਂ ਕਿ ਆਪ ਨੇ ਗੁਰੂ ਰਾਮ ਦਾਸ ਦੇ ਘਰ ਜਨਮ ਲਿਆ ਅਤੇ ਉਨ੍ਹਾਂ ਦੀਆਂ ਸਾਰੀਆਂ ਆਸਾਂ ਤੇ ਮਨੋਰਥ ਪੂਰੇ ਹੋ ਗਏ। ਜਨਮ ਤੋਂ ਹੀ ਆਪ ਨੇ ਗੁਰੂ ਦੀ ਮਤਿ ਦੁਆਰਾ ਉਸ ਪਰਮ ਹਸਤੀ ਨੂੰ ਪਛਾਣਿਆ ਹੈ। ਆਪ ਨੇ ਭਗਤੀ ਦੇ ਯੋਗ ਨੂੰ ਜਿੱਤ ਲਿਆ ਹੈ। ਅਕਾਲ ਪੁਰਖ ਨੇ ਆਪ ਨੂੰ ਸ਼ੁਭ ਜਨਮ ਦਿੱਤਾ ਹੈ। ਆਪ ਨੇ ਗੁਰੂ ਦੇ ਸ਼ਬਦ ਨੂੰ ਪਰਗਟ ਕੀਤਾ ਹੈ ਅਤੇ ਅਕਾਲ ਪੁਰਖ ਨੂੰ ਆਪਣੇ ਅੰਦਰ ਵਸਾਇਆ ਹੈ। ਭੱਟ ਕਵੀ ਕਲ੍ਹ ਸਹਾਰ ਅੱਗੇ ਦੱਸਦਾ ਹੈ ਕਿ ਗੁਰੂ ਅਰਜਨ ਦੇਵ ਨੇ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ ਦੇ ਚਰਨੀਂ ਲੱਗ ਕੇ ਉਤਮ ਪਦਵੀ ਪ੍ਰਾਪਤ ਕੀਤੀ ਹੈ ਅਤੇ ਗੁਰੂ ਰਾਮ ਦਾਸ ਦੇ ਘਰ ਵਿਚ ਭਗਤੀ ਦੇ ਸਰੂਪ ਗੁਰੂ ਅਰਜਨ ਦੇਵ ਨੇ ਜਨਮ ਲਿਆ ਹੈ:

ਗੁਰੂ ਨਾਨਕ ਅੰਗਦ ਅਮਰ
ਲਾਗਿ ਉਤਮ ਪਦੁ ਪਾਯਉ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ
ਭਗਤ ਉਤਰਿ ਆਯਉ॥੧॥
(ਪੰਨਾ ੧੪੦੬-੭)

## ਜੋ ਹਰਿ ਸੇਵਹਿ ਤਿਨ ਬਲਿ ਜਾਉ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੩**
ਜੋ ਹਰਿ ਸੇਵਹਿ ਤਿਨ ਬਲਿ ਜਾਉ॥
ਤਿਨ ਹਿਰਦੈ ਸਾਚੁ ਸਚਾ ਮੁਖਿ ਨਾਉ॥
ਸਾਚੋ ਸਾਚੁ ਸਮਾਲਿਹੁ ਦੁਖੁ ਜਾਇ॥
ਸਾਚੈ ਸਬਦਿ ਵਸੈ ਮਨਿ ਆਇ॥੧॥
ਗੁਰਬਾਣੀ ਸੁਣਿ ਮੈਲੁ ਗਵਾਏ॥
ਸਹਜੇ ਹਰਿ ਨਾਮੁ ਮੰਨਿ ਵਸਾਏ॥੧॥ਰਹਾਉ॥
ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ॥
ਅੰਤਰਿ ਸਾਂਤਿ ਸਹਜਿ ਸੁਖੁ ਪਾਏ॥
ਗੁਰ ਕੈ ਭਾਣੈ ਚਲੈ ਤਾ ਆਪੁ ਜਾਇ॥
ਸਾਚੁ ਮਹਲੁ ਪਾਏ ਹਰਿ ਗੁਣ ਗਾਇ॥੨॥
ਨ ਸਬਦੁ ਬੂਝੈ ਨ ਜਾਣੈ ਬਾਣੀ॥
ਮਨਮੁਖਿ ਅੰਧੇ ਦੁਖਿ ਵਿਹਾਣੀ॥
ਸਤਿਗੁਰੁ ਭੇਟੇ ਤਾ ਸੁਖੁ ਪਾਏ॥
ਹਉਮੈ ਵਿਚਹੁ ਠਾਕਿ ਰਹਾਏ॥੩॥
ਕਿਸ ਨੋ ਕਹੀਐ ਦਾਤਾ ਇਕੁ ਸੋਇ॥
ਕਿਰਪਾ ਕਰੇ ਸਬਦਿ ਮਿਲਾਵਾ ਹੋਇ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ॥
ਨਾਨਕ ਸਾਚੇ ਸਾਚਾ ਭਾਵਾ॥੪॥

ਗੁਰੂ ਅਮਰਦਾਸ ਜੀ ਆਖਦੇ ਹਨ, ਹੇ ਭਾਈ! ਜਿਹੜੇ ਵਡਭਾਗੇ ਮਨੁੱਖ ਉਸ ਮਿਹਰਬਾਨ ਪ੍ਰਭੂ ਦਾ ਸਿਮਰਨ ਕਰਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ; ਤਿਨ ਹਿਰਦੈ ਸਾਚੁ ਸਚਾ ਮੁਖਿ ਨਾਉ, ਹੇ ਭਾਈ! ਉਨ੍ਹਾਂ ਦੇ ਹਿਰਦੇ ਵਿਚ ਸਦਾ ਅਟੱਲ ਰਹਿਣ ਵਾਲਾ ਪ੍ਰਭੂ ਨਿਵਾਸ ਕਰਦਾ ਹੈ, ਉਨ੍ਹਾਂ ਦੇ ਮੂੰਹ ਵਿਚ ਸਦਾ ਅਟੱਲ ਪ੍ਰਭੂ ਦਾ ਨਾਮ ਟਿਕਿਆ ਰਹਿੰਦਾ ਹੈ। ਹੇ ਭਾਈ! ਉਸ ਸੱਚੇ ਪ੍ਰਭੂ ਨੂੰ ਅੰਦਰ ਸੰਭਾਲ ਕੇ ਰੱਖੋ, ਇਸ ਨਾਲ ਦੁੱਖ ਦੂਰ ਹੁੰਦੇ ਹਨ ਅਤੇ ਸ਼ਬਦ ਨਾਲ ਜੁੜਿਆਂ ਪ੍ਰਭੂ ਅੰਦਰ ਆ ਵਸਦਾ ਹੈ।

ਗੁਰਬਾਣੀ ਸੁਣਿ ਮੈਲੁ ਗਵਾਏ॥
ਸਹਜੇ ਹਰਿ ਨਾਮੁ ਮੰਨਿ ਵਸਾਏ॥੧॥ ਰਹਾਉ॥

ਇਸ ਸ਼ਬਦ ਦੀ 'ਰਹਾਉ' ਵਾਲੀ ਪੰਕਤੀ ਵਿਚ ਗੁਰੂ ਜੀ ਜੀਵਾਂ ਨੂੰ ਉਪਦੇਸ਼ ਕਰਦੇ ਹਨ, ਹੇ ਭਟਕੇ ਹੋਏ ਮਨੁੱਖ! ਗੁਰਬਾਣੀ ਸੁਣਿਆ ਕਰ, ਇਹ ਗੁਰਬਾਣੀ ਮਨ 'ਚੋਂ ਵਿਕਾਰਾਂ ਦੀ ਮੈਲ ਲਾਹ ਸੁੱਟਦੀ ਹੈ; ਪਾਵਨ ਗੁਰਬਾਣੀ ਜੀਵ ਨੂੰ ਸਹਿਜੇ ਹੀ ਆਤਮਿਕ ਅਡੋਲਤਾ 'ਚ ਟਿਕਾ ਕੇ ਮਿਹਰਬਾਨ ਪ੍ਰਭੂ ਦਾ ਨਾਮ ਮਨ ਵਿਚ ਵਸਾ ਦਿੰਦੀ ਹੈ।

ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ॥
ਅੰਤਰਿ ਸਾਂਤਿ ਸਹਜਿ ਸੁਖੁ ਪਾਏ॥
ਗੁਰ ਕੈ ਭਾਣੈ ਚਲੈ ਤਾ ਆਪੁ ਜਾਇ॥
ਸਾਚੁ ਮਹਲੁ ਪਾਏ ਹਰਿ ਗੁਣ ਗਾਇ॥੨॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਗੁਰੂ ਦੀ ਬਾਣੀ ਮਨ ਵਿਚੋਂ ਕੂੜੁ ਭਾਵ ਝੂਠ, ਕੁਸਤੁ ਭਾਵ ਫਰੇਬ, ਮੁਕਾ ਦਿੰਦੀ ਹੈ। ਗੁਰਬਾਣੀ ਤ੍ਰਿਸ਼ਨਾ ਦੀ ਅੱਗ ਨੂੰ ਵੀ ਬੁਝਾ ਦਿੰਦੀ ਹੈ; ਹੇ ਭਾਈ! ਗੁਰਬਾਣੀ ਦੀ ਬਖਸ਼ਿਸ਼ ਨਾਲ ਮਨ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ, ਆਤਮਿਕ ਅਡੋਲਤਾ ਵਿਚ ਟਿਕ ਜਾਈਦਾ ਹੈ, ਜਦੋਂ ਮਨੁੱਖ ਗੁਰੂ ਦੇ ਭਾਣੇ, ਭਾਵ ਰਜ਼ਾ ਵਿਚ ਤੁਰਦਾ ਹੈ, ਅੰਦਰੋਂ ਆਪਾ ਭਾਵ ਮੁੱਕ ਜਾਂਦਾ ਹੈ ਤਾਂ ਜੀਵ ਪ੍ਰਭੂ ਦੇ ਗੁਣ ਗਾ ਕੇ ਸੱਚਾ ਟਿਕਾਣਾ ਪ੍ਰਾਪਤ ਕਰ ਲੈਂਦਾ ਹੈ।

ਨ ਸਬਦੁ ਬੂਝੈ ਨ ਜਾਣੈ ਬਾਣੀ॥
ਮਨਮੁਖਿ ਅੰਧੇ ਦੁਖਿ ਵਿਹਾਣੀ॥
ਸਤਿਗੁਰੁ ਭੇਟੇ ਤਾ ਸੁਖੁ ਪਾਏ॥
ਹਉਮੈ ਵਿਚਹੁ ਠਾਕਿ ਰਹਾਏ॥੩॥

ਗੁਰਦੇਵ ਆਖਦੇ ਹਨ, ਹੇ ਭਾਈ! ਜਿਹੜਾ ਮਨੁੱਖ ਨਾ ਤਾਂ ਗੁਰੂ ਦੇ ਸ਼ਬਦ ਨੂੰ ਹੀ ਸਮਝਦਾ ਹੈ ਤੇ ਨਾ ਹੀ ਗੁਰੂ ਦੀ ਬਾਣੀ ਨਾਲ ਡੂੰਘੀ ਸਾਂਝ ਪਾਉਂਦਾ ਹੈ, ਮੋਹ-ਮਾਇਆ 'ਚ ਅੰਨ੍ਹੇ ਹੋ ਚੁੱਕੇ ਤੇ ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਨ ਵਾਲੇ ਉਸ ਮਨੁੱਖ ਦੀ ਉਮਰ ਦੁੱਖਾਂ ਵਿਚ ਹੀ ਵਿਅਰਥ ਜਾਂਦੀ ਹੈ, ਜਦੋਂ ਉਸ ਨੂੰ ਗੁਰੂ ਮਿਲ ਪੈਂਦਾ ਹੈ ਤਾਂ ਉਹ ਉਸ ਦੇ ਅੰਦਰੋਂ ਹਉਮੈ ਨੂੰ ਮਾਰ ਮੁਕਾਉਂਦਾ ਹੈ ਤਾਂ ਆਤਮਿਕ ਸੁੱਖ ਪ੍ਰਾਪਤ ਹੁੰਦਾ ਹੈ।

ਕਿਸ ਨੋ ਕਹੀਐ ਦਾਤਾ ਇਕੁ ਸੋਇ॥
ਕਿਰਪਾ ਕਰੇ ਸਬਦਿ ਮਿਲਾਵਾ ਹੋਇ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ॥
ਨਾਨਕ ਸਾਚੇ ਸਾਚਾ ਭਾਵਾ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਭਾਈ! ਉਸ ਮਾਲਕ ਪ੍ਰਭੂ ਤੋਂ ਬਿਨਾ ਹੋਰ ਕਿਸੇ ਦੇ ਅੱਗੇ ਅਰਜੋਈ ਭੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਸਿਰਫ ਉਹ ਪ੍ਰਭੂ ਹੀ ਹੈ ਜੋ ਗੁਰੂ ਦੇ ਮਿਲਾਪ ਦੀ ਦਾਤ ਦੇ ਸਕਦਾ ਹੈ, ਜਦੋਂ ਪ੍ਰਭੂ ਕਿਰਪਾ ਕਰਦਾ ਹੈ, ਉਦੋਂ ਗੁਰੂ ਦੇ ਸ਼ਬਦ ਵਿਚ ਜੁੜਿਆਂ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ। ਹੇ ਨਾਨਕ! ਜੇ ਪ੍ਰਭੂ ਦੀ ਮਿਹਰ ਹੋ ਜਾਵੇ ਤਾਂ ਮੈਂ ਗੁਰੂ ਪ੍ਰੀਤਮ ਨੂੰ ਮਿਲ ਕੇ ਸੱਚੇ ਪ੍ਰਭੂ ਦੇ ਗੁਣ ਗਾਵਾਂ, ਪ੍ਰਭੂ ਦਾ ਨਾਮ ਜਪ ਕੇ ਮੈਂ ਉਸ ਨੂੰ ਪਿਆਰਾ ਲੱਗ ਸਕਦਾ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਅਜਮੇਰ ਸਿੰਘ ਦੇ ਚਿੰਤਨ ਵਿਰੁਧ ਬਹਿਸ ਦਾ ਪੱਧਰ ਉਚੀ ਦਿਸ਼ਾ ਵੱਲ

***ਕਮਿਊਨਿਸਟ (ਨਕਸਲੀ) ਆਗੂ ਤੋਂ ਸਿੱਖ ਵਿਦਵਾਨ ਬਣੇ ਸ. ਅਜਮੇਰ ਸਿੰਘ ਵੱਲੋਂ ਟੀ.ਵੀ. ਚੈਨਲ ਨੂੰ ਦਿਤੀ ਇੰਟਰਵਿਊ ਨਾਲ ਸਿੱਖ ਹਲਕਿਆਂ ਵਿਚ ਬੜੀ ਤਿੱਖੀ ਹਲਚਲ ਹੋਈ ਹੈ। ਇਸੇ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਵਿਚ ਸੀਨੀਅਰ ਪੱਤਰਕਾਰ ਤੇ ਸਿੱਖ ਵਿਦਵਾਨ ਕਰਮਜੀਤ ਸਿੰਘ ਚੰਡੀਗੜ੍ਹ, ਹਜਾਰਾ ਸਿੰਘ ਮਿਸੀਸਾਗਾ, ਤਰਲੋਕ ਸਿੰਘ ਨਿਊ ਜਰਸੀ, ਕਮਲਜੀਤ ਸਿੰਘ ਬਾਸੀ ਅਤੇ ਡਾ. ਸੰਦੀਪ ਸਿੰਘ ਦੇ ਵਿਚਾਰ ਛਾਪੇ ਜਾ ਚੁਕੇ ਹਨ। ਇਸੇ ਲੜੀ ਵਿਚ ਐਤਕੀਂ ਕਰਮਜੀਤ ਸਿੰਘ ਚੰਡੀਗੜ੍ਹ ਅਤੇ ਕਮਲਜੀਤ ਸਿੰਘ ਫਰੀਮਾਂਟ ਤੋਂ ਇਲਾਵਾ ਅਜਮੇਰ ਸਿੰਘ ਦੇ ਸਾਥੀ ਰਹੇ ਗੁਰਬਚਨ ਸਿੰਘ ਦੇ ਵਿਚਾਰ ਛਾਪੇ ਜਾ ਰਹੇ ਹਨ ਜਿਸ ਵਿਚ ਉਨ੍ਹਾਂ ਅਜਮੇਰ ਸਿੰਘ ਦੇ ਚਿੰਤਨ ਦੀਆਂ ਸੀਮਾਵਾਂ ਬਾਰੇ ਸਵਾਲ ਕੀਤੇ ਹਨ। ਅਦਾਰਾ 'ਪੰਜਾਬ ਟਾਈਮਜ਼' ਨੂੰ ਖੁਸ਼ੀ ਹੈ ਕਿ ਪਹਿਲਾਂ ਵਾਂਗ ਅਹਿਮ ਮਸਲਿਆਂ ਉਤੇ ਚੱਲੀਆਂ ਬਹਿਸਾਂ ਵਾਂਗ, ਇਸ ਮਸਲੇ ਬਾਰੇ ਵੀ ਵਿਦਵਾਨ ਆਪੋ-ਆਪਣਾ ਹਿੱਸਾ ਪਾ ਰਹੇ ਹਨ। ਸਾਡਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ, ਸਾਡਾ ਮਨਸ਼ਾ ਇਸ ਮਸਲੇ ਬਾਰੇ ਸੰਜੀਦਾ ਬਹਿਸ ਚਲਾਉਣਾ ਹੈ। ਆਈਆਂ ਹੋਰ ਲਿਖਤਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬੱਸ ਇਕ ਹੀ ਬੇਨਤੀ ਹੈ ਕਿ ਧੀਰਜ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

## ਵਿਚਾਰ-ਚਰਚਾ



**ਕਰਮਜੀਤ ਸਿੰਘ ਚੰਡੀਗੜ੍ਹ**
ਫੋਨ: 91-99150-91063

ਸ. ਅਜਮੇਰ ਸਿੰਘ ਦੇ ਚਿੰਤਨ ਬਾਰੇ ਚੱਲ ਰਹੀ ਬਹਿਸ ਹੁਣ ਜਿਸ ਪੜਾਅ 'ਤੇ ਪਹੁੰਚ ਗਈ ਹੈ, ਉਥੇ ਇੰਨਾ ਕੁ ਦਾਅਵਾ ਜ਼ਰੂਰ ਕੀਤਾ ਜਾ ਸਕਦਾ ਹੈ ਕਿ ਬਹਿਸ ਨਿਸ਼ਾਨੇ ਦੀ ਪਰਿਕਰਮਾ ਤਾਂ ਕਰ ਰਹੀ ਹੈ ਪਰ ਨਿਸ਼ਾਨੇ ਉਤੇ ਧਿਆਨ ਨਹੀਂ ਧਰ ਰਹੀ। ਇਸ ਪ੍ਰਾਪਤੀ ਉਤੇ ਵੀ ਮਾਣ ਕੀਤਾ ਜਾ ਸਕਦਾ ਹੈ ਕਿ ਪਰਿਕਰਮਾ ਕਰਨ ਵਾਲੇ ਵੀ ਇਕ ਨਾ ਇਕ ਦਿਨ ਨਿਸ਼ਾਨੇ ਵੱਲ ਜ਼ਰੂਰ ਆਉਣਗੇ। ਇਹ ਵੀ ਸੱਚ ਹੈ ਕਿ ਕੁੱਝ ਵੀਰ ਤਾਂ ਅਜੇ ਪਰਿਕਰਮਾ ਵਿਚ ਵੀ ਦਾਖਲ ਨਹੀਂ ਹੋਏ, ਬਾਹਰ-ਬਾਹਰ ਹੀ ਫਿਰ ਰਹੇ ਹਨ।

ਜਦੋਂ ਅਸੀਂ ਗੁਰੂ ਮਹਾਰਾਜ ਦਾ ਓਟ ਆਸਰਾ ਲੈ ਕੇ ਬਹਿਸ ਅਰੰਭ ਕੀਤੀ ਸੀ ਤਾਂ ਪਤਾ ਸੀ ਕਿ ਬੁਰਾ ਭਲਾ ਵੱਡੀ ਮਿਕਦਾਰ ਵਿਚ ਸਾਡੀ ਝੋਲੀ ਪਵੇਗਾ। ਕਿਸੇ ਹੱਦ ਤੱਕ ਹੋਇਆ ਵੀ ਇੰਜ ਹੀ। ਪਰ ਸਾਡੀ ਵਾਰ-ਵਾਰ ਬੇਨਤੀ ਹੈ ਕਿ ਭਰਾਵੋ! ਸਾਡੇ ਸਵਾਲ 'ਕਣਕ' ਵਿਚ ਹਨ, ਜਵਾਬ 'ਛੋਲਿਆਂ' ਵਿਚ ਨਾ ਦਿਓ। ਪਰ ਜਦੋਂ ਘੜਿਆਲ ਵੱਜ ਰਿਹਾ ਹੋਵੇ ਤਾਂ ਟੱਲੀਆਂ ਦੀ ਆਵਾਜ਼ ਕੌਣ ਸੁਣਦਾ ਹੈ। ਬਹੁਤ ਸਾਰੇ ਜਵਾਬ 'ਛੋਲਿਆਂ' ਵਿਚ ਹੀ ਮਿਲਦੇ ਰਹੇ ਅਤੇ ਮਿਲ ਰਹੇ ਹਨ। ਸੋਸ਼ਲ ਮੀਡੀਏ 'ਤੇ ਸਾਰਾ ਕੁੱਝ ਸਾਡੇ ਵੱਸ ਵਿਚ ਨਹੀਂ ਸੀ। ਇਸ ਲਈ ਕੁੱਝ ਵੀਰ ਸਾਨੂੰ 'ਅਸੀਂ ਵੀ ਹਾਂ' ਦਾ ਚੇਤਾ ਕਰਾਉਂਦਿਆਂ ਮਹਿਜ਼ ਆਪਣੀ ਹਾਜ਼ਰੀ ਲਵਾਉਣ ਤੇ ਚਮਕਾਉਣ ਲਈ ਇਧਰ-ਉਧਰ ਜਾਣ ਦਾ ਸ਼ੁਗਲ ਮੇਲਾ ਕਰਦੇ ਰਹੇ। ਵੀਰ ਜਸਪ੍ਰੀਤ ਸਿੰਘ ਅਤੇ ਵੀਰ ਪ੍ਰਦੀਪ ਸਿੰਘ ਕੁੱਝ ਚਿਰ ਇਸੇ ਮੇਲੇ ਵਿਚ ਹਾਜ਼ਰੀ ਲਵਾ ਰਹੇ ਸਨ।

ਕੁੱਝ ਵੀਰਾਂ ਦੇ ਧੰਨਵਾਦੀ ਹਾਂ, ਜਿਨ੍ਹਾਂ ਵਿਚ ਸੰਦੀਪ ਸਿੰਘ, ਚਰਨਜੀਤ ਸਿੰਘ, ਪ੍ਰਭਸ਼ਰਨਬੀਰ ਸਿੰਘ, ਜਿਗਰਜੀਤ ਸਿੰਘ, ਜਸਦੀਪ ਸਿੰਘ, ਪ੍ਰਭਸ਼ਰਨਦੀਪ ਸਿੰਘ, ਜਰਨੈਲ ਸਿੰਘ ਕਾਹਲੋਂ, ਜਸਕਰਨ ਸਿੰਘ, ਹਰਵਿੰਦਰ ਸਿੰਘ ਖਹਿਰਾ, ਚਮਕੌਰ ਸਿੰਘ ਸੰਧੂ, ਦਰਸ਼ਨ ਸਿੰਘ, ਬਲਵਿੰਦਰਪਾਲ ਸਿੰਘ ਅਤੇ ਕਈ ਹੋਰ ਵੀਰ ਸ਼ਾਮਲ ਹਨ। ਇਹ ਸਾਰੇ ਆਪਣੇ ਆਪਣੇ ਢੰਗ ਨਾਲ ਬਹਿਸ ਨੂੰ ਨਿਯਮਬੱਧ ਕਰਨ, ਬਹਿਸ ਨੂੰ ਦਿਸ਼ਾ ਦੇਣ ਅਤੇ ਨਿਸ਼ਾਨੇ 'ਤੇ ਕੇਂਦਰਿਤ ਰੱਖਣ ਦੇ ਯਤਨ ਕਰਦੇ ਰਹੇ ਹਨ। ਪਰ ਇਨ੍ਹਾਂ ਵਿਚੋਂ ਵੀ ਬਹੁਤੇ ਨੇਸ਼ਨ-ਸਟੇਟ 'ਤੇ ਜਾਣਕਾਰੀ ਵਿਚ ਬਹੁਤਾ ਵਾਧਾ ਨਹੀਂ ਕਰ ਸਕੇ। ਸਿਰਫ ਸੰਦੀਪ ਸਿੰਘ ਹੀ ਨੇਸ਼ਨ-ਸਟੇਟ ਬਾਰੇ ਭਰਪੂਰ ਅਤੇ ਗਹਿਰ-ਗੰਭੀਰ ਜਾਣਕਾਰੀ ਦੇ ਸਕੇ।

ਭਾਈ ਸੁਖਦੀਪ ਸਿੰਘ ਮੋਗਾ ਨੇ ਆਪਣੀ ਟਿੱਪਣੀ ਦੇ ਅਰੰਭ ਵਿਚ ਸਾਨੂੰ ਬੇਹੱਦ ਸਤਿਕਾਰ ਨਾਲ ਯਾਦ ਕੀਤਾ ਪਰ ਪਿਛੋਂ ਛੇਤੀ ਹੀ ਸਾਡੀ ਪੂਰੀ ਲਾਹ-ਪਾਹ ਵੀ ਕੀਤੀ। ਨਾਲ ਹੀ ਇਹ ਖੁਲਾਸਾ ਵੀ ਕਰ ਦਿੱਤਾ ਕਿ ਉਨ੍ਹਾਂ ਨੂੰ ਨੇਸ਼ਨ-ਸਟੇਟ ਬਾਰੇ ਕੋਈ ਸਮਝ ਨਹੀਂ ਹੈ। ਜਦੋਂ ਉਸ ਦੀ ਇਕ ਤਾਜ਼ਾ ਟਿੱਪਣੀ ਪੜ੍ਹੀ ਤਾਂ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਵੀਰ ਵੀ ਹੁਣ ਗੰਭੀਰ ਹੋ ਕੇ ਸਾਡਾ ਵਿਰੋਧ ਕਰ ਰਹੇ ਹਨ, ਪਰ ਵਿਰੋਧ ਦਾ ਪੱਧਰ ਇੰਨਾ ਉਚਾ ਨਹੀਂ ਕਿ ਮਾਣ ਕੀਤਾ ਜਾ ਸਕੇ। ਹਰਪ੍ਰੀਤ ਸਿੰਘ ਤੇ ਲਖਵਿੰਦਰ ਸਿੰਘ ਕੋਲੋਂ ਵੱਡੀਆਂ ਉਮੀਦਾਂ ਹਨ ਕਿ ਉਹ ਬਹਿਸ ਨੂੰ ਨੇਸ਼ਨ-ਸਟੇਟ ਦੇ ਇਰਦ-ਗਿਰਦ ਰੱਖਣਗੇ ਅਤੇ ਪੜਤਾਲ ਵੀ ਕਰਨਗੇ ਕਿ ਕੀ ਖਾਲਿਸਤਾਨ ਦਾ ਵਿਰੋਧ ਕਰਨ ਲਈ ਕੁੱਝ ਲੁਕਵੇਂ, ਕੁੱਝ ਸਹਿੰਦੇ-ਸਹਿੰਦੇ ਅਤੇ ਕੁੱਝ ਅਣਦਿੱਸਦੇ ਯਤਨ ਤਾਂ ਨਹੀਂ ਕੀਤੇ ਜਾ ਰਹੇ? ਕੀ ਅਜਮੇਰ ਸਿੰਘ ਦੀਆਂ ਨਜ਼ਰਾਂ ਵਿਚ ਨੇਸ਼ਨ-ਸਟੇਟ ਖਾਲਿਸਤਾਨ ਦਾ ਹੀ ਦੂਜਾ ਨਾਂ ਹੈ?

ਮਹਾਂਭਾਰਤ ਵਾਲੇ ਯੋਧੇ ਅਰਜਨ ਦੀ ਮਿਸਾਲ ਤੋਂ ਕਾਫੀ ਕੁੱਝ ਸਿੱਖਿਆ ਜਾ ਸਕਦਾ ਹੈ। ਉਸ ਦੀਆਂ ਨਿਗਾਹਾਂ ਕੇਵਲ ਤੇ ਕੇਵਲ ਦਰਖਤ 'ਤੇ ਟੰਗੀ ਮੱਛੀ ਦੀ ਅੱਖ ਵਿਚ ਹੀ ਟਿੱਕੀਆਂ ਸਨ, ਜਦਕਿ ਉਸ ਦੇ ਵਿਰੋਧੀ ਸਾਥੀ ਅੱਖ ਦੇ ਨਾਲ-ਨਾਲ ਪੱਤਿਆਂ, ਟਾਹਣੀਆਂ ਅਤੇ ਦਰਖਤ ਦੇ ਤਣੇ ਵੱਲ ਵੀ ਵੇਖ ਰਹੇ ਸਨ। ਨਿਸ਼ਾਨੇ ਪ੍ਰਤੀ ਉਸ ਦੀ ਇਕਾਗਰਤਾ ਹੀ ਸੀ ਕਿ ਉਸ ਨੂੰ ਜਿੱਤ ਹਾਸਲ ਹੋਈ। ਚੱਲ ਰਹੀ ਬਹਿਸ ਵਿਚ ਸਾਡੇ ਕਈ ਵੀਰ ਨਿਸ਼ਾਨੇ ਤੋਂ ਲਾਂਭੇ ਹੋ ਕੇ ਪੱਤਿਆਂ ਅਤੇ ਟਾਹਣੀਆਂ ਵੱਲ ਹੀ ਵੇਖਦੇ ਰਹੇ? ਇਥੋਂ ਤੱਕ ਕਿ ਕੁੱਝ ਤਾਂ ਇਹ ਸਮਝ ਬੈਠੇ ਕਿ ਪੁਰਾਣੀਆਂ ਕਿੜਾਂ ਕੱਢਣ ਦਾ ਹੁਣ ਸੁਨਹਿਰੀ ਮੌਕਾ ਹੈ। ਇਸ ਲਈ ਧੁੰਦ ਵਿਚ ਉਹ ਵੀ ਆਪਣੇ ਘੋੜੇ ਭਜਾਉਣ ਲੱਗ ਪਏ। ਜਾਣਦੇ ਹਾਂ ਕਿ ਕੁੱਝ ਚਸਕਾਖੋਰ ਲੋਕ ਅਜਿਹੇ ਵੀ ਹਨ, ਜੋ ਪਹਾੜ ਦੀ ਚੋਟੀ 'ਤੇ ਖਲੋ ਕੇ ਵੇਖ ਰਹੇ ਹਨ ਕਿ ਹੇਠਾਂ ਕੀ ਹੋ ਰਿਹਾ ਹੈ? ਸ਼ਾਇਦ ਉਹ ਵੀ ਛਾਲ ਮਾਰ ਕੇ ਬਹਿਸ ਵਿਚ ਕੁੱਦਣ ਲਈ ਕਾਹਲੇ ਹਨ। ਪਰ ਫਿਰ ਵੀ ਮੇਰਾ ਯਤਨ ਇਹੋ ਹੋਵੇਗਾ ਕਿ ਬਹਿਸ ਦਾ ਇਕ ਉਚਾ ਪੱਧਰ ਕਾਇਮ ਕੀਤਾ ਜਾ ਸਕੇ।

ਮੇਰਾ ਖਿਆਲ ਹੈ ਕਿ ਸਰਬਪੱਖੀ ਬਹਿਸ ਦੀ ਰਵਾਇਤ ਪਾਈ ਜਾਣੀ ਚਾਹੀਦੀ ਹੈ ਕਿਉਂਕਿ ਇਤਿਹਾਸ ਵਿਚ ਸਾਹਿਤ, ਫਿਲਾਸਫੀ, ਧਰਮ, ਰਾਜਨੀਤੀ, ਵਿਦਿਆ ਅਤੇ ਮਨੋਵਿਗਿਆਨ ਦੇ ਖੇਤਰਾਂ ਵਿਚ ਹੋਈਆਂ ਵੱਡੀਆਂ ਬਹਿਸਾਂ ਸਾਡੀ ਅਗਵਾਈ ਕਰ ਸਕਦੀਆਂ ਹਨ। ਚੀਨ ਅਤੇ ਰੂਸ (ਸਾਬਕਾ ਸੋਵੀਅਤ ਯੂਨੀਅਨ) ਦੀਆਂ ਕਮਿਊਨਿਸਟ ਪਾਰਟੀਆਂ ਵਿਚ ਸ਼ਾਂਤੀ, ਸਹਿ-ਹੋਂਦ ਅਤੇ ਸਮਾਜਵਾਦ ਨੂੰ ਲੈ ਕੇ ਵੱਡੀ ਬਹਿਸ ਹੋਈ ਸੀ, ਜੋ 'ਮਹਾਨ ਬਹਿਸ' ਦੇ ਨਾਂ ਹੇਠ ਸੁਰੱਖਿਅਤ ਹੈ। ਮਨੁੱਖ ਦੇ ਅਵਚੇਤਨ ਸੰਸਾਰ ਦੀ ਤਾਕਤ ਅਤੇ ਇਸ ਦਾ ਪ੍ਰਭਾਵ ਕਿੰਨੀ ਦੂਰੀ ਤੱਕ ਜਾਂਦਾ ਹੈ, ਇਹ ਬਹਿਸ ਮਨੋਵਿਗਿਆਨ ਦੇ ਖੇਤਰ ਵਿਚ ਸਿਗਮੰਡ ਫਰਾਇਡ ਅਤੇ ਕਾਰਲ ਜੁੰਗ ਵਿਚਕਾਰ ਹੋਈ, ਜੋ ਦੱਸਦੀ ਹੈ ਕਿ ਅਵਚੇਤਨ ਦੀ ਦੁਨੀਆਂ ਸਾਡੀ ਸ਼ਖਸੀਅਤ ਨੂੰ ਦਿਸ਼ਾ ਦੇਣ ਵਿਚ ਕਿੰਨੀ ਅਹਿਮ ਹੁੰਦੀ ਹੈ।

ਇਕ ਹੋਰ ਬਹਿਸ ਵੀਹਵੀਂ ਸਦੀ ਦੇ ਦੋ ਵੱਡੇ ਚਿੰਤਕਾਂ-ਯਾਂ ਪਾਲ ਸਾਰਤਰ ਅਤੇ ਉਸ ਤੋਂ 12 ਸਾਲ ਛੋਟੇ ਅਲਬੇਅਰ ਕਾਮੂ ਵਿਚ ਇਸ ਸਵਾਲ ਨੂੰ ਲੈ ਕੇ ਹੋਈ ਕਿ ਸਮਾਜਵਾਦ ਨੂੰ ਅੱਗੇ ਵਧਾਉਣ ਲਈ ਮੁੱਖ ਦੁਸ਼ਮਣ ਕਿਸ ਨੂੰ ਗਰਦਾਨਿਆ ਜਾਵੇ। ਆਪਣੇ ਪੰਜਾਬ ਵਿਚ ਵੀ ਗੁਰਬਾਣੀ ਨੂੰ ਕਿਵੇਂ ਸਮਝਿਆ ਜਾਵੇ, ਇਸ ਬਾਰੇ ਅਤਿ ਅਹਿਮ ਬਹਿਸ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਤੇ ਪ੍ਰੋਫੈਸਰ ਕਿਸ਼ਨ ਸਿੰਘ ਦਰਮਿਆਨ ਹੋਈ, ਜਿਸ ਵਿਚ ਪ੍ਰੋ. ਕਿਸ਼ਨ ਸਿੰਘ ਕਿਸੇ ਹੱਦ ਤੱਕ ਜੇਤੂ ਹੋ ਕੇ ਨਿਕਲੇ।

ਇਸ਼ਕ-ਮਜਾਜ਼ੀ ਵੀ ਕਦੇ-ਕਦੇ ਇਸ਼ਕ-ਹਕੀਕੀ ਦਾ ਰੁਤਬਾ ਕਿਵੇਂ ਅਖਤਿਆਰ ਕਰ ਜਾਂਦਾ ਹੈ, ਇਹ ਬਹਿਸ ਸਾਡੇ ਮਹਾਨ ਸਭਿਆਚਾਰ ਦੇ ਪਿੜ ਵਿਚ ਹੀਰ ਅਤੇ ਕਾਜ਼ੀ ਵਿਚਾਲੇ ਹੋਈ, ਜੋ 'ਹੀਰ ਵਾਰਿਸ ਸ਼ਾਹ' ਵਿਚ ਇਤਿਹਾਸ ਨੇ ਸਾਂਭ ਰੱਖੀ ਹੈ। ਇਸ ਬਹਿਸ ਵਿਚ ਹੀਰ ਦੀ ਹਾਰ, ਜਿੱਤ ਤੋਂ ਵੀ ਵੱਡੀ ਸਮਝੀ ਜਾਂਦੀ ਹੈ। ਪਰ ਪੰਥ ਦੀ ਤਰਜ਼-ਏ-ਜ਼ਿੰਦਗੀ ਦੇ ਅਸਲ ਮਾਇਨੇ ਕੀ ਹਨ, ਉਹ ਬਹਿਸ ਦੋ ਨਿੱਕੀਆਂ ਜਿੰਦਾਂ ਅਤੇ ਸਰਹਿੰਦ ਦੇ ਵਜ਼ੀਰ ਖਾਨ ਦਰਮਿਆਨ ਹੋਈ। ਇਸ ਬਹਿਸ ਦਾ ਮੁਕੰਮਲ ਇਤਿਹਾਸਿਕ ਰਿਕਾਰਡ ਅਜੇ ਸਾਡੇ ਕੋਲ ਨਹੀਂ ਪਰ ਨਿੱਕੀਆਂ ਜਿੰਦਾਂ ਦਾ ਅਡੋਲ ਸਿਦਕ ਅਤੇ ਉਨ੍ਹਾਂ ਦੀ ਸ਼ਹਾਦਤ ਦੱਸਦੇ ਹਨ ਕਿ ਬਹਿਸ ਦਾ ਅਣਦਿੱਸਦਾ ਸਿਧਾਂਤਕ ਪੱਧਰ ਸਿੱਖ ਮਨਾਂ ਵਿਚ ਸਭ ਜੁਗਾਂ ਅੰਦਰ ਜਾਗਦਾ ਅਤੇ ਜਗਾਉਂਦਾ ਰਹੇਗਾ।

ਪਰ ਸਭ ਤੋਂ ਵੱਡੀ ਤੇ ਯਾਦਗਾਰੀ ਬਹਿਸ 500 ਸਾਲ ਪਹਿਲਾਂ ਹੋਈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਸਾਂਭੀ ਪਈ ਹੈ। ਇਹ ਬਹਿਸ ਗੁਰੂ ਨਾਨਕ ਸਾਹਿਬ ਅਤੇ ਉਸ ਦੌਰ ਦੇ ਕਹਿੰਦੇ-ਕਹਾਉਂਦੇ ਦਾਨਿਸ਼ਵਰ ਸਿੱਧਾਂ ਨਾਲ ਹੋਈ। 'ਸਿਧ ਗੋਸਟਿ' ਦੇ ਸਿਰਲੇਖ ਹੇਠ ਹੋਈ ਇਹ ਬਹਿਸ ਇੰਨੀ ਪਿਆਰੀ, ਇੰਨੀ ਮਹਾਨ, ਇੰਨੀ ਉਚੀ, ਇੰਨੀ ਇਤਿਹਾਸਕ, ਇੰਨੀ ਰੂਹਾਨੀ ਅਤੇ ਦਾਰਸ਼ਨਿਕ ਸੀ ਕਿ ਖਾਲਸਾ ਪੰਥ ਦਾ ਸਿਰ ਮਾਣ ਨਾਲ ਉਚਾ ਹੋ ਜਾਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਬਹਿਸ ਦੇ ਅਰੰਭ ਵਿਚ ਹੀ ਜੈਕਾਰਾ ਛੱਡਿਆ ਗਿਆ ਹੈ। ਇਕ ਪਾਸੇ ਸਿੱਧਾਂ ਦੀ ਮੰਡਲੀ ਬੈਠੀ ਹੋਈ ਹੈ ਅਤੇ ਦੂਜੇ ਪਾਸੇ ਗੁਰੂ ਨਾਨਕ ਸਾਹਿਬ ਨਾਲ ਸੰਤਾਂ ਦੀ ਇਕ ਸਭਾ ਬੈਠੀ ਹੋਈ ਹੈ। ਬਹਿਸ ਦੀਆਂ ਦੋ ਸ਼ਰਤਾਂ ਹਨ-ਪਹਿਲੀ, 'ਰੋਸੁ ਨ ਕੀਜੈ ਉਤਰੁ ਦੀਜੈ' ਅਤੇ ਦੂਜੀ, 'ਸਾਚਾ ਕਰਹੁ ਬੀਚਾਰੁ'। ਗੁਰੂ ਨਾਨਕ ਸਾਹਿਬ ਨੇ ਸਿੱਧਾਂ ਦੇ ਸਵਾਲਾਂ ਦੇ ਜੋ ਉਤਰ ਦਿੱਤੇ ਅਤੇ ਜਿਸ ਅੰਦਾਜ਼ ਅਤੇ ਸਪੱਸ਼ਟਤਾ ਵਿਚ ਦਿੱਤੇ, ਉਹ ਇਸ ਧਰਤੀ 'ਤੇ ਲੱਗਿਆ ਇਹੋ ਜਿਹਾ ਰੂਹਾਨੀ ਰੌਣਕ ਮੇਲਾ ਅਤੇ ਜਸ਼ਨ ਹੈ, ਜੋ ਸਾਨੂੰ ਯਾਦ ਕਰਵਾਉਂਦਾ ਹੈ ਕਿ ਬਹਿਸ ਦੇ ਮਾਪਦੰਡ, ਬਹਿਸ ਵਿਚ ਸਲੀਕਾ ਅਤੇ ਗਿਆਨ ਦਾ ਪੱਧਰ ਕਿਹੋ ਜਿਹਾ ਹੋਣਾ ਚਾਹੀਦਾ ਹੈ।

ਇਹ ਸਲੀਕਾ ਅਤੇ ਸੰਜਮ ਅਜਮੇਰ ਸਿੰਘ ਦੇ ਚਿੰਤਨ ਨੂੰ ਸੋਸ਼ਲ ਸਾਈਟਸ ਉਤੇ ਚੁਣੌਤੀ ਦੇਣ ਵਾਲੀ ਬਹਿਸ ਵਿਚ ਕਾਇਮ ਨਹੀਂ ਹੋ ਸਕਿਆ। ਸਾਨੂੰ ਪਤਾ ਸੀ ਕਿ ਅਸੀਂ ਇਹ ਬਹਿਸ ਉਸ ਬਿਖੜੇ ਸਮੇਂ ਵਿਚ ਚਲਾ ਰਹੇ ਹਾਂ ਜਦੋਂ ਖਾਲਿਸਤਾਨ ਦੀ ਮੰਜ਼ਿਲ ਉਤੇ ਪਤਝੜ ਦੇ ਪਹਿਰੇ ਹਨ ਅਤੇ ਜੇਕਰ ਅਸੀਂ ਗਲਤ ਨਹੀਂ ਹਾਂ ਤਾਂ ਇਹ ਉਹ ਸਮਾਂ ਹੈ, ਜਦੋਂ ਖਾਲਿਸਤਾਨ ਨੂੰ ਪ੍ਰਨਾਏ ਖਾਲਿਸਤਾਨੀ ਵੀਰ, ਉਨ੍ਹਾਂ ਦੇ ਹਮਦਰਦ ਅਤੇ ਦੂਰ ਨੇੜੇ ਦੇ ਸਮਰਥਕ ਵੀ ਥੱਕੇ-ਥੱਕੇ ਲੱਗਦੇ ਹਨ ਅਤੇ ਮਹਿਸੂਸ ਕਰਨ ਲੱਗ ਪਏ ਹਨ ਕਿ ਹੁਣ ਇਹੋ ਜਿਹੀਆਂ ਬਹਿਸਾਂ ਦਾ ਕੋਈ ਫਾਇਦਾ ਨਹੀਂ। ਇਥੋਂ ਤੱਕ ਕਿ ਖਾਲਿਸਤਾਨ ਪ੍ਰਤੀ ਵਚਨਬੱਧ ਜਥੇਬੰਦੀਆਂ ਲਈ ਵੀ ਖਾਲਿਸਤਾਨ ਹੁਣ ਰੂਹ ਦੀ ਪਿਆਸ ਨਹੀਂ ਹੈ, ਬੱਸ ਇਕ ਰਸਮ ਹੈ ਜੋ ਨਿਭਾਈ ਜਾ ਰਹੀ ਹੈ। ਪਰ ਜਿਵੇਂ ਕਹਿੰਦੇ ਹਨ ਕਿ ਹਰ ਹਨੇਰੀ ਰਾਤ ਕਿਸੇ ਖੂਬਸੂਰਤ ਪ੍ਰਭਾਤ ਨੂੰ ਜਨਮ ਦਿੰਦੀ ਹੈ, ਸੋ ਇਸ ਉਮੀਦ ਨੂੰ ਲੈ ਕੇ ਅਸੀਂ ਗੁਰਬਾਣੀ ਆਧਾਰਤ ਆਪਣੀ ਬੌਧਿਕਤਾ ਦੀ ਕਿਸ਼ਤੀ ਦਰਿਆ ਵਿਚ ਠੇਲ੍ਹ ਦਿੱਤੀ ਹੈ।

ਇਥੇ ਵੀਰ ਜਸਜੀਤ ਸਿੰਘ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦੇ ਹਾਂ, ਜੋ ਬਹਿਸ ਵਿਚ ਤਿਆਰੀ ਤੋਂ ਬਿਨਾ ਹੀ ਮੈਦਾਨ ਵਿਚ ਆਣ ਉਤਰੇ ਅਤੇ ਨੇਸ਼ਨ-ਸਟੇਟ ਬਾਰੇ ਕੱਚੀਆਂ ਗੱਲਾਂ ਕਰਨ ਲੱਗ ਪਏ। ਉਮੀਦ ਤਾਂ ਇਹੋ ਸੀ ਕਿ ਫਰੀਮਾਂਟ ਗੁਰੂ ਘਰ ਦੀ ਚੋਣ ਮੁਹਿੰਮ ਵਿਚ ਯੁੱਧ-ਨੀਤੀ ਤਿਆਰ ਕਰਨ ਵਾਲਾ ਅਤੇ ਉਸ ਨੂੰ ਬਹੁਤੀ ਵਾਰ ਜਿੱਤ ਤੱਕ ਪਹੁੰਚਾਉਣ ਵਾਲਾ ਇਹ ਵੱਡਾ ਨੀਤੀਵਾਨ ਬੜੇ ਠਰ੍ਹੰਮੇ, ਧੀਰਜ ਅਤੇ ਸਹਿਜ ਦੇ ਹਥਿਆਰਾਂ ਨਾਲ ਲੈਸ ਹੋ ਕੇ ਬੌਧਿਕ ਜੰਗ ਕਰੇਗਾ ਪਰ ਉਹ ਬਿਨਾ ਕਿਸੇ ਠੋਸ ਤਰਕ ਤੋਂ ਅਜਮੇਰ ਸਿੰਘ ਦੇ ਹੱਕ ਵਿਚ ਜਾ ਡਟਿਆ ਅਤੇ ਮੇਰੇ ਉਤੇ ਇਹ ਦੋਸ਼ ਵੀ ਲਾ ਧਰਿਆ ਕਿ ਮੈਂ ਅਜਮੇਰ ਸਿੰਘ ਨਾਲ ਈਰਖਾ ਕਰਦਾ ਹਾਂ। ਫੇਰ ਕਹਿਣ ਲੱਗੇ, ਮੈਂ ਇਕ ਹਫਤੇ ਵਿਚ ਇਕ ਆਰਟੀਕਲ ਲਿਖਾਂਗਾ ਤੇ ਬਹਿਸ ਦਾ ਆਗਾਜ਼ ਕਰਾਂਗਾ। ਪਰ ਮੈਨੂੰ ਪਤਾ ਸੀ ਕਿ ਬਹਿਸ ਜਿਨ੍ਹਾਂ ਮੁੱਦਿਆਂ 'ਤੇ ਖੜ੍ਹੀ ਸੀ, ਉਸ ਲਈ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖ ਕੇ ਹੀ ਦਲੀਲ ਦੇ ਪਿਤ ਵਿਚ ਉਤਰਿਆ ਜਾ ਸਕਦਾ ਹੈ। ਇਸ ਲਈ ਉਹ ਆਰਟੀਕਲ ਨਹੀਂ ਆਇਆ ਅਤੇ ਨਾ ਹੀ ਆਉਣਾ ਸੀ। ਪਰ ਫਿਰ ਵੀ ਗਾਹੇ-ਬਗਾਹੇ ਉਹ ਮੁੱਦਿਆਂ ਤੋਂ ਲਾਂਭੇ ਰਹਿ ਕੇ ਪੋਸਟਾਂ ਪਾਉਂਦੇ ਰਹਿੰਦੇ। ਉਹ ਇਕੋ ਸਮੇਂ ਜਗਿਆਸੂ ਵੀ ਬਣਦੇ ਹਨ, ਨਾਲ ਹੀ ਆਪਣੀ ਰਾਇ ਵੀ ਦਿੰਦੇ ਰਹਿੰਦੇ ਹਨ ਅਤੇ ਲੱਗਦੇ ਹੱਥ ਫੈਸਲਾ ਵੀ ਸੁਣਾ ਦਿੰਦੇ ਹਨ।

ਸਾਨੂੰ ਪਤਾ ਹੈ ਕਿ ਕੈਲੀਫੋਰਨੀਆ ਵਿਚ ਸਿੱਖਾਂ ਦੇ ਗੰਭੀਰ ਮੁੱਦਿਆਂ 'ਤੇ ਚਲਦੀਆਂ ਬਹਿਸਾਂ ਵਿਚ ਉਨ੍ਹਾਂ ਦਾ ਨਾਂ ਚਲਦਾ ਹੈ। ਉਨ੍ਹਾਂ ਦੀ ਪੁੱਛ-ਪ੍ਰਤੀਤ ਹੁੰਦੀ ਹੈ ਪਰ ਅਜਮੇਰ ਸਿੰਘ ਦੇ ਚਿੰਤਨ ਨੂੰ ਚੁਣੌਤੀ ਦੇਣ ਬਾਰੇ ਚੱਲ ਰਹੀ ਬਹਿਸ ਵਿਚ ਉਹ ਨਿਰਪੱਖ ਕਿਉਂ ਨਾ ਰਹਿ ਸਕੇ? ਹਾਲਾਤ ਦੇ ਸਾਰੇ ਪੱਖਾਂ ਨੂੰ ਘੋਖੇ ਬਿਨਾ ਹੀ ਤੇ ਠੋਸ ਦਲੀਲਾਂ ਦਿੱਤੇ ਬਗੈਰ ਹੀ; ਅਤੇ 2013 ਤੋਂ ਲੈ ਕੇ ਹੁਣ ਤੱਕ ਅਜਮੇਰ ਸਿੰਘ ਦੀਆਂ ਬੌਧਿਕ ਤੇ ਸਿਆਸੀ ਸਰਗਰਮੀਆਂ ਅਤੇ ਨਿੱਤ ਬਦਲਦੇ ਪੈਂਤੜਿਆਂ ਉਤੇ ਕਰੜੀ ਨਿਗਾਹ ਰੱਖੇ ਬਿਨਾ ਹੀ ਜੇ ਉਹ ਅਜਮੇਰ ਸਿੰਘ ਦੇ ਹੱਕ ਵਿਚ ਜਾ ਖਲੋਤੇ ਹਨ ਤਾਂ ਇਸ ਦੇ ਅਸਲ ਕਾਰਨ ਕੀ ਹਨ? ਸਾਨੂੰ ਪਤਾ ਹੈ ਕਿ ਖਾਲਿਸਤਾਨ ਵੀਰ ਜਸਜੀਤ ਸਿੰਘ ਦੀ ਮੰਜ਼ਿਲ ਹੈ ਪਰ ਨੇਸ਼ਨ-ਸਟੇਟ ਦੇ ਨਾਂ ਹੇਠਾਂ ਖਾਲਿਸਤਾਨ ਦਾ ਵਿਰੋਧ ਕਰਨ ਵਾਲੇ ਵਿਦਵਾਨ ਦੀ ਵਿਦਵਤਾ ਦੇ ਧੁਰ ਅੰਦਰ ਝਾਤੀ ਮਾਰੇ ਬਿਨਾ ਹੀ ਉਹ ਸਾਡੇ ਗਲ ਕਿਉਂ ਪੈ ਗਏ ਅਤੇ ਹੁਣ ਧੜੇ ਵਿਚ ਖਲੋ ਕੇ ਹੀ ਇਕੋ ਪਾਸੇ ਹੀ ਕਿਉਂ ਵੱਗੀ ਜਾ ਰਹੇ ਹਨ? ਉਹ ਬਹਿਸ ਨੂੰ ਉਚਾ ਪੱਧਰ ਦੇਣ ਵਿਚ ਆਪਣਾ ਰੋਲ ਅਦਾ ਕਿਉਂ ਨਹੀਂ ਕਰ ਸਕੇ? ਖਾਲਿਸਤਾਨ 'ਤੇ ਪਹਿਰਾ ਦੇਣ ਦਾ ਜਿਹੜਾ ਕੰਮ ਜ਼ਿੰਮੇਵਾਰੀ ਅਤੇ ਫਰਜ਼ ਇਤਿਹਾਸ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸੌਂਪਿਆ ਹੈ, ਕੀ ਉਹ ਇਕੱਲਿਆਂ ਸਾਡੇ 'ਤੇ ਸੁੱਟ ਕੇ ਆਪ ਅਲੋਪ ਹੋ ਜਾਣਗੇ ਜਾਂ ਅਲੋਪ ਹੋਣਾ ਚਾਹੁੰਦੇ ਹਨ?

ਸ. ਅਜਮੇਰ ਸਿੰਘ ਨੂੰ ਸ਼ਿਕਾਇਤ ਹੈ ਕਿ ਸ਼ਬਦਾਂ ਦੀ ਚੌਧਰ ਤੇ ਅਜਾਰੇਦਾਰੀ ਮੇਰੇ ਉਤੇ ਹਾਵੀ ਹੋ ਜਾਂਦੀ ਹੈ ਅਤੇ ਮੇਰੀ ਸੋਚ ਵੀ ਉਨ੍ਹਾਂ ਸ਼ਬਦਾਂ ਨਾਲ ਜੁੜੇ ਅਰਥਾਂ ਵਿਚ ਕੈਦ ਹੋ ਜਾਂਦੀ ਹੈ। ਇਸ ਲਈ 'ਪੱਛਮ' ਵੱਲੋਂ ਆਏ ਕਈ ਸ਼ਬਦ ਅੱਜ ਕੱਲ ਉਨ੍ਹਾਂ ਦੇ ਦੁਸ਼ਮਣ ਬਣੇ ਹੋਏ ਹਨ। ਇਨ੍ਹਾਂ ਵਿਚੋਂ ਨੇਸ਼ਨ-ਸਟੇਟ ਸ਼ਬਦ ਹੁਣ ਉਨ੍ਹਾਂ ਲਈ ਸਭ ਤੋਂ ਵੱਡਾ ਵੈਰੀ ਹੈ। ਉਨ੍ਹਾਂ ਦੇ ਹੀ ਇਕ ਹੋਰ ਸਾਥੀ ਸ. ਜਸਪਾਲ ਸਿੰਘ ਸਿੱਧੂ 'ਸਾਵਰੈਨਿਟੀ' ਸ਼ਬਦ ਨਾਲ ਜੰਗ ਸ਼ੁਰੂ ਕਰ ਰਹੇ ਹਨ। ਜਿਥੇ ਅਜਮੇਰ ਸਿੰਘ ਨੇਸ਼ਨ-ਸਟੇਟ ਨੂੰ 'ਹਲੇਮੀ ਰਾਜ' ਵਿਚ ਬਦਲਣਾ ਚਾਹੁੰਦੇ ਹਨ, ਉਥੇ ਜਸਪਾਲ ਸਿੰਘ 'ਸਾਵਰੈਨਿਟੀ' ਸ਼ਬਦ ਨੂੰ 'ਪਾਤਿਸ਼ਾਹੀ' ਵਿਚ ਤਬਦੀਲ ਕਰਨ ਦੇ ਇੱਛੁਕ ਹਨ। ਹੁਣ ਜਿਹੜੇ ਸੱਜਣਾਂ ਨੇ ਜ਼ਿੰਦਗੀ ਦੇ ਗੂੜ੍ਹ ਗਿਆਨ, ਤੱਤਾਂ ਤੇ ਭੇਤਾਂ ਨੂੰ ਉਪਰੋਂ-ਉਪਰੋਂ ਹੀ ਵੇਖਣਾ ਅਤੇ ਸਮਝਣਾ ਹੈ, ਉਨ੍ਹਾਂ ਨੇ ਤਾਂ ਸਮਝ ਲਓ ਇਨ੍ਹਾਂ ਦਾ ਸ਼ਿਕਾਰ ਹੋ ਕੇ ਹੀ ਰਹਿਣਾ ਹੈ ਕਿਉਂਕਿ ਉਨ੍ਹਾਂ ਨੂੰ ਲੱਗੇਗਾ ਕਿ ਉਨ੍ਹਾਂ ਵੀਰਾਂ ਨੂੰ ਹੀ ਗੁਰਬਾਣੀ ਦੀ ਸਹੀ ਸਮਝ ਅਤੇ ਪਰਖ ਦਾ ਅਚਾਨਕ ਗਿਆਨ ਹੋਇਆ ਹੈ, ਪਰ ਗੱਲ ਵਿਚੋਂ ਕੁੱਝ ਹੋਰ ਵੀ ਹੈ। ਇਸ ਲਈ ਜਦੋਂ ਤੱਕ 'ਵਿਚਲੀ ਗੱਲ' ਬਾਹਰ ਨਾ ਆਏ ਉਦੋਂ ਤੱਕ ਇਹ ਭੇਤ ਹੀ ਬਣੇ ਰਹਿੰਦੇ ਹਨ। ਫਿਰ ਵਿਚਲੀ ਗੱਲ ਕੀ ਸੀ? ਵਿਚਲੀ ਗੱਲ ਇਹ ਹੈ ਕਿ ਖਾਲਿਸਤਾਨ (ਸਿੱਖ ਸਾਵਰਨ ਸਟੇਟ) ਦਾ ਵਿਰੋਧ ਕਰਨ ਲਈ ਅਜਮੇਰ ਸਿੰਘ ਕੋਈ ਰਾਹ ਲੱਭ ਰਹੇ ਸਨ। ਸਿੱਧੇ ਤੌਰ 'ਤੇ ਵਿਰੋਧ ਹੋ ਨਹੀਂ ਸੀ ਸਕਦਾ ਕਿਉਂਕਿ ਖਾਲਿਸਤਾਨ ਨਾਲ ਜੁੜੇ ਜਾਗਦੇ ਵੀਰ ਅਜੇ ਪੂਰੀ ਤਰ੍ਹਾਂ ਮਰੇ ਨਹੀਂ। ਇਹੋ ਕਾਰਨ ਸੀ ਕਿ ਪਿਛਲੇ ਦੋ-ਤਿੰਨ ਸਾਲਾਂ ਤੋਂ ਸਾਨੂੰ ਨੇਸ਼ਨ-ਸਟੇਟ ਦੀ ਖੁਰਾਕ ਹੀ ਦਿੱਤੀ ਜਾ ਰਹੀ ਸੀ।

ਸਾਨੂੰ ਸ਼ਬਦਾਂ ਦੀ ਘੁਣਤਰਬਾਜ਼ੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਕਈ ਵਾਰ ਕੋਈ ਸ਼ਬਦ ਸਾਡੀ ਰੂਹ ਦੇ ਨਜ਼ਦੀਕ ਹੁੰਦਾ ਹੈ ਅਤੇ ਕਈ ਵਾਰ ਨਹੀਂ ਵੀ ਹੁੰਦਾ। ਕਈ ਵਾਰ ਅਸੀਂ ਆਪਣੇ ਧੁਰ ਅੰਦਰੋਂ ਇੰਨੇ ਬਲਵਾਨ ਅਤੇ ਜ਼ੋਰਾਵਰ ਹੁੰਦੇ ਹਾਂ ਕਿ ਕਿਸੇ ਵੀ ਸ਼ਬਦ ਨੂੰ ਅਸੀਂ ਆਪਣੀ ਰੂਹ ਦਾ ਹਿੱਸਾ ਬਣਾ ਲੈਂਦੇ ਹਾਂ। ਖਾਲਸਾ ਪੰਥ ਨੇ ਇਤਿਹਾਸ ਵਿਚ ਇੰਜ ਕੀਤਾ ਵੀ ਹੈ। ਮਿਸਾਲ ਦੇ ਤੌਰ 'ਤੇ 'ਭੁਚੰਗੀ' ਦਾ ਮਤਲਬ ਸੱਪ ਹੁੰਦਾ ਹੈ। ਇਹ ਉਪਰੋਂ ਮਾੜਾ ਲੱਗਦਾ ਹੈ ਪਰ ਪੰਥ ਨੇ ਹਾਲਾਤ ਨੂੰ ਵੇਖਦਿਆਂ ਇਸ ਸ਼ਬਦ ਨੂੰ ਪਵਿੱਤਰਤਾ ਦਾ ਰੂਪ ਦੇ ਦਿੱਤਾ। ਦੂਰ ਕਿਉਂ ਜਾਣਾ ਹੈ। ਆਓ, ਦਸ਼ਮੇਸ਼ ਪਿਤਾ ਨੂੰ ਯਾਦ ਕਰੀਏ।

ਨੀਲੇ ਘੋੜੇ ਦੇ ਸ਼ਾਹ ਅਸਵਾਰ ਨੇ 'ਖਾਲਸਾ' ਸ਼ਬਦ ਅਰਬੀ ਦੇ ਸ਼ਬਦ 'ਖਾਲਿਸਾ' ਤੋਂ ਲਿਆ ਹੈ, ਜਿਸ ਦਾ ਮਤਲਬ ਹੈ-'ਉਹ ਸ਼ਾਹੀ ਜ਼ਮੀਨ ਜਾਂ ਮੁਲਕ ਜੋ ਸਰਕਾਰੀ ਪ੍ਰਬੰਧ ਹੇਠ ਹੋਵੇ।' ਪਰ ਦਸਮ ਪਿਤਾ ਨੇ ਇਸ ਸ਼ਬਦ ਨੂੰ ਵਿਸ਼ਾਲ ਅਰਥ ਦੇ ਦਿੱਤੇ। ਇਸ ਸ਼ਬਦ ਨੂੰ ਗਹਿਰਾਈ ਦੇ ਦਿੱਤੀ, ਬੁਲੰਦੀਆਂ ਬਖਸ਼ ਦਿੱਤੀਆਂ, ਇਤਿਹਾਸ ਵਿਚ ਸਥਾਪਤ ਕਰ ਦਿੱਤਾ ਅਤੇ ਪਵਿੱਤਰਤਾ ਦਾ ਰੂਪ ਦੇ ਦਿੱਤਾ। ਇਕ ਨਵੀਂ ਡਿਕਸ਼ਨਰੀ ਹੀ ਬਣਾ ਧਰੀ। ਇਥੇ ਹੀ ਬੱਸ ਨਹੀਂ, ਉਨ੍ਹਾਂ ਨੇ ਖਾਲਸੇ ਨੂੰ 'ਪੂਰਾ ਸਤਿਗੁਰੂ' ਦਾ ਮਰਤਬਾ ਦੇ ਦਿੱਤਾ ਅਤੇ ਆਪਣੇ ਆਪ ਨੂੰ ਵੀ ਖਾਲਸੇ ਦੇ ਅਧੀਨ ਕਰ ਦਿੱਤਾ। ਉਨ੍ਹਾਂ ਨੇ ਬਾਹਰਲੀ ਭਾਸ਼ਾ ਵਿਚੋਂ ਚੁੱਕੇ ਸ਼ਬਦ ਨੂੰ ਨਵੇਂ ਅਰਥ ਦੇ ਕੇ ਸਾਡੀ ਰੂਹ ਦਾ ਹਿੱਸਾ ਬਣਾ ਦਿੱਤਾ ਅਤੇ ਸਾਨੂੰ 'ਖਾਲਸਾ ਪੰਥ' ਕਿਹਾ ਜਾਣਾ ਲੱਗਾ। ਹੁਣ ਜਿਉਂ ਹੀ 'ਖਾਲਸਾ ਪੰਥ' ਸ਼ਬਦ ਵਰਤਿਆ ਜਾਂਦਾ ਹੈ ਤਾਂ ਸਾਡੀ ਰੂਹ ਤੇ ਜਿਸਮ ਵਿਚ ਜੋ ਹਿੱਲ-ਜੁੱਲ ਹੋ ਜਾਂਦੀ ਹੈ ਅਤੇ ਜੋ ਕੁੱਝ ਵਾਪਰ ਜਾਂਦਾ ਹੈ, ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਇਸੇ ਤਰ੍ਹਾਂ 'ਸਾਵਰੈਨਿਟੀ' ਲਾਤੀਨੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ 'ਸਭ ਤੋਂ ਉਪਰ' (ਸੁਪਰ ਅਬੱਵ) ਪਰ ਜਸਪਾਲ ਸਿੰਘ ਦੀ ਖੋਜ ਨੂੰ ਇਸ ਸ਼ਬਦ ਨਾਲ ਇਸ ਕਰਕੇ ਚਿੜ੍ਹ ਹੈ ਕਿ ਇਹ 'ਪੱਛਮ' ਵਿਚੋਂ ਆਇਆ ਹੈ ਤੇ ਸ਼ਬਦ ਵਿਚ 'ਤਰਕ' (ਰੈਸ਼ਨੈਲਿਟੀ) ਭਾਰੂ ਹੈ ਅਤੇ ਇਹ ਸ਼ਬਦ ਅਧਿਆਤਮਕਤਾ ਨਾਲ ਵੀ ਨਹੀਂ ਜੁੜਿਆ। ਉਪਰੋਂ-ਉਪਰੋਂ ਇਉਂ ਹੀ ਲੱਗਦਾ ਹੈ ਜਿਵੇਂ ਇਸ ਵੀਰ ਅੰਦਰ ਵੀ ਰੂਹਾਨੀਅਤ ਦਾ ਨਵਾਂ ਪ੍ਰਕਾਸ਼ ਹੋਇਆ ਹੈ। ਉਹ ਸਾਵਰੈਨਿਟੀ ਨੂੰ ਪਾਤਿਸ਼ਾਹੀ ਨਾਲ ਜੋੜਨਾ ਚਾਹੁੰਦੇ ਹਨ। ਪਰ ਰਤਾ ਦੇਖੋ 'ਪਾਤਿਸ਼ਾਹੀ' ਸ਼ਬਦ ਫਾਰਸੀ ਤੋਂ ਆਇਆ ਹੈ, ਜਿਸ ਦਾ ਲਫਜ਼ੀ ਮਤਲਬ ਹੈ-ਮਾਲਕ, ਸਵਾਮੀ, ਮਹਾਰਾਜ। ਹੁਣ ਦੱਸੋ, ਕੀ ਅਸੀਂ ਸਾਵਰੈਨਿਟੀ ਨੂੰ ਆਪਣੇ ਇਹੋ ਜਿਹੇ ਅਰਥ ਨਹੀਂ ਦੇ ਸਕਦੇ, ਜਿਨ੍ਹਾਂ ਦਾ ਰਿਸ਼ਤਾ ਪਾਤਿਸ਼ਾਹੀ ਨਾਲ ਹੋਵੇ। ਸਾਨੂੰ ਚੇਤੇ ਰੱਖਣਾ ਪਵੇਗਾ ਕਿ ਜਿਉਂ ਹੀ ਕੋਈ ਬਾਹਰੋਂ ਆਇਆ ਸ਼ਬਦ ਗੁਰੂ ਗ੍ਰੰਥ ਸਾਹਿਬ ਅਤੇ ਇਤਿਹਾਸ ਵਿਚ ਪ੍ਰਵੇਸ਼ ਕਰਦਾ ਹੈ ਤਾਂ ਤਿਉਂ ਹੀ ਉਸ ਦੇ ਅਰਥ ਵੱਖਰੇ, ਨਿਵੇਕਲੇ, ਵਿਸ਼ੇਸ਼ ਅਤੇ ਮੌਲਿਕ ਰੰਗ ਅਖਤਿਆਰ ਕਰ ਲੈਂਦੇ ਹਨ ਅਤੇ ਜਿਥੋਂ ਉਹ ਸ਼ਬਦ ਆਉਂਦਾ ਹੈ, ਉਸ ਨਾਲ ਰਿਸ਼ਤਾ ਜਾਂ ਤਾਂ ਟੁੱਟ ਜਾਂਦਾ ਹੈ ਅਤੇ ਜਾਂ ਪੇਤਲਾ ਹੀ ਰਹਿ ਜਾਂਦਾ ਹੈ। ਅਜੇ ਇਨ੍ਹਾਂ ਮੌਲਿਕ ਸ਼ਬਦਾਂ ਦੀ ਡਿਕਸ਼ਨਰੀ ਖਾਲਸਾ ਪੰਥ ਨੇ ਤਿਆਰ ਕਰਨੀ ਹੈ।

ਅਸੀਂ ਇਸ ਗੱਲ ਦੇ ਹੱਕ ਵਿਚ ਨਹੀਂ ਕਿ ਕੋਈ ਵੀ ਵਿਅਕਤੀ ਸ਼ਬਦਾਂ ਦੀ ਕਲਾਬਾਜ਼ੀ ਰਾਹੀਂ ਜਾਂ ਬੌਧਿਕ ਚਤੁਰਾਈ ਨਾਲ ਆਪਣੇ ਨਿਜੀ ਵਿਚਾਰ ਪੰਥ ਉਤੇ ਠੋਸਣ ਦੀ ਕੋਸ਼ਿਸ਼ ਕਰੇ ਜਾਂ ਖਾਲਸਾ ਪੰਥ ਅੰਦਰ ਨਵੇਂ ਅੰਦਾਜ਼ ਵਿਚ ਸ਼ਖਸੀ ਪੂਜਾ ਦਾ ਦੌਰ ਅਰੰਭ ਹੋ ਜਾਵੇ। ਇਸੇ ਲਈ ਅਸੀਂ ਵੇਲੇ ਸਿਰ ਬਹਿਸ ਸ਼ੁਰੂ ਕੀਤੀ ਹੈ ਪਰ ਕਈ ਵੀਰ ਇਧਰ-ਉਧਰ ਦੀਆਂ ਗੱਲਾਂ ਵੀ ਕਰਦੇ ਆ ਰਹੇ ਹਨ। ਗੱਲ ਇਥੇ ਹੀ ਨਹੀਂ ਰੁਕੀ, ਸਗੋਂ ਨਿਜੀ ਹਮਲੇ

***ਸਾਨੂੰ ਚੇਤੇ ਰੱਖਣਾ ਪਵੇਗਾ ਕਿ ਜਿਉਂ ਹੀ ਕੋਈ ਬਾਹਰੋਂ ਆਇਆ ਸ਼ਬਦ ਗੁਰੂ ਗ੍ਰੰਥ ਸਾਹਿਬ ਅਤੇ ਇਤਿਹਾਸ ਵਿਚ ਪ੍ਰਵੇਸ਼ ਕਰਦਾ ਹੈ ਤਾਂ ਤਿਉਂ ਹੀ ਉਸ ਦੇ ਅਰਥ ਵੱਖਰੇ, ਨਿਵੇਕਲੇ, ਵਿਸ਼ੇਸ਼ ਅਤੇ ਮੌਲਿਕ ਰੰਗ ਅਖਤਿਆਰ ਕਰ ਲੈਂਦੇ ਹਨ ਅਤੇ ਜਿਥੋਂ ਉਹ ਸ਼ਬਦ ਆਉਂਦਾ ਹੈ, ਉਸ ਨਾਲ ਰਿਸ਼ਤਾ ਜਾਂ ਤਾਂ ਟੁੱਟ ਜਾਂਦਾ ਹੈ ਅਤੇ ਜਾਂ ਪੇਤਲਾ ਹੀ ਰਹਿ ਜਾਂਦਾ ਹੈ। ਅਜੇ ਇਨ੍ਹਾਂ ਮੌਲਿਕ ਸ਼ਬਦਾਂ ਦੀ ਡਿਕਸ਼ਨਰੀ ਖਾਲਸਾ ਪੰਥ ਨੇ ਤਿਆਰ ਕਰਨੀ ਹੈ।***

*(ਅਗਲੇ ਸਫਾ 24 ਉਤੇ)*

# ਅਜਮੇਰ ਸਿੰਘ ਦੇ ਚਿੰਤਨ ਦੀਆਂ ਉਲਝਣਾਂ

ਸ. ਅਜਮੇਰ ਸਿੰਘ ਦੀ ਯਾਦਵਿੰਦਰ ਸਿੰਘ ਕਰਫਿਊ ਨਾਲ ਹੋਈ ਗੱਲਬਾਤ ਨੇ ਖਾਲਿਸਤਾਨੀ ਲਹਿਰ ਦੇ ਹਮਾਇਤੀਆਂ ਵਿਚ ਬੜੀ ਗੰਭੀਰ ਚਰਚਾ ਛੇੜੀ ਹੈ। ਹੁਣ ਤਕ ਉਨ੍ਹਾਂ ਦੇ ਹਮਾਇਤੀਆਂ ਵਿਚ ਸ਼ੁਮਾਰ ਕੁਝ ਖਾਲਿਸਤਾਨੀ ਬੁਧੀਜੀਵੀਆਂ ਨੇ ਉਨ੍ਹਾਂ ਦੇ ਵਿਰੋਧ ਵਿਚ ਅਤੇ ਕੁਝ ਨੇ ਹਮਾਇਤ ਵਿਚ ਮੁਹਿੰਮ ਵਿਢੀ ਹੋਈ ਹੈ। ਇਸ ਬਹਿਸ ਬਾਰੇ ਪੰਜਾਬ ਅਤੇ ਪੰਜਾਬ ਤੋਂ ਬਾਹਰਲੀਆਂ ਅਖਬਾਰਾਂ ਤੋਂ ਇਲਾਵਾ 'ਸੋਸ਼ਲ ਮੀਡੀਆ' ਉਤੇ ਵੀ ਚਰਚਾ ਛਿੜੀ ਹੋਈ ਹੈ। ਅਜਮੇਰ ਸਿੰਘ ਦੇ ਇਸ ਕਥਨ ਨੇ ਖਾਲਿਸਤਾਨੀ ਧਿਰਾਂ ਨੂੰ ਵਧ ਝੰਜੋੜਿਆ ਹੈ ਕਿ ਖਾਲਿਸਤਾਨੀ ਅਤੇ ਖੱਬੇ ਪੱਖੀ ਇਕੋ ਸਿੱਕੇ ਦੇ ਦੋ ਪਾਸੇ ਹਨ ਅਤੇ ਇਨ੍ਹਾਂ ਦੋਹਾਂ ਵਲੋਂ ਪੰਜਾਬ ਨੂੰ ਕੋਈ ਬਦਲਵਾਂ ਰਾਜਪ੍ਰਬੰਧ ਦੇਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।



ਗੁਰਬਚਨ ਸਿੰਘ

ਯਾਦਵਿੰਦਰ ਸਿੰਘ ਦੇ ਇਹ ਪੁਛਣ ਉਤੇ ਕਿ "ਖਾਲਿਸਤਾਨੀ ਧਿਰਾਂ ਵੀ ਉਹੀ ਗੱਲਾਂ ਰਪੀਟ ਕਰ ਰਹੀਆਂ ਨੇ..." ਅਜਮੇਰ ਸਿੰਘ ਦਾ ਜੁਆਬ ਸੀ, "ਬਿਲਕੁਲ! ਖਾਲਿਸਤਾਨੀ ਤਾਂ ਕਾਫੀ ਹੱਦ ਤਕ ਬਹੁਤ ਡਿਸਗਸਟਿੰਗ ਹੱਦ ਤਕ; ਉਦਾਂ ਤਾਂ ਲੈਫਟ ਤੇ ਖਾਲਿਸਤਾਨੀ, ਇਹ ਇਕੋ ਸਿਕੇ ਦੇ ਦੋ ਪਾਸੇ ਆ...!" ਯਾਦਵਿੰਦਰ ਸਿੰਘ ਦੇ ਇਹ ਕਹਿਣ ਉਤੇ ਕਿ "ਗਾਲ੍ਹਾਂ ਬਹੁਤ ਕੱਢਦੇ", ਅੱਗਿਉਂ ਅਜਮੇਰ ਸਿੰਘ ਦਾ ਜੁਆਬ ਸੀ, "ਇਹ ਸੰਤਾਪ ਹੈ ਪੰਜਾਬ ਦੀ ਪੋਲਿਟਿਕਸ ਦਾ, ਪਰ ਇਹ ਟੋਟਲ ਰੱਦ ਹੋਣੇ ਚਾਹੀਦੇ ਹਨ, ਦੋਨੋਂ; ਤੇ ਕੋਈ ਇਹੋ ਜਿਹੀ ਨਵੀਂ ਗੱਲ ਉਭਰਨੀ ਚਾਹੀਦੀ ਹੈ, ਜਿਹਦੇ ਨਾਲ ਪੰਥ ਤੇ ਪੰਜਾਬ ਵਸ ਸਕੇ, ਇਕੱਲਾ ਪੰਥ ਤੇ ਪੰਜਾਬ ਦੀ ਗੱਲ ਨਹੀਂ।"... "ਮੇਰੀ ਅੱਜ ਦੀ ਹਾਲਤ ਹੈ, ਅੱਜ ਲਹਿਰ ਨਾਲ ਜੁੜੇ ਹੋਏ ਬੰਦੇ ਉਨ੍ਹਾਂ ਨਾਲ ਸ਼ਾਇਦ ਮੈਂ ਦੋ ਮਿੰਟ ਵੀ ਨਾ ਬੈਠ ਸਕਾਂ, ਜਿਹੜੀ ਲਹਿਰ ਦੇ ਨਾਲ ਮੈਂ ਚਲਿਆ ਸੀ, ਨਾ ਲੈਫਟ ਨਾ ਖਾਲਿਸਤਾਨੀ।"

ਕਰਮਜੀਤ ਸਿੰਘ ਨੇ ਅਜਮੇਰ ਸਿੰਘ ਦੀ ਇਸ ਸਾਰੀ ਗੱਲਬਾਤ ਨੂੰ 'ਭੰਬਲਭੂਸੇ ਦੀ ਦਸਤਾਵੇਜ਼' ਅਤੇ 'ਵਿਚਾਰਧਾਰਕ ਧੁੰਦ ਦਾ ਐਲਾਨਨਾਮਾ' ਕਰਾਰ ਦਿੰਦਿਆਂ ਇਸ ਬਾਰੇ ਤਫਸੀਲ ਵਿਚ ਚਰਚਾ ਕੀਤੀ ਹੈ, ਪਰ ਅਜਮੇਰ ਸਿੰਘ ਦੀ ਇਸ ਗੱਲਬਾਤ ਨੂੰ ਕੁਝ ਬੁਰਾ ਭਲਾ ਕਹਿਣ ਦੀ ਬਜਾਇ, ਉਨ੍ਹਾਂ ਦੇ ਇਸ ਕਥਨ ਨੂੰ ਜੀ ਆਇਆਂ ਕਹਿਣਾ ਬਣਦਾ ਹੈ, ਕਿ "ਅੱਜ ਮੈਂ ਕਹਾਂ ਮੇਰੇ ਕੋਲ ਘੜਿਆ ਘੜਾਇਆ ਕੋਈ ਜੁਆਬ ਹੈ, ਇਹ ਨਹੀਂ।" ਉਨ੍ਹਾਂ ਦੇ ਇਸ ਕਥਨ ਤੋਂ ਸਪਸ਼ਟ ਹੈ ਕਿ ਅਜਮੇਰ ਸਿੰਘ ਨੇ ਆਪਣੀ ਬੌਧਿਕ ਸਮਰੱਥਾ ਨਾਲ ਖਾਲਿਸਤਾਨੀਆਂ ਨੂੰ ਜਿਥੇ ਪੁਚਾਉਣਾ ਸੀ, ਉਥੇ ਪੁਚਾ ਦਿਤਾ ਹੈ। ਅਗੇ ਹੁਣ ਹੋਰਨਾਂ ਖਾਲਿਸਤਾਨੀ ਚਿੰਤਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਗਲਾ ਰਸਤਾ ਤਲਾਸ਼ ਕਰਨ। ਸੁਹਿਰਦ ਸਿੱਖ ਚਿੰਤਕਾਂ ਨੂੰ ਇਹ ਜ਼ਿੰਮੇਵਾਰੀ ਕਬੂਲ ਕਰਨੀ ਚਾਹੀਦੀ ਹੈ।

ਅਜਮੇਰ ਸਿੰਘ ਦੀ ਇਸ ਗੱਲਬਾਤ ਦੇ ਪ੍ਰਤੀਕਰਮ ਵਿਚ ਖਾਲਿਸਤਾਨੀ ਧਿਰਾਂ ਵਲੋਂ ਪ੍ਰਗਟਾਏ ਜਾ ਰਹੇ ਅੱਡ-ਅੱਡ ਵਿਚਾਰਾਂ ਕਾਰਨ ਜਿਸ ਕਿਸਮ ਦਾ ਇਕ ਦੂਜੇ ਪ੍ਰਤੀ ਕੁੜਿਤਣ ਦਾ ਮਾਹੌਲ ਬਣਿਆ ਹੋਇਆ ਹੈ, ਉਸ ਤੋਂ ਬਚਣ ਲਈ ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਅਜਮੇਰ ਸਿੰਘ ਦਾ ਜਾਤੀ ਵਿਰੋਧੀ ਨਹੀਂ, ਸਗੋਂ ਢਾਈ-ਤਿੰਨ ਦਹਾਕੇ ਦੇ ਕਰੀਬ ਉਨ੍ਹਾਂ ਦੀ ਬੌਧਿਕ ਸਮਰੱਥਾ ਦਾ ਕਦਰਦਾਨ ਰਿਹਾ ਹਾਂ। ਕਰੀਬ 10-12 ਸਾਲ ਉਨ੍ਹਾਂ ਦੀ ਅਗਵਾਈ ਵਿਚ ਕੰਮ ਕੀਤਾ ਹੈ। ਉਸ ਦੌਰ ਵਿਚ ਉਨ੍ਹਾਂ ਦੇ ਨਾਲ ਕੰਮ ਕਰਨ ਦੀਆਂ ਕੀ ਅਰਥ ਸੰਭਾਵਨਾਵਾਂ ਸਨ, ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਉਦੋਂ ਕਰੀਬ ਅਠ ਸਾਲ ਉਨ੍ਹਾਂ ਦੀ ਅਗਵਾਈ ਹੇਠਲੀ ਜਥੇਬੰਦੀ ਦੇ ਪਰਚੇ 'ਜਨਤਕ ਪੈਗਾਮ' ਦੀ ਸੰਪਾਦਨਾ ਤੋਂ ਲੈ ਕੇ ਛਪਵਾਉਣ, ਤੇ ਫਿਰ ਇਸ ਨੂੰ ਵੰਡਣ ਤੱਕ ਦਾ ਸਾਥ ਦਿਤਾ ਹੈ। ਇਹ ਉਦੋਂ ਦੀ ਗੱਲ ਹੈ, ਜਦੋਂ ਇਜ਼ਹਾਰ ਆਲਮ ਖਾਨ ਦੇ ਦੌਰ ਸਮੇਂ ਅੰਮ੍ਰਿਤਸਰ 'ਚ ਪਰਚੇ 'ਤੇ 16 ਐਫ.ਆਈ.ਆਰ. ਦਰਜ ਸਨ ਤੇ ਜਲੰਧਰ ਦੀਆਂ ਛੋਟੀਆਂ-ਵੱਡੀਆਂ ਪ੍ਰੈਸਾਂ ਦੁਆਲੇ ਸੀ.ਆਈ.ਡੀ. ਹਰਲ-ਹਰਲ ਕਰਦੀ ਫਿਰਦੀ ਸੀ ਕਿ 'ਜਨਤਕ ਪੈਗਾਮ' ਕਿਥੇ ਛਪਦਾ ਹੈ?

ਮੈਂ ਅਜਮੇਰ ਸਿੰਘ ਦੀ ਪਹਿਲੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (ਇਕ ਗੁਲਾਮੀ ਤੋਂ ਦੂਜੀ ਗੁਲਾਮੀ ਤਕ) ਨਾ ਸਿਰਫ 'ਦੇਸ ਪੰਜਾਬ' ਵਿਚ ਲੜੀਵਾਰ ਛਾਪ ਕੇ ਪਰਦੇਸਾਂ ਤਕ ਇਸ ਦਾ ਪ੍ਰਚਾਰ ਕੀਤਾ, ਸਗੋਂ ਇਸ ਦੇ ਪਰੂਫ ਪੜ੍ਹਨ ਤੋਂ ਲੈ ਕੇ ਇਸ ਨੂੰ ਅੰਤਿਮ ਰੂਪ ਦੇਣ ਤਕ, ਉਨ੍ਹਾਂ ਦਾ ਸਾਥ ਦਿਤਾ। ਇਸ ਦੀ ਪੁਸ਼ਟੀ ਕਿਤਾਬ ਦੀ ਪਹਿਲੀ ਕਾਪੀ ਉਤੇ (12 ਜਨਵਰੀ 2003) ਅਜਮੇਰ ਸਿੰਘ ਦੇ ਆਪਣੇ ਹੱਥੀਂ ਲਿਖੇ ਇਹ ਸ਼ਬਦ ਹਨ, "ਬਹੁਤ ਹੀ ਸਨੇਹ ਤੇ ਸ਼ੁਕਰਾਨੇ ਨਾਲ ਸ. ਗੁਰਬਚਨ ਸਿੰਘ ਨੂੰ ਜਿਸ ਵਲੋਂ ਇਸ ਕਿਤਾਬ ਦੇ ਛਪਣ ਕਾਰਜ ਵਿਚ ਪਾਏ ਯੋਗਦਾਨ ਦਾ ਕੋਈ ਵੀ ਮੁਲ ਨਹੀਂ ਮੋੜਿਆ ਜਾ ਸਕਦਾ।"

ਫਿਰ ਜਦੋਂ ਮੈਂ ਮਈ 2011 ਵਿਚ 'ਹਲੇਮੀ ਰਾਜ' ਨਾਂ ਹੇਠ ਪਰਚੇ ਦਾ ਪਹਿਲਾ ਅੰਕ ਜਾਰੀ ਕੀਤਾ, ਤਾਂ ਉਸ ਸਮਾਗਮ ਦੇ ਮੁਖ ਬੁਲਾਰੇ ਉਹ ਸਨ ਅਤੇ ਇਸ ਅੰਕ ਵਿਚ ਉਨ੍ਹਾਂ ਦੀ ਸ਼ਹੀਦ ਭਗਤ ਸਿੰਘ ਬਾਰੇ ਲਿਖਤ ਛਾਪਣ ਦਾ ਮਾਣ ਵੀ ਪ੍ਰਾਪਤ ਕੀਤਾ। ਇਸ ਦੌਰਾਨ ਲਗਾਤਾਰ ਉਨ੍ਹਾਂ ਨਾਲ, ਖਾਲਿਸਤਾਨੀ ਲਹਿਰ ਬਾਰੇ ਬਣੀ ਉਨ੍ਹਾਂ ਦੀ ਸੋਚ ਸਬੰਧੀ ਸੰਵਾਦ ਚਲਾਉਣ ਦਾ ਯਤਨ ਕੀਤਾ, ਪਰ ਹਰ ਵਾਰ ਉਨ੍ਹਾਂ ਦਾ ਇਕੋ ਹੀ ਜਵਾਬ ਸੀ ਕਿ ਤੂੰ ਅਜੇ ਵੀ ਮਾਰਕਸਵਾਦ ਨੂੰ ਫੜੀ ਬੈਠਾ ਹੈਂ।

ਉਸ ਤੋਂ ਬਾਅਦ ਹੀ ਮੈਂ ਉਨ੍ਹਾਂ ਦੀਆਂ ਲਿਖਤਾਂ ਬਾਰੇ ਲਿਖਣਾ ਸ਼ੁਰੂ ਕੀਤਾ, ਕਿਉਂਕਿ ਉਨ੍ਹਾਂ ਦੇ ਇਹ ਵਿਚਾਰ ਨਾ ਸਿਰਫ ਖਾਲਿਸਤਾਨੀ ਲਹਿਰ ਨੂੰ ਉਲਟੇ ਰੁਖ ਪ੍ਰਭਾਵਿਤ ਕਰ ਰਹੇ ਸਨ, ਸਗੋਂ ਇਹ ਪੰਜਾਬ ਦੇ ਰਾਜਨੀਤਕ ਮਾਹੌਲ ਵਿਚ ਭੰਬਲਭੂਸਾ ਪੈਦਾ ਕਰ ਰਹੇ ਸਨ। ਇਹ ਲਿਖਤਾਂ ਕੈਨੇਡਾ ਅਤੇ ਅਮਰੀਕਾ ਦੀਆਂ ਇੰਟਰਨੈਟ ਉਤੇ ਛਪਦੀਆਂ ਅਖਬਾਰਾਂ ਵਿਚ ਨਸ਼ਰ ਹੁੰਦੀਆਂ ਰਹੀਆਂ, ਜਿਨ੍ਹਾਂ ਨੂੰ ਮੈਂ ਬਾਅਦ ਵਿਚ ਰੂਪ ਵਿਚ ਜੂਨ 2012 ਵਿਚ ਛਪੀ ਆਪਣੀ ਕਿਤਾਬ 'ਸੰਤ ਭਿੰਡਰਾਂਵਾਲੇ ਤੇ ਖਾਲਿਸਤਾਨੀ ਲਹਿਰ' (ਸਬਦੁ ਗੁਰੂ-ਹਲੇਮੀ ਰਾਜ-ਬੇਗਮਪੁਰਾ) ਅੰਦਰ ਦਰਜ ਕੀਤਾ ਹੈ। ਮੈਂ ਆਪਣੀਆਂ ਇਨ੍ਹਾਂ ਲਿਖਤਾਂ ਵਿਚ ਅਜਮੇਰ ਸਿੰਘ ਦੇ ਚਿੰਤਨ ਸੰਸਾਰ ਦੀਆਂ ਕੁਝ ਸੀਮਾਵਾਂ ਦੀ ਨਿਸ਼ਾਨਦੇਹੀ ਕਰਦਿਆਂ ਦੱਸਿਆ ਹੈ ਕਿ ਅਜਮੇਰ ਸਿੰਘ ਦੇ ਸੋਚ-ਪ੍ਰਬੰਧ ਦੀ ਘਾਟ ਇਹੀ ਹੈ ਕਿ ਉਹ ਆਪਣੇ ਸਾਹਮਣੇ ਵਾਪਰ ਰਹੇ ਅੱਡ-ਅੱਡ ਵਰਤਾਰਿਆਂ ਨੂੰ ਸਿਰਫ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਵਾਪਰਦਾ ਵੇਖਦੇ ਹਨ, ਇਸ ਲਈ ਉਹ ਇਨ੍ਹਾਂ ਵਰਤਾਰਿਆਂ ਪਿਛੇ ਕੰਮ ਕਰਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਤੋਂ ਊਣੇ ਰਹਿ ਜਾਂਦੇ ਹਨ। ਇਸੇ ਕਰ ਕੇ ਉਹ ਕੋਈ ਵਿਚਾਰ ਇਥੋਂ ਤੇ ਕੋਈ ਵਿਚਾਰ ਉਥੋਂ ਚੁਗਦੇ ਹੋਏ, ਹਮੇਸ਼ਾ 'ਆਪਣੇ ਵਿਚਾਰਾਂ 'ਤੇ ਲਗਾਤਾਰ ਪਹਿਰਾ ਦੇਣ ਦੀ ਥਾਂ ਅਗਾਂਹ ਨਿਕਲ ਜਾਂਦੇ ਹਨ।' ਇਹ ਵਿਚਾਰ ਮੈਂ ਅਜਮੇਰ ਸਿੰਘ ਪ੍ਰਤੀ ਕਿਸੇ ਮੰਦਭਾਵਨਾ ਵਿਚੋਂ ਨਹੀਂ ਸਨ ਦਿਤੇ, ਸਗੋਂ ਉਨ੍ਹਾਂ ਦੀ ਸਮੁਚੀ ਸੋਚ ਦੀ ਘਾਟ ਉਤੇ ਉਂਗਲ ਰੱਖਣ ਦੀ ਕੋਸ਼ਿਸ਼ ਹੀ ਕੀਤੀ ਸੀ।

ਮੈਂ ਇਹ ਵੀ ਲਿਖਿਆ ਸੀ ਕਿ ਇਤਿਹਾਸ ਕਿਸੇ ਮਨੁਖ ਜਾਂ ਭਾਈਚਾਰੇ ਨੂੰ ਕਿਸੇ ਆਦਰਸ਼ ਵਾਸਤੇ ਲੜ ਮਰਨ ਦੀ ਪ੍ਰੇਰਨਾ ਜ਼ਰੂਰ ਦੇ ਸਕਦਾ ਹੈ, ਪਰ ਇਤਿਹਾਸ ਕਿਸੇ ਮਨੁਖ ਜਾਂ ਭਾਈਚਾਰੇ ਨੂੰ ਭਵਿਖ ਦੀ ਦਿਸ਼ਾ ਨਹੀਂ ਵਿਖਾ ਸਕਦਾ। ਇਹ ਦਿਸ਼ਾ ਵਿਖਾਉਣ ਦਾ ਕੰਮ ਫਿਲਾਸਫੀ ਕਰਦੀ ਹੈ, ਕਿਉਂਕਿ ਫਿਲਾਸਫੀ ਆਪਣੇ ਤੋਂ ਪਹਿਲੀ ਸਮੂਚੀ ਮਨੁਖ ਜਾਤੀ ਦੇ ਆਪਣੇ ਅਮਲ ਵਿਚ ਹੰਢਾਏ ਤਜਰਬਿਆਂ ਦਾ ਸਿਆਣਪ ਦੇ ਰੂਪ ਵਿਚ ਨਿਕਲਿਆ ਤਤਸਾਰ ਹੁੰਦੀ ਹੈ। ਫਿਲਾਸਫੀ ਹੀ ਕਿਸੇ ਮਨੁਖ ਦੇ ਸੋਚ-ਪ੍ਰਬੰਧ ਨੂੰ ਬੱਝਵਾਂ ਰੂਪ ਦਿੰਦੀ ਹੈ ਤੇ ਉਹ ਕੁਦਰਤ ਤੇ ਸਮਾਜ ਵਿਚ ਵਾਪਰਦੇ ਅੱਡ-ਅੱਡ ਵਰਤਾਰਿਆਂ ਨੂੰ ਇਕ-ਦੂਜੇ ਦੇ ਪ੍ਰਸੰਗ ਵਿਚ ਰਖ ਕੇ ਵੇਖ ਸਕਦਾ ਹੈ। ਫਿਲਾਸਫੀ ਹੀ ਕਿਸੇ ਮਨੁਖ ਨੂੰ ਦਸਦੀ ਹੈ ਕਿ 'ਬ੍ਰਹਮ' ਤੋਂ ਬ੍ਰਹਿਮੰਡ ਕਿਵੇਂ ਬਣਿਆ ਤੇ 'ਜੋ ਬ੍ਰਹਮੰਡੇ ਸੋਈ ਪਿੰਡੇ' ਤੋਂ ਕੀ ਭਾਵ ਹੈ। ਇਸ ਪਿੰਡੇ ਤੋਂ ਪਿੰਡ ਕਿਵੇਂ ਹੋਂਦ ਵਿਚ ਆਇਆ। 'ਬ੍ਰਹਮ' ਦੇ ਗਿਆਨ ਨਾਲ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਦਾ ਜਜ਼ਬਾ ਕਿਵੇਂ ਪੈਦਾ ਹੁੰਦਾ ਹੈ। ਇਹ ਫਿਲਾਸਫੀ ਹੀ ਵਿਚਾਰਧਾਰਾ ਦਾ ਮੂਲ ਆਧਾਰ ਹੁੰਦੀ ਹੈ, ਜਿਹੜੀ ਸਬਦੁ ਨੂੰ ਥਿਰਤਾ ਬਖਸ਼ਦੀ ਹੈ। ਸ਼ਬਦ ਮਹਿਜ਼ ਅਖਰ ਨਹੀਂ ਹੁੰਦੇ, ਸਗੋਂ ਹਰੇਕ ਸ਼ਬਦ ਵਿਚ ਇਕ ਪੂਰਾ-ਸੂਰਾ ਸੰਕਲਪ ਮੌਜੂਦ ਹੁੰਦਾ ਹੈ। ਬ੍ਰਹਮ, ਬ੍ਰਹਿਮੰਡ, ਆਜ਼ਾਦੀ, ਮੁਕਤੀ, ਕਰਤਾ, ਹਰਿ, ਰੂਹਾਨੀਅਤ, ਇਨਕਲਾਬ ਮਹਿਜ਼ ਸ਼ਬਦ ਨਹੀਂ ਹਨ, ਬਲਕਿ ਪੂਰੇ-ਸੂਰੇ ਸੰਕਲਪ ਹਨ ਤੇ ਇਨ੍ਹਾਂ ਸੰਕਲਪਾਂ ਵਿਚਲੇ ਗਿਆਨ ਦਾ ਵਿਕਾਸ ਕਿਵੇਂ ਹੋਇਆ, ਇਸ ਦੀ ਜਾਣਕਾਰੀ ਸਿਰਫ ਫਿਲਾਸਫੀ ਹੀ ਦੇ ਸਕਦੀ ਹੈ।

ਇਸ ਗੱਲਬਾਤ ਵਿਚ ਉਨ੍ਹਾਂ ਦੀ 'ਵਿਚਾਰਧਾਰਾ' ਬਾਰੇ ਕੀਤੀ ਟਿੱਪਣੀ ਨੇ ਮੇਰੇ ਉਕਤ ਨਿਰਣੇ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੇ ਕਥਨ ਅਨੁਸਾਰ, "ਸਾਰੀਆਂ ਪ੍ਰੋਬਲਮਜ਼ ਆਇਡੋਲੋਜੀ ਦੀਆਂ ਹਨ, ਜਿੰਨੇ ਵਡੇ ਕਤਲੇਆਮ ਹੋਏ, ਜਿੰਨੀਆਂ ਵਿਨਾਸ਼ਕਾਰੀ ਗੱਲਾਂ ਵਾਪਰੀਆਂ ਨੇ, ਉਹ ਆਇਡੋਲੋਜੀ ਕਰ ਕੇ ਹੈ। ਆਇਡੋਲੋਜੀ ਕੀ ਹੈ? ਆਈਡੀਆ ਕੀ ਹੈ, ਇਕ ਇਮੈਜੀਨੇਸ਼ਨ ਹੈ ਨਾ, ਨਥਿੰਗ ਕੰਕਰੀਟ, ਮੈਂ ਕੇਜਰੀਵਾਲ ਬਾਰੇ ਵਿਊ ਬਣਾ ਲਿਆ, ਉਹ ਮੇਰਾ ਵਿਊ ਹੀ ਹੈ, ਮੈਂ ਉਸ ਨੂੰ ਦਿਖਾ ਨਹੀਂ ਸਕਦਾ, ਸੋ ਇਟਸ ਇਮੈਜੀਨੇਸ਼ਨ। ਔਰ ਜੋ ਆਇਡੋਲੋਜੀ ਇਟਸ ਆ ਆਰਗੇਨਾਇਜ਼ਡ ਇਮੈਜੀਨੇਸ਼ਨ, ਉਹਦਾ ਰਿਐਲਿਟੀ ਨਾਲ ਨਹੀਂ ਸੰਬੰਧ ਹੁੰਦਾ ਤੇ ਜਿੰਨੀ ਤੁਹਾਡੀ ਡੀਪਰ ਜਾਂ ਕੱਟੜ ਕਮਿਟਮੈਂਟ ਹੋਊਗੀ, ਉਸੇ ਆਇਡੋਲੋਜੀ ਨਾਲ ਓਨਾ ਤੁਸੀਂ ਰਿਐਲਿਟੀ ਤੋਂ ਦੂਰ ਜਾਓਗੇ, ਅੱਜ ਲੈਫਟ ਜਿਹੜਾ ਖਾਲਿਸਤਾਨੀ।"

ਵਿਚਾਰਧਾਰਾ ਦਾ ਇਹ 'ਭੰਬਲਭੂਸਾ' ਜਾਂ 'ਧੁੰਦ' ਕੀ ਹੈ, ਜਿੰਨਾ ਚਿਰ ਇਹ ਸਪਸ਼ਟ ਨਹੀਂ ਹੁੰਦਾ, ਓਨਾ ਚਿਰ ਇਹ ਗੱਲ ਸਮਝ ਨਹੀਂ ਆ ਸਕਦੀ ਕਿ ਅਜਮੇਰ ਸਿੰਘ ਦੀ ਸੋਚ ਵਿਚ ਗੜਬੜ ਕਿਥੇ ਹੈ? ਇਸ ਇਕ ਨੁਕਤੇ ਵਿਚ ਅਜਮੇਰ ਸਿੰਘ ਨੇ ਆਪਣੀ ਸਾਰੀ ਵਿਚਾਰਧਾਰਕ 'ਧੁੰਦ' ਨੂੰ ਨਸ਼ਰ ਕਰ ਦਿਤਾ ਹੈ। ਜੇ ਹੁਣ ਉਹ ਇਥੇ ਆ ਕੇ ਵਿਚਾਰਧਾਰਾ ਦੀ ਹੋਂਦ ਉਤੇ ਹੀ ਸੁਆਲੀਆ ਚਿਨ੍ਹ ਲਾਉਂਦੇ ਹਨ, ਤਾਂ ਫਿਰ ਇਹ ਸੋਖਿਆਂ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਹੁਣ ਤਕ ਉਹ ਕੀ ਲਿਖਦੇ ਰਹੇ ਹਨ? ਕਿਉਂਕਿ ਵਿਚਾਰ ਤੋਂ ਬਿਨਾ ਕੋਈ ਮਨੁਖ, ਮਨੁਖ ਹੀ ਨਹੀਂ ਤੇ ਕਿਸੇ ਵਿਚਾਰਧਾਰਾ ਤੋਂ ਬਿਨਾ ਕੋਈ ਲਹਿਰ ਆਪਣੀ ਹੋਂਦ ਅਖਤਿਆਰ ਨਹੀਂ ਕਰਦੀ। ਵਿਚਾਰਧਾਰਾ ਹੋਰ ਕੁਝ ਨਹੀਂ, ਸਗੋਂ ਆਪਣੇ ਤੋਂ ਪਹਿਲੀਆਂ ਪੀੜ੍ਹੀਆਂ ਵਲੋਂ ਆਪਣੇ ਅਨੁਭਵੀ ਅਮਲ ਵਿਚ ਹੰਢਾਈ ਗਈ ਸਿਆਣਪ ਦਾ ਨਿਕਲਿਆ ਤਤ ਹੁੰਦੀ ਹੈ। ਇਹੀ ਗੱਲ ਗੁਰਮਤਿ ਨੇ ਕਹੀ ਹੈ ਅਤੇ ਇਸੇ ਧਾਰਨਾ ਦੀ ਮਾਰਕਸ ਤੇ ਮਾਓ ਜ਼ੇ ਤੁੰਗ ਨੇ ਪੁਸ਼ਟੀ ਕੀਤੀ ਹੈ। ਗੁਰਮਤਿ ਜਦੋਂ ਇਹ ਐਲਾਨ ਕਰਦੀ ਹੈ, ਸਬਦ ਗੁਰੂ ਸੁਰਤਿ ਧੁਨਿ ਚੇਲਾ, ਤਾਂ ਉਹ ਇਸ ਧਾਰਨਾ ਦੀ ਵਿਆਖਿਆ ਹੀ ਕਰ ਰਹੀ ਹੈ। ਮਨੁਖ ਦੀ ਸੁਰਤਿ ਭਾਵ ਮਨ ਚੇਲਾ ਹੈ ਅਤੇ ਸ਼ਬਦ ਗੁਰੂ ਹੈ। ਇਸੇ ਸ਼ਬਦ ਰਾਹੀਂ ਗੁਰੂ ਆਪਣੇ ਆਤਮਿਕ ਗਿਆਨ ਦਾ ਮਨੁਖੀ ਮਨ ਵਿਚ ਸੰਚਾਰ ਕਰਦਾ ਹੈ। ਉਸ ਨੂੰ ਮਨੁਖੀ ਸੋਚ ਦਾ ਅੰਗ ਬਣਾਉਂਦਾ ਹੈ:

ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥
ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥
ਸਬਦੇ ਨਾਮੁ ਰਖੈ ਉਰਿ ਧਾਰਿ॥
ਸਬਦੇ ਗਤਿ ਮਤਿ ਮੋਖ ਦੁਆਰੁ॥
(ਪੰਨਾ 1342)

ਇਸ ਜਗਤ ਵਿਚ ਸਬਦੁ ਹੀ ਸਮੁਚੀ ਕਰਨੀ ਦਾ ਤਤ ਹੈ। ਭਾਵ ਮਨੁਖੀ ਕਿਰਤ ਰਾਹੀਂ ਹੋਏ ਅਨੁਭਵੀ ਵਿਕਾਸ ਨੂੰ ਸ਼ਬਦਾਂ ਰਾਹੀਂ ਹੀ ਸੰਭਾਲਿਆ ਜਾ ਸਕਦਾ ਹੈ। ਸ਼ਬਦੀ ਗਿਆਨ ਤੋਂ ਬਿਨਾ ਹੋਰ ਸਾਰਾ ਕੁਝ ਝੂਠੇ ਮੋਹ ਦਾ ਗੁਬਾਰ ਕੱਢਣ ਵਾਂਗ ਹੈ। ਮਨੁਖ ਸ਼ਬਦੀ ਗਿਆਨ ਰਾਹੀਂ ਹੀ ਆਪਣੇ ਹਿਰਦੇ ਭਾਵ ਮਨ ਵਿਚ ਅੱਡ-ਅੱਡ ਵਸਤੂਆਂ ਤੇ ਵਰਤਾਰਿਆਂ ਦੇ ਅੱਡ-ਅੱਡ ਨਾਂ ਰਖਦਾ ਹੈ। ਸ਼ਬਦੀ ਗਿਆਨ ਨਾਲ ਹੀ ਮਨੁਖ ਆਪਣੀ ਕੁਦਰਤੀ ਹੋਂਦ ਪਛਾਣਦਾ ਹੈ ਅਤੇ ਸ਼ਬਦੀ ਗਿਆਨ ਨਾਲ ਹੀ ਬੰਦੇ ਦੀ ਮਤਿ ਭਾਵ ਸੂਝ ਬਣਦੀ ਹੈ। ਸ਼ਬਦੀ ਗਿਆਨ ਨਾਲ ਹੀ ਮੁਕਤੀ ਦਾ ਰਾਹ ਮਿਲਦਾ ਹੈ:

ਸਬਦੁ ਸੂਝੈ ਤਾ ਮਨ ਸਿਉ ਲੂਝੈ
ਮਨਸਾ ਮਾਰਿ ਸਮਾਵਣਿਆ॥ ਰਹਾਉ॥
(ਪੰਨਾ 113)

ਸਬਦੁ ਦੀ ਸੂਝ ਹੋਵੇ ਭਾਵ ਸਬਦੁ ਵਿਚਲੇ ਸੰਕਲਪ ਵਿਚੋਂ ਪ੍ਰਗਟ ਹੁੰਦੇ ਗਿਆਨ ਦੀ ਸਮਝ ਹੋਵੇ ਤਾਂ ਆਪਣੇ ਮਨ ਨਾਲ ਲੜ ਕੇ, ਆਪਣੇ ਮਨ ਨੂੰ ਸਬਦੁ ਵਿਚ ਦਰਜ ਆਤਮਿਕ ਗਿਆਨ ਦੇ ਤਰਕ ਰਾਹੀਂ ਸਮਝਾ ਕੇ, ਆਪਣੀਆਂ ਕਾਮਨਾਵਾਂ ਭਾਵ ਗੈਰ-ਕੁਦਰਤੀ ਇਛਾਵਾਂ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ:

ਉਤਪਤਿ ਪਰਲਉ ਸਬਦੇ ਹੋਵੈ॥
ਸਬਦੇ ਹੀ ਫਿਰਿ ਓਪਤਿ ਹੋਵੈ॥
(ਪੰਨਾ 117)

ਸ਼ਬਦ ਰਾਹੀਂ ਪ੍ਰਗਟ ਹੋਇਆ ਗਿਆਨ ਹੀ ਜੀਵਨ ਦੀ ਉਤਪਤੀ, ਪਰਲੋ ਤੇ ਮੁੜ ਜੀਵਨ ਦੇ ਪੈਦਾ ਹੋਣ ਦੀ ਇਤਿਹਾਸਕ ਜਾਣਕਾਰੀ ਦਿੰਦਾ ਹੈ। ਇਸ ਆਤਮਿਕ ਗਿਆਨ ਤੋਂ ਹੀ ਇਨ੍ਹਾਂ ਵਰਤਾਰਿਆਂ ਦੀ ਸੂਝ ਪੈਦਾ ਹੁੰਦੀ ਹੈ। ਭਾਵ ਸਬਦੁ ਰਾਹੀਂ ਹੀ ਸਮੁਚੀ ਮਨੁਖੀ ਸੂਝ ਪ੍ਰਗਟ ਹੁੰਦੀ ਹੈ, ਜੋ ਵਿਚਾਰਧਾਰਾ ਦਾ ਰੂਪ ਧਾਰਦੀ ਹੈ:

ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥
(ਪੰਨਾ 124)

*ਅਜਮੇਰ ਸਿੰਘ ਨੇ ਆਪਣੀ ਸਾਰੀ ਵਿਚਾਰਧਾਰਕ 'ਧੁੰਦ' ਨੂੰ ਨਸ਼ਰ ਕਰ ਦਿਤਾ ਹੈ। ਜੇ ਹੁਣ ਉਹ ਇਥੇ ਆ ਕੇ ਵਿਚਾਰਧਾਰਾ ਦੀ ਹੋਂਦ ਉਤੇ ਹੀ ਸੁਆਲੀਆ ਚਿਨ੍ਹ ਲਾਉਂਦੇ ਹਨ, ਤਾਂ ਫਿਰ ਇਹ ਸੋਖਿਆਂ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਹੁਣ ਤਕ ਉਹ ਕੀ ਲਿਖਦੇ ਰਹੇ ਹਨ? ਕਿਉਂਕਿ ਵਿਚਾਰ ਤੋਂ ਬਿਨਾ ਕੋਈ ਮਨੁਖ, ਮਨੁਖ ਹੀ ਨਹੀਂ ਤੇ ਕਿਸੇ ਵਿਚਾਰਧਾਰਾ ਤੋਂ ਬਿਨਾ ਕੋਈ ਲਹਿਰ ਆਪਣੀ ਹੋਂਦ ਅਖਤਿਆਰ ਨਹੀਂ ਕਰਦੀ। ਵਿਚਾਰਧਾਰਾ ਹੋਰ ਕੁਝ ਨਹੀਂ, ਸਗੋਂ ਆਪਣੇ ਤੋਂ ਪਹਿਲੀਆਂ ਪੀੜ੍ਹੀਆਂ ਵਲੋਂ ਆਪਣੇ ਅਨੁਭਵੀ ਅਮਲ ਵਿਚ ਹੰਢਾਈ ਗਈ ਸਿਆਣਪ ਦਾ ਨਿਕਲਿਆ ਤਤ ਹੁੰਦੀ ਹੈ।*




ਸ਼ਬਦ ਰਾਹੀਂ ਪ੍ਰਗਟ ਹੋਏ ਆਤਮਿਕ ਗਿਆਨ ਤੋਂ ਬਿਨਾ ਮਨੁਖ ਦੇ ਮਨ ਅੰਦਰ ਹਨੇਰਾ ਪਸਰਿਆ ਰਹਿੰਦਾ ਹੈ, ਨਾ ਉਸ ਨੂੰ ਜ਼ਿੰਦਗੀ ਦਾ ਸੱਚ ਲੱਭਦਾ ਹੈ ਅਤੇ ਨਾ ਹੀ ਉਸ ਦਾ ਆਪਣੇ ਬਾਰੇ ਬਣਿਆ ਮੁੜ-ਮੁੜ ਜੰਮਣ-ਮਰਨ ਦਾ ਭਰਮ ਟੁਟਦਾ ਹੈ।

ਗੁਰਮਤਿ ਦਾ ਇਹੀ ਗਿਆਨ ਵਿਚਾਰਧਾਰਾ ਦਾ ਆਧਾਰ ਹੈ। ਇਸ ਲਈ ਮਸਲਾ ਵਿਚਾਰਧਾਰਾ ਨੂੰ ਰੱਦ ਕਰਨ ਦਾ ਨਹੀਂ, ਸਗੋਂ ਠੀਕ ਤੇ ਗਲਤ ਵਿਚ ਨਿਖੇੜਾ ਕਰਨ ਦਾ ਹੈ। ਮਨੁਖ ਜਾਤੀ ਦੇ ਐਨ ਮੁਢ ਤੋਂ ਹੀ ਗਲਤ ਤੇ ਠੀਕ ਵਿਚਾਰਾਂ ਦਾ ਇਕ-ਦੂਜੇ ਦੇ ਵਿਰੁਧ ਸੰਘਰਸ਼ ਚਲਦਾ ਆ ਰਿਹਾ ਹੈ। ਇਹੀ ਟੱਕਰ ਹੁਣ ਵੀ ਚੱਲ ਰਹੀ ਹੈ। ਹੁਣ ਤਕ ਜਿਹੜੀਆ ਵਿਨਾਸ਼ਕਾਰੀ ਗੱਲਾਂ ਵਾਪਰੀਆਂ ਹਨ, ਉਹ ਗਲਤ ਵਿਚਾਰਧਾਰਾ ਕਾਰਨ ਵਾਪਰੀਆਂ ਹਨ। ਸਹੀ ਵਿਚਾਰਧਾਰਾ ਤਾਂ ਮਸਲਿਆਂ ਦਾ ਹੱਲ ਦਸਦੀ ਹੈ। ਇਥੇ ਸੁਆਲ ਪੈਦਾ ਹੋ ਸਕਦਾ ਹੈ ਕਿ ਗਲਤ ਤੇ ਠੀਕ ਵਿਚਾਰਧਾਰਾ ਜਾਂ ਵਿਚਾਰਾਂ ਦਾ ਫੈਸਲਾ ਕਿਵੇਂ ਹੋਵੇ? ਇਹ ਫੈਸਲਾ ਕਰਨ ਦਾ ਢੰਗ ਵੀ ਗੁਰਮਤਿ ਨੇ ਦਸਿਆ ਹੈ। ਹੁਣ ਤਕ ਜਾਣੇ ਹੋਏ ਕੁਦਰਤੀ ਤੇ ਵਿਕਸਿਤ ਹੋਏ ਸਮਾਜੀ ਤੇ ਸਭਿਆਚਾਰਕ ਨੇਮਾਂ ਉਤੇ ਪੂਰੇ ਉਤਰਦੇ ਵਿਚਾਰ ਸਹੀ ਹਨ ਤੇ ਜਿਹੜੇ ਵਿਚਾਰ ਇਨ੍ਹਾਂ ਨੇਮਾਂ ਨਾਲ ਟਕਰਾਉਂਦੇ ਹਨ, ਉਹ ਗਲਤ ਹਨ:

ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ॥ (ਪੰਨਾ ਇਕ)
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
(ਪੰਨਾ 8)

ਗੁਰ ਕਿਰਪਾ ਤੇ ਹੁਕਮੁ ਪਛਾਣੈ॥
ਜੁਗਹ ਜੁਗੰਤਰ ਕੀ ਬਿਧਿ ਜਾਣੈ॥
(ਪੰਨਾ 1027)

ਧਨ ਪਿਰੁ ਏਹਿ ਨ ਆਖੀਅਨਿ
ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ
ਧਨ ਪਿਰੁ ਕਹੀਐ ਸੋਇ॥ (ਪੰਨਾ 788)

ਵਿਚਾਰਧਾਰਾ ਦੇ ਠੀਕ ਜਾਂ ਗਲਤ ਹੋਣ ਦਾ ਇਹੀ ਪੈਮਾਨਾ ਮਾਰਕਸ ਦੀ ਵਿਚਾਰਧਾਰਾ ਅਤੇ ਮਾਓ ਜ਼ੇ ਤੁੰਗ ਦੇ 'ਮਹਾਨ ਕਿਰਤੀ ਸਭਿਆਚਾਰਕ ਇਨਕਲਾਬ' ਨੇ ਨਿਸ਼ਚਿਤ ਕੀਤਾ ਹੈ। ਵਿਚਾਰਧਾਰਾ ਬਾਰੇ ਇੰਨੇ ਹਲਕੇ ਰੂਪ ਵਿਚ ਗੱਲ ਕਰਦਿਆਂ ਜਿਹੜੀ 'ਧੁੰਦ' ਦਾ ਪ੍ਰਗਟਾਵਾ ਅਜਮੇਰ ਸਿੰਘ ਨੇ ਕੀਤਾ ਹੈ, ਉਸ ਬਾਰੇ ਇਥੇ ਏਨੀ ਗੱਲ ਕਹਿਣੀ ਜ਼ਰੂਰੀ ਹੈ ਕਿ ਆਈਡੀਆ ਸ਼ੁਧ 'ਇਮੈਜੀਨੇਸ਼ਨ' ਜਾਂ 'ਨਥਿੰਗ ਕੰਕਰੀਟ' ਨਹੀਂ ਹੁੰਦਾ, ਤੇ ਨਾ ਹੀ 'ਰਿਐਲਿਟੀ' ਤੋਂ ਟੁਟਿਆ ਹੋਇਆ ਹੁੰਦਾ ਹੈ, ਸਗੋਂ ਆਈਡੀਆ ਮਨੁਖ ਦੇ ਆਪਣੇ ਮਨ ਵਿਚ ਰਿਐਲਿਟੀ (ਯਥਾਰਥ) ਦਾ ਬਣਿਆ ਸੰਕਲਪ (ਬਿੰਬ) ਹੁੰਦਾ ਹੈ, ਜਿਹੜਾ ਮਨੁਖ ਦੇ ਆਪਣੇ ਦਿਮਾਗ ਰਾਹੀਂ ਸ਼ਬਦੀ ਰੂਪ ਲੈਂਦਾ ਵਿਚਾਰਧਾਰਾ ਦਾ ਰੂਪ ਧਾਰਦਾ ਹੈ। ਬਸ਼ਰਤੇ ਮਨੁਖ ਆਪਣੇ ਮਨ ਦੀਆਂ ਅੱਖਾਂ ਖੋਲ੍ਹ ਕੇ ਵੇਖਣ ਦੇ ਯੋਗ ਹੋਵੇ:

ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥
(ਪੰਨਾ 115)

"ਮੈਂ ਕੇਜਰੀਵਾਲ ਬਾਰੇ ਵਿਊ ਬਣਾ ਲਿਆ, ਉਹ ਮੇਰਾ ਵਿਊ ਹੀ ਹੈ, ਉਹਨੂੰ ਮੈਂ ਦਿਖਾ ਨਹੀਂ ਸਕਦਾ। ਸੋ ਇਟਸ ਆ ਇਮੈਜੀਨੇਸ਼ਨ।" ਕੇਜਰੀਵਾਲ ਆਈਡੀਆ ਜਾਂ ਕੋਈ 'ਇਮੈਜੀਨੇਸ਼ਨ' ਨਹੀਂ, ਸਗੋਂ ਠੋਸ ਹਕੀਕਤ ਹੈ; ਠੋਸ ਹਕੀਕਤ ਜਿਸ ਨੇ ਨਾ ਸਿਰਫ ਆਉਣ ਵਾਲੇ ਸਮੇਂ ਵਿਚ ਪੰਜਾਬ, ਬਲਕਿ ਸਿੱਖ ਪੰਥ ਦੀ ਹੋਂਦ ਤੇ ਹੋਣੀ ਨੂੰ ਪ੍ਰਭਾਵਿਤ ਕਰਨਾ ਹੈ। ਜਿਹੜਾ ਸੁਚੇਤ ਰੂਪ ਵਿਚ ਆਪਣੇ ਆਲੇ-ਦੁਆਲਿਓਂ ਪ੍ਰਸ਼ਾਂਤ ਭੂਸ਼ਨ, ਜੋਗਿੰਦਰ ਯਾਦਵ, ਮੇਧਾ ਪਾਟੇਕਰ, ਡਾ. ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ ਵਰਗੇ ਲੋਕਾਂ ਨੂੰ ਆਪਣੇ ਤੋਂ ਪਰ੍ਹਾਂ ਧੱਕ ਕੇ ਆਪਣੀ ਇਕੱਲੇ ਦੀ ਚੌਧਰ ਬਣਾਉਣਾ ਚਾਹੁੰਦਾ ਹੈ। ਅਜਮੇਰ ਸਿੰਘ ਫਿਲਾਸਫੀ ਤੇ ਰਾਜਨੀਤੀ ਦੇ ਰਿਸ਼ਤੇ ਤੋਂ ਅਣਜਾਣ ਹੋਣ ਕਰ ਕੇ ਕੇਜਰੀਵਾਲ ਦੇ ਪੰਜਾਬ ਉਤੇ ਪੈਣ ਵਾਲੇ ਪ੍ਰਭਾਵ ਨੂੰ ਛੁਟਿਆ ਰਹੇ ਹਨ। ਉਹ ਖਾਲਿਸਤਾਨੀ ਲਹਿਰ ਬਾਰੇ ਆਪਣੇ ਮਨ ਵਿਚ ਬਣੇ ਸੰਕਲਪ ਟੁੱਟਣ ਕਾਰਨ ਸਭ ਕੁਝ ਨੂੰ ਹੀ ਨਕਾਰਨ ਦੇ ਰਾਹ ਪੈ ਗਏ ਹਨ।

ਅਸਲ ਵਿਚ ਪਿਛਲੇ ਸਾਰੇ ਸਿੱਖ ਸੰਘਰਸ਼ ਦੌਰਾਨ ਪੰਜਾਬ ਵਿਚਲੇ ਕਮਿਊਨਿਸਟਾਂ ਦੇ ਸਿੱਖ ਵਿਰੋਧੀ ਰੋਲ ਅਤੇ ਸਿੱਖ ਮਨਾਂ ਵਿਚ ਉਨ੍ਹਾਂ ਪ੍ਰਤੀ ਭਰੀ ਪਈ ਨਫਰਤ ਕਾਰਨ ਅਜਮੇਰ ਸਿੰਘ ਆਪਣੇ ਕਮਿਊਨਿਸਟ ਪਿਛੋਕੜ ਨੂੰ ਹੀ ਘ੍ਰਿਣਾ ਕਰਨ ਲੱਗ ਪਏ ਹਨ, ਜਿਸ ਦਾ ਪ੍ਰਗਟਾਵਾ ਉਨ੍ਹਾਂ ਨੇ ਇਸ ਗੱਲਬਾਤ ਵਿਚ ਵੀ ਕੀਤਾ ਹੈ। ਚੰਡੀਗੜ੍ਹ ਵਿਚ 4 ਜੂਨ 2016 ਨੂੰ ਹੋਏ ਸੈਮੀਨਾਰ ਵਿਚ ਸ. ਦਲਬੀਰ ਸਿੰਘ ਦੇ ਕਮਿਊਨਿਸਟ ਪਿਛੋਕੜ ਨੂੰ ਛੁਟਿਆਉਣ ਤੇ ਉਨ੍ਹਾਂ ਨੂੰ ਚੁਪ ਕਰਵਾਉਣ ਦਾ ਢੰਗ, ਅਜਮੇਰ ਸਿੰਘ ਦੀ ਇਸੇ ਭਾਵਨਾ ਨੂੰ ਪ੍ਰਗਟ ਕਰਦਾ ਸੀ। ਉਹ ਆਪਣੇ ਪਿਛੋਕੜ ਉਤੇ ਮਾਣ ਕਰਨ ਦੀ ਥਾਂ ਇਸ ਨੂੰ ਆਪਣੇ ਗਲੋਂ ਲਾਹੁਣਾ ਚਾਹੁੰਦੇ ਹਨ, ਜੋ ਅਸੰਭਵ ਹੈ। ਚਾਹੀਦਾ ਤਾਂ ਇਹ ਸੀ ਕਿ ਉਹ ਗਦਰੀ ਬਾਬਿਆਂ ਦੇ ਵਿਰਸੇ ਨੂੰ ਬੁਲੰਦ ਕਰਦਿਆਂ, ਜਿਸ ਉਤੇ ਉਹ ਬਹੁਤ ਮਾਣ ਕਰਦੇ ਹਨ, ਸਿੱਖ ਲਹਿਰ ਤੇ ਕਮਿਊਨਿਸਟ ਲਹਿਰ ਦੀ ਅਮਲ ਵਿਚ ਹੰਢਾਈ ਸਾਂਝ ਨੂੰ ਦੁਬਾਰਾ ਜੀਵਤ ਕਰਦੇ, ਪਰ ਪਹਿਲਾਂ ਉਹ ਸਿੱਖ ਮਨਾਂ ਵਿਚ ਬ੍ਰਾਹਮਣਵਾਦੀ ਰਾਜਨੀਤੀ ਦੇ ਸ਼ਿਕਾਰ ਹਿੰਦੂਆਂ ਦਾ ਨਿਖੇੜਾ ਕੀਤੇ ਬਿਨਾ, ਸਾਰੇ ਹਿੰਦੂਆਂ ਪ੍ਰਤੀ ਅਤੇ ਹੁਣ ਗਦਰੀ ਬਾਬਿਆਂ ਦੇ ਨਾਂ ਉਤੇ ਅਖੌਤੀ ਕਮਿਊਨਿਸਟਾਂ ਦੀ ਥਾਂ, ਸਮੁਚੀ ਕਮਿਊਨਿਸਟ ਲਹਿਰ ਪ੍ਰਤੀ ਨਫਰਤ ਭਰਨ ਤੁਰ ਪਏ ਹਨ।

ਜਿਵੇਂ ਸਿਰਦਾਰ ਕਪੂਰ ਸਿੰਘ ਨੇ ਆਪਣੀ ਲਿਖਤ 'ਸਿੱਖੀ ਤੇ ਕਮਿਊਨਿਜ਼ਮ' ਵਿਚ ਲਿਖਿਆ

**(ਬਾਕੀ ਅਗਲੇ ਸਫੇ 'ਤੇ)**

# ਅਜਮੇਰ ਸਿੰਘ ਦੇ ਚਿੰਤਨ ਦੀਆਂ ਉਲਝਣਾਂ

*(ਪਿਛਲੇ ਸਫੇ ਦੀ ਬਾਕੀ)*

ਹੈ, ਅਸੀਂ (ਅਜਮੇਰ ਸਿੰਘ ਸਮੇਤ) ਗਰੀਬ ਅਕਾਲੀ ਪਰਿਵਾਰਾਂ ਵਿਚ ਪਲੇ ਜਦੋਂ ਕਾਲਜਾਂ ਵਿਚ ਪੜ੍ਹਾਈ ਕਰਨ ਗਏ, ਤਾਂ ਉਸੇ ਵੇਲੇ ਉਭਾਰ ਵਿਚ ਆਈ ਨਕਸਲਬਾੜੀ ਲਹਿਰ ਵੱਲ ਅਸੀਂ ਇਸ ਕਰ ਕੇ ਨਹੀਂ ਸਾਂ ਖਿੱਚੇ ਗਏ ਕਿ ਮਾਰਕਸ ਕੀ ਕਹਿੰਦਾ ਹੈ? ਅਸੀਂ ਇਸ ਲਹਿਰ ਵੱਲ ਸਿਰਫ ਇਸ ਲਈ ਖਿਚੇ ਗਏ ਸਾਂ ਕਿ ਇਸ ਲਹਿਰ ਦਾ ਪ੍ਰੇਰਨਾ ਸ੍ਰੋਤ ਇਨਸਾਨੀਅਤ ਦਾ ਜਜ਼ਬਾ ਸੀ। ਗਰੀਬਾਂ ਤੇ ਅਮੀਰਾਂ ਨੂੰ ਬਰਾਬਰ ਕਰ ਕੇ, ਸਾਰਿਆਂ ਨੂੰ ਚੰਗੀ ਜ਼ਿੰਦਗੀ ਦੇਣ ਦਾ ਸੁਪਨਾ ਸੀ। ਇਸ ਪ੍ਰੇਰਨਾ ਦਾ ਸ੍ਰੋਤ ਸਾਡਾ ਸਿੱਖ ਪਰਿਵਾਰਾਂ ਵਿਚ ਪਲੇ ਹੋਣਾ ਸੀ। ਮਾਰਕਸ ਤਾਂ ਅਸੀਂ ਹੁਣ ਪੜ੍ਹਿਆ ਹੈ, ਜਦੋਂ ਇਹ ਪਤਾ ਕਰਨ ਨਿਕਲੇ ਕਿ ਜਿਸ ਲਹਿਰ ਵਿਚ ਅਸੀਂ ਏਨੀ ਸ਼ਿੱਦਤ ਨਾਲ ਆਏ ਸਾਂ, ਉਹ ਆਪਣੇ ਕਿਆਸੇ ਸਿਟੇ ਕਿਉਂ ਨਹੀਂ ਕੱਢ ਸਕੀ ਅਤੇ ਜਦੋਂ ਮਾਰਕਸ ਦੀ ਫਿਲਾਸਫੀ ਨੂੰ ਪੜ੍ਹਿਆ ਤਾਂ ਪਤਾ ਲੱਗਾ ਕਿ ਕੁਦਰਤ ਤੇ ਮਨੁਖ ਦੇ ਰਿਸ਼ਤੇ ਉਤੇ ਆਧਾਰਤ ਮਾਰਕਸ ਵਲੋਂ ਵਿਕਸਿਤ ਕੀਤੀ ਕਮਿਊਨਿਸਟ ਵਿਚਾਰਧਾਰਾ ਹੀ ਕਮਿਊਨਿਸਟ ਲਹਿਰ ਵਿਚੋਂ ਮਨਫੀ ਹੋ ਗਈ ਹੈ। ਇਸ ਦੀ ਜਾਣਕਾਰੀ 'ਪੈਰਿਸ ਕਮਿਊਨ' ਦੇ ਮੁਢਲੇ ਮੈਂਬਰਾਂ ਵਿਚ ਸ਼ਾਮਿਲ ਰਹੇ ਮਾਰਕਸ ਦੇ ਜਵਾਈ ਪਾਲ ਲਫਾਰਗ ਨੇ ਮਾਰਕਸ ਦੇ ਅਕਾਲ ਚਲਾਣੇ ਤੋਂ ਬਾਅਦ ਦੇਣੀ ਸ਼ੁਰੂ ਕਰ ਦਿਤੀ ਸੀ, ਪਰ ਇਸ ਨੂੰ ਕਮਿਊਨਿਸਟ ਲਹਿਰ ਨੇ ਗੌਲਿਆ ਈ ਨਹੀਂ। ਇਸੇ ਕਰ ਕੇ ਰੂਸੀ ਇਨਕਲਾਬ ਦੇ ਆਗੂ ਲੈਨਿਨ ਦੀ ਜਲਦੀ ਹੋ ਗਈ ਮੌਤ ਤੋਂ ਬਾਅਦ, ਆਲਮੀ ਕਮਿਊਨਿਸਟ ਲਹਿਰ ਵਿਚੋਂ ਕਮਿਊਨਿਜ਼ਮ ਦੀ ਫਿਲਾਸਫੀ ਮਨਫੀ ਹੋ ਗਈ।

ਇਸੇ ਦਾ ਸਿੱਟਾ ਹੈ ਕਿ ਅੱਜ ਜਿਵੇਂ ਰੂਹ ਵਿਹੂਣਾ ਮਨੁਖ ਤੁਰਿਆ ਫਿਰਦਾ ਹੈ, ਉਸੇ ਤਰ੍ਹਾਂ ਰੂਹ (ਫਿਲਾਸਫੀ) ਵਿਹੂਣੀ ਕਮਿਊਨਿਸਟ ਲਹਿਰ ਅਕੀਂ ਪਲਾਹੀਂ ਹੱਥ ਮਾਰ ਰਹੀ ਹੈ, ਜਦੋਂ ਕਿ ਸਾਮਰਾਜ ਨੇ ਮਨੁਖ ਜਾਤੀ ਦਾ ਘਾਣ ਕਰ ਦਿਤਾ ਹੈ। ਇਸ ਸਾਮਰਾਜੀ ਘਾਣ ਦੀ ਘੋਖ ਕਰਦਿਆਂ ਹੀ ਪਤਾ ਲੱਗਾ ਕਿ ਗੁਰਮਤਿ ਦਾ ਗਿਆਨ ਅਜੋਕੀ ਮਨੁਖ ਜਾਤੀ ਲਈ ਕਿੰਨਾ ਕੀਮਤੀ ਹੈ। ਇਸੇ ਤੋਂ ਹੀ ਪਤਾ ਲੱਗਾ ਕਿ ਜਿਵੇਂ ਕਮਿਊਨਿਸਟ ਲਹਿਰ ਆਪਣੀ ਫਿਲਾਸਫੀ ਤੋਂ ਅਣਜਾਣ ਹੈ, ਇਸੇ ਤਰ੍ਹਾਂ ਸਿੱਖ ਵੀ ਆਪਣੀ ਫਿਲਾਸਫੀ ਨੂੰ ਅਣਗੌਲਿਆਂ ਕਰ ਕੇ ਤਤ ਦੀ ਥਾਂ ਭੇਖ ਉਤੇ ਜੋਰ ਦੇ ਰਹੇ ਹਨ। ਇਸੇ ਕਰ ਕੇ ਅਜਮੇਰ ਸਿੰਘ ਨੂੰ ਖਾਲਿਸਤਾਨੀ ਅਤੇ ਖਬੇ ਪੱਖੀ ਇਕੋ ਸਿੱਕੇ ਦੇ ਦੋ ਪਾਸੇ ਜਾਪਦੇ ਹਨ, ਪਰ ਮਸਲਾ ਇਨ੍ਹਾਂ ਦੋਹਾਂ ਦੀ ਹੋਂਦ ਨੂੰ ਨਕਾਰਨ ਦਾ ਨਹੀਂ, ਸਗੋਂ ਇਨ੍ਹਾਂ ਨੂੰ ਇਸ ਕਮਜ਼ੋਰੀ ਤੋਂ ਸੁਚੇਤ ਕਰਨ ਦਾ ਹੈ।

ਸ. ਅਜਮੇਰ ਸਿੰਘ ਆਪਣੇ ਮਨ ਦੀਆਂ ਉਲਝਣਾਂ ਅਛੋਪਲੇ ਹੀ ਖਾਲਿਸਤਾਨੀ ਲਹਿਰ ਸਿਰ ਮੜ੍ਹੀ ਆਉਂਦੇ ਹਨ, "ਇਹ ਜਿਹੜੀ ਖਾਲਿਸਤਾਨ ਦੀ ਗੱਲ ਹੈ, ਇਹ ਸਿੱਖ ਧਰਮ ਦੀ ਗੱਲ ਨਹੀਂ, ਇਨ੍ਹਾਂ ਨੇ ਸਿੱਖ ਧਰਮ ਨੂੰ ਆਇਡੋਲੋਜੀ ਦੇ ਤੌਰ ਉਤੇ ਬਣਾ ਲਿਆ, ਧਰਮ ਤੇ ਆਇਡੋਲੋਜੀ ਦਾ ਕੋਈ ਰਿਲੇਸ਼ਨਸ਼ਿਪ ਨਹੀਂ, ਇਹ ਲੋਕਾਂ ਨੂੰ ਪਤਾ ਹੀ ਨਹੀਂ ਲਗਦਾ, ਬਾਬੇ ਨਾਨਕ ਦੀ ਵਿਚਾਰਧਾਰਾ, ਸਿੱਖ ਵਿਚਾਰਧਾਰਾ ਇਟਸ ਨੌਟ ਵਿਚਾਰਧਾਰਾ, ਤੇ ਇਹ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ, ਉਹ ਧਰਮ ਦੀ ਗੱਲ ਹੋਰ ਹੈ, ਇਹਦੇ ਵਿਚੋਂ ਹੋਰ ਕਿਸਮ ਦੇ ਆਦਰਸ਼ ਨਿਕਲਦੇ ਨੇ, ਹੋਰ ਕਿਸਮ ਦਾ ਰਾਹ ਨਿਕਲਦਾ ਹੈ...।"

ਜੇ ਖਾਲਿਸਤਾਨ ਸਿੱਖ ਧਰਮ ਦੀ ਗੱਲ ਨਹੀਂ, ਤਾਂ ਕੀ ਫਿਰ ਸਿੱਖ ਐਵੇਂ ਹੀ ਮੂਰਖਾਂ ਵਾਂਗੂ ਇਸ ਵਾਸਤੇ ਲੜੀ-ਮਰੀ ਆਉਂਦੇ ਨੇ? ਤੇ ਫਿਰ ਸ. ਦਲਬੀਰ ਸਿੰਘ ਨੂੰ ਖਾਲਿਸਤਾਨ ਦਾ ਵਿਰੋਧੀ ਦਸ ਕੇ 29 ਅਪਰੈਲ 1986 ਨੂੰ 'ਪੰਥਕ ਕਮੇਟੀ' ਵਲੋਂ ਖਾਲਿਸਤਾਨ ਦੇ ਕੀਤੇ ਗਏ ਐਲਾਨ ਦੀ ਪੁਸ਼ਟੀ ਕਰਨ ਦੀ ਕੀ ਲੋੜ ਹੈ? ਅਸਲ ਵਿਚ ਵਿਚਾਰਧਾਰਾ ਤੇ ਧਰਮ ਦੇ ਰਿਸ਼ਤੇ ਨੂੰ ਗਡਮਡ ਕਰ ਕੇ ਅਜਮੇਰ ਸਿੰਘ ਆਪ ਵੀ ਭੰਬਲਭੂਸੇ ਵਿਚ ਪਏ ਹੋਏ ਹਨ ਅਤੇ ਖਾਲਿਸਤਾਨੀ ਲਹਿਰ ਨੂੰ ਵੀ ਗੁੰਮਰਾਹ ਕਰੀ ਆਉਂਦੇ ਹਨ।

ਵਿਚਾਰ ਮਨ ਵਿਚ ਪੈਦਾ ਹੁੰਦੇ ਸੰਕਲਪ ਦੀ ਦੇਣ ਹੁੰਦਾ ਹੈ ਅਤੇ ਸੰਕਲਪਾਂ ਦੀ ਜਨਮਦਾਤੀ ਮਨੁਖ ਦੀ ਫਿਲਾਸਫੀ ਹੁੰਦੀ ਹੈ। ਵਿਚਾਰਾਂ ਦੀ ਲੜੀ ਵਿਚਾਰਧਾਰਾ ਹੈ ਅਤੇ ਇਸ ਲੜੀ ਦੀਆਂ ਤੰਦਾਂ ਨੂੰ ਫਿਲਾਸਫੀ ਜੋੜਦੀ ਹੈ। ਫਿਲਾਸਫੀ ਅਨੁਸਾਰ ਜਿਉਣਾ ਮਨੁਖ ਦਾ ਧਰਮ ਹੈ, ਕਿਉਂਕਿ ਫਿਲਾਸਫੀ ਸਮੁਚੀ ਮਨੁਖ ਜਾਤੀ ਦੀ ਸਦੀਆਂ ਵਿਚ ਹੰਢਾਈ ਜ਼ਿੰਦਗੀ ਦਾ ਸਿਆਣਪ ਦੇ ਰੂਪ ਵਿਚ ਨਿਕਲਿਆ ਤਤ ਹੁੰਦੀ ਹੈ।

ਇਸ ਸਾਰੇ ਕੁਝ ਨੂੰ ਰਲਗਡ ਕਰ ਕੇ ਅਜਮੇਰ ਸਿੰਘ ਐਵੇਂ ਹੀ ਗੁਰੂ ਸਾਹਿਬ ਦੇ ਬੜੇ ਸਿਧੇ-ਸਾਦੇ ਤੇ ਸਰਲ ਧਰਮ ਨੂੰ ਪਖੰਡੀ ਸਾਧਾਂ ਤੇ ਬ੍ਰਾਹਮਣਾਂ ਵਾਂਗ ਆਪਣੇ ਮਨ ਦੀਆਂ ਗੁੰਝਲਾਂ ਵਿਚ ਉਲਝਾਈ ਆਉਂਦੇ ਹਨ। ਗੁਰੂ ਸਾਹਿਬ ਨੇ ਆਪਣੇ ਧਰਮ ਬਾਰੇ ਬ੍ਰਾਹਮਣਾਂ ਵਾਂਗ ਕਿਸੇ ਕਿਸਮ ਦੀ ਕੋਈ ਭਰਮਾਊ ਸ਼ਬਦਾਵਲੀ ਨਹੀਂ ਵਰਤੀ। ਉਨ੍ਹਾਂ ਦੇ ਸਪਸ਼ਟ ਬਚਨ ਹਨ:

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
(ਪੰਨਾ 3)

ਮਨੁਖੀ ਧਰਮ ਦੀ ਵਿਆਖਿਆ ਕਰਦਿਆਂ ਗੁਰੂ ਸਾਹਿਬ ਆਪਣੇ ਤੋਂ ਪਹਿਲੀ ਚਲੀ ਆ ਰਹੀ ਇਹ ਧਾਰਨਾ ਕਿ ਇਹ ਧਰਤੀ ਕਿਸੇ ਧੌਲੇ ਬਲਦ ਦੇ ਸਿੰਙਾਂ ਉਤੇ ਖੜ੍ਹੀ ਹੈ, ਦਾ ਖੰਡਨ ਕਰਦੇ ਹਨ ਤੇ ਬੁਲੰਦ ਐਲਾਨ ਕਰਦੇ ਹਨ ਕਿ ਇਹ ਧਰਤੀ ਭਾਵ ਇਸ ਧਰਤੀ ਉਤਲਾ ਮਨੁਖੀ ਸਮਾਜ, ਕਿਸੇ ਧੌਲੇ ਬਲਦ ਦੇ ਸਿੰਙਾਂ ਉਤੇ ਨਹੀਂ, ਸਗੋਂ ਧਰਮ ਦੀ ਬੁਨਿਆਦ ਉਤੇ ਖੜ੍ਹਾ ਹੈ। ਧਰਮ, ਜਿਹੜਾ ਦਇਆ ਦਾ ਪੁਤਰ ਹੈ ਤੇ ਜਿਸ ਨੂੰ ਸੰਤੋਖ ਨੇ ਬੰਨ੍ਹ ਕੇ ਰਖਿਆ ਹੋਇਆ ਹੈ; ਭਾਵ ਅਸਲੀ ਧਰਮ ਕੋਈ ਕਰਮਕਾਂਡ ਕਰਨਾ ਨਹੀਂ, ਸਗੋਂ ਦਇਆ ਅਤੇ ਸੰਤੋਖ ਦੇ ਜਜ਼ਬਿਆਂ ਨੂੰ ਆਪਣੇ ਮਨ ਵਿਚ ਵਸਾ ਕੇ ਭਾਵ ਪਰਉਪਕਾਰੀ ਬਣ ਕੇ ਜ਼ਿੰਦਗੀ ਜਿਊਣਾ ਹੈ। ਦਇਆ ਅਤੇ ਸੰਤੋਖ ਸਾਰੇ ਧਰਮਾਂ ਦਾ ਮੂਲ ਆਧਾਰ ਹਨ। ਮਾਰਕਸ ਦੀ ਵਿਆਖਿਆ ਅਨੁਸਾਰ ਕਮਿਊਨਿਜ਼ਮ ਤੇ ਪਰਉਪਕਾਰ ਸਮਾਨਅਰਥੀ ਸ਼ਬਦ ਹਨ। ਪਰਉਪਕਾਰ ਦੇ ਇਸੇ ਜਜ਼ਬੇ ਨੂੰ ਅੱਜ ਸਾਮਰਾਜੀ ਖਪਤਕਾਰੀ ਦੀ ਵਹਿਸ਼ਤ ਖਤਮ ਕਰ ਰਹੀ ਹੈ। ਧਰਮ ਦੇ ਸਾਰੇ ਆਦਰਸ਼ ਇਸੇ ਪਰਉਪਕਾਰ ਦੇ ਜਜ਼ਬੇ ਵਿਚੋਂ ਨਿਕਲਦੇ ਹਨ। ਸਰਬਸਾਂਝੀਵਾਲਤਾ ਤੇ ਸਰਬਤ ਦਾ ਭਲਾ ਇਸੇ ਜਜ਼ਬੇ ਦੀ ਉਪਜ ਹੈ। ਕਿਰਤ ਕਰੋ-ਵੰਡ ਛਕੋ-ਨਾਮ ਜਪੋ ਦੀ ਭਾਵਨਾ ਇਸੇ ਜਜ਼ਬੇ ਦੀ ਦੇਣ ਹੈ।

ਅਜਮੇਰ ਸਿੰਘ ਨੇ ਖਾਲਿਸਤਾਨੀ ਧਿਰਾਂ ਪ੍ਰਤੀ ਪੈਦਾ ਹੋਈ ਆਪਣੀ ਨਿਰਾਸ਼ਾ ਕਾਰਨ, ਉਨ੍ਹਾਂ ਨੂੰ ਵੀ ਬਾਦਲ ਦਲ ਤੇ ਮੋਦੀ ਦੀ ਰਾਜਨੀਤੀ ਨਾਲ ਟੋਚਨ ਕਰ ਦਿਤਾ ਹੈ। ਉਸ ਦੇ ਕਥਨ ਅਨੁਸਾਰ, "ਇਹ ਟੂਲ ਬਣਾਉਂਦੇ ਨੇ ਧਰਮ ਨੂੰ, ਬਾਦਲ ਵੀ ਤੇ ਖਾਲਿਸਤਾਨੀ ਧਿਰਾਂ ਵੀ, ਫਾਰ ਵਟ 'ਪਾਵਰ', ਜਦੋਂ ਆਬਜੈਕਟਿਵ ਪਾਵਰ ਤਕ ਆ ਗਿਆ ਸਿਰਫ, ਪਾਵਰ ਫਾਰ ਵਟ...। (ਮੋਦੀ ਵਲੋਂ) ...ਹਿੰਦੂ ਧਰਮ ਨੂੰ ਟੂਲ ਬਣਾਇਆ ਦਾ ਰਿਹਾ ਹੈ।"

ਖਾਲਿਸਤਾਨੀ ਪ੍ਰਸੰਗ 'ਚ ਸਿਰਫ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਫਿਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਹੀਦੀ ਦਾ ਕੀ ਬਣਿਆ ਤੇ ਉਨ੍ਹਾਂ ਦੀਆਂ ਹੁਣ ਤਕ ਲਿਖੀਆ ਕਿਤਾਬਾਂ ਦੀ ਕੀ ਤੁਕ ਹੈ? *(ਮੈਂ ਆਪਣੀ ਲਿਖਤ 'ਸਾਮਰਾਜੀ ਵਹਿਸ਼ਤ ਬਨਾਮ ਸਰਬਤ ਦਾ ਭਲਾ' ਵਿਚ ਖਾਲਿਸਤਾਨੀ ਰਾਜਨੀਤੀ ਦੀ ਚਰਚਾ ਕੀਤੀ ਹੈ)।*

#

# ਅਜਮੇਰ ਸਿੰਘ ਦੇ ਚਿੰਤਨ ਵਿਰੁਧ ਬਹਿਸ ਦਾ ਪੱਧਰ ਉਚੀ ਦਿਸ਼ਾ ਵੱਲ

*(ਸਫਾ 22 ਦੀ ਬਾਕੀ)*

ਸ਼ੁਰੂ ਹੋਣ ਲੱਗੇ। ਪਹਿਲਾ ਘੇਰਾ ਪ੍ਰਭਸ਼ਰਨਦੀਪ ਸਿੰਘ ਦੁਆਲੇ ਪਾਇਆ ਗਿਆ ਹੈ ਕਿਉਂਕਿ ਉਹ ਬਹਿਸ ਨੂੰ ਮੁੱਦੇ ਦੇ ਇਰਦ-ਗਿਰਦ ਰੱਖਣ ਦਾ ਲਗਾਤਾਰ ਯਤਨ ਕਰਦੇ ਰਹੇ ਹਨ। 'ਵਿਚਾਰ' ਦੀ ਥਾਂ 'ਵਿਅਕਤੀ' ਨੂੰ ਬਹਿਸ ਦਾ ਮੁੱਦਾ ਬਣਾਇਆ ਜਾ ਰਿਹਾ ਹੈ ਅਤੇ ਉਹ ਵੀ ਬਿਨਾ ਕਿਸੇ ਠੋਸ ਆਧਾਰ ਤੋਂ। ਇਨ੍ਹਾਂ ਭਰਾਵਾਂ ਨੂੰ ਬੇਨਤੀ ਹੈ ਕਿ ਭਰਾਵੋ, ਜੇ ਬਹਿਸ ਦਾ ਵਿਚਾਰਧਾਰਕ ਪੱਧਰ ਉਚਾ ਹੋਵੇਗਾ ਅਤੇ ਜੇ ਬਹਿਸ ਸਾਡੇ ਅਨੁਭਵ ਵਿਚ ਨਵੇਂ-ਨਵੇਂ ਰੰਗ ਭਰੇਗੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਵੀ ਮਾਣ ਕਰਨਗੀਆਂ ਕਿ ਸਾਡੇ ਪਿਛਲੇਰਿਆਂ ਨੇ ਬਹਿਸ ਦੇ ਨਵੇਂ ਅਤੇ ਮੌਲਿਕ ਮਾਪਦੰਡ ਸਥਾਪਤ ਕੀਤੇ ਹਨ। ਪਰ ਜੇ ਬਹਿਸ ਨੂੰ ਨਿਜੀ ਹਮਲਿਆਂ ਲਈ ਵਰਤਣਾ ਹੈ ਜਾਂ ਪਰਿਵਾਰਾਂ ਉਤੇ ਹਮਲਾ ਕਰਨਾ ਹੈ, ਜਿਵੇਂ ਕਿ ਵਿਦਵਾਨ ਪ੍ਰਭਸ਼ਰਨਦੀਪ ਸਿੰਘ 'ਤੇ ਕੀਤਾ ਗਿਆ ਹੈ ਤਾਂ ਇਸ ਤਰ੍ਹਾਂ ਦੇ ਵਰਤਾਰੇ ਵਿਚ ਸਾਡੇ ਵਿਚੋਂ ਕੋਈ ਵੀ ਨਹੀਂ ਬਚ ਸਕੇਗਾ। ਇਸ ਲਈ ਬੇਨਤੀ ਹੈ ਕਿ ਨਾ ਹੀ ਫੇਕ ਆਈਡੀਆਂ ਰਾਹੀਂ ਅਤੇ ਨਾ ਹੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਿਜੀ ਹਮਲੇ ਕਰਨ ਦਾ ਰਾਹ ਅਖਤਿਆਰ ਕੀਤਾ ਜਾਵੇ।

ਪਹਿਲਾਂ ਵੀ ਕਹਿ ਚੁੱਕੇ ਹਾਂ ਕਿ ਸਾਡਾ ਅਜਮੇਰ ਸਿੰਘ ਨਾਲ ਵੱਟ-ਬੰਨ੍ਹੇ ਦਾ ਕੋਈ ਝਗੜਾ ਨਹੀਂ ਹੈ। ਕੁੱਝ ਘਰ ਛੱਡ ਕੇ ਅਸੀਂ ਇਕੋ ਸੈਕਟਰ ਵਿਚ ਰਹਿੰਦੇ ਹਾਂ। ਅਸਾਂ ਬੰਗਲੌਰ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦੇ ਸਿਆਸੀ ਸਫਰ ਨੂੰ ਗਹੁ ਨਾਲ ਵੇਖਣ ਦਾ ਯਤਨ ਕੀਤਾ ਹੈ। ਇਸ ਸਫਰ ਵਿਚ ਕੁੱਝ ਗੱਲਾਂ ਨਿਖਰ ਕੇ ਸਾਹਮਣੇ ਆਈਆਂ ਹਨ। ਇਕ ਉਹ ਭਾਰਤੀ ਸਟੇਟ ਦੇ ਅੰਦਰ ਹੀ ਕਿਸੇ ਵੱਖਰੇ ਥਾਂ ਦੀ ਤਲਾਸ਼ ਕਰ ਰਹੇ ਹਨ ਅਤੇ ਪੇਸ਼ਕਸ਼ ਵੀ ਕਰ ਰਹੇ ਹਨ। ਹਾਲਾਂਕਿ ਦਿਲਚਸਪ ਗੱਲ ਇਹ ਹੈ ਕਿ ਭਾਰਤੀ ਸਟੇਟ ਉਨ੍ਹਾਂ ਨੂੰ ਕੋਈ ਪੇਸ਼ਕਸ਼ ਕਰ ਹੀ ਨਹੀਂ ਰਹੀ ਪਰ ਫਿਰ ਵੀ ਸਾਡੇ ਇਸ ਵਿਦਵਾਨ ਨੂੰ ਇਉਂ ਲੱਗਦਾ ਹੈ ਕਿ ਊਠ ਦਾ ਬੁੱਲ੍ਹ ਡਿੱਗਣ ਹੀ ਵਾਲਾ ਹੈ। ਦੂਜੀ ਗੱਲ, ਉਨ੍ਹਾਂ ਨੇ ਖਾਲਿਸਤਾਨ ਦਾ ਵਿਰੋਧ ਕਰਨ ਲਈ ਨੇਸ਼ਨ-ਸਟੇਟ ਦਾ ਰਾਹ ਚੁਣਿਆ ਪਰ ਹਾਲਾਤ ਅਨੁਸਾਰ ਕਦੇ ਖਾਲਿਸਤਾਨ ਦਾ ਲੁਕਵਾਂ ਵਿਰੋਧ ਅਤੇ ਕਦੇ ਖਾਲਿਸਤਾਨ ਦੀ ਹਮਾਇਤ ਵੀ ਕਰਦੇ ਰਹੇ।

26 ਅਪਰੈਲ 2016 ਦੀ ਗੱਲ ਲੈਂਦੇ ਹਾਂ ਜਦੋਂ ਜਸਪਾਲ ਸਿੰਘ ਦੀ ਕਿਤਾਬ ਦਾ ਰਿਲੀਜ਼ ਸਮਾਰੋਹ ਸੀ। ਉਸ ਦਿਨ ਉਨ੍ਹਾਂ ਨੇ ਆਪਣਾ ਭਾਸ਼ਣ ਨੇਸ਼ਨ-ਸਟੇਟ ਦਾ ਮਰਸੀਆ ਪੜ੍ਹਨ 'ਤੇ ਖਰਚ ਕੀਤਾ। ਸਾਨੂੰ ਹੈਰਾਨੀ ਹੋਈ ਕਿਉਂਕਿ ਇਹ ਉਹ ਦਿਨ ਸੀ, ਜਦੋਂ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕੀਤਾ ਸੀ ਅਤੇ ਉਸ ਤੋਂ ਪਿਛੋਂ ਆਜ਼ਾਦੀ ਦੀ ਲਹਿਰ ਨਵੇਂ ਦੌਰ ਵਿਚ ਦਾਖਲ ਹੋਈ ਸੀ। 1849 ਤੋਂ ਪਿਛੋਂ ਇਹੋ ਜਿਹਾ ਸੁਨਹਿਰੀ ਦੌਰ ਪਹਿਲਾਂ ਖਾਲਸਾ ਪੰਥ ਨੇ ਕਦੇ ਨਹੀਂ ਸੀ ਵੇਖਿਆ। ਇਹ ਇਕ ਵੱਖਰਾ ਵਿਸ਼ਾ ਹੈ, ਜਿਸ ਦੀ ਵਿਆਖਿਆ ਕਿਸੇ ਹੋਰ ਥਾਂ 'ਤੇ ਕਰਾਂਗੇ। ਹਾਂ, ਉਨ੍ਹਾਂ ਲੋਕਾਂ ਦੀ ਵੀ ਕਮੀ ਨਹੀਂ, ਜੋ ਇਸ ਦੌਰ ਨੂੰ 'ਕਾਲਾ ਦੌਰ' ਜਾਂ 'ਸੰਤਾਪ' ਵਰਗੇ ਨਾਂ ਦਿੰਦੇ ਹਨ ਅਤੇ ਜਾਂ ਫਿਰ ਲਹਿਰ ਦੀਆਂ ਕਮਜ਼ੋਰੀਆਂ ਨੂੰ ਵਧਾ ਚੜ੍ਹਾ ਕੇ ਵੀ ਪੇਸ਼ ਕਰਦੇ ਰਹਿੰਦੇ ਹਨ। ਪਰ ਸਾਨੂੰ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਕਿਉਂਕਿ ਅਸੀਂ ਜਾਣਦੇ ਹਾਂ ਕਿ 18ਵੀਂ ਸਦੀ ਵਿਚ ਜਦੋਂ ਸਾਰਾ ਪੰਜਾਬ ਖਾਲਸਾ-ਘੋੜ ਸਵਾਰਾਂ ਦੀ ਰਾਖੀ ਹੇਠ ਸੀ ਤਾਂ ਨਿੱਘੇ ਜਜ਼ਬਿਆਂ ਦੇ ਸ਼ਾਇਰ ਵਾਰਿਸ ਸ਼ਾਹ ਨੂੰ ਵੀ ਇਹ ਅਲੌਕਿਕ ਵਰਤਾਰਾ ਚੰਗਾ ਨਹੀਂ ਸੀ ਲੱਗਾ।

ਜਦੋਂ ਇਤਿਹਾਸ ਵਿਚ ਵੱਡੀ ਉਥਲ-ਪੁਥਲ ਹੁੰਦੀ ਹੈ ਤਾਂ ਵੱਡੇ-ਵੱਡੇ ਚਿੰਤਕਾਂ ਨੂੰ ਵੀ ਇਹੋ ਜਿਹੀ ਉਥਲ-ਪੁਥਲ ਵਿਚਲੀ ਬੁਝਾਰਤ ਦੀ ਸਮਝ ਨਹੀਂ ਪੈਂਦੀ। ਇਹ ਬੁਝਾਰਤ ਕਿੰਨੀਆਂ ਕਿਤਾਬਾਂ ਲਿਖ ਕੇ ਵੀ ਸ. ਅਜਮੇਰ ਸਿੰਘ ਨੂੰ ਸਮਝ ਨਹੀਂ ਪਈ। ਇਸੇ ਲਈ ਉਹ 26 ਅਪਰੈਲ 2016 ਵਾਲੇ ਦਿਨ ਅਸਲ ਵਿਚ ਨੇਸ਼ਨ-ਸਟੇਟ ਦੇ ਨਾਂ ਹੇਠ ਖਾਲਿਸਤਾਨ ਨੂੰ ਰੱਦ ਕਰ ਰਹੇ ਸਨ।

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ 26 ਅਪਰੈਲ 2016 ਦਾ ਸਮਾਗਮ ਇਕ ਤਰ੍ਹਾਂ ਨਾਲ ਖਾਲਿਸਤਾਨ ਵਿਰੋਧੀ ਹੋ ਨਿਬੜਿਆ ਸੀ। ਇਸ ਸਮਾਗਮ ਵਿਚ ਮੈਂ ਜਸਪਾਲ ਸਿੰਘ ਦੀ ਕਿਤਾਬ ਉਤੇ ਪੇਪਰ ਪੜ੍ਹਿਆ ਅਤੇ ਸ. ਦਲਬੀਰ ਸਿੰਘ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ। ਇਹ ਉਹੀ ਦਲਬੀਰ ਸਿੰਘ ਹਨ, ਜੋ ਸੰਤ ਜਰਨੈਲ ਸਿੰਘ ਹੁਰਾਂ ਦੇ ਕਾਫੀ ਨਜ਼ਦੀਕ ਰਹੇ ਹਨ ਪਰ ਉਸ ਦਿਨ ਇਨ੍ਹਾਂ ਨੇ ਰੱਜ ਕੇ ਖਾਲਿਸਤਾਨ ਦੀ ਮੁਖਾਲਫਤ ਹੀ ਨਹੀਂ ਕੀਤੀ ਸਗੋਂ ਖਾਲਿਸਤਾਨੀਆਂ ਨੂੰ ਸਰਕਾਰ ਦੇ ਏਜੰਟ ਕਰਾਰ ਦਿੱਤਾ।

ਸਮਾਗਮ ਵਿਚ ਖਾਲਿਸਤਾਨ ਦੇ ਹਮਾਇਤੀ ਵੀ ਬੈਠੇ ਹੋਏ ਸਨ। ਕਿਸੇ ਦੀ ਹਿੰਮਤ ਨਾ ਪਈ ਕਿ ਉਹ ਬੋਲਦਾ। ਜਦੋਂ ਇਕ ਪੱਤਰਕਾਰ ਨੇ ਇਸ ਸਮਾਗਮ ਉਤੇ ਖਾਲਿਸਤਾਨ ਵਿਰੋਧੀ ਹੋਣ ਦੀ ਟਿੱਪਣੀ ਕੀਤੀ ਅਤੇ ਉਹ ਅਖਬਾਰਾਂ ਵਿਚ ਛਪੀ ਤਾਂ ਫਿਰ ਅਜਮੇਰ ਸਿੰਘ ਨੂੰ ਚਿੰਤਾ ਲੱਗ ਗਈ। ਇਸ ਪਿਛੋਂ 4 ਜੂਨ 2016 ਨੂੰ ਸਪਸ਼ਟੀਕਰਨ ਦੇਣ ਲਈ ਫਿਰ ਇਕ ਸਮਾਗਮ ਚੰਡੀਗੜ੍ਹ ਵਿਚ ਉਸੇ ਥਾਂ ਕੀਤਾ ਗਿਆ। ਇਸ ਵਿਚ ਅਜਮੇਰ ਸਿੰਘ ਨੂੰ ਪਲਟੀ ਮਾਰ ਕੇ 26 ਅਪਰੈਲ 2016 ਨੂੰ ਕੀਤੇ ਗਏ ਖਾਲਿਸਤਾਨ ਦੇ ਐਲਾਨ ਦੀ ਹਮਾਇਤ ਕਰਨ ਲਈ ਮਜਬੂਰ ਹੋਣਾ ਪਿਆ। ਹੁਣ ਵੇਖੋ, 26 ਅਪਰੈਲ ਨੂੰ ਨੇਸ਼ਨ-ਸਟੇਟ ਦੇ ਨਾਂ ਹੇਠ ਉਹ ਖਾਲਿਸਤਾਨ ਦਾ ਲੁਕਵਾਂ ਵਿਰੋਧ ਕਰ ਰਹੇ ਸਨ, 4 ਜੂਨ 2016 ਨੂੰ ਮਜਬੂਰ ਹੋ ਕੇ ਖਾਲਿਸਤਾਨ ਦੀ ਹਮਾਇਤ ਕਰ ਰਹੇ ਸਨ ਅਤੇ ਥੋੜ੍ਹੇ ਹੀ ਚਿਰ ਪਿਛੋਂ ਲੁਧਿਆਣੇ ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਵਿਦਿਆਰਥੀਆਂ ਅੱਗੇ ਨੇਸ਼ਨ-ਸਟੇਟ ਦਾ ਲੰਮਾ-ਚੌੜਾ ਭਾਸ਼ਣ ਕਰਕੇ ਇਕ ਵਾਰ ਫਿਰ ਖਾਲਿਸਤਾਨ ਦਾ ਵਿਰੋਧ ਕਰਦੇ ਸਨ ਅਤੇ ਹਲੀਮੀ ਰਾਜ ਦਾ ਉਪਦੇਸ਼ ਦੇ ਰਹੇ ਸਨ। ਜਿਨ੍ਹਾਂ ਖਾਲਿਸਤਾਨੀ ਵੀਰਾਂ ਨੇ ਅਜਮੇਰ ਸਿੰਘ ਦੇ ਲੰਮੇ ਸਫਰ ਵਿਚ ਉਨ੍ਹਾਂ ਵਲੋਂ ਉਪਰ-ਥੱਲੇ ਲਏ ਪੈਂਤੜਿਆਂ ਅਤੇ ਉਲਟਬਾਜੀਆਂ ਨੂੰ ਸਿਲਸਿਲੇਵਾਰ ਦੇਖਣ ਅਤੇ ਉਸ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰਨੀ, ਉਨ੍ਹਾਂ ਨੇ ਸਾਨੂੰ ਬੁਰਾ ਭਲਾ ਕਹਿਣਾ ਹੀ ਸੀ ਅਤੇ ਸਾਨੂੰ ਇਸ ਗੱਲ ਦਾ ਅਗਾਊਂ ਇਲਮ ਵੀ ਸੀ।

ਦਸੰਬਰ 2016 ਦੇ ਪਹਿਲੇ ਹਫਤੇ ਯਾਦਵਿੰਦਰ ਕਰਫਿਊ ਨਾਲ ਇੰਟਰਵਿਊ ਵਿਚ ਉਨ੍ਹਾਂ ਦਾ ਦਿਲ, ਦਿਮਾਗ ਅਤੇ ਰੂਹ ਖੁੱਲ੍ਹ ਕੇ ਖਾਲਿਸਤਾਨੀਆਂ ਦੇ ਵਿਰੁਧ ਸਾਹਮਣੇ ਆ ਗਏ। ਹੁਣ ਕੋਈ ਲੁਕ-ਲੁਕਾ ਨਹੀਂ ਸੀ ਰਹਿ ਗਿਆ। ਉਨ੍ਹਾਂ ਨੇ ਸਾਫ-ਸਾਫ ਦੱਸ ਦਿੱਤਾ ਕਿ ਉਨ੍ਹਾਂ ਦੇ ਚਿੰਤਨ ਨੇ ਕਿਹੜੀ ਦਿਸ਼ਾ ਵੱਲ ਜਾਣਾ ਹੈ। 'ਸਮਝਣੇ ਵਾਲੇ ਸਮਝ ਗਏ ਹੈਂ, ਨਾ ਸਮਝੇ ਵੋ ਅਨਾੜੀ ਹੈਂ" ਫਿਲਮ ਦੇ ਇਕ ਗੀਤ ਦੀ ਇਹ ਸਤਰ ਇਸ ਹਾਲਤ ਦਾ ਢੁੱਕਵਾਂ ਅਤੇ ਸੰਖੇਪ ਜਵਾਬ ਹੈ।

***(ਬਹਿਸ ਜਾਰੀ ਰਹੇਗੀ)***

***ਸਾਡਾ ਅਜਮੇਰ ਸਿੰਘ ਨਾਲ ਵੱਟ-ਬੰਨ੍ਹੇ ਦਾ ਕੋਈ ਝਗੜਾ ਨਹੀਂ ਹੈ। ਕੁੱਝ ਘਰ ਛੱਡ ਕੇ ਅਸੀਂ ਇਕੋ ਸੈਕਟਰ ਵਿਚ ਰਹਿੰਦੇ ਹਾਂ। ਅਸਾਂ ਬੰਗਲੌਰ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦੇ ਸਿਆਸੀ ਸਫਰ ਨੂੰ ਗਹੁ ਨਾਲ ਵੇਖਣ ਦਾ ਯਤਨ ਕੀਤਾ ਹੈ। ਇਸ ਸਫਰ ਵਿਚ ਕੁੱਝ ਗੱਲਾਂ ਨਿਖਰ ਕੇ ਸਾਹਮਣੇ ਆਈਆਂ ਹਨ। ਇਕ ਉਹ ਭਾਰਤੀ ਸਟੇਟ ਦੇ ਅੰਦਰ ਹੀ ਕਿਸੇ ਵੱਖਰੇ ਥਾਂ ਦੀ ਤਲਾਸ਼ ਕਰ ਰਹੇ ਹਨ ਅਤੇ ਪੇਸ਼ਕਸ਼ ਵੀ ਕਰ ਰਹੇ ਹਨ। ਹਾਲਾਂਕਿ ਦਿਲਚਸਪ ਗੱਲ ਇਹ ਹੈ ਕਿ ਭਾਰਤੀ ਸਟੇਟ ਉਨ੍ਹਾਂ ਨੂੰ ਕੋਈ ਪੇਸ਼ਕਸ਼ ਕਰ ਹੀ ਨਹੀਂ ਰਹੀ ਪਰ ਫਿਰ ਵੀ ਸਾਡੇ ਇਸ ਵਿਦਵਾਨ ਨੂੰ ਇਉਂ ਲੱਗਦਾ ਹੈ ਕਿ ਊਠ ਦਾ ਬੁੱਲ੍ਹ ਡਿੱਗਣ ਹੀ ਵਾਲਾ ਹੈ। ਦੂਜੀ ਗੱਲ, ਉਨ੍ਹਾਂ ਨੇ ਖਾਲਿਸਤਾਨ ਦਾ ਵਿਰੋਧ ਕਰਨ ਲਈ ਨੇਸ਼ਨ-ਸਟੇਟ ਦਾ ਰਾਹ ਚੁਣਿਆ ਪਰ ਹਾਲਾਤ ਅਨੁਸਾਰ ਕਦੇ ਖਾਲਿਸਤਾਨ ਦਾ ਲੁਕਵਾਂ ਵਿਰੋਧ ਅਤੇ ਕਦੇ ਖਾਲਿਸਤਾਨ ਦੀ ਹਮਾਇਤ ਵੀ ਕਰਦੇ ਰਹੇ।***

## ਸੰਦੀਪ ਸਿੰਘ ਦੇਣ ਜਵਾਬ

'ਪੰਜਾਬ ਟਾਈਮਜ਼' ਦੇ 21 ਜਨਵਰੀ 2017 ਵਾਲੇ ਅੰਕ ਵਿਚ 'ਅਜਮੇਰ ਸਿੰਘ ਦੇ ਖਿਆਲਾਂ ਦੀ ਹਕੀਕਤ' ਦੇ ਸਿਰਲੇਖ ਹੇਠ ਡਾ. ਸੰਦੀਪ ਸਿੰਘ ਦੇ ਵਿਚਾਰ ਪੜ੍ਹਨ ਨੂੰ ਮਿਲੇ। ਸੰਦੀਪ ਸਿੰਘ ਨੇ ਸਿੱਖ ਰਾਜ ਨੂੰ 'ਹਲੀਮੀ ਰਾਜ' ਦੀ ਗਾਰੰਟੀ ਦਿੰਦਿਆਂ ਲਿਖਿਆ ਹੈ ਕਿ ਸਿੱਖ ਜਦ ਵੀ ਰਾਜ ਕਰਨਗੇ, ਉਹ ਗੁਰੂ ਸਾਹਿਬਾਨ ਦੇ ਦੱਸੇ ਮੁਤਾਬਕ ਹਲੀਮੀ ਨੇਸ਼ਨ ਸਟੇਟ ਰਾਜ ਪ੍ਰਬੰਧ ਕਾਇਮ ਕਰਨਗੇ। ਉਨ੍ਹਾਂ ਸਿੱਖ ਹਲੀਮੀ ਰਾਜ ਦੀ ਗਾਰੰਟੀ ਦਿੱਤੀ ਹੈ, ਪਰ ਉਨ੍ਹਾਂ ਇਹ ਗਾਰੰਟੀ ਕਿਸ ਬਿਨਾ ਅਤੇ ਕਿਹੜੇ ਭਾਵੀ ਹਾਕਮ ਸਿੱਖਾਂ ਵਾਸਤੇ ਦਿੱਤੀ ਹੈ, ਇਹ ਦੱਸਣ ਤੋਂ ਸੰਕੋਚ ਕੀਤਾ ਹੈ। ਜੇ ਉਹ ਐਸੇ ਸਿੱਖਾਂ ਦੀ ਗਿਣਤੀ ਕਰ ਦਿੰਦੇ ਜਿਨ੍ਹਾਂ ਤੋਂ ਉਨ੍ਹਾਂ ਨੂੰ ਇਸ ਗਾਰੰਟੀ ਦਾ ਭਰੋਸਾ ਹੈ, ਤਾਂ ਪਾਠਕ ਦਾ ਮਨ ਖਲੋ ਜਾਂਦਾ ਅਤੇ ਉਸ ਦਾ ਮੁਲੰਕਣ ਕਰ ਲੈਂਦਾ।

ਖੈਰ, ਅਜੋਕੇ ਕਾਲ ਵਿਚ ਜੇ ਸੰਦੀਪ ਸਿੰਘ ਇਹ ਸਮਝਦੇ ਹਨ ਕਿ ਉਹ ਧਿਰਾਂ ਜੋ ਖਾਲਿਸਤਾਨ ਵਾਸਤੇ ਲੜ ਰਹੀਆਂ ਹਨ, ਹੀ ਉਨ੍ਹਾਂ ਦਾ ਕਾਲਪਨਿਕ ਰਾਜ ਪ੍ਰਬੰਧ ਦੇਣ ਦੇ ਸਮਰਥ ਹਨ ਤਾਂ ਉਨ੍ਹਾਂ ਵਿਚ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ ਜਾਂ ਹੋਰ ਵੀ ਛੋਟੇ-ਮੋਟੇ ਗਰੁਪ ਹੋ ਸਕਦੇ ਹਨ।

ਸਵਾਲ ਹੈ ਕਿ ਇਨ੍ਹਾਂ ਸਾਰੇ ਗੁੱਟਾਂ ਦਾ ਟੀਚਾ ਤਾਂ ਹਲੀਮੀ ਰਾਜ ਪ੍ਰਬੰਧ ਦੇਣਾ ਹੈ, ਤਾਂ ਫਿਰ ਇਹ ਸਾਰੇ ਗੁੱਟ ਇਕ ਕਿਉਂ ਨਹੀਂ ਹੋ ਸਕਦੇ? ਕੀ ਇਨ੍ਹਾਂ ਸਾਰੀਆਂ ਧਿਰਾਂ ਦਾ ਆਪੋ-ਆਪਣੀ ਤਰਜ਼ ਦਾ ਹਲੀਮੀ ਰਾਜ ਹੋਵੇਗਾ? ਸੰਦੀਪ ਸਿੰਘ ਨੂੰ ਚਾਹੀਦਾ ਸੀ ਕਿ ਜਿਸ ਗੱਲ ਦੀ ਉਹ ਗਾਰੰਟੀ ਦੇ ਰਹੇ ਹਨ, ਇਹ ਕੰਮ ਉਨ੍ਹਾਂ ਵਾਸਤੇ ਕੌਣ ਕਰੇਗਾ, ਤੇ ਨਾਲ ਕੁਝ ਉਦਾਹਰਨਾਂ ਵੀ ਦੇ ਛੱਡਦੇ, ਤਾਂ ਚੰਗਾ ਸੀ।

ਸੰਦੀਪ ਸਿੰਘ ਨੂੰ ਹੁਣ ਚਾਹੀਦਾ ਹੈ ਕਿ ਇਸ ਹਲੀਮੀ ਰਾਜ ਪ੍ਰਬੰਧ ਦੇ ਆਉਣ ਦੀ ਉਮੀਦ ਨੂੰ ਆ ਰਹੀਆਂ ਚੋਣਾਂ ਵਿਚ ਟੈਸਟ ਕਰ ਲੈਣ ਅਤੇ ਅਕਾਲੀ ਦਲ (ਅੰਮ੍ਰਿਤਸਰ) ਜਾਂ ਉਹ ਜਿਸ ਨੂੰ ਵੀ ਹਲੀਮੀ ਰਾਜ ਦਾ ਨੁਮਾਇੰਦਾ ਸਮਝਦੇ ਹੋਣ, ਦੀ ਡਟ ਕੇ ਹਮਾਇਤ ਕਰਨ ਤੇ ਅਖਬਾਰਾਂ ਰਾਹੀਂ ਇਸ ਦਾ ਪ੍ਰਸਾਰ ਕਰ ਕੇ ਮੌਕੇ ਦਾ ਫਾਇਦਾ ਉਠਾਉਣ। ਜੇ ਸੰਗਤਾਂ ਉਨ੍ਹਾਂ ਦੀ ਭਵਿਖਵਾਣੀ ਉਤੇ ਯਕੀਨ ਕਰਨਗੀਆਂ ਤਾਂ ਸੰਦੀਪ ਸਿੰਘ ਨੂੰ ਇਸ ਕਾਰਜ ਵਾਸਤੇ ਮਾਇਆ ਵੀ ਸੰਗਤਾਂ ਨੇ ਹੀ ਮੁਹੱਈਆ ਕਰਵਾ ਦੇਣੀ ਹੈ।

ਦੂਸਰੀ ਗੱਲ, ਸੰਦੀਪ ਸਿੰਘ ਨੇ ਸਿੱਖਾਂ 'ਤੇ ਅਤਿਆਚਾਰ ਦੀ ਗੱਲ ਕਰਦਿਆਂ ਕਿਹਾ ਹੈ ਕਿ ਹਿੰਦੋਸਤਾਨ ਦੀ ਸਰਕਾਰ ਸਿੱਖਾਂ ਨੂੰ ਜਬਰ ਅਤੇ ਜ਼ੁਲਮ ਨਾਲ ਦਬਾ ਰਹੀ ਹੈ। ਸੋਚਣਾ ਬਣਦਾ ਹੈ ਕਿ ਜਿਸ ਜ਼ਾਲਮ ਸਰਕਾਰ ਦਾ ਜ਼ਿਕਰ ਸੰਦੀਪ ਸਿੰਘ ਨੇ ਕੀਤਾ ਹੈ, ਉਸ ਵਿਚ ਤਾਂ ਸਿੱਖ ਵੀ ਸ਼ਾਮਲ ਹਨ ਅਤੇ ਸ਼ਾਮਲ ਵੀ ਉਚੇ-ਉਚੇ ਤਾਕਤਕਰ ਅਹੁਦਿਆਂ ਉਤੇ ਹਨ। ਮਿਸਾਲ ਵਜੋਂ ਮੁੱਖ ਮੰਤਰੀ, ਚੀਫ ਜਸਟਿਸ, ਏਅਰਫੋਰਸ ਜਾਂ ਫੌਜ ਦੇ ਮੁਖੀ ਹੋਣਾ ਸਿੱਖਾਂ ਲਈ ਮਾਣ ਦੀ ਗੱਲ ਹੈ ਜਾਂ ਨਹੀਂ, ਇਸ ਦਾ ਫੈਸਲਾ ਸੰਦੀਪ ਸਿੰਘ ਕਿਤੇ ਇਹ ਕਹਿ ਕੇ ਨਾ ਕਰ ਦੇਣ ਕਿ ਜੋ ਸਿੱਖ ਇਨ੍ਹਾਂ ਅਹੁਦਿਆਂ 'ਤੇ ਬਿਰਾਜਮਾਨ ਹਨ, ਉਹ ਤਾਂ ਸਿੱਖ ਹੀ ਨਹੀਂ ਹਨ।

ਸੰਦੀਪ ਸਿੰਘ ਨੂੰ ਸੋਚਣਾ ਬਣਦਾ ਹੈ ਕਿ ਸਿਰਫ ਇਹ ਕਹਿ ਦੇਣਾ ਕਿ ਜ਼ੁਲਮ ਹਿੰਦੋਸਤਾਨ ਦੀ ਸਰਕਾਰ ਕਰ ਰਹੀ ਹੈ, ਕੋਈ ਬਹੁਤਾ ਵਜ਼ਨ ਨਹੀਂ ਰੱਖਦਾ। ਪਾਠਕ ਜਾਂ ਸੰਗਤ ਇੰਨੇ ਕੁ ਸਮਝਦਾਰ ਹਨ ਕਿ ਸਮਝ ਸਕਣ, ਸੱਚ ਕੀ ਹੈ ਤੇ ਝੂਠ ਕੀ!

ਕਰਮਜੀਤ ਸਿੰਘ ਚੰਡੀਗੜ੍ਹ ਦੀ ਹਾਮੀ ਭਰਦਿਆਂ ਸੰਦੀਪ ਸਿੰਘ ਨੇ ਆਪਣੇ ਆਈਡਲ ਦੇ ਅੰਧਵਿਸ਼ਵਾਸ ਦੀ ਗੱਲ ਕੀਤੀ ਹੈ। ਸੰਗਤਾਂ ਨੂੰ ਕਰਮਜੀਤ ਸਿੰਘ ਨੇ ਲਾਪ੍ਰਵਾਹ ਕਿਹਾ ਹੈ, ਫਿਰ ਆਈਡਲ ਹੋਣ ਜਾਂ ਨਾ ਹੋਣ ਦੀ ਗੱਲ ਹੀ ਕੋਈ ਨਹੀਂ ਰਹਿ ਗਈ। ਇਸ ਵਿਦਵਾਨ ਦੇ ਤੌਖਲੇ ਨੇ ਇਹ ਜ਼ਰੂਰ ਸਿੱਧ ਕਰ ਦਿੱਤਾ ਹੈ ਕਿ ਅਜਮੇਰ ਸਿੰਘ ਵੱਲੋਂ ਇਨ੍ਹਾਂ ਨੂੰ ਛੱਡਣਾ ਇਨ੍ਹਾਂ ਨੂੰ ਬਹੁਤ ਡੂੰਘਾ ਹਉਕਾ ਦੇ ਗਿਆ ਹੈ।

***-ਕਮਲਜੀਤ ਸਿੰਘ***
***ਫਰੀਮਾਂਟ, ਕੈਲੀਫੋਰਨੀਆ***

# ਵਿਹੜੇ ਦੀ ਅਰਜੋਈ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਘਰ ਦੀਆਂ ਬਰਕਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਜਦੋਂ ਘਰ ਦੇ ਸਮੁੱਚੇ ਅਰਥਾਂ 'ਚ ਸਾਡੀ ਜ਼ਿੰਦਗੀ ਦਾ ਹਿੱਸਾ ਬਣਦਾ ਏ ਤਾਂ ਉਹ ਸਾਡੀ ਝੋਲੀ 'ਚ ਹਰ ਤਰ੍ਹਾਂ ਦੀਆਂ ਨਿਆਮਤਾਂ ਪਾਉਂਦਾ, ਸਾਡੀ ਸਰਬ-ਸੁੱਖੀ ਖੁਸ਼ਹਾਲੀ ਦਾ ਸ਼ੁਭਚਿੰਤਕ ਬਣ ਜਾਂਦਾ ਏ। ਪਿਛਲੇ ਲੇਖ ਵਿਚ ਉਨ੍ਹਾਂ ਘਰ ਦੇ ਬੂਹੇ ਦੀਆਂ ਬਰਕਤਾਂ ਦੀ ਬਾਤ ਪਾਈ ਹੈ। ਹਥਲੇ ਲੇਖ ਵਿਚ ਉਨ੍ਹਾਂ ਵਿਹੜੇ ਦੀਆਂ ਸਿਫਤਾਂ ਕਰਦਿਆਂ ਕਿਹਾ ਹੈ, ਵਿਹੜਾ ਅਕੀਦਤ ਏ, ਨਰੋਈਆਂ ਕਦਰਾਂ-ਕੀਮਤਾਂ ਤੇ ਸਭਿਆਚਾਰ ਦੀ, ਸਾਡੇ ਬੀਤੇ ਹੋਏ ਸਹਿਜ ਸੰਸਾਰ ਦੀ, ਸਾਡੇ ਬਜ਼ੁਰਗਾਂ ਦੀ ਅਸੀਸ ਤੇ ਸਹਿਚਾਰ ਦੀ ਅਤੇ ਸਾਡੇ ਉਪਰ ਅਸਰ ਅੰਦਾਜ਼ ਹੋਏ ਰੌਸ਼ਨ-ਵਿਚਾਰ ਦੀ। ਵਿਹੜੇ ਦੇ ਧੰਨ ਭਾਗ ਹੁੰਦੇ ਨੇ, ਮਹਿੰਦੀ ਵਾਲੇ ਪੈਰਾਂ ਦਾ ਠੁਮਕਣਾ, ਖੰਡ ਮਿਸ਼ਰੀ ਬੋਲਾਂ ਦਾ ਫਿਜ਼ਾ 'ਚ ਰੁਮਕਣਾ, ਵਾਜੇ ਸ਼ਹਿਨਾਈਆਂ ਦਾ ਮਨਾਂ ਨੂੰ ਧੂਹ ਪਾਉਂਦਾ ਰਾਗ, ਮਸਤਕ 'ਚ ਖੇੜਿਆਂ ਦਾ ਜਾਗ ਅਤੇ ਵਿਹੜੇ ਨੂੰ ਸੰਪੂਰਨਤਾ ਬਖਸ਼ਦੇ ਭਾਗ। -ਸੰਪਾਦਕ***

## ਜ਼ਿੰਦਗੀ ਦਾ ਨਾਦ

ਵੱਡੇ ਸਾਰੇ ਵਿਹੜੇ ਵਿਚ ਲੱਗਿਆ ਸ਼ਾਮਿਆਨਾ। ਹਵਾ 'ਚ ਲਹਿਰਾਉਂਦੀਆਂ ਝੰਡੀਆਂ। ਚਾਰੇ ਪਾਸੇ ਚਹਿਲ ਪਹਿਲ। ਖੁਸ਼ੀ 'ਚ ਖੀਵਾ ਹੋਇਆ ਵਿਹੜਾ, ਫੁੱਲਿਆ ਨਾ ਸਮਾਵੇ। ਪੂਰੀ ਹੋਈ ਚਿਰੋਕਣੀ ਰੀਝ। ਉਹਦੇ ਚਾਵਾਂ ਦੇ ਬਗੀਚੇ 'ਚ ਸੰਦਲੀ ਰੁੱਤ ਦਾ ਸ਼ੁਭ-ਆਗਮਨ। ਉਸ ਨੂੰ ਆਪਣੀ ਹੋਂਦ, ਅਸਤਿਤਵ ਅਤੇ ਰਹਿਤਲ ਦਾ ਅਹਿਸਾਸ। ਉਸ ਦੇ ਰੋਮ ਰੋਮ 'ਚ ਮਹਿਕਦੇ ਸਾਹਾਂ ਦਾ ਸੰਗੀਤ। ਉਸ ਦੀ ਰਗ ਰਗ 'ਚ ਵਗਦੇ ਦਰਿਆ ਵਰਗਾ ਗੀਤ ਅਤੇ ਨੈਣਾਂ 'ਚ ਫੈਲਿਆ ਅਸਗਾਹ ਸਾਗਰਾਂ ਦੀ ਵਿਸ਼ਾਲਤਾ ਦਾ ਮੀਤ। ਉਸ ਦੀ ਹਿੱਕ ਨਾਲ ਲੱਗ ਕੇ ਛਣਕਦੇ ਝਾਂਜਰਾਂ ਦੇ ਬੋਰ। ਮੂੰਹ ਜ਼ੋਰ ਜਵਾਨੀ ਦਾ ਨੱਚਦਿਆਂ ਨੱਚਦਿਆਂ ਪੁੱਟਿਆ ਵਿਹੜਾ ਅਤੇ ਉਡਦੀ ਧੂੜ ਦਾ ਮਟਕਾਇਆ ਸੁਰਮਾ। ਵਿਹੜੇ ਨੂੰ ਚੜ੍ਹਿਆ ਚਾਅ, ਧੜਕਦੇ ਸਾਹ ਅਤੇ ਪੈੜਾਂ ਦੀ ਰੁਮਕਣੀ ਹੰਢਾਉਂਦੇ, ਉਸ 'ਚ ਆ ਕੇ ਸਿਮਟਦੇ ਰਾਹ।



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 647-702-5445**

ਵਿਹੜਾ, ਘਰ ਦਾ ਭਾਗ ਹੁੰਦਾ ਏ ਤਾਹੀਉਂ ਤਾਂ ਵਸਦੇ ਵਿਹੜੇ, ਵਸਦੇ ਘਰਾਂ ਦੀ ਤਹਿਜੀਬ ਦਾ ਸਲੀਕਾ ਬਣਨ ਦਾ ਹੱਕ ਰੱਖਦੇ ਨੇ।

ਵਿਹੜਾ ਆਸ ਏ, ਵਿਸ਼ਵਾਸ ਏ, ਧਰਵਾਸ ਏ ਅਤੇ ਅਹਿਸਾਸ ਏ, ਇਕ ਵਿਅਕਤੀ ਦੀ ਜਾਗਦੀ ਸੰਵੇਦਨਾ ਲਈ।

ਵਿਹੜਾ ਵਕਤ ਦੀ ਉਹ ਨਜ਼ਾਕਤ ਏ ਜਿਸ ਨੇ ਵਕਤ ਦਾ ਹਾਣੀ ਹੋਣਾ ਹੁੰਦਾ ਏ, ਵਕਤ ਨੂੰ ਤਸਦੀਕ ਕਰਨਾ ਹੁੰਦਾ ਏ, ਵਕਤ ਨੂੰ ਪਛਾਣਨਾ ਹੁੰਦਾ ਏ, ਵਕਤ ਦੇ ਨੈਣਾਂ 'ਚੋਂ ਭਵਿੱਖ ਦੇ ਨਕਸ਼ ਤਲਾਸ਼ਣੇ ਹੁੰਦੇ ਨੇ ਤੇ ਫਿਰ ਉਸ ਮੁਤਾਬਕ ਆਪਣੇ ਆਪ ਨੂੰ ਤਰਾਸ਼ਣਾ ਤੇ ਤਲਾਸ਼ਣਾ ਹੁੰਦਾ ਏ।

ਵਿਹੜਾ, ਘਰ ਦਾ ਮੁਹਾਂਦਰਾ ਹੁੰਦਾ ਏ ਜਿਸ ਨੇ ਘਰ ਦੀ ਨਿਸ਼ਾਨਦੇਹੀ ਕਰਨੀ ਹੁੰਦੀ ਏ, ਘਰ ਦੀ ਵਿਸ਼ਾਲਤਾ ਨੂੰ ਉਭਾਰਨਾ ਹੁੰਦਾ ਏ ਅਤੇ ਨਵੇਂ ਦਿਸਹੱਦਿਆਂ ਵੰਨੀਂ ਝਾਕਣ ਦੀ ਸਮਰੱਥਾ ਬਖਸ਼ਣੀ ਹੁੰਦੀ ਏ।

ਵਿਹੜਾ, ਵਰਦਾਨ ਏ ਘਰ ਲਈ, ਜਿਹੜਾ ਸਭ ਨੂੰ ਜੀ ਆਇਆਂ ਆਖਣ ਲਈ, ਉਨ੍ਹਾਂ ਦੇ ਕਦਮਾਂ ਵਿਚ ਵਿਛਦਾ, ਪੂਰਨ ਸਮਰਪਣ ਦਾ ਤਸੱਵੁਰ ਬਣ ਬਹਿੰਦਾ ਏ।

ਵਿਹੜਾ ਠਾਹਰ ਏ, ਸਾਡੀ ਭਟਕਣਾ ਦੀ। ਕੋਸੀ ਕੋਸੀ ਟਕੋਰ ਏ ਹੱਥਾਂ 'ਤੇ ਪਏ ਰੱਟਣਾਂ ਦੀ। ਇਕ ਸਹਿਜ ਏ ਸਾਡੀ ਤੜਪ ਲਈ ਅਤੇ ਸਕੂਨ ਏ, ਮਾਨਸਿਕ ਸੰਰਚਨਾ ਲਈ।

ਵਿਹੜਾ ਉਦੋਂ ਉਦਾਸ ਹੋ ਜਾਂਦਾ ਏ ਜਦੋਂ ਪੈਰਾਂ ਦੀ ਆਹਟ, ਉਹਦੇ ਨਸੀਬਾਂ 'ਚੋਂ ਖੁਰ ਜਾਵੇ, ਸੋਨੇ ਦੀ ਡਲੀ ਵਰਗੀ ਹੋਂਦ, ਮਿੱਟੀ ਦੀ ਡਲੀ ਵਾਂਗ ਭੁਰ ਜਾਵੇ, ਹੱਥਾਂ 'ਚ ਆਇਆ ਸਮਾਂ ਵਿੰਹਦਿਆਂ ਵਿੰਹਦਿਆਂ ਤੁਰ ਜਾਵੇ ਅਤੇ ਸਾਹਾਂ 'ਚ ਪਸਰੀ ਮਹਿਕ, ਆਪਣੀ ਹੋਣੀ 'ਤੇ ਝੁਰਦੀ ਏ।

ਵਿਹੜੇ ਦੀ ਅੱਖ ਦਾ ਅੱਥਰੂ, ਚਮਨ ਦੀ ਹੋਂਦ ਖੋਰਦਾ ਏ, ਖਿੜੇ ਫੁੱਲਾਂ ਤੇ ਮਸੂਮ ਕਲੀਆਂ ਦੇ ਨਸੀਬ ਭੋਰਦਾ ਏ, ਤਿੱਤਲੀਆਂ ਤੇ ਭੌਰਿਆਂ ਦੇ ਕਾਫਲਿਆਂ ਨੂੰ ਬੇਰੰਗ ਮੋੜਦਾ ਏ ਅਤੇ ਨੈਣਾਂ ਦੇ ਸੁਪਨਿਆਂ ਦੀ ਰਾਖ ਨੂੰ ਗੰਗਾ 'ਚ ਰੋੜ੍ਹਦਾ ਏ।

ਵਿਹੜਾ ਜਦੋਂ ਹਿੱਕ 'ਚ ਸਿਵਾ ਬਾਲਦਾ ਏ ਤਾਂ ਉਸ ਦੀਆਂ ਖਾਹਸ਼ਾਂ, ਚਾਵਾਂ ਤੇ ਸੱਧਰਾਂ ਦੀ ਰਾਖ, ਵਗਦੀਆਂ ਹਵਾਵਾਂ ਦੀ ਭੇਟਾ ਚੜ੍ਹ ਜਾਂਦੀ ਏ। ਵਿਹੜੇ ਦੀ ਅੱਖ 'ਚ ਹੁਣ ਵੀ ਅਟਕ ਜਾਂਦਾ ਏ, ਵੰਡ ਦੇ ਜਨੂੰਨ 'ਚ ਲੋਥਾਂ ਤੇ ਲਹੂ ਦਾ ਵਿਰਲਾਪ, ਚੌਰਾਸੀ ਦੇ ਦੰਗਿਆਂ ਦਾ ਕਰੁਣਾਮਈ ਆਲਾਪ, ਧਾਰਮਿਕਤਾ 'ਚ ਪਨਪਿਆ ਪਾਪ ਅਤੇ ਰੋਮ ਰੋਮ ਨੇ ਹੰਢਾਇਆ ਦਹਿਸ਼ਤਗਰਦੀ ਦੌਰ ਦਾ ਸੰਤਾਪ।

ਉਪਰਾਮ ਹੋਇਆ ਵਿਹੜਾ, ਹਉਕੇ ਦੀ ਜੂਨ ਹੰਢਾਉਂਦਾ, ਤ੍ਰਾਸਦੀ ਦੀ ਰੁਮਕਣੀ ਅੰਗਾਂ 'ਚ ਵਸਾਉਂਦਾ ਏ, ਚਹੁੰ-ਕੂੰਟੀ ਤਰਲੇ ਦੀ ਭੱਠੀ ਤਪਾਉਂਦਾ ਏ, ਸਾਹਾਂ ਦੇ ਸੇਕ 'ਚ ਕਵਾਸੀ ਰੋਟੀ ਪਕਾਉਂਦਾ ਏ ਅਤੇ ਟੁੱਕੀਆਂ ਆਂਦਰਾਂ ਦੀ ਤਲੀ 'ਤੇ ਟਿਕਾਉਂਦਾ ਏ।

ਵਿਹੜੇ 'ਚ ਪਈ ਹੋਈ ਲਾਸ਼। ਚਾਰੇ ਪਾਸੇ ਪਿਆ ਚੀਕ ਚਿਹਾੜਾ। ਟੁੱਟੇ ਕਲੀਰਿਆਂ ਦੀ ਅਉਧ ਹੰਢਾਉਣ ਲਈ ਮਜਬੂਰ ਬਾਹਾਂ। ਭੈਣ ਦੇ ਹੱਥ 'ਚ ਡੁਸਕਦੀ ਰੱਖੜੀ। ਵੀਰ ਦੀ ਡੌਲਿਉਂ ਟੁੱਟੀ ਬਾਂਹ ਦਾ ਰੁਦਨ। ਮਾਸੂਮਾਂ ਦੇ ਸਿਰ ਤੋਂ ਗਵਾਚੀ ਛਾਂ ਦਾ ਹਿਰਦੇਵੇਦਕ ਹਿਰਖ। ਮਾਂ ਦੇ ਨੈਣਾਂ 'ਚੋਂ ਗਵਾਚਿਆ ਨੂਰ ਅਤੇ ਬੁਢਾਪੇ ਦੀ ਗਵਾਚ ਗਈ ਡੰਗੋਰੀ। ਇਸ ਗਮ ਦਾ ਅੰਗ ਬਣਿਆ, ਧਾਹਾਂ ਮਾਰਦਾ ਵਿਹੜਾ। ਉਸ ਦੇ ਸਾਹਾਂ 'ਚ ਆਹਾਂ ਦੀ ਨਿਰੰਤਰਤਾ ਘਰ ਲਈ ਕਹਿਰ। ਕੀਰਨਿਆਂ ਦੀ ਰੁੱਤ, ਸੁੱਖਨ ਭਾਵਾਂ ਲਈ ਜ਼ਹਿਰ। ਅੱਥਰੂਆਂ ਦਾ ਵਗਦਾ ਦਰਿਆ, ਰੋੜ ਕੇ ਲੈ ਜਾਂਦਾ ਚਾਵਾਂ ਦੀ ਨਗਰੀ। ਨਾਮੋ-ਨਿਸ਼ਾਨ ਮਿਟਾ ਦਿੰਦਾ ਏ ਦਿਲਾਂ 'ਚ ਅਠਖੇਲੀਆਂ ਕਰਦੀਆਂ ਬਹਾਰ ਦਾ। ਮਰ ਜਾਂਦਾ ਏ ਜਿਉਣ ਦਾ ਚਾਅ, ਸਿਸਕਦੀ ਏ ਹਰ ਅਦਾ ਅਤੇ ਧੁਆਂਖੀ ਜਾਂਦੀ ਏ ਮਸਤਕ ਦੀ ਸੰਧੂਰੀ ਭਾਅ।

ਵਿਹੜਾ ਜਦੋਂ ਵਿਰਲਾਪ ਬਣ ਜਾਵੇ ਤਾਂ ਸਹਿਮ ਜਾਂਦੀ ਏ ਤਹਿਜੀਬ, ਠਾਕੀ ਜਾਂਦੀ ਏ ਜੀਭ ਅਤੇ ਚੌਰਾਹੇ 'ਚ ਗੱਡੀ ਜਾਂਦੀ ਏ ਸਲੀਬ।

ਵਿਗੋਚਾ ਬਣਿਆ ਵਿਹੜਾ ਮਨ-ਮਸਤਕ ਦੀ ਬੀਬੀ ਦਾ ਹੋਕਾ ਬਣ, ਬੋਲੇ ਵਕਤ ਨੂੰ ਝੰਜੋੜਦਾ, ਉਸ ਕੋਲੋਂ ਆਪਣੇ ਹਿੱਸੇ ਦੇ ਅਸਮਾਨ ਦੀ ਮੰਗ ਕਰਦਾ ਏ।

ਵਿਹੜਾ ਕਦੇ ਵੀ ਨਹੀਂ ਚਾਹੁੰਦਾ, ਇਕੱਲ ਨੂੰ ਮਾਣਨਾ, ਹਨੇਰੇ 'ਚ ਪਰਿੰਦਿਆਂ ਦੀ ਜੂਨ ਹੰਢਾਉਣਾ ਅਤੇ ਪਾਪੀ ਪਹਿਰ 'ਚ ਆਪੇ ਨੂੰ ਗੰਧਾਲਣਾ। ਵਿਹੜਾ ਹਰ ਰੰਗ ਨੂੰ ਹੰਢਾਉਂਦਾ ਏ। ਉਸ ਰੰਗ 'ਚੋਂ ਜੀਵਨ ਦੀ ਸਾਰਥਿਕਤਾ ਜਾਣਦਾ ਏ, ਉਸ ਨੂੰ ਜੀਵਨ ਦਾ ਸੱਚ ਕਰਕੇ ਮਾਣਦਾ ਏ ਅਤੇ ਉਸ 'ਚੋਂ ਨਵੀਆਂ ਜੀਵਨ-ਤਰੰਗਾਂ ਦੀ ਸੁਰ-ਸੰਗਮ ਪਛਾਣਦਾ ਏ।

ਵਿਹੜਾ ਆਸ ਏ, ਵਰ ਲੋੜਦੇ ਬੋਲ ਲਈ, ਦਾਨ ਮੰਗਦੀ ਸੱਖਣੀ ਝੋਲ ਲਈ, ਸਾਰਥਿਕ ਸਾਹ ਲੋੜਦਾ ਖੋਲ ਲਈ ਅਤੇ ਜੀਵਨ-ਬੁਲੰਦੀਆਂ ਦੀ ਅਭਿਲਾਸ਼ਾ ਰੱਖਦੇ ਲਾਡ-ਕਲੋਲ ਲਈ।

ਵਿਹੜੇ ਦੀ ਸ਼ੋਭਾ 'ਚ ਵਸਦੀ ਏ, ਆਪਸੀ ਮੋਹ-ਮੁਹੱਬਤ ਅਤੇ ਪੁਰ-ਖਲੂਸ ਵਾਤਾਵਰਣੀ ਮਹਿਫਿਲਾਂ ਦੀ ਚਸ਼ਮਦੀਦ ਗਵਾਹੀ।

ਵਿਹੜੇ 'ਚ ਕਦੇ ਕਦੇ ਦੇਸੀ ਦਾਰੂ ਦੀਆਂ ਲਗਦੀਆਂ ਮਹਿਫਿਲਾਂ। ਉਚੀ ਉਚੀ ਗੱਲਾਂ ਤੇ ਠਹਾਕੇ ਦਾ ਵਾਤਾਵਰਣ। ਕਦੇ ਕਦੇ ਵਧਿਆ ਤਕਰਾਰ, ਗਾਲੀ-ਗਲੋਚ, ਲਲਕਾਰੇ, ਖੜਕਦੀਆਂ ਡਾਂਗਾਂ ਤੇ ਛਵੀਆਂ ਦਾ ਭਿਆਨਕ ਰੂਪ ਧਾਰਦਾ, ਵਿਹੜੇ ਦੀ ਜਾਨ ਹੀ ਕੱਢ ਲੈਂਦਾ। ਪਰ ਫਿਰ ਸ਼ੁਭ ਮੌਕੇ, ਸਿਆਣੇ ਸਿਰ ਜੋੜ ਬੈਠਦੇ ਮਨਾਂ ਦੇ ਰੋਸੇ ਤੇ ਗੁੱਸਾ, ਗਲਵੱਕੜੀਆਂ ਦੀ ਰੁੱਤ ਬਣ ਵਿਹੜੇ ਲਈ ਧੰਨਭਾਗ ਦਾ ਦਰ ਖੋਲਦੇ।

ਵਿਹੜਾ ਅਕੀਦਤ ਏ, ਨਰੋਈਆਂ ਕਦਰਾਂ-ਕੀਮਤਾਂ ਤੇ ਸਭਿਆਚਾਰ ਦੀ, ਸਾਡੇ ਬੀਤੇ ਹੋਏ ਸਹਿਜ ਸੰਸਾਰ ਦੀ, ਸਾਡੇ ਬਜ਼ੁਰਗਾਂ ਦੀ ਅਸੀਸ ਤੇ ਸਹਿਚਾਰ ਦੀ ਅਤੇ ਸਾਡੇ ਉਪਰ ਅਸਰ ਅੰਦਾਜ਼ ਹੋਏ ਰੌਸ਼ਨ-ਵਿਚਾਰ ਦੀ।

ਵਿਹੜਾ ਇਬਾਦਤ ਏ, ਪਿੱਤਰਾਂ ਦੇ ਮੋਹ ਦੀ, ਬਨੇਰਿਆਂ 'ਤੇ ਜਗਦੇ ਦੀਵਿਆਂ ਦੀ ਲੋਅ ਦੀ ਅਤੇ ਤਲੀਆਂ 'ਤੇ ਮਹਿੰਦੀ ਲਾਉਂਦੇ ਇੱਤਰਾਂ ਦੇ ਚੋਅ ਦੀ।

ਵਿਹੜਾ ਆਦਬ ਏ, ਜੀਣ ਦਾ, ਰਹਿਣ ਦਾ, ਸਹਿਣ ਦਾ, ਕਹਿਣ ਦਾ, ਸੋਚ ਦਾ, ਹੋਸ਼ ਦਾ, ਲੋਚ ਦਾ, ਹੱਕ ਦਾ, ਫਰਜ਼ ਦਾ ਅਤੇ ਜੀਵਨ ਦੇ ਅਰਥ-ਸੰਦਰਭ ਦਾ।

ਵਿਹੜਾ ਹਾਕ ਏ, ਲੰਬੀ ਉਡਾਰੀ ਮਾਰ ਗਏ



ਚਿੜੀਆਂ ਦੇ ਚੰਬੇ ਦੀ, ਗੁੱਡੀਆਂ ਪਟੋਲਿਆਂ ਦੀ ਪੀਂਘ ਦੀ, ਨਿੱਕੇ ਨਿੱਕੇ ਰੋਸੇ ਤੇ ਵੱਡੇ ਵੱਡੇ ਚਾਵਾਂ ਦੀ, ਛੋਟੀ ਉਮਰ 'ਚ ਆਪਹੁਦਰੇਪਨ ਤੇ ਮੰਨੀਆਂ ਨੇਕ ਸਲਾਹਾਂ ਦੀ, ਤੁਰ ਗਏ ਭੈਣਾਂ ਤੇ ਭਰਾਵਾਂ ਦੀ, ਮਾਣ ਮੱਤੇ ਪਿਤਾ ਤੇ ਛਾਂ ਵਰਗੀਆਂ ਮਾਂਵਾਂ ਦੀ, ਗੁੰਮ ਗਏ ਵਜੂਦ ਚੇਤੇ 'ਚ ਸਾਂਭੀਆਂ ਥਾਂਵਾਂ ਦੀ, ਰਾਹਾਂ ਦੀ ਤੇ ਨਿਗਾਹਾਂ ਦੀ।

ਵਿਹੜੇ ਨੂੰ ਚੜ੍ਹ ਜਾਂਦਾ ਏ ਚਾਅ, ਜਦੋਂ ਕ੍ਰਿਪਾਨ ਤੇ ਤ੍ਰਿਸ਼ੂਲ ਗੁੰਮਸ਼ੁਦਗੀ ਦੀ ਜੂਨ ਹੰਢਾਉਂਦੇ ਨੇ, ਬਾਣੀ, ਵੇਦ ਤੇ ਕੁਰਾਨ ਵਿਚਾਰਾਂ ਦੀ ਸਰਬ-ਸਾਂਝੀ ਸੁਰ ਉਪਜਾਉਂਦੇ ਨੇ, ਮੰਦਿਰ, ਮਸੀਤ ਤੇ ਗੁਰਦੁਆਰਾ ਗਲਵੱਕੜੀ ਪਾਉਂਦੇ ਨੇ ਅਤੇ ਇਨਸਾਨੀਅਤ ਦੇ ਝੰਡੇ ਦੀ ਬੁਲੰਦੀ ਦਾ ਨਵਾਂ ਇਤਿਹਾਸ ਰਚਾਉਂਦੇ ਨੇ।

ਵਿਹੜਾ ਵਿਸ਼ਾਲਤਾ ਹੰਢਾਵੇ। ਵਕਤ ਦੀ ਝੋਲੀ ਸੂਹੇ ਪਲਾਂ ਦਾ ਸੰਧਾਰਾ ਪਾਵੇ। ਸੁਖਨਵਰ ਪਲਾਂ ਦੀ ਭਰਪੂਰ ਫਸਲ ਉਗਾਵੇ। ਇਸ ਦੇ ਹਿੱਕ 'ਤੇ ਪਸਰਦਾ, ਅੰਬੀ ਦਾ ਬੂਟਾ, ਫੱਲਣ ਫੁੱਲਣ ਦਾ ਕਰਮ ਕਮਾਵੇ। ਕੋਇਲਾਂ ਦੀ ਸੰਗੀਤਕ ਸੁਰ ਸੁਖਦਾਈ ਹੋਂਦ ਦਾ ਅਹਿਸਾਸ ਜਗਾਵੇ ਅਤੇ ਸਭਨਾਂ ਜੀਆਂ ਦੀ ਲੰਮੇਰੀ ਉਮਰ ਦੀ ਦੁਆ ਫਿਜ਼ਾ 'ਚ ਗੁਣਗੁਣਾਵੇ।

ਵਿਹੜਾ ਕਦੇ ਚਰਖਾ ਕੱਤਦੀਆਂ ਨੱਢੀਆਂ ਦੀ ਚੁਗਲ-ਚਰਚਾ ਨੂੰ ਮਾਣਦਾ ਏ, ਕਦੇ ਚੁੱਪ ਦੇ ਬੋਲਾਂ ਦੇ ਅਰਥ ਜਾਣਦਾ ਏ, ਕਦੇ ਅੱਖੀਆਂ ਦੀ ਭਾਸ਼ਾ ਨੂੰ ਪਛਾਣਦਾ ਏ ਤੇ ਕਦੇ ਕਿਸੇ ਪੈੜ-ਚਾਲ 'ਚੋਂ ਹੀ ਕਈ ਤਰ੍ਹਾਂ ਦੇ ਨਕਸ਼ਾਂ ਨੂੰ ਬਿਆਨਦਾ ਏ।

ਵਿਹੜੇ ਦੇ ਧੰਨ ਭਾਗ ਹੁੰਦੇ ਨੇ, ਮਹਿੰਦੀ ਵਾਲੇ ਪੈਰਾਂ ਦਾ ਠੁਮਕਣਾ, ਖੰਡ ਮਿਸ਼ਰੀ ਬੋਲਾਂ ਦਾ ਫਿਜ਼ਾ 'ਚ ਰੁਮਕਣਾ, ਵਾਜੇ ਸ਼ਹਿਨਾਈਆਂ ਦਾ ਮਨਾਂ ਨੂੰ ਧੂਹ ਪਾਉਂਦਾ ਰਾਗ, ਮਸਤਕ 'ਚ ਖੇੜਿਆਂ ਦਾ ਜਾਗ ਅਤੇ ਵਿਹੜੇ ਨੂੰ ਸੰਪੂਰਨਤਾ ਬਖਸ਼ਦੇ ਭਾਗ।

ਵਿਹੜੇ 'ਚ ਮੰਜੇ 'ਤੇ ਬੈਠਾ ਬੁੱਢਾ ਬਾਪ। ਸਿਰਹਾਣੇ ਖੂੰਡੀ। ਆਲੇ-ਦੁਆਲੇ ਪੋਤੇ ਪੋਤਰੀਆਂ ਦਾ ਝੁਰਮਟ। ਬੁਢਾਪਾ ਤੇ ਬਚਪਨ ਇਕ ਸੁਰ ਹੋਏ ਕਦੇ ਬੀਤ ਚੁੱਕੇ 'ਚੋਂ ਮਾਣਕ-ਮੋਤੀਆਂ ਦੀ ਮਾਲਾ ਪਰੋਂਦੇ, ਨਵੇਂ ਭਵਿੱਖ ਦੇ ਸੁਰਖ ਸਿਰਨਾਵਿਆਂ ਦੀ ਵਰਣਮਾਲਾ, ਸੋਚ ਦੇ ਦਰੀਂ ਟਿਕਾਉਂਦੇ। ਬਾਲ ਸ਼ਰਾਰਤਾਂ, ਮੱਤਾਂ ਦੀ ਗਾਗਰ 'ਚੋਂ ਮਾਣ-ਮੱਤੇ ਰੰਗ ਬਖੇਰਦੀਆਂ, ਹਾਸਿਆਂ ਦੀ ਛਹਿਬਰ ਲਾਉਂਦੀਆਂ ਅਤੇ ਸਮੇਂ ਨੂੰ ਠਹਿਰ ਜਾਣ ਦਾ ਹੁਨਰ ਸਿਖਾਉਂਦੀਆਂ। ਵਿਹੜਾ ਸਭ ਕਾਸੇ ਨੂੰ ਨਿਹਾਰਦਾ, ਖੇੜਿਆਂ ਭਰਪੂਰ ਮਨਾਂ ਦੀ ਸਦੀਵਤਾ ਦੀ ਅਰਦਾਸ ਕਰਦਾ। ਵਿਹੜੇ ਨੂੰ ਜਾਪਦਾ ਕਿ ਵਕਤ 'ਤੇ ਨਰੋਈਆਂ ਪੈੜਾਂ ਸਿਰਜਣ ਵਾਲੀ ਸਿਆਣਪ, ਨਵੀਂ ਪਹਿਚਾਣ ਦੇ ਭਵਿੱਖੀ ਦਾਈਏ ਬੰਨਦੀ, ਮਾਨਸਿਕ ਹੁਲਾਰਿਆਂ ਦਾ ਅਹਿਸਾਸ ਜਤਾਉਂਦੀ।

ਵਿਹੜਾ ਚਾਹੁੰਦਾ ਏ ਕਿ ਸਮੇਂ ਦੀਆਂ ਵਾਗਾਂ ਮੋੜਨ ਦੇ ਸਮਰੱਥ ਸੋਚ, ਸੁਘੜ ਸਲਾਹਾਂ ਦੀ ਰਹਿਨੁਮਾਈ ਹੇਠ ਪੌਣਾਂ 'ਚ ਲਿਖੇ ਹਰਫ ਤਸਦੀਕ ਕਰਦੀ ਰਹੇ।

ਵਿਹੜਾ ਬੋਲਦਾ ਏ ਤਾਂ ਘਰ ਪਰ ਤੋਲਦਾ ਏ। ਵਿਹੜਾ ਹਸਦਾ ਏ ਤਾਂ ਘਰ ਵਸਦਾ ਏ। ਵਿਹੜਾ ਹਾਕ ਮਾਰੇ ਤਾਂ ਘਰ ਉਡੀਕ-ਸਮੁੰਦਰਾਂ 'ਚ ਆਸ ਦੀਆਂ ਬੇੜੀਆਂ ਤਾਰੇ। ਵਿਹੜਾ ਲਾਡ ਲਡਾਵੇ ਤਾਂ ਘਰ ਅੰਬਰਾਂ ਵਿਚ ਘਰ ਪਾਵੇ। ਵਿਹੜਾ ਗਲ ਨਾਲ ਲਾਵੇ ਤਾਂ ਘਰ ਉਮਰ ਦਾ ਫਲਸਫਾ ਬਣ ਜਾਵੇ। ਵਿਹੜਾ ਜੇ ਇਸ਼ਾਰਾ ਵੀ ਕਰੇ ਤਾਂ ਘਰ ਸਾਰਥਕ ਜੀਵਨ ਸ਼ੈਲੀ ਨੂੰ ਹਾਸਲ ਕਰੇ।

ਵਿਹੜੇ ਦੀ ਵਿਆਖਿਆ ਕਿੰਜ ਕਰੋਗੇ ਕਿਉਂਕਿ ਵਿਹੜਾ ਸਾਡਾ ਸਰੋਕਾਰ ਏ, ਬਜ਼ੁਰਗਾਂ ਦੀਆਂ ਨਸੀਹਤਾਂ ਤੇ ਮਨੁੱਖੀ ਸੰਸਕਾਰਾਂ ਨਾਲ ਵਰਸੋਇਆ ਸ਼ਾਹਕਾਰ ਏ ਅਤੇ ਸ਼ਬਦਾਂ ਦੀ ਕਸਕੀ ਸੀਮਾ ਤੋਂ ਅਗਾਂਹ ਦਾ ਪਾਸਾਰ ਏ।

ਵਿਹੜੇ 'ਚ ਬਲ ਰਹੀ ਧੂਣੀ। ਅੱਗ ਸੇਕਦੇ ਜੁਆਨ, ਗਭਰੀਟ ਤੇ ਸਿਆਣੇ। ਠੱਠੇ ਮਜ਼ਾਕ ਦਾ ਚਲਦਾ ਪਰਵਾਹ। ਸਿਆਣਪਾਂ 'ਚ ਗੜੁੱਚ ਬੋਲਾਂ ਦੀ ਸਿਫਤ ਸਲਾਹ। ਨਿੱਕੇ ਨਿੱਕੇ ਆਹਰ। ਛੋਟਾ ਜਿਹਾ ਖੁਸ਼ਨੁਮਾ ਸੰਸਾਰ। ਸੱਚੀ ਸੁੱਚੀ ਸੋਚ ਨਾਲ ਵਿਚਰਦੇ ਬੋਲ, ਆਪਣੀ ਦੁਨੀਆਂ ਨੂੰ ਆਪਣੇ ਰੰਗ ਨਾਲ ਜਿਉਂਦੇ, ਸਮੇਂ ਦੇ ਹਾਣ ਦੀਆਂ ਬਾਤਾਂ ਪਾਉਂਦੇ ਅਤੇ ਤਹਿਰੀਕ ਨੂੰ ਆਦਾਬ ਦਾ ਨਿਉਂਦਾ ਪਾਉਂਦੇ।

ਐ ਖੁਦਾਇਆ! ਵਿਹੜੇ ਨੂੰ ਘਰ, ਘਰ ਨੂੰ ਜੀਅ ਅਤੇ ਜੀਆਂ ਨੂੰ ਜਿਉਣ ਦਾ ਅਦਬ ਦਈਂ। ਵਿਹੜੇ ਨੂੰ ਬਿਰਖ, ਬਿਰਖ ਨੂੰ ਆਲ੍ਹਣਾ, ਆਲ੍ਹਣੇ ਨੂੰ ਪਰਿੰਦਾ, ਪਰਿੰਦੇ ਨੂੰ ਪਰ ਅਤੇ ਪਰਾਂ ਨੂੰ ਪਰਵਾਜ਼ ਦਈਂ। ਵਿਹੜੇ ਨੂੰ ਬਨੇਰੇ, ਬਨੇਰੇ ਨੂੰ ਚਿਰਾਗ ਅਤੇ ਚਿਰਾਗ ਨੂੰ ਜਗਣ ਦਾ ਵਰ ਦੇਈਂ। ਵਿਹੜੇ ਨੂੰ ਫੁੱਲ, ਫੁੱਲ ਨੂੰ ਮਹਿਕ ਅਤੇ ਮਹਿਕ ਨੂੰ ਭੌਰਾ ਅਤੇ ਭੌਰੇ ਨੂੰ ਮਹਿਕ ਸਮਾਉਣ ਦੀ ਸੁਮੱਤ ਬਖਸ਼ੀਂ। ਵਿਹੜੇ ਨੂੰ ਪੈਰਾਂ ਦੀ ਧਮਾਲ, ਧਮਾਲ ਨੂੰ ਚਾਅ ਤੇ ਚਿਰੰਜੀਵਤਾ ਦਾ ਵਰ ਦੇਈਂ। ਵਿਹੜੇ ਨੂੰ ਸ਼ਗਨਾਂ ਦਾ ਡੋਲਾ, ਡੋਲੇ ਨੂੰ ਕਹਾਰ, ਕਹਾਰਾਂ ਨੂੰ ਦੂਰ-ਦਰਾਂ ਦਾ ਸਿਰਨਾਵਾਂ ਅਤੇ ਦੂਰ ਦਰਾਂ ਨੂੰ ਤੇਲ ਚੋਣ ਦਾ ਸ਼ਰਫ ਹਾਸਲ ਹੋਵੇ। ਵਿਹੜੇ ਨੂੰ ਚੌਂਕਾ, ਚੌਂਕੇ ਨੂੰ ਘੁੱਗੀਆਂ, ਮੋਰ ਤੇ ਚੁੱਲ੍ਹਾ, ਚੁੱਲ੍ਹੇ ਨੂੰ ਪਰਿਵਾਰ ਅਤੇ ਪਰਿਵਾਰ ਨੂੰ ਇਤਫਾਕ ਬਖਸ਼ੀਂ। ਵਿਹੜੇ ਨੂੰ ਮੰਜੇ, ਮੰਜੇ 'ਤੇ ਬੈਠੀ ਬੁੱਢੀ ਮਾਂ ਦਾ ਅਸੀਸ ਭਰਿਆ ਹੱਥ ਅਤੇ ਉਸ ਹੱਥ ਵਿਚ ਸਭ ਦੀ ਖੈਰ-ਸੁੱਖ ਦੀ ਸ਼ਫਾ ਉਕਰੀਂ।

***ਐ ਖੁਦਾਇਆ! ਵਿਹੜੇ ਨੂੰ ਘਰ, ਘਰ ਨੂੰ ਜੀਅ ਅਤੇ ਜੀਆਂ ਨੂੰ ਜਿਉਣ ਦਾ ਅਦਬ ਦਈਂ। ਵਿਹੜੇ ਨੂੰ ਬਿਰਖ, ਬਿਰਖ ਨੂੰ ਆਲ੍ਹਣਾ, ਆਲ੍ਹਣੇ ਨੂੰ ਪਰਿੰਦਾ, ਪਰਿੰਦੇ ਨੂੰ ਪਰ ਅਤੇ ਪਰਾਂ ਨੂੰ ਪਰਵਾਜ਼ ਦਈਂ। ਵਿਹੜੇ ਨੂੰ ਬਨੇਰੇ, ਬਨੇਰੇ ਨੂੰ ਚਿਰਾਗ ਅਤੇ ਚਿਰਾਗ ਨੂੰ ਜਗਣ ਦਾ ਵਰ ਦੇਈਂ। ਵਿਹੜੇ ਨੂੰ ਫੁੱਲ, ਫੁੱਲ ਨੂੰ ਮਹਿਕ ਅਤੇ ਮਹਿਕ ਨੂੰ ਭੌਰਾ ਅਤੇ ਭੌਰੇ ਨੂੰ ਮਹਿਕ ਸਮਾਉਣ ਦੀ ਸੁਮੱਤ ਬਖਸ਼ੀਂ। ਵਿਹੜੇ ਨੂੰ ਪੈਰਾਂ ਦੀ ਧਮਾਲ, ਧਮਾਲ ਨੂੰ ਚਾਅ ਤੇ ਚਿਰੰਜੀਵਤਾ ਦਾ ਵਰ ਦੇਈਂ। ਵਿਹੜੇ ਨੂੰ ਸ਼ਗਨਾਂ ਦਾ ਡੋਲਾ, ਡੋਲੇ ਨੂੰ ਕਹਾਰ, ਕਹਾਰਾਂ ਨੂੰ ਦੂਰ-ਦਰਾਂ ਦਾ ਸਿਰਨਾਵਾਂ ਅਤੇ ਦੂਰ ਦਰਾਂ ਨੂੰ ਤੇਲ ਚੋਣ ਦਾ ਸ਼ਰਫ ਹਾਸਲ ਹੋਵੇ। ਵਿਹੜੇ ਨੂੰ ਚੌਂਕਾ, ਚੌਂਕੇ ਨੂੰ ਘੁੱਗੀਆਂ, ਮੋਰ ਤੇ ਚੁੱਲ੍ਹਾ, ਚੁੱਲ੍ਹੇ ਨੂੰ ਪਰਿਵਾਰ ਅਤੇ ਪਰਿਵਾਰ ਨੂੰ ਇਤਫਾਕ ਬਖਸ਼ੀਂ। ਵਿਹੜੇ ਨੂੰ ਮੰਜੇ, ਮੰਜੇ 'ਤੇ ਬੈਠੀ ਬੁੱਢੀ ਮਾਂ ਦਾ ਅਸੀਸ ਭਰਿਆ ਹੱਥ ਅਤੇ ਉਸ ਹੱਥ ਵਿਚ ਸਭ ਦੀ ਖੈਰ-ਸੁੱਖ ਦੀ ਸ਼ਫਾ ਉਕਰੀਂ।***

## ਮਿੰਨੀ ਕਹਾਣੀ

### ਅਹੁਦਾ

ਅੱਜ ਢਾਬੇ ਦੇ ਛੋਟੇ ਜਿਹੇ ਕਮਰੇ 'ਚ ਪੰਜਾਬੀ ਸਾਹਿਤ ਸਭਾ ਦੇ ਅਹੁਦੇਦਾਰਾਂ ਦੀ ਮੀਟਿੰਗ ਸੀ। ਉਨ੍ਹਾਂ ਵਿਚ ਇੱਕ ਨਵਾਂ ਬਣਿਆ ਮੈਂਬਰ, ਜਿਸ ਨੂੰ ਲਿਖਣ ਦੀ ਨਵੀਂ ਨਵੀਂ ਚੇਟਕ ਲੱਗੀ ਸੀ, ਬਿਨ ਬੁਲਾਏ ਪਹੁੰਚ ਗਿਆ। ਚਾਹ-ਪਾਣੀ ਛਕਣ ਪਿੱਛੋਂ ਸਭਾ ਨੂੰ ਰਜਿਸਟਰ ਕਰਾਉਣ, ਨਵਾਂ ਸੰਵਿਧਾਨ ਲਿਖਣ ਤੇ ਕਮੇਟੀ ਦੀ ਅਗਲੀ ਚੋਣ ਬਾਰੇ ਚਰਚਾ ਹੋਈ। ਨਵੇਂ ਕਵੀ ਨੇ ਆਪਣੀਆਂ ਨਵੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਅਤੇ ਮੈਂਬਰਾਂ ਦੀ ਰਾਏ ਲਈ।

ਮੀਟਿੰਗ ਸਮਾਪਤ ਹੋਣ 'ਤੇ ਨਵੇਂ ਕਵੀ ਨੂੰ ਗੇਟ 'ਤੇ ਵਿਦਾ ਕਰਨ ਮਗਰੋਂ ਇਕ ਬੋਲਿਆ, "ਕਿਵੇਂ ਲੱਗਾ ਨਵਾਂ ਮੈਂਬਰ?"

ਦੂਜਾ, "ਯਾਰ ਲਿਖਦਾ ਤੇ ਸੋ ਸੋ ਈ ਆ!"

ਤੀਸਰਾ, "ਮਿੱਤਰੋ ਬੰਦਾ ਚੁਸਤ ਲੱਗਦਾ, ਅਹੁਦਾ ਭਾਲਦਾ।"

ਪਹਿਲਾ, "ਯਾਰ ਖਰਾਬ ਨਾ ਕਰੇ ਕਿਤੇ!"

ਦੂਜਾ ਬੋਲਿਆ, "ਕੈਸ਼ੀਅਰ ਬਣਾ ਦਿਓ!"

ਤੀਸਰਾ, "ਕਿਉਂ?"

ਦੂਜੇ ਨੇ ਗੱਲ ਸਿਰੇ ਲਾਈ, "ਆਪਣੀ ਸਭਾ ਕੋਲ ਕਿਹੜੇ ਪੈਸੇ ਹੁੰਦੇ ਆ! ਨੰਗ ਪੁੱਤ ਚੋਰਾਂ ਦੇ ਖੇਲੂ!" ਸਾਰੇ ਠਹਾਕਾ ਮਾਰ ਹੱਸ ਪਏ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*



# ਗੁਜਰਾਤ ਫਾਈਲਾਂ

**ਪਰਦਾਪੋਸ਼ੀ ਦੀ ਚੀਰਫਾੜ**

*'ਗੁਜਰਾਤ ਫਾਈਲਾਂ' ਕਿਤਾਬ ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਮਿਸਾਲੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



### ਤੁਸੀਂ ਪੜ੍ਹ ਚੁੱਕੇ ਹੋ...

*ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਦਿਆਂ-ਲੱਭਦਿਆਂ ਉਹ ਖੁਦ ਡਿਪਰੈਸ਼ਨ ਦੇ ਗੇੜ ਵਿਚ ਜਾ ਧਸੀ। ਇਕ ਦਿਨ ਅਚਾਨਕ ਮੁੰਬਈ ਦੇ ਡਾਕਟਰ ਚਿਟਨਿਸ ਦੇ ਮਸ਼ਵਰੇ ਨੇ ਉਸ ਅੰਦਰ ਫਿਰ ਚਿਣਗ ਬਾਲੀ। ਫਿਰ ਜਦੋਂ ਅੰਮੜੀ ਵਲੋਂ ਅਖਬਾਰ ਪੜ੍ਹਦਿਆਂ ਸੋਹਰਾਬੂਦੀਨ ਦਾ ਜ਼ਿਕਰ ਆਇਆ ਤਾਂ ਰਾਣਾ ਦੇ ਜ਼ਿਹਨ ਅੰਦਰ ਉਹ ਨਰੇਂਦਰ ਮੋਦੀ ਘੁੰਮ ਗਿਆ ਜਿਹੜਾ ਸਵਾਲ ਪੁੱਛਣ 'ਤੇ ਉਸ ਵੱਲ ਬਿਨਾ ਅੱਖ ਝਪਕਾਏ ਅਤੇ ਬਿਨਾ ਕੁਝ ਬੋਲੇ ਲਗਾਤਾਰ ਤਿੱਖਾ ਝਾਕਦਾ ਰਿਹਾ ਸੀ। ਇਸੇ ਮੋਦੀ ਦੇ ਬਖੀਏ ਉਧੇੜਨ ਲਈ ਫਿਰ ਰਾਣਾ ਨੇ ਲੱਕ ਬੰਨ੍ਹ ਲਿਆ ਅਤੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾ ਕੇ ਸਬੂਤ ਜੁਟਾਉਣ ਲੱਗੀ। ਉਸ ਨੇ ਤਤਕਾਲੀ ਮੰਤਰੀ ਮਾਇਆ ਕੋਡਨਾਨੀ, ਐਂਟੀ-ਟੈਰਰਿਸਟ ਸਕੁਐਡ ਦੇ ਮੁਖੀ ਜੀ.ਐਲ. ਸਿੰਘਲ ਅਤੇ ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ ਨਾਲ ਮੁਲਾਕਾਤਾਂ ਕੀਤੀਆਂ। ਹੁਣ ਪੜ੍ਹੋ ਅੱਗੇ...*

## ਇਸ ਦੌਰਾਨ...

**ਕਾਂਡ ਪੰਜਵਾਂ**

# ...ਜਦੋਂ ਜ਼ਿੰਦਗੀ ਠਹਿਰ ਗਈ ਲੱਗੀ!

ਇਸ ਤੋਂ ਪਹਿਲਾਂ ਕਿ ਮੈਂ ਕਹਾਣੀ ਦੇ ਅਗਲੇ ਕਾਂਡਾਂ ਵੱਲ ਤੁਰਾਂ, ਇਹ ਜ਼ਰੂਰੀ ਹੈ ਕਿ ਗੁਜਰਾਤ ਦੀ ਇਕ ਮਸ਼ਹੂਰ ਔਰਤ ਪੁਲਿਸ ਅਫਸਰ ਊਸ਼ਾ ਰਾਡਾ ਦਾ ਤੁਆਰਫ਼ ਕਰਾਇਆ ਜਾਵੇ। ਉਸ ਦਾ ਸਟਿੰਗ ਕਰਨ ਦਾ ਮੇਰਾ ਇਰਾਦਾ ਨਹੀਂ ਸੀ, ਪਰ ਉਸ ਬਾਰੇ ਕੁਝ ਸ਼ੱਕ ਜ਼ਰੂਰ ਸੀ। ਮੈਂ ਮਹਿਸੂਸ ਕੀਤਾ ਕਿ ਐਸਾ ਕਰਨ ਦਾ ਕੋਈ ਬਹੁਤਾ ਨੁਕਸਾਨ ਨਹੀਂ ਹੋਵੇਗਾ, ਕਿਉਂਕਿ ਰਾਡਾ ਜੋ ਪੱਛੜੀ ਸ਼੍ਰੇਣੀ ਨਾਲ ਸਬੰਧਤ ਸੀ, ਨਾਲ ਮਿਲਣੀ ਮੇਰੀ ਕਹਾਣੀ ਦੇ ਢੌਂਗ ਨੂੰ ਮਜ਼ਬੂਤ ਹੀ ਕਰੇਗੀ। ਰਾਡਾ ਅਭੈ ਚੁੜਾਸਮਾ ਦੀ ਜੂਨੀਅਰ ਸੀ ਅਤੇ ਉਸ ਦੀ ਵਫ਼ਾਦਾਰ ਸੀ। ਮੇਰੇ ਗੁਜਰਾਤ ਤੋਂ ਆ ਜਾਣ ਤੋਂ ਬਾਅਦ ਊਸ਼ਾ ਰਾਡਾ ਨੇ ਸੁਪਰੀਮ ਕੋਰਟ ਵਲੋਂ ਗੁਜਰਾਤ ਦੇ 16 ਪੁਲਿਸ ਮੁਕਾਬਲਿਆਂ ਦੀ ਜਾਂਚ ਲਈ ਬਣਾਈ ਸਪੈਸ਼ਲ ਟਾਸਕ ਫੋਰਸ ਤੋਂ ਅਸਤੀਫ਼ਾ ਦੇ ਦਿੱਤਾ ਜੋ 2003 ਅਤੇ 2006 ਦਰਮਿਆਨ ਬਣਾਏ ਗਏ ਸਨ।

ਅਭੈ ਚੁੜਾਸਮਾ (2007 ਤੇ 2010 ਦਰਮਿਆਨ ਰਾਡਾ ਦਾ ਬੌਸ ਰਿਹਾ ਸੀ ਜਦੋਂ ਉਹ ਦੋਵੇਂ ਕ੍ਰਾਈਮ ਬਰਾਂਚ ਵਿਖੇ ਤਾਇਨਾਤ ਸਨ) ਸੀ.ਬੀ.ਆਈ. ਵਲੋਂ ਸੋਹਰਾਬੂਦੀਨ ਸ਼ੇਖ ਦੇ ਫਰਜ਼ੀ ਮੁਕਾਬਲੇ ਵਿਚ ਪਹਿਲਾਂ ਹੀ ਗ੍ਰਿਫ਼ਤਾਰ ਸੀ। ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਰਾਡਾ ਜਾਂਚ ਨੂੰ ਚੁੜਾਸਮਾ ਦੇ ਹੱਕ ਵਿਚ ਮੋੜਾ ਦੇਣ ਦਾ ਯਤਨ ਕਰੇਗੀ।

ਇਸ ਵਕਤ ਗੁਜਰਾਤ ਪੁਲਿਸ ਦਾ ਕੰਟਰੋਲ ਰੂਮ ਮੇਰੇ ਲਈ ਬਹੁਤ ਮਨਭਾਉਂਦਾ ਬਣ ਗਿਆ ਸੀ। ਜਦੋਂ ਵੀ ਮੈਨੂੰ ਕਿਸੇ ਪੁਲਿਸ ਅਫਸਰ ਦੇ ਸੰਪਰਕ ਨੰਬਰ ਦੀ ਜ਼ਰੂਰਤ ਪੈਂਦੀ, ਮੈਂ ਅੱਖਰ ਖਾ ਜਾਣ ਵਾਲੇ ਅਮਰੀਕਨ ਅੰਦਾਜ਼ ਵਿਚ ਫ਼ੋਨ ਕਰਦੀ ਅਤੇ ਅਮਰੀਕਨ ਫਿਲਮਸਾਜ਼ ਵਜੋਂ ਆਪਣਾ ਤੁਆਰਫ਼ ਕਰਾਉਂਦੀ ਜੋ ਸ਼ਕਤੀਸ਼ਾਲੀ ਗੁਜਰਾਤੀ ਔਰਤਾਂ ਉਪਰ ਫਿਲਮ ਬਣਾ ਰਹੀ ਸੀ। ਜੋ ਵੀ ਪੁਲਿਸ ਅਫਸਰ ਲਾਈਨ ਉਪਰ ਹੁੰਦਾ, ਉਹ ਨਾ ਸਿਰਫ਼ ਮੈਨੂੰ ਫ਼ਰਾਖ਼ਦਿਲੀ ਨਾਲ ਸਬੰਧਤ ਅਫਸਰ ਦਾ ਲੈਂਡਲਾਈਨ, ਸਗੋਂ ਸੈੱਲ ਫ਼ੋਨ ਨੰਬਰ ਵੀ ਦੇ ਦਿੰਦਾ। ਜਦੋਂ ਮੈਂ ਊਸ਼ਾ ਰਾਡਾ ਨੂੰ ਫ਼ੋਨ ਕੀਤਾ, ਉਹ ਕੋਈ ਤਫ਼ਤੀਸ਼ ਕਰ ਰਹੀ ਸੀ। ਮੈਂ ਉਸ ਲਈ ਟੈਕਸਟ ਮੈਸੇਜ ਛੱਡ ਦਿੱਤਾ। ਦੋ ਘੰਟੇ ਬਾਅਦ ਉਸ ਨੇ ਫ਼ੋਨ ਕਰ ਕੇ ਮੈਨੂੰ ਅਹਿਮਦਾਬਾਦ ਦੇ ਸਰਕਟ ਹਾਊਸ ਵਿਖੇ ਮਿਲਣ ਲਈ ਕਿਹਾ। ਮੈਂ ਡੈਨਿਮ ਲਹਿੰਗੇ ਨਾਲ ਮੋਤੀਆਂ ਵਾਲੀ ਕਾਲੀ ਟੀ-ਸ਼ਰਟ ਪਹਿਨ ਲਈ ਜੋ ਉਚੇਚੇ ਤੌਰ 'ਤੇ ਮੀਟਿੰਗਾਂ ਵਿਚ ਜਾਣ ਲਈ ਸੀ। ਮੈਂ ਸਿਰ 'ਤੇ ਰੁਮਾਲ ਬੰਨ੍ਹਿਆ, ਕੈਮਰਾ ਚੁੱਕਿਆ ਅਤੇ ਪਿੱਠੂ ਬੈਗ ਪਾ ਲਿਆ। ਰਿਸੈਪਸ਼ਨਿਸਟ ਮੈਨੂੰ ਬੈਠਣ ਵਾਲੇ ਹਿੱਸੇ ਵਿਚ ਛੱਡ ਆਈ।

ਮਿੰਟਾਂ ਵਿਚ ਰਾਡਾ ਆ ਪਹੁੰਚੀ, 30ਵਿਆਂ ਦੇ ਸ਼ੁਰੂ ਦੀ ਉਮਰ ਦੀ ਔਰਤ, ਬੁਆਏ ਕੱਟ ਵਾਲ ਅਤੇ ਲੰਮਾ, ਪਤਲਾ ਜਿਸਮ। ਉਸ ਨੇ ਕਾਲਰ ਵਾਲੀ ਟੀ-ਸ਼ਰਟ ਅਤੇ ਜੀਨ ਪਹਿਨੀ ਹੋਈ ਸੀ। ਸਪੋਰਟਸ ਸ਼ੂ ਉਸ ਦੀ ਸ਼ਖ਼ਸੀਅਤ ਨੂੰ ਹੋਰ ਚਾਰ-ਚੰਨ ਲਾਉਂਦੇ ਸਨ। ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ- 'ਹੈਲੋ ਮੈਥਿਲੀ, ਕੀ ਹਾਲ ਐ?' ਉਸ ਨੇ ਨਿੱਘ ਨਾਲ ਹੱਥ ਮਿਲਾਉਂਦਿਆਂ ਅਤੇ ਚਿਹਰੇ 'ਤੇ ਮੁਸਕਾਨ ਲਿਆਉਂਦਿਆਂ ਪੁੱਛਿਆ।

ਬੈਠਦੇ ਸਾਰ ਮੈਂ ਉਸ ਦੀ ਸ਼ਖ਼ਸੀਅਤ ਦੀਆਂ ਤਾਰੀਫ਼ਾਂ ਦੀ ਝੜੀ ਲਾ ਦਿੱਤੀ; ਇਨ੍ਹਾਂ ਵਿਚੋਂ ਸਾਰੀਆਂ ਹੀ ਝੂਠੀਆਂ ਨਹੀਂ ਸਨ। ਊਸ਼ਾ ਦੀ ਸ਼ਖ਼ਸੀਅਤ ਦਿਲਕਸ਼ ਸੀ, ਅਤੇ ਉਸ ਦੀ ਮੁਸਕਾਨ ਮੇਰੇ ਸਾਰੇ ਡਰ ਦੂਰ ਕਰਦੀ ਸੀ। ਇਕ ਘੰਟੇ ਦੀ ਗੱਲਬਾਤ ਵਿਚ ਹੀ ਉਸ ਨੇ ਮੈਨੂੰ ਫਿਲਮਾਂ, ਸ਼ਾਪਿੰਗ ਅਤੇ ਗੁਜਰਾਤ ਦੇ ਇਕ ਬਹੁਤ ਮਸ਼ਹੂਰ ਥਾਲੀ ਜੁਆਇੰਟ ਉਪਰ ਲੈ ਕੇ ਜਾਣ ਦਾ ਇਕਰਾਰ ਕੀਤਾ।

ਉਸ ਨੇ ਮੈਨੂੰ ਵਿਦਾਇਗੀ ਵੇਲੇ ਘੁੱਟ ਕੇ ਆਪਣੇ ਨਾਲ ਲਗਾਉਣ ਅਤੇ ਆਪਣੀ ਸਰਕਾਰੀ ਜੀਪ ਵਿਚ ਨਹਿਰੂ ਫਾਊਂਡੇਸ਼ਨ ਅੱਗੇ ਛੱਡਣ ਤੋਂ ਪਹਿਲਾਂ ਕਿਹਾ- 'ਮੈਨੂੰ ਆਪਣੀ ਸਹੇਲੀ ਸਮਝ ਅਤੇ ਕਿਸੇ ਵੀ ਮਦਦ ਦੀ ਜ਼ਰੂਰਤ ਹੋਵੇ ਤਾਂ ਝਿਜਕਣਾ ਨਹੀਂ'।

ਅਗਲੀ ਸ਼ਾਮ ਮੇਰੇ ਫ਼ੋਨ ਉਪਰ ਊਸ਼ਾ ਦਾ ਮੈਸੇਜ ਆ ਗਿਆ- 'ਮੈਥਿਲੀ, ਸਾਢੇ ਨੌਂ ਵਜੇ ਸ਼ਾਮ ਨੂੰ ਮੈਨੂੰ ਐਸ.ਜੀ. ਹਾਈਵੇਅ ਉਪਰ ਆ ਕੇ ਮਿਲ।' ਮੈਂ ਝਟਪਟ 'ਹਾਂ' ਵਿਚ ਜਵਾਬ ਭੇਜ ਦਿੱਤਾ, ਪਰ ਜਿਉਂ ਹੀ ਮੈਂ ਫ਼ੋਨ ਰੱਖਿਆ, ਮੈਂ ਆਪਣੇ ਜਿਸਮ ਵਿਚ ਚਿੰਤਾ ਖੌਰੂ ਪਾ ਰਹੀ ਮਹਿਸੂਸ ਕੀਤੀ। ਉਹ ਸਾਢੇ ਨੌਂ ਵਜੇ ਰਾਤ ਨੂੰ ਮੈਨੂੰ ਐਸ.ਜੀ. ਹਾਈਵੇਅ ਉਪਰ ਕਿਉਂ ਮਿਲਣਾ ਚਾਹ ਰਹੀ ਸੀ?

ਪੂਰੀ ਤਰ੍ਹਾਂ ਘਬਰਾਈ ਅਤੇ ਡਰੀ ਹੋਈ ਮੈਂ ਆਟੋ ਲੈ ਕੇ ਐਸ.ਜੀ. ਹਾਈਵੇਅ ਚੱਲ ਪਈ। ਜਿਉਂ ਹੀ ਮੈਂ ਨਿਸ਼ਚਿਤ ਟਿਕਾਣੇ 'ਤੇ ਪਹੁੰਚੀ ਅਤੇ ਊਸ਼ਾ ਨੂੰ ਫ਼ੋਨ ਕੀਤਾ, ਅੱਗਿਉਂ ਉਸ ਨੇ ਆਟੋ ਵਾਲੇ ਨੂੰ ਫ਼ੋਨ ਫੜਾਉਣ ਲਈ ਕਿਹਾ ਤਾਂ ਜੋ ਉਸ ਨੂੰ ਸਹੀ ਜਗ੍ਹਾ ਸਮਝਾ ਸਕੇ ਜਿਥੋਂ ਉਸ ਨੇ ਮੈਨੂੰ ਲੈਣਾ ਸੀ। ਡਰਾਈਵਰ ਨੇ ਇਹ ਸ਼ਿਕਵਾ ਕਰਦਿਆਂ ਬੇਦਿਲੀ ਨਾਲ ਫ਼ੋਨ ਮੈਨੂੰ ਫੜਾ ਦਿੱਤਾ ਕਿ ਮੈਨੂੰ ਉਸ ਨੂੰ ਅਗਲੇ ਲੰਮੇ ਪੈਂਡੇ ਬਾਰੇ ਪਹਿਲਾਂ ਦੱਸਣਾ ਚਾਹੀਦਾ ਸੀ। ਉਦੋਂ ਦਸ ਵੱਜ ਚੁੱਕੇ ਸਨ। ਮੇਰੇ ਕੋਲ ਊਸ਼ਾ ਦਾ ਕਿਹਾ ਮੰਨਣ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ। ਮੈਂ ਭਾਵੇਂ ਡਰੀ ਹੋਈ ਸੀ, ਪਰ ਮੈਂ ਆਪਣਾ ਡਰ ਜ਼ਾਹਰ ਨਹੀਂ ਸੀ ਕਰ ਸਕਦੀ। ਊਸ਼ਾ ਦੀ ਪੁਲਿਸ ਵੈਨ ਸੜਕ 'ਤੇ ਨਜ਼ਰ ਆਉਣ ਤੋਂ ਪਹਿਲਾਂ ਅਸੀਂ ਕਈ ਕਿਲੋਮੀਟਰ ਸਫ਼ਰ ਕੀਤਾ। ਗੱਡੀ ਵਿਚ ਸਿਰਫ਼ ਤਿੰਨ ਪੁਲਸੀਏ ਬੈਠੇ ਸਨ। ਮੈਂ ਆਟੋ ਡਰਾਈਵਰ ਨੂੰ ਮੈਨੂੰ ਉਥੋਂ ਵਾਪਸ ਮੋੜ ਕੇ ਲੈ ਜਾਣ ਦਾ ਤਰਲਾ ਕਰਨਾ ਚਾਹੁੰਦੀ ਸੀ, ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ।

'ਹੈਲੋ!' ਊਸ਼ਾ ਨੇ ਮੇਰੇ ਵੱਲ ਆਉਂਦਿਆਂ ਕਿਹਾ। ਉਸ ਨੇ ਮੈਨੂੰ ਆਪਣੀ ਜੀਪ ਵਿਚ ਬੈਠਣ ਲਈ ਕਿਹਾ- 'ਮੈਂ ਤੈਨੂੰ ਉਸ ਥਾਂ ਲੈ ਕੇ ਜਾ ਰਹੀ ਹਾਂ ਜੋ ਤੈਨੂੰ ਪਸੰਦ ਆਵੇਗੀ।'

ਮੈਂ ਰੋਣਾ ਚਾਹੁੰਦੀ ਸੀ। ਜਦੋਂ ਮੈਂ ਜੀਪ ਵਿਚ ਬੈਠੀ, ਗੁਜਰਾਤ ਵਿਚ ਠਹਿਰਨ ਦੌਰਾਨ ਇਹ ਪਹਿਲੀ ਵਾਰ ਸੀ ਕਿ ਮੇਰੇ ਹੱਥ ਠੰਢੇ ਪੈ ਗਏ। ਊਸ਼ਾ ਗੱਲਾਂ ਕਰਦੀ ਰਹੀ, ਪਰ ਮੈਂ ਅਜੀਬ ਖ਼ਾਮੋਸ਼ੀ ਧਾਰੀ ਹੋਈ ਸੀ। ਮੈਂ ਚਾਹੁੰਦੀ ਸੀ ਕਿ ਫੋਨ ਕੱਢਾਂ ਅਤੇ ਆਪਣੇ ਪਰਿਵਾਰ ਨੂੰ ਲਗਾ ਲਵਾਂ; ਇਹ ਦੱਸਣ ਲਈ ਕਿ ਆਖ਼ਰੀ ਵਕਤ ਮੈਂ ਕਿਸ ਬੰਦੇ ਨੂੰ ਮਿਲੀ ਸੀ; ਜੇ ਮੇਰੇ ਨਾਲ ਕੋਈ ਹਾਦਸਾ ਹੁੰਦਾ ਹੈ, ਉਨ੍ਹਾਂ ਨੂੰ ਮੇਰੇ ਬਾਰੇ ਪਤਾ ਹੋਵੇ।

ਪਰ ਮੈਂ ਊਸ਼ਾ ਨੂੰ ਗ਼ਲਤ ਸਮਝਿਆ ਸੀ। ਅਸੀਂ ਅਹਿਮਦਾਬਾਦ ਦੇ ਸਭ ਤੋਂ ਠਾਠਦਾਰ ਰੈਸਤਰਾਂ ਅੱਗੇ ਜਾ ਰੁਕੇ। ਉਹ ਚਹਿਕੀ- 'ਦੇਖ, ਮੈਂ ਤੈਨੂੰ ਇਹ ਦਿਖਾਉਣਾ ਚਾਹੁੰਦੀ ਸੀ ਕਿ ਸਾਡਾ ਅਹਿਮਦਾਬਾਦ ਤੁਹਾਡੇ ਅਮਰੀਕਾ ਤੋਂ ਘੱਟ ਨਹੀਂ ਹੈ'। ਮੈਂ ਮੁਸਕਰਾਈ, ਰਾਹਤ ਦੀ ਕੋਈ ਮੁਸਕਾਨ ਜੋ ਊਸ਼ਾ ਕਦੇ ਨਹੀਂ ਸਮਝ ਸਕੇਗੀ। ਥੋੜ੍ਹੇ ਚਿਰ ਪਿੱਛੋਂ ਮੈਂ ਬਹਾਨਾ ਮਾਰਿਆ ਅਤੇ ਵਾਸ਼ਰੂਮ ਚਲੀ ਗਈ। ਮੈਂ ਨਹੀਂ ਸੋਚਦੀ ਕਿ ਮੈਂ ਕਦੇ ਐਨਾ ਰੋਈ ਹੋਵਾਂਗੀ ਜਿੰਨਾ ਮੈਂ ਟਾਇਲਟ ਦੇ ਉਸ ਡੱਬਾਨੁਮਾ ਕਮਰੇ ਵਿਚ ਜਾ ਕੇ ਰੋਈ। ਮੈਨੂੰ ਹੁੱਥੂ ਛਿੜਿਆ ਹੋਇਆ ਸੀ, ਮੇਰੀਆਂ ਅੱਖਾਂ ਤੇ ਨੱਕ ਵਿਚੋਂ ਪਾਣੀ ਵਗ ਰਿਹਾ ਸੀ, ਮੇਰੀ ਹਾਲਤ ਲਗਭਗ ਉਲਟੀ ਆਉਣ ਵਾਲੀ ਸੀ।

ਗੱਲਬਾਤ ਦੌਰਾਨ ਮੇਰੇ ਵਲੋਂ ਕੀਤੀ ਤਾਰੀਫ਼ ਨੇ ਉਸ ਦਾ ਮਨ ਮੋਹ ਲਿਆ। ਰੈਸਤਰਾਂ ਤੋਂ ਤੁਰਨ ਤੋਂ ਪਹਿਲਾਂ ਅਸੀਂ ਉਸ ਦੇ ਘਰ ਮਿਲਣ ਦਾ ਇਕਰਾਰ ਕੀਤਾ। ਰੈਸਤਰਾਂ ਵਿਚ ਸਾਡੀ ਗੱਲਬਾਤ ਗੁਜਰਾਤ ਨੂੰ ਦਹਿਸ਼ਤਜ਼ਦਾ ਕਰ ਰਹੇ ਮੁਸਲਮਾਨਾਂ ਉਪਰ ਚਲਦੀ ਰਹੀ ਅਤੇ ਫਿਰ ਇਸ ਪਾਸੇ ਚਲੀ ਗਈ ਕਿ ਉਸ ਦਾ ਸੀਨੀਅਰ ਅਭੈ ਚੁੜਾਸਮਾ ਇਕ ਤਰ੍ਹਾਂ ਦਾ ਨਾਇਕ ਹੈ।



ਅਭੈ ਚੁੜਾਸਮਾ

*ਊਸ਼ਾ ਰਾਡਾ। ਉਮਰ 30ਵਿਆਂ ਦੇ ਸ਼ੁਰੂ। ਬੁਆਏ ਕੱਟ ਵਾਲ ਤੇ ਲੰਮਾ, ਪਤਲਾ ਜਿਸਮ। ਉਸ ਨੇ ਕਾਲਰ ਵਾਲੀ ਟੀ-ਸ਼ਰਟ ਅਤੇ ਜੀਨ ਪਹਿਨੀ ਹੋਈ ਸੀ। ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ- 'ਹੈਲੋ ਮੈਥਿਲੀ, ਕੀ ਹਾਲ ਐ?' ਉਸ ਨੇ ਨਿੱਘ ਨਾਲ ਹੱਥ ਮਿਲਾਇਆ।... ਗੱਲਬਾਤ ਦੌਰਾਨ ਮੇਰੇ ਵਲੋਂ ਕੀਤੀ ਤਾਰੀਫ਼ ਨੇ ਉਹਦਾ ਮਨ ਮੋਹ ਲਿਆ। ਰੈਸਤਰਾਂ ਤੋਂ ਤੁਰਨ ਤੋਂ ਪਹਿਲਾਂ ਅਸੀਂ ਉਸ ਦੇ ਘਰ ਮਿਲਣ ਦਾ ਇਕਰਾਰ ਕੀਤਾ। ਰੈਸਤਰਾਂ ਵਿਚ ਸਾਡੀ ਗੱਲਬਾਤ ਗੁਜਰਾਤ ਨੂੰ ਦਹਿਸ਼ਤਜ਼ਦਾ ਕਰ ਰਹੇ ਮੁਸਲਮਾਨਾਂ ਉਪਰ ਚਲਦੀ ਰਹੀ ਤੇ ਫਿਰ ਇਸ ਪਾਸੇ ਚਲੀ ਗਈ ਕਿ ਉਸ ਦਾ ਸੀਨੀਅਰ ਅਭੈ ਚੁੜਾਸਮਾ ਇਕ ਤਰ੍ਹਾਂ ਦਾ ਨਾਇਕ ਹੈ।*



ਊਸ਼ਾ ਰਾਡਾ

ਅਗਲੀ ਸ਼ਾਮ ਨੂੰ ਮੈਂ ਊਸ਼ਾ ਨੂੰ ਉਸ ਦੇ ਘਰ ਮਿਲਣਾ ਸੀ। ਮੈਂ ਆਪਣਾ ਖ਼ਾਸ ਕੁੜਤਾ ਚਾਰਜਿੰਗ ਯੰਤਰ ਤੋਂ ਲਾਹਿਆ। ਕੈਮਰਾ ਚੈੱਕ ਕੀਤਾ, ਕੁੜਤਾ ਪਹਿਨਿਆ, ਅਤੇ ਨਹਿਰੂ ਫਾਊਂਡੇਸ਼ਨ ਤੋਂ ਚੱਲ ਪਈ। ਹੇਠਾਂ ਆਉਣ ਸਮੇਂ ਮੇਰਾ ਤੁਆਰਫ਼ ਫਾਊਂਡੇਸ਼ਨ ਵਿਖੇ ਸਾਡੀ ਨਵੀਂ ਵਸਨੀਕ ਰਾਜੀ ਨਾਲ ਕਰਾਇਆ ਗਿਆ। ਇਹ ਕੁੜੀ ਮੁੰਬਈ ਤੋਂ ਸੀ ਜਿਸ ਨੇ ਮੇਰੀ ਗੁਆਂਢਣ ਬਣਨਾ ਸੀ। ਪਾਨੀ ਅਤੇ ਉਸ ਦੇ ਦੋਸਤ ਅਜੇ ਹੋਸਟਲ ਮੁੜੇ ਹੀ ਸਨ। ਇਕ ਹੋਰ ਜਰਮਨ ਕੁੜੀ ਹੋਸਟਲ ਵਿਖੇ ਸਾਡੇ ਵਿਚ ਸ਼ਾਮਲ ਹੋ ਗਈ ਸੀ। ਉਹ ਸਕਾਈਪ ਉਪਰ ਆਪਣੇ ਪਰਿਵਾਰ ਨਾਲ ਗੱਲ ਕਰ ਰਹੀ ਸੀ ਅਤੇ ਜਦੋਂ ਮੈਂ ਉਸ ਦੇ ਕਮਰੇ ਕੋਲੋਂ ਲੰਘੀ ਤਾਂ ਉਸ ਨੇ ਮੈਨੂੰ ਕਿਹਾ ਕਿ ਮੈਂ ਵੀ ਉਸ ਦੀ ਮਾਂ ਨੂੰ ਹੈਲੋ ਕਹਿ ਦਿਆਂ।

ਜਿਸ ਵਕਤ ਮੈਂ ਸ਼ਾਹੀ ਬਾਗ਼ ਦੇ ਪੁਲਿਸ ਦੇ ਕੁਆਰਟਰਾਂ 'ਤੇ ਪਹੁੰਚੀ, ਊਸ਼ਾ ਨੇ ਵਰਦੀ ਬਦਲ ਕੇ ਘਰੇਲੂ ਸੂਟ ਪਾ ਲਿਆ ਸੀ ਅਤੇ ਰਾਤ ਦੇ ਖਾਣੇ ਦੀ ਥਾਲੀ ਤਿਆਰ ਸੀ। ਉਸ ਦੀ ਧੀ ਆਪਣੇ ਲੈਪਟਾਪ ਉਪਰ ਕੰਮ ਕਰ ਰਹੀ ਸੀ। ਉਸ ਨੇ ਮੇਰਾ ਤੁਆਰਫ਼ ਕਰਵਾ ਕੇ ਉਸ ਨੂੰ ਮੈਥੋਂ ਗੁਰ ਸਮਝਣ ਦੀ ਤਾਕੀਦ ਕੀਤੀ ਕਿ ਸਕੂਲੀ ਪੜ੍ਹਾਈ ਮੁਕਾ ਕੇ ਅਮਰੀਕਾ ਵਿਚ ਪੜ੍ਹਨ ਲਈ ਉਸ ਨੂੰ ਕਿਹੜੇ ਕਾਲਜਾਂ ਲਈ ਅਪਲਾਈ ਕਰਨਾ ਚਾਹੀਦਾ ਹੈ। ਊਸ਼ਾ ਇਕਲਾਪਾ ਕੱਟ ਰਹੀ ਮਾਂ ਸੀ, ਉਸ ਨੇ ਆਪਣੀ ਪਤੀ ਤੋਂ ਤਲਾਕ ਲੈ ਲਿਆ ਸੀ ਅਤੇ ਹੁਣ ਆਪਣੇ ਮਾਪਿਆਂ ਤੇ ਬੱਚਿਆਂ ਨਾਲ ਰਹਿ ਰਹੀ ਸੀ। ਮੈਂ ਉਹਨੂੰ ਦੱਸਿਆ- 'ਆਜ ਤੁਮ ਸੇ ਤੁਮਹਾਰੀ ਪੁਲਿਸ ਫੋਰਸ ਕੇ ਬਾਰੇ ਮੇਂ ਨੋਟ ਲੇਨੇਂ ਹੈਂ।'

'ਆਜ ਨਹੀਂ, ਆਜ ਫਿਲਮ ਦੇਖਤੇ ਹੈਂ।'

ਮੈਨੂੰ ਨਿਰਾਸ਼ਾ ਹੋਈ, ਪਰ ਇਸ ਦੀ ਝਲਕ ਮੈਂ ਆਪਣੇ ਚਿਹਰੇ ਉਪਰ ਨਾ ਆਉਣ ਦਿੱਤੀ।

ਮਿੰਟਾਂ ਵਿਚ ਹੀ ਅਸੀਂ ਅਹਿਮਦਾਬਾਦ ਦੇ ਇਕ ਮਸ਼ਹੂਰ ਸਿਨਮਾ ਹਾਲ ਵਿਚ ਪਹੁੰਚ ਗਈਆਂ, ਪਰ ਜਿਸ ਪਲ ਅਸੀਂ ਇਮਾਰਤ ਦੇ ਅੰਦਰ ਗਈਆਂ, ਮੇਰੇ ਦਿਲ ਨੂੰ ਡੋਬੂ ਪੈਣ ਲੱਗੇ। ਇਥੇ ਤਲਾਸ਼ੀ ਲਈ ਜਾਂਦੀ ਸੀ ਅਤੇ ਮੁੱਖ ਦੁਆਰ ਉਪਰ ਮੈਟਲ ਡਿਟੈਕਟਰ ਲੱਗਿਆ ਹੋਇਆ ਸੀ। ਮੇਰੇ ਕੁੜਤੇ ਵਿਚ ਕੈਮਰਾ ਜੜਿਆ ਹੋਇਆ ਸੀ। ਇਹ ਕੀ, ਮੈਨੂੰ ਮਹਿਸੂਸ ਹੋਇਆ ਡਰ ਨਾਲ ਮੇਰਾ ਮੂੰਹ ਸੁੱਕ ਰਿਹਾ ਸੀ। ਊਸ਼ਾ ਜੱਕੜ ਮਾਰ ਰਹੀ ਸੀ ਜਦਕਿ ਮੇਰੀ ਸੁਤਾਅ ਸੁਰੱਖਿਆ ਨਾਕੇ ਉਪਰ ਟਿਕੀ ਹੋਈ ਸੀ। ਮਿੰਟਾਂ ਵਿਚ ਹੀ ਡਿਟੈਕਟਰ ਨਾਲ ਮੇਰਾ ਕੈਮਰਾ ਫੜਿਆ ਜਾਵੇਗਾ ਅਤੇ ਮੈਂ ਉਥੇ ਹੀ ਫੜੀ ਜਾਵਾਂਗੀ, ਪਰ ਕਰਾਮਾਤ ਹੋ ਗਈ। ਹੋਇਆ ਇੰਵ ਕਿ ਜਦੋਂ ਚੈਕਿੰਗ ਵਾਲੀ ਥਾਂ ਕੋਲ ਖੜ੍ਹੇ ਸਿਪਾਹੀ ਨੇ ਊਸ਼ਾ ਅਤੇ ਮੈਨੂੰ ਕਤਾਰ ਵਿਚ ਖੜ੍ਹੀਆਂ ਨੂੰ ਦੇਖਿਆ, ਉਹ ਸਾਨੂੰ ਉਥੋਂ ਹੋਰ ਪਾਸਿਓਂ ਅੰਦਰ ਲੈ ਗਿਆ। ਦਸੰਬਰ ਦਾ ਮਹੀਨਾ ਸੀ ਅਤੇ ਰਾਤ ਨੂੰ ਠੰਢ ਹੋਰ ਵੀ ਜ਼ਿਆਦਾ ਸੀ, ਪਰ ਇਹ ਮਹਿਸੂਸ ਕਰ ਕੇ ਕਿ ਇਕ ਵਾਰ ਫਿਰ ਮੇਰਾ ਬਚਾਅ ਹੋ ਗਿਆ, ਮੈਂ ਮਹਿਸੂਸ ਕਰ ਸਕਦੀ ਸੀ ਕਿ ਮੇਰੀ ਪਿੱਠ ਪਸੀਨੇ ਨਾਲ ਭਿੱਜੀ ਹੋਈ ਸੀ। ਪੌਪਕਾਰਨ ਅਤੇ ਕੋਕ ਲੈ ਕੇ ਅਸੀਂ 'ਨੋ ਵੰਨ ਕਿਲਡ ਜੈਸਿਕਾ' ਦੇਖਣ ਲਈ ਅੰਦਰ ਚਲੇ ਗਏ। ਵਿਅੰਗ ਇਹ ਹੈ ਕਿ ਇਹ ਮੂਵੀ ਜੈਸਿਕਾ ਲਾਲ ਕਤਲ ਮਾਮਲੇ ਬਾਰੇ 'ਤਹਿਲਕਾ' ਦੀ ਛਾਣਬੀਣ 'ਤੇ ਆਧਾਰਤ ਸੀ।

ਜਦੋਂ ਫਿਲਮ ਲਈ ਯੋਗਦਾਨ ਦੇਣ ਵਾਲਿਆਂ ਦੀ ਸੂਚੀ ਦਿਖਾਈ ਜਾਣ ਲੱਗੀ, ਫਿਲਮ ਸਕਰੀਨ ਉਪਰ 'ਤਹਿਲਕਾ' ਵਲੋਂ ਕੀਤੇ ਕੰਮ ਦੀ ਤਫ਼ਸੀਲ ਆ ਗਈ, ਤਾਂ ਊਸ਼ਾ ਮੇਰੇ ਕੰਨਾਂ ਵਿਚ ਘੁਸਰ-ਘੁਸਰ ਕਰਨ ਲੱਗੀ- 'ਤੂੰ 'ਤਹਿਲਕਾ' ਬਾਰੇ ਸੁਣਿਐਂ, ਇਹ ਲੁੱਚਿਆਂ ਦਾ ਟੋਲਾ ਹੈ। ਇਹ ਖ਼ੁਫ਼ੀਆ ਕੈਮਰਿਆਂ ਵਾਲੇ ਫੋਨ ਚੁੱਕੀ ਫਿਰਦੇ ਅਤੇ ਲੋਕਾਂ ਦਾ ਸਟਿੰਗ ਕਰਦੇ ਆ। ਉਨ੍ਹਾਂ ਨੇ ਗੁਜਰਾਤ ਵਿਚ ਵੀ ਸਾਡੇ ਲੋਕਾਂ ਦਾ ਸਟਿੰਗ ਕੀਤਾ ਹੈ।'

'ਸੱਚੀਂ?' ਮੈਂ ਬੜੇ ਭੋਲੇਪਣ ਨਾਲ ਪੁੱਛਿਆ, 'ਤਹਿਲਕਾ ਕੀ ਹੈ? ਕੋਈ ਟੀ.ਵੀ. ਚੈਨਲ ਹੈ?'

**(ਬਾਕੀ ਅਗਲੇ ਸਫੇ 'ਤੇ)**

# ਰੱਬ ਬਚਾਏ ਅਜਿਹੀ ਚਰਚਾ ਤੋਂ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਹਫਤੇ ਅਸੀਂ ਜਲੌਰ ਸਿੰਘ ਖੀਵਾ ਦੇ ਲੇਖ 'ਅੰਗਰੇਜ਼ੀ-ਪੰਜਾਬੀ ਸ਼ਬਦਾਂ ਦੀ ਸੰਬਾਦਿਕਤਾ' ਵਿਚ ਦਿੱਤੇ ਗਏ ਕੁਝ ਅਜਿਹੇ ਅੰਗਰੇਜ਼ੀ ਤੇ ਪੰਜਾਬੀ ਸ਼ਬਦ ਜੁੱਟਾਂ ਦੀ ਪੜਤਾਲ ਕੀਤੀ ਸੀ ਜਿਨ੍ਹਾਂ ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਇਨ੍ਹਾਂ ਵਿਚਲੇ ਪੰਜਾਬੀ ਸ਼ਬਦ ਆਪਣੇ ਜੋਟੀਦਾਰ ਅੰਗਰੇਜ਼ੀ ਸ਼ਬਦਾਂ ਤੋਂ ਵਿਗੜ ਕੇ ਬਣੇ ਹਨ। ਇਹ ਵਰਤਾਰਾ ਉਨ੍ਹਾਂ ਅਨੁਸਾਰ ਪੰਜਾਬ ਵਿਚ ਬਰਤਾਨਵੀ ਸ਼ਾਸਨ ਦੌਰਾਨ ਹੋਇਆ। ਅੱਜ ਅਸੀਂ ਕੁਝ ਰਹਿ ਗਏ ਹੋਰ ਸ਼ਬਦਾਂ ਦੀ ਅਸਲੀਅਤ ਜਾਣਨ ਦੀ ਕੋਸ਼ਿਸ਼ ਕਰਾਂਗੇ। ਛੋਟੇ ਜਿਹੇ ਇਸ ਲੇਖ ਵਿਚ ਵਿਉਤਪਤੀ ਰਾਹੀਂ ਇੰਨੇ ਸਾਰੇ ਸ਼ਬਦਾਂ ਨਾਲ ਨਜਿੱਠਣਾ ਸੰਭਵ ਨਹੀਂ, ਇਸ ਲਈ ਅਸੀਂ ਹੋਰ ਵਿਧੀਆਂ ਵੀ ਅਪਨਾ ਰਹੇ ਹਾਂ। ਉਂਜ ਵੀ ਹਰ ਸ਼ਬਦ ਦੇ ਮੁੱਢ ਬਾਰੇ ਮੈਂ ਬਹੁਤਾ ਨਿਸ਼ਚਿਤ ਨਹੀਂ ਹਾਂ।

ਜਲੌਰ ਸਿੰਘ ਖੀਵਾ ਨੇ ਪੰਜਾਬੀ ਦੇ ਕੁਝ ਮੁਹਾਵਰਿਆਂ ਵਿਚ ਵਰਤੇ ਗਏ ਕੁਝ ਸ਼ਬਦਾਂ ਨੂੰ ਅੰਗਰੇਜ਼ੀ ਤੋਂ ਆਏ ਦੱਸਿਆ ਹੈ। ਹੈਰਾਨੀ ਵਾਲੀ ਗੱਲ ਹੈ ਕਿ ਇਨ੍ਹਾਂ ਵਿਚੋਂ ਅੰਗਰੇਜ਼ੀ ਦੇ ਕਈ ਇਕ ਸ਼ਬਦ ਅੰਗਰੇਜ਼ੀ ਵਿਚ ਵੀ ਆਮ ਬੋਲਚਾਲ ਦੀ ਭਾਸ਼ਾ ਵਿਚ ਨਹੀਂ ਵਰਤੇ ਜਾਂਦੇ, ਫਿਰ ਉਨ੍ਹਾਂ ਦਾ ਪੰਜਾਬੀ ਮੁਹਾਵਰਿਆਂ ਦੇ ਰੂਪ ਵਿਚ ਢਲ ਜਾਣਾ ਅਲੋਕਾਰ ਗੱਲ ਹੀ ਹੈ। ਅਜਿਹੇ ਸ਼ਬਦਾਂ ਵਿਚ ਸਭ ਤੋਂ ਪਹਿਲਾਂ ਲਿਆ ਗਿਆ ਹੈ, ਅੰਗਰੇਜ਼ੀ ਸ਼ਬਦ ਹਰਲ (Hurl) ਜਿਸ ਦਾ ਪੰਜਾਬੀ ਵਿਚ ਢੁਕਵਾਂ ਅਰਥ ਹੈ-ਸੁੱਟਣਾ, ਚੁੱਕ ਕੇ ਮਾਰਨਾ, ਨਾ ਕਿ ਖੀਵਾ ਵਲੋਂ ਦੱਸਿਆ ਉਛਾਲਣਾ। ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਅਰਥ ਟੱਕਰਨਾ, ਭਿੜਨਾ ਵੀ ਹੁੰਦਾ ਸੀ। ਖੀਵਾ ਅਨੁਸਾਰ ਪੰਜਾਬੀ ਮੁਹਾਵਰੇ 'ਹਰਲ ਹਰਲ ਕਰਨਾ' ਵਿਚਲਾ 'ਹਰਲ' ਸ਼ਬਦ ਅੰਗਰੇਜ਼ੀ ਵਾਲਾ ਇਹੋ ਹਰਲ ਹੈ। ਉਸ ਦੇ ਸ਼ਬਦਾਂ ਵਿਚ, "ਜਦੋਂ ਕੋਈ ਮੁੰਡਾ ਜਾਂ ਕੁੜੀ ਇਸ ਤਰ੍ਹਾਂ ਦੀ ਹਰਕਤ (ਕਿਰਿਆ) ਕਰੇ (ਅਰਥਾਤ ਉਛਲਦਾ ਫਿਰੇ) ਤਾਂ ਉਸ ਨੂੰ ਟੋਕਿਆ ਜਾਂਦਾ ਹੈ, ਕਿਵੇਂ ਹਰਲ-ਹਰਲ ਕਰਦਾ ਫਿਰਦੈ।" ਅਫਸੋਸ, ਲੇਖਕ ਨੂੰ ਇਸ ਮੁਹਾਵਰੇ ਦੇ ਠੇਠ ਮਾਅਨੇ ਵੀ ਨਹੀਂ ਆਉਂਦੇ। 'ਹਰਲ ਹਰਲ' ਇਕ ਦੁਰੁਕਤੀ ਹੈ ਜਿਸ ਦਾ ਅਰਥ ਵੱਡੀ ਗਿਣਤੀ ਵਿਚ ਅਵਾਰਾ ਘੁੰਮਣਾ ਹੈ। ਅੰਗਰੇਜ਼ੀ ਵਿਚ Hurl ਸ਼ਬਦ ਏਨਾ ਨਹੀਂ ਵਰਤਿਆ ਜਾਂਦਾ ਕਿ ਪੰਜਾਬੀਆਂ ਦੇ ਮੂੰਹ ਚੜ੍ਹ ਜਾਵੇ ਤੇ ਉਹ ਵੀ ਮੁਹਾਵਰੇ ਵਿਚ ਢਲ ਕੇ। ਮੇਰਾ ਅਨੁਮਾਨ ਹੈ ਕਿ ਪੰਜਾਬੀ ਹਰਲ ਪਾਣੀ ਦੇ ਵਹਿਣ ਦੀ ਆਵਾਜ਼ ਦੀ ਮਨੁੱਖੀ ਨਕਲ ਹੈ। ਮਰਾਠੀ ਵਿਚ ਇਸ ਸ਼ਬਦ ਦਾ ਅਰਥ ਛੋਟਾ ਨਾਲਾ, ਵਾਹੜਾ ਹੈ ਜੋ ਪਾਣੀ ਦੀ ਆਵਾਜ਼ ਤੋਂ ਬਣਿਆ ਜਾਪਦਾ ਹੈ।

ਅਗਲਾ ਮੁਹਾਵਰਾ ਹੈ 'ਅਗਰ ਮਗਰ ਕਰਨਾ' ਜਿਸ ਨੂੰ ਅੰਗਰੇਜ਼ੀ Hugger Mugger ਨਾਲ ਨਰੜ ਦਿੱਤਾ ਗਿਆ ਹੈ। 'ਅਗਰ ਮਗਰ ਕਰਨਾ' ਦਾ ਮਤਲਬ ਘੁਸਰ ਮੁਸਰ ਕਰਨਾ ਨਹੀਂ ਜਿਵੇਂ ਲੇਖਕ ਨੇ ਦੱਸਿਆ ਹੈ, ਸਗੋਂ ਹੀਲ ਹੁੱਜਤ ਕਰਨਾ, ਜੱਕੋ ਤੱਕਾ ਕਰਨਾ ਹੈ, ਜਿਸ ਦੇ ਭਾਵ ਨੂੰ ਹੋਰ ਮੁਹਾਵਰੇ ਦੇ ਰੂਪ ਵਿਚ ਦਰਸਾਉਣਾ ਹੋਵੇ ਤਾਂ 'ਕਿੰਤੂ ਪਰੰਤੂ ਕਰਨਾ' ਕਹਿ ਸਕਦੇ ਹਾਂ। ਅੰਗਰੇਜ਼ੀ ਵਿਚ ਵੀ ਇਕ ਅਜਿਹਾ ਮੁਹਾਵਰਾ ਹੈ, 'Ifs, ands or buts'. 'ਅਗਰ ਮਗਰ' ਦੋਨੋਂ ਸ਼ਬਦ ਦਰਅਸਲ ਫਾਰਸੀ ਦੇ ਹਨ ਜਿਸ ਦੇ ਪਹਿਲੇ ਸ਼ਬਦ ਅਗਰ ਦਾ ਮਤਲਬ 'ਜੇ, ਜੇਕਰ' ਅਤੇ 'ਮਗਰ' ਦਾ ਮਤਲਬ ਸਿਵਾਏ, ਪਰੰਤੂ ਆਦਿ ਹੈ। ਮਗਰ ਸ਼ਬਦ 'ਅਗਰ' ਦੇ ਅੱਗੇ ਮ (ਮ+ਅਗਰ) ਲੱਗ ਕੇ ਬਣਿਆ। ਫਾਰਸੀ 'ਮ' ਇਥੇ ਨਾਂਹਸੂਚਕ ਅਗੇਤਰ ਹੈ। ਸੋ ਮਗਰ ਦਾ ਸ਼ਾਬਦਿਕ ਅਰਥ ਹੈ, 'ਜੇ ਨਾ।' ਇਸ ਤਰ੍ਹਾਂ ਇਹ ਦੋਨੋਂ ਸ਼ਬਦ ਸਬੰਧਕੀ ਜਾਂ ਯੋਜਕੀ ਪਦ ਹਨ। ਇਹ ਮੁਹਾਵਰਾ ਉਰਦੂ ਵਿਚ ਬਣਿਆ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਗਿਆ। ਮੇਰਾ ਖਿਆਲ ਹੈ, ਕੋਈ ਥੋੜਾ ਪੜ੍ਹਿਆ ਵੀ ਇਨ੍ਹਾਂ ਸ਼ਬਦਾਂ ਦੇ ਅਰਥ ਸਮਝਦਾ ਹੈ ਪਰ ਜਲੌਰ ਸਿੰਘ ਨੇ ਇਸ ਨੂੰ ਅੰਗਰੇਜ਼ੀ ਦਰੁਕਤੀ Hugger Mugger ਤੋਂ ਬਣਿਆ ਗਰਦਾਨ ਦਿੱਤਾ ਹੈ। ਅੰਗਰੇਜ਼ੀ ਦੀ ਇਸ ਦਰੁਕਤੀ ਦਾ ਭਾਵ ਉਘੜ ਦੁਘੜਾ, ਬੇਸਿਰ ਪੈਰ; ਅੰਦਰਖਾਤੇ ਆਦਿ ਜਿਹਾ ਹੁੰਦਾ ਹੈ।



ਹਰਲ ਹਰਲ ਕਰਦੀ ਫਿਰਦੀ ਕੁਤੀੜ

ਸ. ਖੀਵਾ ਅਨੁਸਾਰ ਅੰਗਰੇਜ਼ੀ Hurly Burly ਪੰਜਾਬੀ ਹੁੱਲੜਬਾਜ਼ੀ ਦਾ ਰੂਪ ਧਾਰ ਗਿਆ ਹੈ। ਪੰਜਾਬੀ ਹੁੱਲੜਬਾਜ਼ੀ 'ਹੁੱਲੜ+ਬਾਜ਼ੀ' ਤੋਂ ਬਣਿਆ ਹੈ ਜਿਸ ਵਿਚ ਹੁੱਲੜ ਦਾ ਅਰਥ ਹੜ੍ਹ, ਪ੍ਰਵਾਹ; ਹੱਲਾ ਗੁੱਲਾ, ਹਲਚਲ ਹੈ। ਇਸ ਬਾਰੇ ਇੰਨਾ ਕਹਿਣਾ ਹੀ ਕਾਫੀ ਹੈ ਕਿ ਇਹ ਸ਼ਬਦ ਭਾਈ ਗੁਰਦਾਸ ਦੀ ਇਕ ਵਾਰ ਵਿਚ ਇਸ ਤਰ੍ਹਾਂ ਆਇਆ ਹੈ,

ਬੂੰਦ ਲਖ ਪਰਵਾਹਿ ਹੁਲੜ ਵਾਣੀਐ।
ਗੁਰਮੁਖਿ ਸਿਫਤਿ ਸਲਾਹ ਅਕਥ ਕਹਾਣੀਐ।

ਅਰਥਾਤ ਜਿਵੇਂ ਇਕ ਬੂੰਦ ਤੋਂ ਲੱਖ ਪਰਵਾਹ ਅਤੇ ਸ਼ੋਰ ਮਚਾਉਂਦੀਆਂ ਨਦੀਆਂ ਬਣ ਜਾਂਦੀਆਂ ਹਨ, ਇਸੇ ਤਰ੍ਹਾਂ ਗੁਰੂ ਦੀ ਸਿਫਤ ਅਕੱਥ ਹੋ ਜਾਂਦੀ ਹੈ। ਭਾਈ ਗੁਰਦਾਸ ਦੇ ਵੇਲੇ ਅੰਗਰੇਜ਼ ਪੰਜਾਬੇ ਨਹੀਂ ਸੀ ਆਏ। ਬਾਜ਼ੀ ਫਾਰਸੀ ਸ਼ਬਦ ਹੈ ਜਿਸ ਦਾ ਅਰਥ ਖੇਡ ਤਮਾਸ਼ਾ ਹੁੰਦਾ ਹੈ। ਇਹ ਪਿਛੇਤਰ ਵਜੋਂ ਵੀ ਵਰਤਿਆ ਜਾਂਦਾ ਹੈ।

ਸ. ਖੀਵਾ ਅਨੁਸਾਰ ਕੁੰਡੀਆਂ ਮੁੱਛਾਂ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Curled beard ਪੰਜਾਬੀ ਵਿਚ 'ਕਰੜ ਬਰੜੀ ਦਾੜ੍ਹੀ' ਬਣ ਗਿਆ। ਕਰੜ ਬਰੜੀ ਦਾੜ੍ਹੀ ਆਮ ਤੌਰ 'ਤੇ ਚਿੱਟੀ-ਕਾਲੀ ਦਾੜ੍ਹੀ ਨੂੰ ਕਹਿੰਦੇ ਹਨ। ਪਰ ਕਿਧਰੇ ਕਿਧਰੇ ਇਸ ਤੋਂ ਭਾਵ ਘਟ ਕੱਟੀ ਦਾੜ੍ਹੀ ਵੀ ਹੈ ਜੋ ਹੱਥ ਫੇਰਨ 'ਤੇ ਚੁਭਦੀ ਹੈ। ਸੰਭਵ ਹੈ, ਇਥੇ ਕਰੜ ਸ਼ਬਦ ਵਿਚ ਸੱਜਰੀ ਬਿਜਾਈ ਉਪਰੰਤ ਛੇਤੀ ਮੀਂਹ ਪੈਣ ਨਾਲ ਕਰੜੀ ਹੋਈ ਧਰਤੀ ਵੱਲ ਸੰਕੇਤ ਹੋਵੇ। ਉਂਜ ਕਰੜਾ ਸ਼ਬਦ ਵਿਚ ਪਕਿਆਈ ਦਾ ਭਾਵ ਵੀ ਹੈ ਜਿਸ ਨੂੰ ਉਮਰ ਦੀ ਪਕਿਆਈ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ। ਸਾਡੀ ਭਾਸ਼ਾ ਵਿਚ ਇਕ 'ਕਰੜਝੋਟ' ਸ਼ਬਦ ਵੀ ਹੈ ਜੋ ਕਾਲੀ-ਚਿੱਟੀ ਦਾੜ੍ਹੀ ਅਤੇ ਮੋਟੇ ਜੁੱਸੇ ਵਾਲੇ ਬੰਦੇ ਲਈ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿਚ 'ਕਰੜ ਬਰੜੀ ਦਾੜ੍ਹੀ' ਲਈ Salt and pepper ਦੀ ਉਕਤੀ ਵੀ ਵਰਤੀ ਜਾਂਦੀ ਹੈ।

ਹੰਝੂਆਂ ਨੂੰ ਆਮ ਤੌਰ 'ਤੇ ਮੋਤੀਆਂ ਨਾਲ ਤੁਲਨਾ ਦਿੱਤੀ ਜਾਂਦੀ ਹੈ। ਖੀਵਾ ਦੀ ਉਚਤਮ ਕਲਪਨਾ ਅਨੁਸਾਰ ਇਸ ਖਿਆਲ ਤੋਂ ਮੋਤੀ ਦੇ ਅਰਥ ਵਾਲਾ ਅੰਗਰੇਜ਼ੀ Pearl ਪੰਜਾਬੀ ਵਿਚ ਅੱਖਾਂ ਦੇ 'ਪਰਲ ਪਰਲ' ਵਹਿਣਾ ਵਿਚ ਜਾ ਵੜਿਆ ਹੈ। ਇੱਥੇ ਇੰਨਾ ਦੱਸ ਦੇਈਏ ਕਿ ਪੰਜਾਬੀ ਦੇ ਜਿਸ ਸ਼ਬਦ ਦੇ ਅੰਤ ਵਿਚ 'ਰਲ' ਜਿਵੇਂ ਪਰਲ, ਹਰਲ, ਘਰਲ ਆਦਿ ਆਵੇ, ਉਸ ਸ਼ਬਦ ਵਿਚ ਲਿਖੇ ਜਾਂਦੇ 'ਰ' ਨੂੰ ਅਸੀਂ ਪੰਜਾਬੀ ਆਮ ਤੌਰ 'ਤੇ 'ਰ' ਧੁਨੀ ਵਾਂਗ ਪੂਰੀ ਤਰ੍ਹਾਂ ਨਹੀਂ ਉਚਾਰਦੇ। ਅਰਥਾਤ ਰ ਜਾਂ ੜ ਬੋਲਣ ਸਮੇਂ ਉਪਰ ਨੂੰ ਉਠਾਈ ਜੀਭ ਤਾਲੂ ਨਾਲ ਉਲਟੀ ਹੋ ਕੇ ਲਗਦੀ ਹੈ ਅਤੇ ਲ ਵੀ ਲ਼ ਦੀ ਤਰ੍ਹਾਂ ਉਚਾਰਿਆ ਜਾਂਦਾ ਹੈ। ਵਾਸਤਵ ਵਿਚ 'ਪਰਲ ਪਰਲ' ਕੁਝ 'ਪੱਲ਼ਲ਼ ਪੱਲ਼ਲ਼' ਦੀ ਤਰ੍ਹਾਂ ਉਚਾਰਿਆ ਜਾਂਦਾ ਹੈ। 'ਇਹ ਸ਼ਬਦ ਜੁੱਟ ਮੈਨੂੰ ਹਰਲ ਹਰਲ, ਗਰਲ ਗਰਲ, ਕਲ ਕਲ, ਘਰਲ ਘਰਲ ਦੀ ਤਰ੍ਹਾਂ ਵਗ ਰਹੇ ਪਾਣੀ ਦੀ ਆਵਾਜ਼ ਦਾ ਅਨੁਕਰਣਕ ਜਾਪਦਾ ਹੈ।

ਜਨਾਬ ਖੀਵਾ ਨੇ ਪੰਜਾਬੀ ਸ਼ਬਦ ਲੀਚੜ ਅੰਗਰੇਜ਼ੀ Lizard (ਕਿਰਲੀ) ਤੋਂ ਬਣਿਆ ਫਰਮਾਇਆ ਹੈ ਕਿਉਂਕਿ ਲੀਚੜ ਆਦਮੀ ਕਿਰਲੀ ਦੀ ਤਰ੍ਹਾਂ ਚਿਪਕਿਆ ਰਹਿੰਦਾ ਹੈ। ਕੀ ਅੰਗਰੇਜ਼ ਪੰਜਾਬੀ ਲੋਕਾਂ ਅੱਗੇ ਆਮ ਹੀ ਲਿਜ਼ਰਡ ਸ਼ਬਦ ਬੋਲਦੇ ਰਹਿੰਦੇ ਸਨ ਕਿ ਪੰਜਾਬੀਆਂ ਨੂੰ ਲੀਚੜ ਆਦਮੀ ਲਈ ਇਸ ਤੋਂ ਸ਼ਬਦ ਬਣਾਉਣਾ ਪਿਆ? ਨਾਲੇ ਇਹ ਸ਼ਬਦ ਪੰਜਾਬੀ ਵਿਚ ਹੀ ਨਹੀਂ, ਹਿੰਦੀ ਤੇ ਇਸ ਦੀਆਂ ਉਪਬੋਲੀਆਂ ਵਿਚ ਵੀ ਪ੍ਰਚਲਿਤ ਹੈ। ਜੇ ਇਸ ਨੂੰ ਅੰਗਰੇਜ਼ੀ Leech (ਜੋਕ) ਤੋਂ ਬਣਿਆ ਦੱਸਿਆ ਹੁੰਦਾ ਤਾਂ ਗੱਲ ਕੁਝ ਤਰਕਸੰਗਤ ਜਾਪਦੀ ਕਿਉਂਕਿ ਇਸ ਨਾਲ ਧੁਨੀ ਤੇ ਅਰਥਾਂ ਦੀ ਕਾਫੀ ਸਾਂਝ ਹੈ। ਕੁਝ ਸਰੋਤਾਂ ਨੇ ਲੀਚੜ ਸ਼ਬਦ ਲੀਚ ਤੋਂ ਹੀ ਬਣਿਆ ਦੱਸਿਆ ਹੈ। ਚੁੰਬੜੇ ਜਾਣ ਵਾਲੇ ਸ਼ਖਸ ਲਈ ਜੋਕ ਸ਼ਬਦ ਵਰਤਿਆ ਜਾਂਦਾ ਹੈ। ਸੰਭਵ ਹੈ, ਲੀਚੜ ਨੀਚ ਤੋਂ ਬਣਿਆ ਹੋਵੇ ਜਾਂ ਚੀਪ ਤੋਂ, ਜਿਵੇਂ ਚੀਪੜ। ਖੀਵਾ ਦੀ ਦੂਰਦਿਸ਼ਟੀ ਅਨੁਸਾਰ ਅੰਗਰੇਜ਼ੀ ਸ਼ਬਦ Roastry ਪੰਜਾਬੀ ਰੋਟੀ ਤੋਂ ਬਣਿਆ ਹੈ। ਅੰਗਰੇਜ਼ੀ ਰੋਸਟਰੀ ਸ਼ਬਦ ਬਹੁਤ ਪੁਰਾਣਾ ਨਹੀਂ। ਇਹ ਕੌਫੀ ਦੀਆਂ ਫਲੀਆਂ ਰਾੜ੍ਹਨ ਵਾਲੀ ਜਗ੍ਹਾ ਨੂੰ ਆਖਦੇ ਹਨ। ਇਹ ਅੰਗਰੇਜ਼ੀ Roast ਤੋਂ ਬਣਿਆ ਹੈ ਜਦਕਿ ਰੋਟੀ ਸਾਡਾ ਬਹੁਤ ਪੁਰਾਣਾ ਸ਼ਬਦ ਹੈ। ਇਸ ਦਾ ਤੇਰ੍ਹਵੀਂ ਸਦੀ ਦੇ ਬਾਬਾ ਸ਼ੇਖ ਫਰੀਦ ਨੇ ਵੀ ਜ਼ਿਕਰ ਕੀਤਾ ਹੈ, 'ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥' ਖਿਆਲ ਕੀਤਾ ਜਾਂਦਾ ਹੈ ਕਿ ਰੋਟੀ ਵਿਚ ਗੋਲਾਈ ਦਾ ਭਾਵ ਹੋਣ ਕਰਕੇ ਇਸ ਦਾ ਅੰਗਰੇਜ਼ੀ ਰੋਟੇਸ਼ਨ ਨਾਲ ਸੁਜਾਤੀ ਸਬੰਧ ਹੈ।

Pollution ਸ਼ਬਦ ਤੋਂ ਪ੍ਰਦੂਸ਼ਣ ਸ਼ਬਦ ਬਣਿਆ ਦੱਸਿਆ ਗਿਆ ਹੈ। ਵਾਤਾਵਰਣ ਦੂਸ਼ਿਤ ਹੋਣ ਦੇ ਅਰਥਾਂ ਵਾਲੇ ਪ੍ਰਦੂਸ਼ਣ ਸ਼ਬਦ ਦਾ ਪੋਲਿਊਸ਼ਨ ਨਾਲ ਕੋਈ ਵੀ ਵਿਉਤਪਤੀਮੂਲਕ ਸਬੰਧ ਨਹੀਂ। ਇਹ ਸ਼ਬਦ ਤਕਨੀਕੀ ਤੌਰ 'ਤੇ ਬਣਾਇਆ ਗਿਆ ਹੈ, 'ਪ੍ਰ' ਅਗੇਤਰ ਦੇ ਅੱਗੇ ਦੂਸ਼ਨ ਲਾ ਕੇ (ਪ੍ਰ+ਦੂਸ਼ਨ)। ਪੁਰਾਣੀਆਂ ਲਿਖਤਾਂ ਵਿਚ ਪ੍ਰਦੂਸ਼ਣ ਸ਼ਬਦ ਨਹੀਂ ਮਿਲਦਾ। ਹਾਂ, ਦੂਸ਼ਣ ਜਾਂ ਵਿਦੂਸ਼ਣ ਜ਼ਰੂਰ ਹੈ। ਅੰਗਰੇਜ਼ੀ ਵਿਚ ਵੀ ਵਾਤਾਵਰਣ ਦੇ ਪ੍ਰਸੰਗ ਵਿਚ ਪੋਲਿਊਸ਼ਨ ਦੇ ਅਜੋਕੇ ਭਾਵ ਵੀਹਵੀਂ ਸਦੀ ਦੇ ਅੱਧ ਵਿਚ ਸਾਹਮਣੇ ਆਏ, ਜਦੋਂ ਅੰਗਰੇਜ਼ ਭਾਰਤ ਛੱਡ ਚੁਕੇ ਸਨ। ਪਹਿਲਾਂ ਇਸ ਸ਼ਬਦ ਵਿਚ ਬਹੁਤਾ ਅਪਵਿੱਤਰ ਹੋਣ, ਗੰਦਾ ਹੋਣ ਦੇ ਭਾਵ ਸਨ। ਸ. ਖੀਵਾ ਦਾ ਖਿਆਲ ਹੈ ਕਿ ਪੰਜਾਬੀ ਗੈਬ ਵੀ ਅੰਗਰੇਜ਼ੀ ਗੈਪ ਦਾ ਬਦਲਿਆ ਰੂਪ ਹੈ। ਪੰਜਾਬੀ ਗੈਬ ਅਰਬੀ ਗ਼ੈਬ ਦਾ ਪੰਜਾਬੀ ਰੁਪਾਂਤਰ ਹੈ ਜੋ ਗ਼ਾਇਬ ਦਾ ਬਹੁਵਚਨ ਹੈ। ਇਸ ਦਾ ਅਰਥ ਹੈ-ਗੁਪਤ, ਅਲੋਪ, 'ਅਲਹੁ ਗੈਬ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥' (ਭਗਤ ਕਬੀਰ)। ਇਸ ਸ਼ਬਦ ਵਿਚ ਇਲਾਹੀ, ਦੈਵੀ ਦੇ ਭਾਵ ਵੀ ਆ ਗਏ ਹਨ। ਅੰਗਰੇਜ਼ੀ ਗੈਪ ਦਾ ਅਰਥ ਖੱਪਾ; ਅੰਤਰ, ਫਰਕ, ਦੂਰੀ ਹੁੰਦਾ ਹੈ। ਦੋਹਾਂ ਸ਼ਬਦਾਂ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ।

ਇਹ ਪੜ੍ਹਦਿਆਂ ਬੰਦਾ ਸ. ਖੀਵਾ ਦੀ ਲਿਆਕਤ ਬਾਰੇ ਸ਼ਸ਼ੋਪੰਜ ਵਿਚ ਹੀ ਪੈ ਜਾਂਦਾ ਹੈ ਕਿ ਅੰਗਰੇਜ਼ੀ ਸਸਪੈਂਸ (Suspense) ਤੋਂ ਪੰਜਾਬੀ ਸ਼ਸ਼ੋਪੰਜ ਬਣਿਆ ਹੈ। ਸ਼ਸ਼ੋਪੰਜ ਮੁਢਲੇ ਤੌਰ 'ਤੇ ਫਾਰਸੀ ਸ਼ਬਦ ਹੈ ਜੋ ਸ਼ਸ਼ (ਛੇ)+ਓ (ਅਤੇ)+ਪੰਜ (ਪੰਜ) ਤੋਂ ਬਣਿਆ ਹੈ। ਸ਼ਾਬਦਿਕ ਅਰਥ ਹੋਇਆ 'ਛੇ ਪੰਜ' ਵਿਚ ਪੈਣਾ ਅਰਥਾਤ ਗਿਣਤੀਆਂ-ਮਿਣਤੀਆਂ ਵਿਚ ਪੈਣਾ। ਬੰਜਰ ਜਿਹੇ ਅਰਥਾਂ ਵਾਲੇ ਬਰਾਨੀ ਸ਼ਬਦ ਪਿਛੇ ਖੀਵਾ ਸਾਹਿਬ ਨੂੰ ਅੰਗਰੇਜ਼ੀ Barren ਸ਼ਬਦ ਸਰਗਰਮ ਨਜ਼ਰ ਆਉਂਦਾ ਹੈ ਪਰ ਵਾਸਤਵ ਵਿਚ ਅਜਿਹਾ ਨਹੀਂ ਹੈ। ਪਟਵਾਰੀਆਂ ਦੀ ਭਾਸ਼ਾ ਵਿਚ 'ਉਹ ਧਰਤੀ, ਜਿਥੇ ਵਾਹੀ ਸਿਰਫ ਮੀਂਹ ਦੇ ਆਸਰੇ ਹੁੰਦੀ ਹੈ।' ਫਾਰਸੀ ਬਾਰਾਨੀ ਸ਼ਬਦ ਬਾਰਸ਼ ਨਾਲ ਸਬੰਧਤ ਹੈ। ਇਹ ਸ਼ਬਦ ਬਾਰਸ਼ ਅਤੇ ਬਾਰਾਂ ਦਾ ਸੁਜਾਤੀ ਹੈ। ਇਸ ਦਾ ਸਬੰਧ ਵੀਰਾਨ ਨਾਲ ਵੀ ਨਹੀਂ ਹੈ।

ਲੇਖ ਦੇ ਅਖੀਰ ਵਿਚ ਲੇਖਕ ਦਾ ਬਿਆਨ ਹੈ, "ਚਰਚਾ ਸਿਰਫ ਸੰਕੇਤ ਮਾਤਰ ਹੈ ਜੋ ਵਿਸਥਾਰ ਪੂਰਵਕ ਖੋਜ ਤੇ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ।" ਅਜਿਹੀ ਬੇਥਵੀ, ਕਚਘਰੜ, ਗਿਆਨ-ਵਿਹੂਣੀ ਚਰਚਾ ਕੀਤੀ ਜਾਵੇ ਤਾਂ ਹੋਰ ਕੀ ਗੁੱਲ ਖਿਲਣਗੇ! ਰੱਬ ਬਚਾਏ ਅਜਿਹੀ ਚਰਚਾ ਤੋਂ।

# ਗੁਜਰਾਤ ਫਾਈਲਾਂ

(ਪਿਛਲੇ ਸਫੇ ਤੋਂ ਜਾਰੀ)

'ਨਹੀਂ ਨਹੀਂ, ਵੈੱਬਸਾਈਟ ਹੈ, ਤੂੰ ਇਹ ਕਦੇ ਨਾ ਦੇਖੀਂ। ਹਿੰਦੁਸਤਾਨ ਬਾਰੇ ਬਹੁਤ ਮਾੜੀਆਂ ਗੱਲਾਂ ਨੇ ਇਸ ਉਪਰ। ਊਸ਼ਾ ਨੇ ਜਵਾਬ ਦਿੱਤਾ ਤੇ ਨਾਲੋ-ਨਾਲ ਅਸੀਂ ਫਿਲਮ ਦੇਖ ਰਹੀਆਂ ਸੀ।

ਉਸ ਰਾਤ ਜਦੋਂ ਮੈਂ ਆਪਣੇ ਕਮਰੇ ਵਿਚ ਵਾਪਸ ਆਈ, ਮੈਂ ਉਸ ਸਰਕਸ ਬਾਰੇ ਸੋਚ ਕੇ ਮੁਸਕਰਾਈ ਜਿਸ ਦਾ ਹਿੱਸਾ ਮੈਂ ਬਣ ਚੁੱਕੀ ਸਾਂ। ਹਾਲਤ ਦੇ ਵਿਅੰਗ ਉਪਰ ਮੁਸਕਾਨ! ਮੈਨੂੰ ਪਹਿਲਾਂ ਇਹ ਤੌਖਲਾ ਸੀ ਕਿ ਮੈਂ ਆਪਣੇ ਸੀਨੀਅਰਾਂ ਦੀਆਂ ਉਮੀਦਾਂ ਉਪਰ ਖ਼ਰੀ ਉਤਰ ਸਕਾਂਗੀ, ਸੱਚ ਨੂੰ ਬਾਹਰ ਲਿਆ ਸਕਾਂਗੀ? ਮੇਰੇ ਕੋਲ ਹੋਰ ਰੈਣ-ਬਸੇਰਾ ਲੱਭਣ ਲਈ ਦੋ ਦਿਨਾਂ ਦੀ ਮੋਹਲਤ ਸੀ। ਪਾਨੀ ਨੇ ਮੈਨੂੰ ਆਪਣੇ ਕਮਰੇ ਵਿਚ ਰਹਿਣ ਦੀ ਪੇਸ਼ਕਸ਼ ਕੀਤੀ, ਪਰ ਮੈਂ ਜੋਖ਼ਮ ਨਹੀਂ ਲੈ ਸਕਦੀ ਸੀ। ਹਰ ਰਾਤ ਮੈਂ ਆਪਣਾ ਕੁੜਤਾ, ਆਪਣੀ ਡਾਇਰੀ ਅਤੇ ਘੜੀ ਬਦਲਦੀ ਜਿਨ੍ਹਾਂ ਵਿਚ ਕੈਮਰੇ ਲੱਗੇ ਹੋਏ ਸਨ। ਜ਼ਰਾ ਕੁ ਗਲਤੀ ਨਾਲ ਹੀ ਮੇਰੀ ਗੱਲ ਵਿਗੜ ਸਕਦੀ ਸੀ। ਮੈਂ ਪਾਨੀ ਤੋਂ ਉਸ ਦਾ ਲੈਪਟਾਪ ਮੰਗਿਆ। ਮੈਂ ਆਪਣੀ ਨਿੱਜੀ ਈ-ਮੇਲ ਖੋਲ੍ਹਣਾ ਚਾਹੁੰਦੀ ਸੀ ਜਿਸ ਨੂੰ ਮੈਂ ਆਪਣੇ ਵਾਲੇ ਲੈਪਟਾਪ ਉਪਰ ਖੋਲ੍ਹਣ ਤੋਂ ਗੁਰੇਜ਼ ਕਰਦੀ ਸੀ।

ਉਸ ਰਾਤ ਜਦੋਂ ਮੈਂ ਰਾਣਾ ਅਯੂਬ ਵਜੋਂ ਲਾਗ ਇਨ ਕਰ ਕੇ ਮੇਲ ਖੋਲ੍ਹੀ, ਘੱਟੋ-ਘੱਟ ਹਜ਼ਾਰ ਕੁ ਮੇਲ ਇਨ-ਬਾਕਸ ਵਿਚ ਮੇਰਾ ਇੰਤਜ਼ਾਰ ਕਰ ਰਹੀਆਂ ਸਨ, ਬਹੁਤ ਸਾਰੀਆਂ ਮੇਰੇ ਮਿੱਤਰਾਂ ਵਲੋਂ ਸਨ ਜੋ ਮੇਰੇ ਗਾਇਬ ਹੋਣ ਨੂੰ ਲੈ ਕੇ ਉਤਸੁਕ ਸਨ। ਮੈਂ ਆਪਣਾ ਫੇਸਬੁੱਕ ਖ਼ਾਤਾ ਖ਼ਤਮ ਕਰ ਦਿੱਤਾ ਸੀ ਤਾਂ ਜੋ ਇੰਟਰਨੈੱਟ ਉਪਰ ਕੁਝ ਵੀ ਐਸਾ ਨਾ ਹੋਵੇ ਜਿਥੋਂ ਰਾਣਾ ਅਯੂਬ ਦੀ ਤਸਵੀਰ ਮਿਲ ਸਕੇ। ਮੈਂ ਝਟਪਟ ਆਪਣੀ ਅਮਰੀਕਾ ਵਿਚਲੀ ਸਹੇਲੀ ਨੂੰ ਮੇਲ ਕੀਤੀ ਜਿਸ ਦਾ ਪਰਿਵਾਰ ਅਹਿਮਦਾਬਾਦ ਵਿਚ ਰਹਿ ਰਿਹਾ ਸੀ। ਕੀ ਮੈਂ ਸ਼ਹਿਰ ਵਿਚ ਉਸ ਦੇ ਕਿਸੇ ਸੱਜਣ-ਮਿੱਤਰ ਕੋਲ ਰਹਿ ਸਕਦੀ ਸੀ, ਕਿਉਂਕਿ ਮੈਂ ਹੋਟਲਾਂ ਵਿਚ ਰਹਿ ਕੇ ਅੱਕ ਗਈ ਸੀ।

ਉਹਨੇ ਐਨੀ ਫੁਰਤੀ ਨਾਲ ਜਵਾਬ ਦਿੱਤਾ ਜਿਸ ਦੀ ਮੈਨੂੰ ਉਮੀਦ ਨਹੀਂ ਸੀ। ਉਸ ਦਾ ਪਰਿਵਾਰ ਅਤੇ ਸੱਜਣ-ਮਿੱਤਰ ਰਾਜਕੋਟ ਵਿਚ ਰਹਿੰਦੇ ਸਨ, ਪਰ ਉਸ ਦੇ ਪਰਿਵਾਰ ਦੇ ਨਜ਼ਦੀਕੀਆਂ ਦਾ ਇਕ ਬੰਗਲਾ ਐਸ.ਜੀ. ਹਾਈਵੇਅ ਉਪਰ ਸੀ। ਮਾਲਕ ਮੁਲਕ ਤੋਂ ਬਾਹਰ ਰਹਿੰਦੇ ਸਨ ਅਤੇ ਮਕਾਨ ਦੀ ਦੇਖਭਾਲ ਚੌਕੀਦਾਰ ਕਰਦਾ ਸੀ ਜੋ ਉਥੇ ਆਪਣਾ ਆਰਜ਼ੀ ਟਿਕਾਣਾ ਬਣਾ ਕੇ ਰਹਿ ਰਿਹਾ ਸੀ। ਜ਼ਰੂਰਤ ਦੇ ਸਮਾਨ ਦਾ ਹਿਸਾਬ-ਕਿਤਾਬ ਲਗਾ ਕੇ, ਮੈਂ ਆਪਣਾ ਸਮਾਨ ਬੰਨ੍ਹ ਲਿਆ ਅਤੇ ਅਗਲੀ ਸਵੇਰ ਮਾਨਿਕ ਭਾਈ ਦੇ ਕੈਬਿਨ 'ਚ ਚਲੀ ਗਈ। ਮੈਂ ਕਿਰਾਇਆ ਦੇਣਾ ਸੀ।

'ਤੁਸੀਂ ਦਸ ਦਿਨ ਬਾਦ ਆ ਸਕਦੇ ਹੋ', ਉਸ ਨੇ ਮੈਨੂੰ ਯਕੀਨ ਦਿਵਾਇਆ। ਉਦੋਂ ਤਕ ਡੈਲੀਗੇਸ਼ਨ ਚਲਾ ਜਾਵੇਗਾ ਅਤੇ ਫਿਰ ਕਮਰਾ ਮਿਲ ਸਕਦਾ ਸੀ।

ਲੰਮੇ-ਚੌੜੇ ਬਾਗ਼ ਅਤੇ ਲਾਅਨ ਵਾਲਾ ਇਹ ਬੰਗਲਾ ਭਾਵੇਂ ਖ਼ੂਬਸੂਰਤ ਸੀ, ਪਰ ਇਹ ਇਕੱਲੀ ਔਰਤ ਦੇ ਰਹਿਣ ਵਾਲੀ ਜਗ੍ਹਾ ਨਹੀਂ ਸੀ। ਇਸ ਦੇ ਸੱਜੇ ਅਤੇ ਖੱਬੇ ਪਾਸੇ ਦੇ ਬੰਗਲੇ ਅਜੇ ਉਸਾਰੀ ਅਧੀਨ ਸਨ। ਆਰਜ਼ੀ ਝੁੱਗੀਆਂ ਵਿਚ ਉਸਾਰੀ ਕਾਮੇ ਰਹਿ ਰਹੇ ਸਨ ਜਿਥੇ ਸੂਰਜ ਛਿਪਣ ਤੋਂ ਬਾਅਦ ਕਿਸੇ ਤਰ੍ਹਾਂ ਦੇ ਚਾਨਣ ਦਾ ਇੰਤਜ਼ਾਮ ਨਹੀਂ ਸੀ। ਸੰਚਾਰ ਦਾ ਕੋਈ ਸਾਧਨ ਨਹੀਂ ਸੀ ਅਤੇ ਚੌਕੀਦਾਰ ਆਪਣੇ ਸਾਈਕਲ 'ਤੇ ਮਾਰਕੀਟ ਜਾਂਦਾ ਸੀ ਜੋ ਬੰਗਲੇ ਤੋਂ ਇਕ ਕਿਲੀਮੀਟਰ ਦੂਰ ਸੀ। ਇਮਾਰਤ ਦੇ ਅੰਦਰ ਟੁੱਟੀਆਂ-ਫੁੱਟੀਆਂ ਤਾਰਾਂ, ਲੱਕੜ, ਇੱਟਾਂ ਅਤੇ ਸੀਮਿੰਟ ਦੇ ਅੰਬਾਰ ਲੱਗੇ




ਹੋਏ ਸਨ। ਚੌਕੀਦਾਰ ਕਾਲੂ ਭਾਈ ਨੂੰ ਮੇਰੀ ਆਮਦ ਬਾਰੇ ਦੱਸ ਦਿੱਤਾ ਗਿਆ ਸੀ ਅਤੇ ਇਸ ਤੋਂ ਪਹਿਲਾਂ ਕਿ ਉਹ ਬਾਹਰਲਾ ਦਰਵਾਜ਼ਾ ਖੋਲ੍ਹਦਾ, ਦੋ ਅਵਾਰਾ ਕੁੱਤੇ ਮੈਨੂੰ 'ਜੀ ਆਇਆਂ ਨੂੰ' ਕਹਿਣ ਲਈ ਹਾਜ਼ਰ ਹੋ ਗਏ। ਕਾਲੂ ਭਾਈ ਦੀਆਂ ਤਿੰਨ ਧੀਆਂ ਸਨ ਅਤੇ ਇਹ ਕੁੱਤੇ ਵੀ ਪਰਿਵਾਰ ਦੇ ਜੀਅ ਸਨ ਜੋ ਬਾਅਦ ਵਿਚ ਉਹ ਮੇਰੀਆਂ ਚਿੰਤਾਵਾਂ ਦੇ ਸਾਥੀ ਸਾਬਤ ਹੋਣਗੇ।

ਮਕਾਨ ਵਿਚ ਇਕ ਹੋਰ ਹੈਰਾਨੀ ਮੇਰਾ ਇੰਤਜ਼ਾਰ ਕਰ ਰਹੀ ਸੀ ਜਿਸ ਬਾਰੇ ਕਾਲੂ ਭਾਈ ਨੇ ਮੈਨੂੰ ਦੱਸਣ ਦੀ ਜ਼ਰੂਰਤ ਨਹੀਂ ਸਮਝੀ। ਇਕ ਸ਼ਾਮ ਜਦੋਂ ਮੈਂ ਆਟੋ ਲੈ ਕੇ ਬੰਗਲੇ ਵਿਚ ਵਾਪਸ ਆਈ, ਹਨੇਰਾ ਹੋ ਚੁੱਕਾ ਸੀ। ਦਰਵਾਜ਼ਾ ਖੜਕਾਉਣ ਦੀ ਕੋਈ ਤੁਕ ਨਹੀਂ ਸੀ, ਕਿਉਂਕਿ ਕਾਲੂ ਭਾਈ ਬੂਹਾ ਭੇੜ ਕੇ ਆਪਣੇ ਰੈਣ-ਬਸੇਰੇ ਦੇ ਅੰਦਰ ਦੜਿਆ ਹੋਇਆ ਸੀ ਅਤੇ ਰੇਡੀਓ ਉਚੀ ਆਵਾਜ਼ ਵਿਚ ਚਲਾ ਰੱਖਿਆ ਸੀ। ਮੈਂ ਉਸ ਨੂੰ ਫ਼ੋਨ ਲਗਾਇਆ ਅਤੇ ਡਰਾਈਵਰ ਨੂੰ ਉਚੀ ਉਚੀ ਹਾਰਨ ਵਜਾਉਣ ਲਈ ਕਿਹਾ ਤਾਂ ਜੋ ਅੰਦਰ ਕਿਸੇ ਨਾ ਕਿਸੇ ਨੂੰ ਮੇਰੀ ਆਵਾਜ਼ ਸੁਣ ਜਾਵੇ। ਹਨੇਰੇ ਵਿਚ ਡੁੱਬੀ ਸੁੰਨੀ ਗਲੀ ਵਿਚ ਰਸਤਾ ਲੱਭਣ ਲਈ ਮੇਰੇ ਕੋਲ ਬਸ ਟਾਰਚ ਸੀ।

ਜਿਉਂ ਹੀ ਮੈਂ ਦਰਵਾਜ਼ੇ ਦੇ ਅੰਦਰ ਟਾਰਚ ਦਾ ਚਾਨਣ ਕੀਤਾ, ਕੁੱਤਿਆਂ ਨੇ ਭੌਂਕਣਾ ਸ਼ੁਰੂ ਕਰ ਦਿੱਤਾ। ਮੈਂ ਖ਼ੁਸ਼ ਹੋ ਗਈ ਕਿਉਂਕਿ ਇਸ ਨਾਲ ਕਾਲੂ ਭਾਈ ਨੂੰ ਪਤਾ ਲੱਗ ਜਾਵੇਗਾ। ਵਾਕਈ, ਕਾਲੂ ਭਾਈ ਉਚੀ ਆਵਾਜ਼ 'ਚ ਬੋਲਿਆ, 'ਆ ਰਹਾ ਹੂੰ ਮੈਥਿਲੀਬੇਨ।' ਕੁੱਤੇ ਫਿਰ ਵੀ ਭੌਂਕਦੇ ਰਹੇ।

ਜਦੋਂ ਮੈਂ ਇਸ਼ਨਾਨ ਕਰ ਲਿਆ ਅਤੇ ਖਾਣਾ ਵੀ ਖਾ ਲਿਆ, ਕੁੱਤੇ ਅਜੇ ਵੀ ਭੌਂਕ ਰਹੇ ਸਨ। ਮੈਂ ਬਾਹਰ ਨਿੱਕਲੀ, ਤੇ ਇਹ ਸੋਚ ਕੇ ਕਿ ਉਹ ਭੁੱਖੇ ਹੋਣਗੇ, ਮੈਂ ਕਾਲੂ ਭਾਈ ਨੂੰ ਪੁੱਛਿਆ- ਉਹ ਉਨ੍ਹਾਂ ਨੂੰ ਖਾਣ ਨੂੰ ਕੁਝ ਪਾ ਸਕਦਾ ਸੀ।

'ਅਰੇ ਬੇਨ, ਏਕ ਵਾਰ ਵੋਹ ਸਾਂਪ ਹੋਲ ਮੇਂ ਚਲਾ ਜਾਏਗਾ ਨਾ, ਸਭ ਸ਼ਾਂਤ ਹੋ ਜਾਏਂਗੇ।' ਉਸ ਨੇ ਜਵਾਬ ਦਿੱਤਾ।

ਸਾਂਪ! ਮੈਂ ਚੀਕੀ- 'ਕਿੱਧਰ?'

ਅਗਲੇ ਪੰਦਰਾਂ ਮਿੰਟ ਕਾਲੂ ਭਾਈ ਅਤੇ ਉਸ ਦੀਆਂ ਧੀਆਂ ਉਸ ਕਾਲੇ ਨਾਗ ਬਾਰੇ ਦੱਸ ਕੇ ਚਟਕਾਰੇ ਲੈਂਦੀਆਂ ਰਹੀਆਂ ਜਿਸ ਨੇ ਪਿਛਲੇ ਇਕ ਸਾਲ ਤੋਂ ਬੰਗਲੇ ਨੂੰ ਆਪਣਾ ਘਰ ਬਣਾਇਆ ਹੋਇਆ ਸੀ। ਜਦੋਂ ਉਹ ਮੈਨੂੰ ਨਾਲ ਲੈ ਕੇ ਉਸ ਦੀ ਭਾਲ ਵਿਚ ਨਿਕਲੇ, ਸੱਪ ਕੰਧ ਉਪਰ ਚੜ੍ਹ ਕੇ ਮੌਜ ਨਾਲ ਬੈਠਾ ਹੋਇਆ ਸੀ।

ਉਸ ਦਿਨ ਤੋਂ ਲੈ ਕੇ ਮੇਰੀ ਰਾਤਾਂ ਦੀ ਨੀਂਦ ਉਡ ਗਈ। ਮੈਂ ਕਦੇ ਵੀ ਚੱਜ ਨਾਲ ਸੌਂ ਨਾ ਸਕੀ। ਜਦੋਂ ਵੀ ਕੁੱਤੇ ਭੌਂਕਦੇ, ਮੈਂ ਸਮਝ ਲੈਂਦੀ, ਸੱਪ ਆਪਣੇ ਟਿਕਾਣੇ ਤੋਂ ਬਾਹਰ ਆਇਆ ਹੋਇਆ ਹੈ। ਅਕਸਰ ਹੀ ਇਸ ਤੌਖਲੇ ਨਾਲ ਮੇਰੀ ਜਾਗ ਖੁੱਲ੍ਹ ਜਾਂਦੀ ਕਿ ਕੋਈ ਬੰਦਾ ਬਗਲ ਟੱਪਣ ਦਾ ਯਤਨ ਕਰ ਰਿਹਾ ਹੋਵੇਗਾ। ਮੇਰੇ ਨਾਲ ਕੁਝ ਅਜੀਬ ਵਾਪਰਨਾ ਸ਼ੁਰੂ ਹੋ ਗਿਆ ਸੀ। ਅਚਾਨਕ ਮੇਰੀ ਨਬਜ਼ ਤੇਜ਼ ਹੋ ਜਾਂਦੀ, ਤੇ ਹਰ ਰਾਤ ਮੈਂ ਪਸੀਨੇ ਨਾਲ ਭਿੱਜ ਜਾਂਦੀ। ਮੇਰਾ ਗਲਾ ਸੁੱਕ ਜਾਂਦਾ ਅਤੇ ਮੇਰੇ ਲਈ ਕੁਝ ਖਾਣਾ ਵੀ ਮੁਸ਼ਕਿਲ ਹੁੰਦਾ ਜਾ ਰਿਹਾ ਸੀ। ਜੇ ਕਿਸੇ ਅਫ਼ਸਰ ਨੂੰ ਮੇਰੀ ਅਸਲ ਸ਼ਨਾਖ਼ਤ ਪਤਾ ਲੱਗ ਗਈ, ਫਿਰ ਕੀ ਬਣੇਗਾ। ਇਹ ਬੰਗਲਾ ਮੈਨੂੰ ਨੁਕਸਾਨ ਪਹੁੰਚਾਉਣ ਦੀ ਸਭ ਤੋਂ ਸੌਖੀ ਥਾਂ ਸੀ।

ਅਗਲੇ ਦਿਨਾਂ ਵਿਚ ਜਦੋਂ ਮੇਰੇ ਕੋਲ ਦੁਪਹਿਰ ਨੂੰ ਕਰਨ ਲਈ ਕੋਈ ਕੰਮ ਨਾ ਹੁੰਦਾ, ਕਾਲੂ ਭਾਈ ਦੀਆਂ ਧੀਆਂ ਆਪਣੀਆਂ ਸਕੂਲੀ ਕਿਤਾਬਾਂ ਲੈ ਕੇ ਮੇਰੇ ਕੋਲ ਆ ਜਾਂਦੀਆਂ। ਮੈਂ ਚਾਹ ਬਣਾ ਲੈਂਦੀ ਅਤੇ ਅਸੀਂ ਪਾਰਲੇ-ਜੀ ਬਿਸਕੁਟਾਂ ਨਾਲ ਚਾਹ ਦਾ ਲੁਤਫ਼ ਲੈਂਦੀਆਂ। ਕੁੱਤੇ ਵੀ ਮੇਰੇ ਨਾਲ ਬਹੁਤ ਲਾਡ ਕਰਦੇ ਅਤੇ ਮੈਂ ਉਸ ਪੜਾਅ 'ਤੇ ਪਹੁੰਚ ਗਈ ਸੀ ਜਿਥੇ ਕੁੱਤਿਆਂ ਨਾਲ ਕਲੋਲਾਂ ਕਰਦੇ ਸੱਪ ਦਾ ਨਜ਼ਾਰਾ ਮੈਨੂੰ ਚੰਗਾ ਲੱਗਣਾ ਸ਼ੁਰੂ ਹੋ ਗਿਆ। ਕਾਲੂ ਭਾਈ ਦੀਆਂ ਧੀਆਂ ਨੇ ਅਤੇ ਮੈਂ ਇਸ ਦਾ ਨਾਂ ਮੁਖੀਆ ਰੱਖ ਲਿਆ ਸੀ। ਕੁੜੀਆਂ ਮੁਖੀਏ ਦੇ ਰੋੜੇ ਮਾਰਨ ਲੱਗ ਜਾਂਦੀਆਂ ਅਤੇ ਮੈਂ ਦੂਰ ਬੈਠੀ ਆਪਣੇ ਫ਼ੋਨ 'ਤੇ ਇਸ ਨੂੰ ਫਿਲਮਾਉਂਦੀ ਰਹਿੰਦੀ।

(ਚਲਦਾ)

ਕਹਾਣੀ

# ਤਹਿ

ਬਿੰਦਰ ਬਸਰਾ

ਭਾਪੇ ਦੀ ਇਕੱਲੇ ਬੈਠਿਆਂ ਹੱਥ ਦੀ ਉਂਗਲ ਤਾਣੀ ਰੱਖਣ ਤੇ ਉਸ ਨੂੰ ਹਿਲਾਉਂਦੇ ਰਹਿਣ ਦੀ ਆਦਤ ਹੁਣ ਆਮ ਹੋ ਗਈ ਹੈ। ਹਰਕਤ 'ਚ ਰਹਿੰਦੀ ਇਸ ਉਂਗਲ ਦਾ ਕਦੇ-ਕਦਾਈਂ ਤੋਂ ਆਮ ਤੱਕ ਦਾ ਸਫਰ ਇਕ ਮਰਜ਼ ਦੀ ਹੱਦ ਤੱਕ ਪਹੁੰਚ ਗਿਆ ਹੈ। ਅਜਿਹਾ ਮੈਂ ਸੋਚਦਾਂ। ਭਾਪੇ ਨੂੰ ਪੁੱਛੀਏ ਤਾਂ ਉਹ ਇਸ ਨੂੰ 'ਮਨਕਤੀਆਂ' ਕਹਿ ਕੇ ਟਾਲ ਦਿੰਦਾ। ਇਨ੍ਹਾਂ ਮਨਕਤੀਆਂ ਸਦਕਾ ਉਸ ਦੀ ਸੱਜੇ ਹੱਥ ਦੇ ਅੰਗੂਠੇ ਨਾਲ ਦੀ ਤਣੀ ਰਹਿੰਦੀ ਉਂਗਲ ਮੇਰੀਆਂ ਸੋਚਾਂ ਦਾ ਧੁਰਾ ਬਣੀ ਹੋਈ ਹੈ। ਉਸ ਦੀ ਇਹ ਆਦਤ ਰੋਗ ਕਿਦਾਂ ਬਣ ਗਈ ਇਹ ਗੱਲ ਮੇਰੇ ਲਈ ਬੁਝਾਰਤ ਬਣੀ ਹੋਈ ਹੈ।

ਭਾਪੇ ਦੀ ਹਰ ਦੁੱਖ ਨੂੰ ਕਸੀਸ ਵੱਟ ਕੇ ਜਿਊਣ ਦੀ ਆਦਤ ਹੈ। ਸਿਰਫ਼ ਏਨਾ ਕਿ ਛੋਟੀ ਮੋਟੀ ਤਾਂ ਕੀ ਕੋਈ ਵੱਡੀ ਮੁਸ਼ਕਿਲ ਵੀ ਕਿਸੇ ਨੂੰ ਕਦੇ ਨਹੀਂ ਦੱਸੀ। ਬਸ ਇਸ ਕਸੀਸ ਵੱਟ ਕੇ ਹਰ ਦੁੱਖ ਜਰ ਜਾਣ ਦੇ ਸੁਭਾਅ ਨੇ ਉਸ ਨੂੰ ਇਕੱਲੇ ਬੈਠਣ ਦੀ ਆਦਤ ਪਾ ਦਿੱਤੀ। ਉਸ ਦੇ ਵਿਹਲੇ ਬੈਠ ਕੇ ਸੋਚਦੇ ਰਹਿਣ 'ਚ ਇਹ ਉਂਗਲ ਕਦੋਂ ਹਰਕਤ 'ਚ ਆ ਗਈ, ਕਿਸੇ ਨੂੰ ਪਤਾ ਹੀ ਨਹੀਂ ਲੱਗਾ। ਪਤਾ ਲੱਗਣ 'ਤੇ ਵੀ ਘਰਦਿਆਂ ਨੇ ਇਸ ਨੂੰ ਸਰਸਰੀ ਲਿਆ ਸੀ। ਸਾਰੇ ਸੋਚਦੇ, ਆਪੇ ਹਟ ਜਾਊ। ਪਰ ਹੁਣ ਓਦਣ ਦਾ ਮੇਰਾ ਮਨ ਉਖੜਿਆ ਪਿਆ ਹੈ, ਜਿੱਦਣ ਦਾ ਮੈਂ ਉਸ ਨੂੰ ਇਕੱਲੇ ਬੈਠਿਆਂ ਹਵਾ 'ਚ ਉਂਗਲ ਘੁਮਾਉਣ ਦੇ ਨਾਲ ਨਾਲ ਕੁਝ ਬੋਲਦਿਆਂ ਤੱਕਿਆ ਹੈ। ਭਾਪੇ ਨੂੰ ਇਹ ਆਦਤ ਪਹਿਲਾਂ ਇਕੱਲੇ ਬੈਠਿਆਂ ਸੀ, ਪਰ ਹੁਣ ਸਾਡੇ ਨੇੜੇ ਹੁੰਦਿਆਂ ਵੀ ਆਪਣੇ ਖਿਆਲਾਂ 'ਚ ਗੁਆਚੇ ਦੇ ਮੂੰਹੋਂ ਕੋਈ ਨਾ ਕੋਈ ਬੋਲ ਆਪ ਮੁਹਾਰੇ ਨਿਕਲ ਜਾਂਦਾ ਹੈ। ਭਾਪੇ ਨੂੰ ਪਿਛਲੀ ਉਮਰੇ ਲੱਗੇ ਇਸ ਅਵੱਲੇ ਰੋਗ ਦਾ ਘਰ ਦੇ ਕਿਸੇ ਹੋਰ ਜੀਅ 'ਤੇ ਕੋਈ ਅਸਰ ਹੋਇਆ ਕਿ ਨਹੀਂ ਪਤਾ ਨਹੀਂ, ਪਰ ਮੈਂ ਕਦੇ ਕਦੇ ਬਹੁਤ ਡਰ ਜਾਂਦਾ। ਕਦੇ ਖਿਆਲ ਆਉਂਦਾ ਕਿ ਹੁਣ ਭਾਪੇ ਨੂੰ ਕੋਈ ਫਿਕਰ ਤਾਂ ਨਹੀਂ ਹੈ, ਕਬੀਲਦਾਰੀ ਨਜਿੱਠੀ ਗਈ ਹੈ। ਸਾਰੇ ਆਪੋ ਆਪਣੀ ਥਾਈਂ ਖੁਸ਼ ਨੇ। ਫੇਰ ਉਸ ਨੂੰ ਕਿਸ ਗੱਲ ਦਾ ਝੋਰਾ? ਜਦ ਕੋਈ ਸਿਰਾ ਹੱਥ ਨਹੀਂ ਲੱਗਦਾ, ਤਾਂ ਇਨ੍ਹਾਂ ਸੋਚਾਂ ਦੀ ਥਾਂ ਚਿੰਤਾ ਆ ਘੇਰਦੀ ਹੈ। ਭਰਾ-ਭਰਜਾਈਆਂ ਤੇ ਸਾਰੇ ਬੱਚੇ ਉਸ ਤੋਂ ਧੁਨਖੀ ਦੇ ਕਾਂ ਵਾਂਗ ਡਰਦੇ ਨੇ। ਪਰ ਭਾਪੇ ਦੀ ਦਾਰੂ ਪੀਣ ਦੀ ਦਿਨੋਂ-ਦਿਨ ਵਧਦੀ ਜਾਂਦੀ ਆਦਤ ਤੋਂ ਸਾਰੇ ਕਦੇ-ਕਦੇ ਦੁਖੀ ਹੁੰਦੇ ਹਨ। ਮੈਨੂੰ ਉਸ ਦਾ ਬਹੁਤੀ ਦਾਰੂ ਪੀਣਾ ਭਾਵੇਂ ਪਸੰਦ ਨਹੀਂ, ਪਰ ਕਦੇ ਰੋਕਿਆ ਵੀ ਨਹੀਂ। ਮੈਨੂੰ ਪਤਾ ਨਹੀਂ ਕਿਉਂ ਇਹ ਲਗਦੈ ਕਿ ਉਹ ਦਾਰੂ ਦੇ ਸਿਰ 'ਤੇ ਵੀ ਵਧ ਸਮਾਂ ਜਿਉਂ ਤੇ ਨਰੋਇਆ ਰਹਿ ਸਕਦਾ। ਦੁੱਧ-ਘਿਉ ਹੁਣ ਉਹ ਕਾਟ ਨਹੀਂ ਕਰਦੇ, ਜੋ ਦਾਰੂ ਕਰਦੀ ਹੈ।

ਬੀਬੀ ਦੀ ਮੌਤ ਨੇ ਭਾਪੇ ਦੀ ਜ਼ਿੰਦਗੀ 'ਚੋਂ ਜੋ ਰੁੱਗ ਭਰਿਆ, ਉਸ ਵੱਲ ਕਦੇ ਸਾਡਾ ਧਿਆਨ ਹੀ ਨਹੀਂ ਗਿਆ। ਪਰ ਮੈਨੂੰ ਆਪਣੇ ਮਾਮੇ ਦੀ ਦਾਰੂ ਪੀ ਕੇ ਆਖੀ ਗੱਲ, ਤੇਰੇ ਪਿਓ ਨੇ ਅੰਤ ਸਮੇਂ ਮੇਰੀ ਭੈਣ ਦੀ ਬਾਤ ਨਹੀਂ ਪੁੱਛੀ, ਅੱਜ ਤੱਕ ਨਹੀਂ ਭੁੱਲੀ।

ਜਦੋਂ ਦੀ ਮੈਂ ਸੁਰਤ ਸੰਭਲੀ, ਮਾਂ ਬੀਮਾਰ ਹੀ ਰਹਿੰਦੀ। ਉਸ ਨੂੰ ਸਾਹ ਦੀ ਕਸਰ ਸੀ। ਘਰ ਦਾ ਕੋਈ ਵੀ ਕੰਮ ਕਰਦਿਆਂ ਉਸ ਦਾ ਸਾਹ ਉਖੜ ਜਾਂਦਾ। ਕਿਸੇ ਮੇਲੇ-ਤਿਉਹਾਰ 'ਤੇ ਘਰ ਦੀ ਲਿਪ-ਲਪਾਈ ਕਰਨ ਪਿੱਛੋਂ ਉਹ ਮੰਜੇ 'ਤੇ ਡਿੱਗ ਪੈਂਦੀ। ਸਾਰਾ ਮਜ਼ਾ ਮਿੱਟੀ 'ਚ ਮਿਲ ਜਾਂਦਾ। ਲੋਕ ਖੁਸ਼ੀ ਮਨਾਉਂਦੇ, ਅਸੀਂ ਓਦਰੇ ਬੈਠੇ ਰਹਿੰਦੇ। ਇਸ ਸੰਕਟ ਤੋਂ ਬਚਣ ਲਈ ਮੈਂ ਇਕ ਦਿਨ ਵੱਡੇ ਭਰਾ ਨੂੰ ਸਲਾਹ ਦਿੱਤੀ, "ਆਪਾਂ ਮੇਲੇ ਤੋਂ ਪੰਦਰਾਂ-ਵੀਹ ਦਿਨ ਪਹਿਲਾਂ ਹੀ ਬੇਬੇ ਨੂੰ ਟੋਭੇ 'ਚੋਂ ਮਿੱਟੀ ਲਿਆ ਦਿਆ ਕਰੀਏ।"

'ਫੇਰ ਕੀ ਹੋਊ? ਉਸ ਨੇ ਖਿੱਝ ਕੇ ਕਿਹਾ।

'ਮੇਲਾ ਆਉਣ ਤੱਕ ਬੀਬੀ ਠੀਕ ਹੋ ਜਿਆ ਕਰੂ।' ਉਸ ਮੇਰੇ ਵੱਲ ਗਹੁ ਨਾਲ ਵੇਖਦਿਆਂ ਮੈਨੂੰ ਆਪਣੇ ਨਾਲ ਘੁੱਟ ਲਿਆ ਸੀ।

ਮੈਨੂੰ ਮਾੜੀ ਜਿਹੀ ਯਾਦ ਹੈ। ਭਾਪਾ ਆਪਣੇ ਕਾਰੋਬਾਰ ਦੇ ਸਿਲਸਿਲੇ 'ਚ ਜਾਂ ਪਤਾ ਨਹੀਂ ਮਜ਼ਦੂਰ-ਕਿਸਾਨਾਂ ਦੀ ਪਾਰਟੀ ਦੇ ਕੰਮਾਂ ਕਾਰਾਂ ਕਰਕੇ ਕਲਕੱਤੇ ਰਹਿੰਦਾ। ਸਾਲ-ਛਿਮਾਹੀ ਘਰ ਆਉਂਦਾ। ਦੋ-ਢਾਈ ਮਹੀਨੇ ਰਹਿੰਦਾ, ਫੇਰ ਚਲੇ ਜਾਂਦਾ। ਉਹਦੇ ਪਿੱਛੋਂ ਬੀਬੀ ਨੇ ਤਾਈ ਦੀ ਰੀਸੇ ਇਕ ਨਿੱਕੀ ਜਿਹੀ ਕੱਟੀ ਖਰੀਦ ਲਈ। ਉਹ ਪੱਠੇ ਲਿਆਉਂਦੀ। ਵਿਚ-ਵਿਚਾਲੇ ਕਦੇ ਦਮ ਜ਼ਿਆਦਾ ਉਖੜ ਜਾਂਦਾ, ਫੇਰ ਠੀਕ ਹੋ ਜਾਂਦੀ। ਭਾਪਾ ਪਿੰਡ ਆਇਆ ਤਾਂ ਕੱਟੀ ਵੇਖ ਉਸ ਨੂੰ ਗੁੱਸਾ ਚੜ੍ਹ ਗਿਆ। ਦੂਜੇ ਦਿਨ ਹੀ ਉਸ ਨੇ ਝੋਟੀ ਬਣੀ ਕੱਟੀ ਨੂੰ ਕਿਸੇ ਨੂੰ ਫੜਾ ਦਿਤਾ। ਬੀਬੀ ਨੂੰ ਝਿੜਕਿਆ, "ਮੈਨੂੰ ਨਹੀਂ ਚੰਗਾ ਲੱਗਦਾ ਕਿ ਤੂੰ ਜੱਟਾਂ ਦੇ ਬੰਨਿਆਂ 'ਤੇ ਘਾਹ ਖੋਤਦੀ ਫਿਰੇਂ।" ਬੀਬੀ ਦੀ ਕਿਸੇ ਵੀ ਦਲੀਲ ਨੇ ਕਾਟ ਨਹੀਂ ਸੀ ਕੀਤੀ। ਉਸ ਪਿੱਛੋਂ ਭਾਪਾ ਇਕ ਵਾਰ ਕਲਕੱਤੇ ਗਿਆ। ਪਤਾ ਨਹੀਂ ਕਾਰੋਬਾਰ 'ਚ ਘਾਟਾ ਪੈ ਗਿਆ, ਖਬਰੇ ਪਾਰਟੀ ਨਾਲੋਂ ਤੋੜ ਵਿਛੋੜਾ ਹੋ ਗਿਆ, ਉਹ ਸਭ ਕੁਝ ਸਮੇਟ ਕੇ ਪਿੰਡ ਆ ਗਿਆ।

ਪਿੰਡ ਆ ਕੇ ਭਾਪੇ ਨੇ ਸਭ ਤੋਂ ਪਹਿਲਾਂ ਕੰਮ ਪਿੰਡ ਦੀ ਫਿਰਨੀ 'ਤੇ ਪੱਕਾ ਮਕਾਨ ਬਣਾਉਣ ਦਾ ਕੀਤਾ। ਫੇਰ ਆਪਣਾ ਪਹਿਲਾ ਕੰਮ ਸ਼ੁਰੂ ਕਰ ਲਿਆ, ਜੋ ਉਹ ਮੇਰੀ ਸੁਰਤ ਤੋਂ ਪਹਿਲਾਂ ਕਰਦਾ ਸੀ। ਘਰ ਦੇ ਬਾਹਰ ਅਹਿਰਨ ਪੁਟ ਕੇ ਖੱਡੀ ਲਾ ਲਈ। ਬੀਬੀ ਚਰਖੇ 'ਤੇ ਨੜੀਆਂ ਵੱਟਦੀ। ਉਹ ਸਾਰਾ ਦਿਨ ਅਹਿਰਨ 'ਚ ਲੱਤਾਂ ਲਮਕਾਈ ਖੱਦਰ ਅਤੇ ਡੱਬੀਦਾਰੀ ਖੇਸੀਆਂ ਬੁਣਦਾ ਰਹਿੰਦਾ। ਪਿੰਡ 'ਚ ਹੋਰ ਵੀ ਕਈ ਘਰ ਇਹ ਕੰਮ ਕਰਦੇ ਸਨ, ਪਰ ਭਾਪੇ ਦੇ ਹੱਥ ਦੀ ਸਫਾਈ ਹੋਣ ਕਰਕੇ ਲਾਗਲੇ ਪਿੰਡਾਂ ਤੋਂ ਤਾਣੀਆਂ ਬੁਣਨ ਲਈ ਆ ਜਾਂਦੀਆਂ। ਕੰਮ ਤਾਂ ਪਿੰਡ 'ਚੋਂ ਹੀ ਨਾ ਮੁੱਕਦਾ, ਫੇਰ ਵੀ ਕਿਸੇ ਨਾ ਕਿਸੇ ਪਿੰਡੋਂ ਆਏ ਸੁਨੇਹੇ 'ਤੇ ਭਾਪਾ ਸੂਤ ਲੈਣ ਤੁਰ ਜਾਂਦਾ। ਕਈ ਵਾਰ ਜ਼ਿੱਦ ਕਰਕੇ ਮੈਂ ਵੀ ਨਾਲ ਜਾਂਦਾ। ਬਰਸਾਤਾਂ ਦੇ ਦਿਨਾਂ 'ਚ ਜਦ ਵੇਈਂ ਪਾਰਲੇ ਪਿੰਡਾਂ 'ਚ ਨਾ ਜਾ ਹੋਣਾ ਤਾਂ ਉਨ੍ਹਾਂ ਚਿੱਠੀਆਂ ਪਾਉਣੀਆਂ। ਧਨਾਲੀਆਂ ਦੀ ਬੁੜੀ ਤਾਂ ਆਖਦੀ, 'ਆਹ ਖੱਦਰ ਭੰਡਾਰ ਵਾਲੀਆਂ ਖੇਸੀਆਂ ਛੇਤੀ ਬੁਣ ਦੇ।' ਭਾਪਾ ਰਾਤੋ-ਰਾਤ ਨੜੇ ਵੱਟਦਾ। ਸਵੇਰੇ ਉਠ ਪੰਜ ਗਜ਼ ਜਾਂ ਸੱਤ ਗਜ਼ ਤਾਣਾ ਤਣਨ ਲਈ ਕਾਨ੍ਹੇ ਗੱਠਦਾ। ਰਾਤ ਦੇ ਬਚੇ ਸੂਤ ਦੇ ਬੀਬੀ ਨੜੇ ਵੱਟਣ ਬੈਠ ਜਾਂਦੀ ਤੇ ਭਾਪਾ ਤੇਜ਼ ਕਦਮੀਂ ਤੁਰਦਿਆਂ ਦੁਪਹਿਰ ਤੱਕ ਤਾਣਾ ਤਣ ਲੈਂਦਾ। ਬਾਅਦ ਦੁਪਹਿਰ ਉਹ ਪਾਣ ਖਿੱਚ ਕੇ ਵਿਹਲਾ ਹੋ ਜਾਂਦਾ। ਦਿਨ ਖੜ੍ਹਾ ਹੁੰਦਾ ਤਾਂ ਉਹ ਛਿੱਲੜ ਲਾਉਣ ਬੈਠ ਜਾਂਦਾ। ਅਗਲੇ ਦਿਨ ਫਿਰ ਚੱਲ ਸੋ ਚੱਲ। ਵੱਡਾ ਭਰਾ ਵੀ ਸ਼ਹਿਰ ਕਾਰਖਾਨੇ ਕੰਮ ਕਰਨ ਲੱਗ ਪਿਆ ਸੀ। ਹੱਥ ਹੋਰ ਸੁਖਾਲਾ ਹੋ ਗਿਆ। ਦਸਵੀਂ 'ਚ ਪੜ੍ਹਦੇ ਉਸ ਤੋਂ ਛੋਟੇ ਭਰਾ ਨੇ ਵੀ ਪੜ੍ਹਨ ਨਾਲੋਂ ਕੰਮ ਕਰਨ ਨੂੰ ਸੌਖਾ ਸਮਝਿਆ। ਭਾਪੇ ਨੇ ਬਹੁਤ ਜ਼ੋਰ ਲਾਇਆ ਸੀ, ਪਰ ਸਕੂਲੋਂ ਪੈਂਦੀ ਕੁੱਟ ਕਰਕੇ ਜਾਂ ਉਸ ਦੇ ਬਾਕੀ ਸਾਥੀਆਂ ਦੇ ਸਕੂਲ ਛੱਡ ਜਾਣ ਕਾਰਨ, ਉਹ ਨਹੀਂ ਸੀ ਮੰਨਿਆ। ਬੀਬੀ ਦੀ ਖੇਚਲ ਘੱਟ ਗਈ ਸੀ ਜਾਂ ਭਾਪੇ ਦਾ ਨਿਰੰਤਰ ਸਾਥ ਮਿਲਣ ਕਾਰਨ ਉਹ ਹੁਣ ਕਦੇ ਕਦੇ ਹੀ ਜ਼ਿਆਦਾ ਬੀਮਾਰ ਹੁੰਦੀ। ਨਹੀਂ ਤਾਂ ਰੂਟੀਨ ਦੀ ਦਵਾਈ ਨਾਲ ਗੱਡੀ ਚੱਲਦੀ ਰਹਿੰਦੀ। ਸਿਆਲਾਂ ਨੂੰ ਪਟਿਆਲੇ ਵਾਲੀ ਸੁਰਜੀਤ ਕੌਰ ਸਾਗ ਤੋੜ ਆਪ ਘਰੇ ਫੜਾ ਜਾਂਦੀ ਜਾਂ ਸੁਨੇਹਾ ਘੱਲ ਦਿੰਦੀ, ਜਾ ਕੇ ਮੈਂ ਲੈ ਆਉਂਦਾ।




ਬਾਲਣ ਲਈ ਪਾਥੀਆਂ ਦੀ ਖੜ੍ਹੀ ਗਹੂੜੀ ਭਾਪਾ ਮੁੱਲ ਲੈ ਲੈਂਦਾ। ਘਰ ਬੈਠੇ ਬਿਠਾਇਆਂ ਬੀਬੀ ਨੂੰ ਸਭ ਕੁਝ ਮਿਲ ਜਾਂਦਾ। ਬੀਬੀ ਦੀ ਸੇਵਾ 'ਚ ਕੀ ਕਮੀ ਰਹਿ ਗਈ?

ਵੱਡੇ ਭਰਾਵਾਂ ਦੇ ਵਿਆਹ ਤੋਂ ਬਾਅਦ ਤਾਂ ਬੀਬੀ ਹੋਰ ਸੁਖਾਲੀ ਹੋ ਗਈ। ਘਰ ਦੇ ਕੰਮ ਦਾ ਬੋਝ ਵੀ ਘਟ ਗਿਆ। ਸਕੂਲੋਂ ਆ ਕੇ ਮੈਂ ਵੀ ਚਰਖੇ 'ਤੇ ਨੜੀਆਂ ਵੱਟ ਦਿੰਦਾ। ਛੁੱਟੀ ਵਾਲੇ ਦਿਨ ਕਦੇ ਤਾਣਾ ਵੀ ਤਣ ਦਿੰਦਾ। ਬੀਬੀ ਹੁਣ ਵਿਹਲਿਆਂ ਵਾਂਗ ਰਹਿੰਦੀ। ਪਰ ਉਮਰ ਦੇ ਵਧਣ ਨਾਲ ਬੀਮਾਰੀ ਵੀ ਕਦੇ ਵਧ ਜਾਂਦੀ। ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪੈਂਦਾ। ਪਰ ਉਨ੍ਹਾਂ ਦੀ ਸੇਵਾ ਤੇ ਇਲਾਜ 'ਚ ਕਦੇ ਕੋਈ ਕਮੀ ਨਾ ਆਉਂਦੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਬੀਬੀ ਦੀ ਪੇਕੇ ਗਿਆਂ ਮੌਤ ਹੋ ਗਈ ਸੀ। ਸਭ ਤੋਂ ਛੋਟੀ ਮਾਸੀ ਦਾ ਮੁਕਲਾਵਾ ਸੀ। ਵਿਆਹ ਤਾਂ ਛੋਟੀ ਉਮਰੇ ਹੀ ਹੋ ਗਿਆ ਸੀ, ਪਰ ਮੁਕਲਾਵਾ ਨਹੀਂ ਸੀ ਤੋਰਿਆ। ਨਾਨੇ ਦੇ ਸੁਨੇਹੇ 'ਤੇ ਬੀਬੀ ਪੰਦਰਾਂ ਦਿਨ ਪਹਿਲਾਂ ਹੀ ਚਲੀ ਗਈ ਸੀ ਤੇ ਪਿੱਛੋਂ ਵੀ ਮਹੀਨਾ ਕੁ ਉਥੇ ਰਹੀ ਸੀ। ਸਾਰਿਆਂ ਨੇ ਜ਼ੋਰ ਪਾਇਆ ਸੀ ਕਿ ਹੁਣ ਨੂੰਹਾਂ ਘਰ ਸੰਭਾਲਣ ਨੂੰ ਹੈਗੀਆਂ, ਚਾਰ ਦਿਨ ਇਥੇ ਹੋਰ ਰਹਿ ਜਾ। ਇਸ ਇਕ ਮਹੀਨੇ 'ਚ ਦੋਵੇਂ ਭਰਾ ਭਰਜਾਈਆਂ ਵਾਰੋ ਵਾਰੀ ਹਫਤੇ ਬਾਅਦ ਦੇਖਣ ਜਾਂਦੇ ਰਹੇ। ਇਕ ਵਾਰ ਭਾਪਾ ਵੀ ਬੀਬੀ ਨੂੰ ਮਿਲਣ ਗਿਆ। ਰੁਟੀਨ 'ਚ ਚੱਲਦੀ ਦਵਾਈ ਕੈਮਿਸਟ ਵਲੋਂ ਬਦਲ ਕੇ ਦੇ ਦਿੱਤੀ ਗਈ, ਜੋ ਠੀਕ ਨਾ ਬੈਠੀ। ਦਮ ਜ਼ਿਆਦਾ ਉਲਟ ਗਿਆ। ਬਸ ਦੋ ਚਾਰ ਦਿਨਾਂ 'ਚ ਉਹ ਚੱਲਦੀ ਬਣੀ। ਬੀਬੀ ਦੇ ਪੇਕੇ ਘਰ ਹੋਈ ਮੌਤ ਨੇ ਬਾਪੂ ਤੇ ਭਰਾ-ਭਰਜਾਈਆਂ ਦੀ ਉਮਰ ਭਰ ਕੀਤੀ ਸੇਵਾ-ਸੰਭਾਲ 'ਤੇ ਪਾਣੀ ਫੇਰ ਦਿੱਤਾ। ਬਸ ਆਪਣੀ ਉਮਰ ਦੇ ਆਖਰੀ ਕੁਝ ਦਿਨ ਪੇਕੇ ਕੱਟਣ ਤੇ ਉਥੇ ਹੀ ਗੁਜਰ ਜਾਣ ਨੇ ਮਾਮੇ ਨੂੰ ਇਹ ਕਹਿਣ ਦਾ ਮੌਕਾ ਦੇ ਦਿੱਤਾ। ਇਹ ਗੱਲ ਭਾਵੇਂ ਮਾਮੇ ਨੇ ਮੈਨੂੰ ਇਕੱਲੇ ਨੂੰ ਆਖੀ ਸੀ ਤੇ ਮੈਂ ਕਦੇ ਇਸ ਦਾ ਜ਼ਿਕਰ ਭਾਪੇ ਕੋਲ ਤਾਂ ਕੀ ਕਿਸੇ ਹੋਰ ਕੋਲ ਵੀ ਨਹੀਂ ਸੀ ਕੀਤਾ। ਮੈਨੂੰ ਪਤਾ ਨਹੀਂ ਕਿਉਂ ਇਹ ਲੱਗਦਾ ਭਾਪੇ ਦੇ ਮਨ 'ਤੇ ਅਜਿਹੀ ਕਿਸੇ ਗੱਲ ਦਾ ਬੋਝ ਜ਼ਰੂਰ ਹੈ, ਜੋ ਉਸ ਨੂੰ ਹੋ ਸਕਦਾ, ਕਿਸੇ ਹੋਰ ਨੇ ਕਹੀ ਹੋਵੇ। ਆਪਣੇ ਵਿਆਹ ਨਾ ਕਰਾਉਣ ਦਾ ਫੈਸਲਾ ਵੀ ਮੈਂ ਬਾਪੂ ਦੀ ਇਸ ਜ਼ਿਆਦਾ ਸੋਚਣ ਦੀ ਆਦਤ ਕਾਰਨ ਬਦਲਿਆ ਸੀ। ਮੇਰੇ ਸੱਤਵੀਂ 'ਚ ਪੜ੍ਹਦਿਆਂ ਹੀ ਬੀਬੀ ਦੀ ਮੌਤ ਹੋ ਗਈ ਸੀ। ਮੈਥੋਂ ਛੋਟਾ ਅਜੇ ਤੀਜੀ 'ਚ ਪੜ੍ਹਦਾ ਸੀ। ਹੱਥ ਖੱਡੀ ਦਾ ਕੰਮ ਚੰਗਾ ਭਲਾ ਚੱਲਦਾ ਸੀ। ਪਰ ਭਾਪੇ ਨੂੰ ਪਤਾ ਨਹੀਂ ਕੀ ਸੁਝੀ, ਉਸ ਬੀਬੀ ਦੇ ਗੁਜ਼ਰਨ ਪਿੱਛੋਂ ਦੋ ਸਾਲ ਬਾਅਦ ਮੁੜ ਕਲਕੱਤੇ ਜਾ ਕੇ ਪਹਿਲਾਂ ਵਾਲਾ ਕਾਰੋਬਾਰ ਸ਼ੁਰੂ ਕਰਨ ਦਾ ਫੈਸਲਾ ਕਰ ਲਿਆ। ਮੇਰੇ ਕਾਲਜ ਛੱਡਣ ਪਿੱਛੋਂ ਭਾਪਾ ਪਹਿਲੀ ਵਾਰ ਘਰ ਆਇਆ ਸੀ। ਆਇਆ ਨਹੀਂ ਸਗੋਂ ਆਪ ਬੁਲਾਇਆ ਸੀ ਤਾਏ ਦੇ ਮੁੰਡੇ ਦੇ ਵਿਆਹ 'ਤੇ। ਵਿਆਹ ਪਿੱਛੋਂ ਰਿਸ਼ਤੇਦਾਰ ਅਜੇ ਵਾਪਸ ਮੁੜੇ ਹੀ ਸਨ ਕਿ ਛੋਟੀ ਭੂਆ ਮੇਰੇ ਲਈ ਰਿਸ਼ਤਾ ਲੈ ਆਈ। ਅਖੇ, ਹੁਣ ਤੂੰ ਆਇਐਂ ਨਾਲ ਲੱਗਦਾ ਏਹ ਵੀ ਕੰਮ ਨਬੇੜ ਜਾ। ਭਾਪੇ ਦੇ ਇਸ ਲੱਗੇ ਹੱਥ ਕੰਮ ਨਿਬੇੜਨ ਦੇ ਫੈਸਲੇ ਨਾਲ ਮੈਨੂੰ ਝਟਕਾ ਲੱਗਾ ਸੀ। ਇਹ ਸਭ ਵੀ ਨਾ ਹੁੰਦਾ, ਜੇ ਮੈਂ ਕਿਸੇ ਕੰਮ ਧੰਦੇ ਸਿਰ ਹੁੰਦਾ। ਦੂਜਾ ਆਪਣੀ ਜਮਾਤਣ ਕੁਲਦੀਪ ਨਾਲੋਂ ਟੁੱਟੇ ਸਬੰਧਾਂ ਕਾਰਨ ਮੈਂ ਉਖੜਿਆ ਪਿਆ ਸਾਂ, ਜਿਸ ਦਾ ਘਰ ਦੇ ਕਿਸੇ ਜੀਅ ਨੂੰ ਇਲਮ ਨਹੀਂ ਸੀ। ਇਸ ਬੇਚੈਨੀ ਜਿਹੀ 'ਚ ਮੈਂ ਵਿਆਹ ਨਾ ਕਰਾਉਣ ਦਾ ਫੈਸਲਾ ਸੁਣਾ ਦਿੱਤਾ। ਬਹੁਤਾ ਜ਼ੋਰ ਪਾਉਣ ਲੱਗੇ, ਤਾਂ ਮੈਂ ਘਰੋਂ ਭੱਜ ਜਾਣ ਦੀ ਧਮਕੀ ਦੇ ਦਿੱਤੀ। ਸੁਣ ਕੇ ਸਾਰੇ ਚੁੱਪ ਕਰ ਗਏ ਸਨ। ਦੋ ਕੁ ਸਾਲ ਬਾਅਦ ਭਾਪੇ ਨੇ ਮੈਥੋਂ ਛੋਟੇ ਲਈ ਆਇਆ ਰਿਸ਼ਤਾ ਚੜ੍ਹਾ ਕੇ ਵਿਆਹ ਕਰ ਦਿੱਤਾ ਸੀ। ਘਰ ਦੇ ਸਾਰੇ ਖੁਸ਼ ਸਨ, ਪਰ ਭਾਪਾ ਨਹੀਂ।

ਦੋ ਚਾਰ ਸਾਲ ਟੱਕਰਾਂ ਮਾਰਨ ਪਿੱਛੋਂ ਜਦੋਂ ਮੈਨੂੰ ਕੋਈ ਜਚਦੀ ਸਰਕਾਰੀ ਨੌਕਰੀ ਨਾ ਮਿਲੀ, ਤਾਂ ਮੈਂ ਇਕ ਪ੍ਰਾਈਵੇਟ ਕੰਪਨੀ 'ਚ ਨੌਕਰੀ ਕਰ ਲਈ। ਘਰ ਦੇ ਖੁਸ਼ ਸਨ ਕਿ ਚਲੋ ਕਿਸੇ ਪਾਸੇ ਤਾਂ ਲੱਗਾ। ਭਾਪਾ ਹੁਣ ਸਾਲ ਬਾਅਦ ਘਰ ਗੇੜਾ ਮਾਰਨ ਲੱਗਾ। ਰਾਤ ਨੂੰ ਉਹ ਮੇਰੇ ਕੋਲ ਹੀ ਪੈਂਦਾ। ਮੰਜੇ 'ਤੇ ਪਿਆ ਰਾਤ ਨੂੰ ਉਹ ਛੱਤ ਨੂੰ ਘੂਰਦਾ ਰਹਿੰਦਾ। ਨੀਂਦ ਨਾ ਆਉਂਦੀ, ਤਾਂ ਹੁੱਕਾ ਪੀਣ ਬੈਠ ਜਾਂਦਾ। ਚਿਲਮ ਬੁਝੀ ਹੁੰਦੀ ਤਾਂ ਸਿਗਰਟ ਲਾ ਲੈਂਦਾ। ਮੈਂ ਰਜਾਈ 'ਚ ਬੈਠਾ ਚੁੱਪ-ਚਾਪ ਕੋਈ ਨਾ ਕੋਈ ਨਾਵਲ ਪੜ੍ਹਦਾ ਰਹਿੰਦਾ। ਭਾਪਾ ਸਮਝਦਾ ਸ਼ਾਇਦ ਮੈਂ ਨੌਕਰੀ ਲਈ ਪੇਪਰਾਂ ਦੀ ਤਿਆਰੀ ਕਰਦਾਂ। ਉਹ ਕਲਕੱਤੇ ਜਾਣ ਲੱਗਾ ਭਰਾਵਾਂ ਨੂੰ ਮੇਰਾ ਖਿਆਲ ਰੱਖਣ ਦੀ ਤਾਗੀਦ ਕਰਦਾ। ਤਿੰਨ ਚਾਰ ਸਾਲ ਇਹ ਸਿਲਸਿਲਾ ਏਦਾਂ ਹੀ ਚੱਲਦਾ ਰਿਹਾ। ਭਾਪਾ ਜਿੰਨਾ ਚਿਰ ਰਹਿੰਦਾ, ਰਾਤ ਨੂੰ ਦਾਰੂ ਪੀ ਕੇ ਸੌਂਦਾ, ਜਿੰਨੀ ਦੇਰ ਨਸ਼ਾ ਰਹਿੰਦਾ, ਸੁੱਤਾ ਰਹਿੰਦਾ।

ਤੋੜ ਲੱਗਦਿਆਂ ਉਹ ਸੋਚਣ ਬੈਠ ਜਾਂਦਾ। ਮੈਨੂੰ ਲੱਗਣ ਲੱਗ ਪਿਆ ਸੀ ਕਿ ਭਾਪੇ ਨੂੰ ਮੇਰੇ ਵਿਆਹ ਨਾ ਕਰਾਉਣ ਦੀ ਚਿੰਤਾ ਅੰਦਰੋਂ-ਅੰਦਰੀ ਖਾਈ ਜਾ ਰਹੀ ਹੈ। ਸਾਰੇ ਪਾਸੇ ਦੇਖ ਵਿਚਾਰ ਕੇ ਮੈਂ ਇਕ ਦਿਨ ਅਚਾਨਕ ਵਿਆਹ ਕਰਾਉਣ ਦਾ ਫੈਸਲਾ ਸੁਣਾ ਦਿੱਤਾ। ਵੈਸੇ ਵਿਆਹ ਕਰਾਉਣ ਲਈ ਭਾਪੇ ਦਾ ਤਾਂ ਐਵੇਂ ਬਹਾਨਾ ਹੀ ਸੀ। ਮੈਂ ਆਪਣੀ ਇਕੱਲ ਖੋਰੀ ਜ਼ਿੰਦਗੀ ਤੋਂ ਅੱਕ ਗਿਆ ਸੀ। ਭਾਪੇ ਨੂੰ ਘਰੋਂ ਗਈ ਚਿੱਠੀ ਮਿਲੀ, ਉਹ ਸਾਲ ਬਾਅਦ ਆਉਣ ਦੀ ਬਜਾਏ ਮਹੀਨੇ ਪਿੱਛੋਂ ਪਿੰਡ ਆ ਗਿਆ। ਵਿਆਹ ਦਾ ਕੰਮ ਨਿਬੇੜ ਉਹ ਛੇਤੀ ਵਾਪਸ ਮੁੜ ਗਿਆ। ਡੇਢ ਕੁ ਸਾਲ ਬਾਅਦ ਪੋਤਾ ਹੋਣ ਦੀ ਖਬਰ ਸੁਣ ਕੇ ਪੱਕੇ ਤੌਰ 'ਤੇ ਬੋਰੀ ਬਿਸਤਰਾ ਬੰਨ੍ਹ ਕੇ ਘਰ ਆ ਵੜਿਆ। ਦਿਨ ਨੂੰ ਪੋਤੇ-ਪੋਤੀਆਂ ਨਾਲ ਖੇਡਦਾ। ਉਧਰੋਂ ਵਿਹਲਾ ਹੁੰਦਾ ਤਾਂ ਥੜ੍ਹੇ 'ਤੇ ਤਾਸ਼ ਖੇਡਣ ਜਾ ਬੈਠਦਾ। ਚਿੱਤ ਕਰਦਾ, ਵੱਡੇ ਭਰਾ ਦੀ ਰੱਖੀ ਮੱਝ ਨੂੰ ਪਾਣੀ ਦਿਖਾ ਕੇ ਪੱਠੇ ਪਾ ਦਿੰਦਾ। ਸ਼ਾਮ ਹੁੰਦਿਆਂ ਹੀ ਦੋ ਕੁ ਹਾੜੇ ਲਾ ਕੇ ਉਹ ਬੱਚਿਆਂ ਨਾਲ ਬੈਠ ਕੇ ਛੇੜਖਾਨੀ ਕਰਦਾ। ਇਕ ਨੂੰ ਪੈਸੇ ਦੇ ਕੇ ਦੂਜੇ ਨੂੰ ਰੁਸਾ ਦੇਣਾ, ਫਿਰ ਮਨਾਉਣਾ ਉਸ ਦਾ ਰੁਝੇਵਾਂ ਬਣ ਗਿਆ। ਜਦ ਸਾਰੇ ਆਪੋ ਆਪਣੇ ਕੰਮਾਂ ਕਾਰਾਂ ਤੋਂ ਘਰ ਆ ਜਾਂਦੇ, ਉਹ ਆਪਣੇ ਕਮਰੇ 'ਚ ਜਾ ਵੜਦਾ। ਭਾਪੇ ਦੀ ਹੁਣ ਕਈ ਵਾਰ ਦਿਨੇ ਪੀਤੀ ਹੋਣ ਕਾਰਨ ਮੈਨੂੰ ਆਪਣੇ ਕਮਰੇ 'ਚ ਪਿਆਂ ਵੀ ਪਤਾ ਨਹੀਂ ਕਿਉਂ ਲਗਦਾ ਰਹਿੰਦਾ ਕਿ ਉਹ ਬੈਠਾ ਕੁਝ ਨਾ ਕੁਝ ਸੋਚ ਰਿਹਾ ਹੈ। ਕੋਈ ਚਿੰਤਾ ਉਸ ਨੂੰ ਅੰਦਰੋਂ ਅੰਦਰੀ ਸਤਾ ਰਹੀ ਹੈ। ਇਨ੍ਹਾਂ ਪਲਾਂ 'ਚ ਮੈਨੂੰ ਲੱਗਦਾ ਬੇਬੇ ਭਾਵੇਂ ਬੀਮਾਰ ਹੀ ਰਹਿੰਦੀ, ਪਰ ਮਰਦੀ ਨਾ।

ਭਾਪੇ ਦੀ ਇੱਛਾ ਸੀ ਕਿ ਮੈਂ ਥਾਣੇਦਾਰ ਬਣਾਂ। ਉਹ ਪੂਰੀ ਨਾ ਹੋ ਸਕੀ। ਪਰ ਹੁਣ ਮੇਰੀ ਮਾੜੀ ਨੌਕਰੀ ਕਾਰਨ ਉਹ ਹੋਰ ਵੀ ਪ੍ਰੇਸ਼ਾਨ ਰਹਿਣ ਲੱਗਾ। ਰਾਤ ਨੂੰ ਮੈਂ ਦਫਤਰੋਂ ਥੱਕਾ ਟੁੱਟਾ ਆ ਕੇ ਜਦੋਂ ਟਿਊਸ਼ਨ ਪੜ੍ਹਾਉਣ ਜਾਣ ਲਈ ਸਾਈਕਲ ਚੁੱਕਦਾ ਤਾਂ ਉਸ ਦੀ ਪੀਤੀ ਸਾਰੀ ਉਤਰ ਜਾਂਦੀ ਹੈ। ਤੰਗੀ ਦੇ ਦਿਨਾਂ 'ਚ ਵੀ ਮੈਂ ਭਾਵੇਂ ਉਨ੍ਹਾਂ ਤੋਂ ਕਦੇ ਪੈਸਾ ਨਹੀਂ ਮੰਗਿਆ, ਪਰ ਪਤਾ ਨਹੀਂ ਉਨ੍ਹਾਂ ਨੂੰ ਕਿਵੇਂ ਇਲਮ ਹੋ ਜਾਂਦਾ ਕਿ ਮੇਰਾ ਹੱਥ ਤੰਗ ਹੈ। ਦੋ ਮਹੀਨੇ ਹੋਏ ਦਫਤਰੋਂ ਤਨਖਾਹ ਨਹੀਂ ਮਿਲੀ, ਉਪਰੋਂ ਰਿਸ਼ਤੇਦਾਰੀ 'ਚ ਉਪਰੋ-ਥਲੀ ਆਏ ਤਿੰਨ ਚਾਰ ਵਿਆਹਾਂ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ। ਵਿਆਹ ਤੋਂ ਵਾਪਸ ਆ ਕੇ ਪਤਨੀ ਸਿਰ ਦਰਦ ਲੈ ਕੇ ਬੈਠ ਗਈ। ਮੇਰਾ ਵੀ ਟਿਊਸ਼ਨ ਪੜ੍ਹਾਉਣ ਜਾਣ ਨੂੰ ਮਨ ਨਹੀਂ ਸੀ ਕਰ ਰਿਹਾ। ਭਾਪੇ ਨੇ ਪੁੱਛਿਆ ਤਾਂ ਮੈਂ ਥੱਕੇ ਹੋਣ ਦਾ ਬਹਾਨਾ ਕੀਤਾ। ਉਹ ਆਪਣੀ ਜੀਵਨ ਕਥਾ ਛੇੜ ਬੈਠਾ, "ਮੈਂ ਤੇਰਾਂ ਸਾਲ ਦਾ ਸੀ, ਜਦੋਂ ਖੱਡੀ ਦਾ ਕੰਮ ਕਰਨ ਲੱਗ ਪਿਆ, ਸਾਰਾ ਦਿਨ ਕੰਮ ਕਰਦਾ। ਲੱਤਾਂ 'ਚ ਖੂਨ ਉਤਰ ਆਉਂਦਾ। ਇਕ ਦਿਨ ਮੈਂ 9 ਗਜ਼ ਖੱਦਰ ਬੁਣਿਆ। ਮੰਜੇ 'ਤੇ ਪਿਆ ਬਾਪੂ ਕਹਿੰਦਾ, 'ਅੱਜ ਮੁੰਡੇ ਨੂੰ ਫਲਾਹੀ ਦੇ ਪੱਤੇ 'ਤੇ ਘਿਉ ਪਾ ਕੇ ਦੇਣਾ।' ਬਸ ਉਦੋਂ ਤੋਂ ਮੈਂ ਮੁੜ ਕੇ ਪਿਛੇ ਨਹੀਂ ਦੇਖਿਆ। ਕਿੱਡੀ ਕਬੀਲਦਾਰੀ ਨਜਿੱਠੀ। ਪਰ ਮੈਂ ਕਦੇ ਨਹੀਂ ਥੱਕਿਆ। ਪਤਾ ਨਹੀਂ ਤੁਸੀਂ ਕੰਜਰੋ ਏਨੇ ਸੋਹਲ ਕਿਉਂ ਓ?"

ਭਾਪਾ ਉਠ ਕੇ ਚਲਾ ਗਿਆ। ਮੈਨੂੰ ਲੱਗਾ ਉਸ ਨੇ ਜ਼ਿੰਦਗੀ ਦੀ ਤੋਰ ਦੁਆਲੇ ਲਪੇਟੇ ਤੰਗੀਆਂ ਦੇ ਖੱਦਰ ਦੀ ਅਜੇ ਇਕ ਤਹਿ ਲਾਹ ਕੇ ਦਿਖਾਈ ਹੈ। ਇਸ ਦੇ ਹੇਠ ਹੋਰ ਪਤਾ ਨਹੀਂ ਕੀ ਕੀ ਹੋਵੇ? ਮੈਂ ਜੱਕੋ-ਤੱਕੀ ਕਰਦੇ ਨੇ ਸਾਈਕਲ ਚੁੱਕਿਆ ਤੇ ਟਿਊਸ਼ਨ ਪੜ੍ਹਾਉਣ ਤੁਰ ਪਿਆ।

ਭਾਪੇ ਨੇ ਲੋੜੋਂ ਵੱਧ ਪੀਤੀ ਹੋਈ ਸੀ। ਉਹ ਬੱਚਿਆਂ ਨਾਲ ਖੇਡਣਾ ਚਾਹੁੰਦਾ ਸੀ ਪਰ ਉਹ ਆਪਣਾ ਹੋਮ ਵਰਕ ਕਰਨ 'ਚ ਰੁੱਝੇ ਹੋਏ ਸਨ। ਕੋਈ ਉਸ ਦੀ ਗੱਲ ਨਹੀਂ ਸੀ ਗੌਲਦਾ। ਬਾਪੂ ਨੇ ਜਬਰਦਸਤੀ ਬੇਟੀ ਨੂੰ ਖਿੱਚ ਕੇ ਨੇੜੇ ਕੀਤਾ। ਪਰ ਹੱਥ ਹਿਲ ਜਾਣ ਕਰਕੇ ਕਾਪੀ 'ਤੇ ਖਿੱਚੀ ਗਈ ਲਕੀਰ ਕਾਰਨ ਉਹ ਰੋਣ ਲੱਗ ਪਈ। ਭਾਪੇ ਦਾ ਮੂਡ ਹੋਰ ਖਰਾਬ ਹੋ ਗਿਆ। ਪਹਿਲਾਂ ਹੀ ਪਤਾ ਨਹੀਂ ਕਿਸ ਗੱਲੋਂ ਖਰਾਬ ਸੀ। ਉਹ ਜਾਣ ਲਈ ਉਠਦਾ ਡਿਗਦਾ ਡਿਗਦਾ ਮਸੀਂ ਬਚਿਆ। ਰੋਕਦਿਆਂ ਰੋਕਦਿਆਂ ਉਹ ਉਠ ਕੇ ਆਪਣੇ ਕਮਰੇ ਵਲ ਚਲਾ ਗਿਆ। ਮੈਂ ਪਿੱਛੇ ਗਿਆ। ਭਾਪੇ ਨੂੰ ਦੇਖ ਕੇ ਭਰਜਾਈ ਦੇ ਮੱਥੇ 'ਤੇ ਤਿਊੜੀ ਉਭਰੀ ਪਰ ਮੈਨੂੰ ਵੇਖ ਕੇ ਜਲਦੀ ਉਸ ਨੇ ਚਿਹਰੇ ਦਾ ਤਣਾਓ ਅਲੋਪ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਭਾਪੇ ਨੂੰ ਮੰਜੇ 'ਤੇ ਪਾ ਕੇ ਨੇੜੇ ਬੈਠ ਗਿਆ।

ਅੱਜ ਮੈਨੂੰ ਬੀਬੀ ਬਹੁਤ ਯਾਦ ਆਈ। ਨਾਲ ਹੀ ਮਾਮੇ ਦੀ ਆਖੀ ਗੱਲ। ਬੀਤੀ ਜ਼ਿੰਦਗੀ ਦੀ ਰੀਲ੍ਹ ਮੁੜ ਘੁੰਮਣ ਲੱਗੀ। ਭਾਪਾ ਕਿਤੇ ਕਸੂਰਵਾਰ ਨਜ਼ਰ ਨਹੀਂ ਆਉਂਦਾ। ਹਾਂ ਇਕ ਗੱਲ 'ਤੇ ਮੈਨੂੰ ਲੱਗਦਾ ਭਾਪੇ ਨੇ ਬੀਬੀ ਨਾਲ ਧੱਕਾ ਕੀਤਾ। ਉਸ ਨੇ ਵਿਆਹ ਸ਼ਾਦੀ 'ਤੇ ਬੀਬੀ ਦੇ ਨੱਚਣ-ਗਾਉਣ ਦੀ ਰੀਝ ਕਦੇ ਪੂਰੀ ਨਾ ਹੋਣ ਦਿੱਤੀ, ਇਹ ਉਸ ਦਾ ਆਪਣਾ ਫੈਸਲਾ ਸੀ ਜਾਂ ਕਿਸੇ ਪਿੱਛੇ ਲੱਗ ਕੇ ਉਹ ਇੰਜ ਕਰਦਾ, ਉਹ ਹੀ ਜਾਣਦਾ ਸੀ। ਹੋ ਸਕਦਾ ਅਜਿਹੀ ਕੋਈ ਗੱਲ ਬੀਬੀ ਨੇ ਮਾਮੇ ਨੂੰ ਦੱਸੀ ਹੋਵੇ ਜਾਂ ਮਾਮੇ ਨੂੰ ਭਾਪੇ ਦੀ ਕਿਸੇ ਗੱਲ ਦੀ ਭਿਣਕ ਹੋਵੇ, ਜਿਸ ਦਾ ਮੈਨੂੰ ਨਾ ਪਤਾ ਹੋਵੇ। ਮਾਂ-ਪਿਉ ਦਾ ਰਿਸ਼ਤਾ ਵੀ ਇਹੋ ਜਿਹਾ ਹੁੰਦਾ ਹੈ, ਜਿਸ 'ਤੇ ਬਹੁਤੀ ਸ਼ੱਕ ਨਹੀਂ ਕਰ ਹੁੰਦੀ ਤੇ ਕਈ ਵਾਰ ਸੱਚੀ ਗੱਲ ਵੀ ਮਨ ਨੂੰ ਨਹੀਂ ਲੱਗਦੀ। ਪਤਾ ਨਹੀਂ ਕਦੋਂ ਸੋਚਾਂ 'ਚ ਡੁੱਬੇ ਦੇ ਮੇਰੇ ਮੂੰਹੋਂ ਕੁਝ ਬੋਲਿਆ ਗਿਆ ਤੇ ਹੱਥ ਨੇ ਕੋਈ ਹਰਕਤ ਕੀਤੀ।

"ਡੈਡੀ ਤੁਸੀਂ ਕੀ ਭਾਪੇ ਆਂਗੂੰ ਐਦਾਂ-ਐਦਾਂ ਕਰੀ ਜਾਂਦੇ ਓ।" ਮੇਰੇ ਪਿੱਛੇ ਪਿੱਛੇ ਭਾਪੇ ਦੇ ਕਮਰੇ 'ਚ ਆਏ ਆਪਣੇ ਬੇਟੇ ਦੇ ਬੋਲਾਂ ਨਾਲ ਮੈਂ ਤ੍ਰਭਕਿਆ। ਉਸ ਹੱਥ ਨਾਲ ਐਕਟਿੰਗ ਕਰਕੇ ਦਿਖਾਈ। ਉਸ ਵੱਲ ਵੇਖ ਮੇਰਾ ਹਾਸਾ ਨਿਕਲ ਗਿਆ, ਪਰ ਇਹ ਹਾਸਾ ਬਹੁਤੀ ਦੇਰ ਨਹੀਂ ਟਿਕ ਸਕਿਆ।

## ਲਤੀਫੇ

### 'ਥੈਂਕ ਯੂ'

ਅਰਬ ਦੇਸ਼ ਦਾ ਇਕ ਬਹੁਤ ਅਮੀਰ ਸ਼ੇਖ ਦਿੱਲੀ ਇਲਾਜ ਲਈ ਆਇਆ। ਅਪਰੇਸ਼ਨ ਕਰਨ ਤੋਂ ਪਹਿਲਾਂ ਡਾਕਟਰਾਂ ਨੇ ਉਸ ਦਾ ਖੂਨ ਚੈਕ ਕੀਤਾ। ਉਸ ਦੇ ਖੂਨ ਨਾਲ ਦਾ ਖੂਨ ਹਸਪਤਾਲ ਵਿਚ ਨਹੀਂ ਸੀ। ਕੁਝ ਦਿਨ ਪਹਿਲਾਂ ਬਾਣੀਆਂ ਦਾ ਇਕ ਮੁੰਡਾ ਇਸੇ ਹਸਪਤਾਲ ਆਇਆ ਸੀ ਜਿਸ ਦਾ ਖੂਨ ਇਸੇ ਗਰੁਪ ਦਾ ਸੀ।

ਡਾਕਟਰਾਂ ਨੇ ਸ਼ੇਖ ਦੇ ਨਾਲ ਆਏ ਉਸ ਦੇ ਪੁੱਤਰ ਨੂੰ ਬਾਣੀਆਂ ਦੇ ਉਸ ਮੁੰਡੇ ਦਾ ਪਤਾ ਦਿੱਤਾ ਕਿ ਤੁਸੀਂ ਇਸ ਬੰਦੇ ਨੂੰ ਮਨਾ ਕੇ ਲਿਆਓ। ਬਾਣੀਆਂ ਦੇ ਮੁੰਡੇ ਨੇ ਆਪਣਾ ਖੂਨ ਦੇ ਦਿੱਤਾ। ਸ਼ੇਖ ਦਾ ਅਪਰੇਸ਼ਨ ਸਫਲ ਰਿਹਾ। ਆਪਣੇ ਦੇਸ਼ ਜਾਣ ਤੋਂ ਪਹਿਲਾਂ ਉਸ ਨੇ ਬਾਣੀਆਂ ਦੇ ਮੁੰਡੇ ਨੂੰ ਬੁਲਾ ਕੇ ਉਸ ਦਾ ਧੰਨਵਾਦ ਕਰਦਿਆਂ ਇਕ ਲੱਖ ਰੁਪਏ ਇਨਾਮ ਵਜੋਂ ਦਿੱਤੇ।

ਸਾਲ ਕੁ ਬਾਅਦ ਉਹ ਸ਼ੇਖ ਫਿਰ ਕਿਸੇ ਅਪਰੇਸ਼ਨ ਲਈ ਉਸੇ ਹਸਪਤਾਲ ਆਇਆ ਤੇ ਫਿਰ ਉਸੇ ਬਾਣੀਆਂ ਦੇ ਮੁੰਡੇ ਨੂੰ ਬੁਲਾ ਕੇ ਉਸ ਦਾ ਖੂਨ ਲਿਆ।

ਬਾਣੀਆਂ ਦਾ ਮੁੰਡਾ ਬੜਾ ਖੁਸ਼ ਸੀ ਕਿ ਇਸ ਵਾਰ ਤਾਂ ਸ਼ੇਖ ਦਾ ਵੱਡਾ ਅਪਰੇਸ਼ਨ ਹੋਇਆ ਹੈ ਤੇ ਮੈਨੂੰ ਇਨਾਮ ਵੀ ਵੱਡਾ ਮਿਲੇਗਾ। ਠੀਕ-ਠਾਕ ਹੋ ਕੇ ਸ਼ੇਖ ਆਪਣੇ ਦੇਸ਼ ਜਾਣ ਲੱਗਾ ਤਾਂ ਬਾਣੀਆਂ ਦੇ ਮੁੰਡੇ ਨੂੰ ਬੁਲਾਇਆ। ਸ਼ੇਖ ਨੇ ਮੁੰਡੇ ਨੂੰ ਸੌ ਰੁਪਏ ਦਾ ਨੋਟ ਫੜਾ ਕੇ 'ਥੈਂਕ ਯੂ' ਕਿਹਾ।

ਬਾਣੀਆਂ ਦਾ ਮੁੰਡਾ ਬੋਲਿਆ, "ਇਹ ਕੀ? ਪਿਛਲੀ ਵਾਰ ਇੱਕ ਲੱਖ ਅਤੇ ਇਸ ਵਾਰ ਇਹ ਇਕ ਸੌ...?"

ਸ਼ੇਖ ਬੋਲਿਆ, "ਕੀ ਦੱਸਾਂ, ਜਦੋਂ ਦਾ ਤੇਰਾ ਖੂਨ ਚੜ੍ਹਿਆ ਏ, ਮੇਰਾ ਸੁਭਾਅ ਬੜਾ ਕੰਜੂਸ ਹੋ ਗਿਆ ਏ।"

-ਵਾਸਦੇਵ ਸਿੰਘ ਪਰਹਾਰ
ਫੋਨ: 206-434-1955

# ਮੇਰਾ ਵਿਆਹ

***ਅਦਬ ਦੀ ਦੁਨੀਆ ਅੰਦਰ ਉਰਦੂ ਦੇ ਅਫ਼ਸਾਨਾ ਨਿਗਾਰ ਸਾਅਦਤ ਹਸਨ ਮੰਟੋ (11 ਮਈ 1912-18 ਜਨਵਰੀ 1955) ਦਾ ਕੋਈ ਜਵਾਬ ਨਹੀਂ। ਉਹਦੀਆਂ ਰਚਨਾਵਾਂ ਵਿਚ ਜ਼ਿੰਦਗੀ ਧੜਕਦੀ ਹੈ ਅਤੇ ਵਕਤ ਉਸਲਵੱਟੇ ਲੈਂਦਾ ਮਹਿਸੂਸ ਹੁੰਦਾ ਹੈ। ਇਸੇ ਕਰ ਕੇ ਇਹ ਰਚਨਾਵਾਂ ਅੱਜ ਵੀ ਜ਼ਿਹਨ ਵਿਚ ਖੌਰੂ ਪਾ ਜਾਂਦੀਆਂ ਹਨ। ਉਸ ਦੀ ਜ਼ਿੰਦਗੀ ਹਾਦਸਿਆਂ ਦਾ ਸਫਰ ਸੀ ਅਤੇ ਉਸ ਦੀ ਜ਼ਿੰਦਗੀ ਦਾ ਇਹ ਤਰਾਨਾ ਵੀ ਕੋਈ ਘੱਟ ਦਿਲਚਸਪ ਨਹੀਂ। ਇਥੇ ਅਸੀਂ ਆਪਣੇ ਪਾਠਕਾਂ ਲਈ ਉਸ ਦੀ ਇਕ ਖਾਸ ਰਚਨਾ 'ਮੇਰਾ ਵਿਆਹ' ਛਾਪ ਰਹੇ ਹਾਂ। ਰਤਾ ਕੁ ਸੰਖੇਪ ਕੀਤੀ ਇਸ ਰਚਨਾ ਵਿਚ ਸਾਦਗੀ ਤੇ ਸਹਿਜ ਦਾ ਰੰਗ ਬਹੁਤ ਗੂੜ੍ਹਾ ਅਤੇ ਲਾਜਵਾਬ ਹੈ। -ਸੰਪਾਦਕ***



ਮੰਟੋ ਆਪਣੀ ਬੇਗਮ ਸਾਫੀਆ ਨਾਲ

ਮੇਰੀ ਜ਼ਿੰਦਗੀ ਵਿਚ ਤਿੰਨ ਵੱਡੇ ਹਾਦਸੇ ਹਨ। ਪਹਿਲਾ, ਮੇਰੀ ਪੈਦਾਇਸ਼ ਦਾ ਜਿਹਦੇ ਵੇਰਵੇ ਦਾ ਮੈਨੂੰ ਕੋਈ ਇਲਮ ਨਹੀਂ। ਦੂਜਾ, ਮੇਰੇ ਵਿਆਹ ਦਾ, ਤੇ ਤੀਜਾ ਮੇਰੇ ਅਫ਼ਸਾਨਾ ਨਿਗਾਰ ਬਣ ਜਾਣ ਦਾ। ਆਖ਼ਰੀ ਹਾਦਸਾ ਕਿਉਂਕਿ ਅਜੇ ਤੱਕ ਚਲਦਾ ਆ ਰਿਹਾ ਹੈ, ਇਸ ਲਈ ਉਹਦੇ ਬਾਰੇ ਕੁਝ ਕਹਿਣਾ ਅਜੇ ਵਕਤ ਤੋਂ ਪਹਿਲਾਂ ਹੈ। ਸੋ ਵਿਆਹ ਦੀ ਦਾਸਤਾਨ ਪੇਸ਼ ਕਰਦਾ ਹਾਂ:

ਮੈਨੂੰ ਅਲੀਗੜ੍ਹ ਯੂਨੀਵਰਸਿਟੀ ਤੋਂ ਇਸ ਲਈ ਕੱਢ ਦਿੱਤਾ ਗਿਆ ਸੀ ਕਿ ਮੈਨੂੰ ਦਿੱਕ ਦੀ

**ਸਾਅਦਤ ਹਸਨ ਮੰਟੋ**

ਬਿਮਾਰੀ ਹੈ। ਮੇਰੇ ਵਾਲਦ ਦੀ ਮੌਤ ਹੋ ਚੁੱਕੀ ਸੀ, ਭੈਣ ਦੇ ਵਿਆਹ ਵੇਲੇ ਜੋ ਜਮ੍ਹਾਂ ਪੂੰਜੀ ਸੀ, ਉਹ ਮੇਰੀ ਸਾਦਾ ਤੇ ਨੇਕ ਦਿਲ ਮਾਂ ਨੇ ਮੇਰੇ ਭਣਵਈਏ ਦੇ ਹਵਾਲੇ ਕਰ ਦਿੱਤੀ ਸੀ, ਤੇ ਹੁਣ ਇਹ ਹਾਲਤ ਹੋ ਗਈ ਹੋਈ ਸੀ- ਅਸੀਂ ਦੂਜਿਆਂ ਦੇ ਮੁਹਤਾਜ ਸਾਂ। ਮੇਰੇ ਦੋ ਵੱਡੇ ਭਰਾ ਸਾਨੂੰ ਚਾਲੀ ਰੁਪਈਏ ਮਹੀਨਾ ਦਿੰਦੇ ਹੁੰਦੇ ਸਨ... ਮੈਂ ਮਜ਼ਬੂਤ ਇਰਾਦੇ ਦਾ ਮਾਲਕ ਹੁੰਦਾ ਤਾਂ ਮੈਂ ਯਕੀਨਨ ਆਪਣੇ ਆਪ ਨੂੰ ਹਲਾਕ ਕਰ ਲਿਆ ਹੁੰਦਾ...

ਬੰਬਈ ਤੋਂ ਹਫ਼ਤਾਵਾਰ 'ਮਸੱਵਰ' ਦੇ ਮਾਲਕ ਨਜ਼ੀਰ ਦਾ ਖਤ ਆਇਆ ਕਿ ਉਹ ਮੈਨੂੰ ਚਾਲੀ ਰੁਪਏ ਮਹੀਨਾ 'ਤੇ ਸੰਪਾਦਕੀ ਦੇ ਸਕਦੇ ਹਨ, ਤਾਂ ਮਾਂ ਨੂੰ ਅੰਮ੍ਰਿਤਸਰ ਇਕੱਲੀ ਛੱਡ ਕੇ ਮੈਂ ਬੰਬਈ ਚਲਾ ਗਿਆ ਤੇ ਉਥੇ ਮੈਂ ਅਖਬਾਰ ਦੇ ਦਫਤਰ ਵਿਚ ਹੀ ਸੌਂਦਾ ਸਾਂ ਜਿਹਦਾ ਕਿਰਾਇਆ ਦੋ ਰੁਪਏ ਉਹ ਕੱਟ ਲੈਂਦੇ ਸਨ। ਫਿਰ ਜਦੋਂ ਉਨ੍ਹਾਂ ਮੈਨੂੰ ਇੰਪੀਰੀਅਲ ਫਿਲਮ ਕੰਪਨੀ ਵਿਚ ਮੁਕਾਲਮਾ ਨਿਗਾਰ ਦੀ ਨੌਕਰੀ ਵੀ ਲੈ ਦਿੱਤੀ, ਤਾਂ ਆਪਣੀ ਤਨਖਾਹ ਅੱਧੀ ਕਰ ਦਿੱਤੀ- ਵੀਹ ਰੁਪਏ।

ਫਿਲਮ ਕੰਪਨੀ ਵਿਚ ਤਨਖਾਹ ਚਾਲੀ ਰੁਪਏ ਸੀ- ਪਰ ਕੰਪਨੀ ਦੀ ਹਾਲਤ ਚੰਗੀ ਨਹੀਂ ਸੀ, ਇਸ ਲਈ ਤਨਖਾਹ ਅਕਸਰ ਕਾਗਜ਼ਾਂ ਵਿਚ ਜਮ੍ਹਾਂ ਹੁੰਦੀ ਰਹਿੰਦੀ ਸੀ... ਉਤੋਂ ਹਿੰਦੁਸਤਾਨ ਵਿਚ ਰੰਗੀਨ ਫਿਲਮ ਦਾ ਪਹਿਲਾ ਤਜੁਰਬਾ ਕਰਨ ਲਈ ਬਾਹਰੋਂ ਮਸ਼ੀਨ ਮੰਗਵਾ ਲਈ ਤਾਂ ਕੰਪਨੀ ਦੀ ਹਾਲਤ ਹੋਰ ਵੀ ਔਖੀ ਹੋ ਗਈ... ਮੈਂ ਨੌਂ ਰੁਪਏ ਮਹੀਨੇ 'ਤੇ ਇਕ ਖੋਲੀ ਕਿਰਾਏ 'ਤੇ ਲੈ ਲਈ ਹੋਈ ਸੀ ਜਿਹਦੀ ਛੱਤ ਵਿਚੋਂ ਮੀਂਹ ਦੀਆਂ ਕਣੀਆਂ ਵਾਂਗ ਖਟਮਲ ਵਸਦੇ ਹੁੰਦੇ ਸਨ...

ਮਾਂ ਅੰਮ੍ਰਿਤਸਰ ਇਕੱਲੀ ਸੀ, ਇਸ ਲਈ ਬੰਬਈ ਮੇਰੀ ਭੈਣ ਦੇ ਘਰ ਆ ਕੇ ਰਹਿਣ ਲੱਗੀ। ਉਹਨੇ ਮੇਰੀ ਗਲੀਜ਼ ਖੋਲੀ ਵੇਖੀ ਤਾਂ ਉਹਦੀਆਂ ਅੱਖਾਂ ਭਰ ਆਈਆਂ। ਮੈਂ ਭਣਵਈਏ ਦੀ ਨੁਕਤਾਚੀਨੀ ਕਰਦਾ ਸਾਂ, ਇਸ ਲਈ ਭੈਣ ਦੇ ਘਰ ਜਾਣ ਲਈ ਮੇਰੇ ਉਤੇ ਪਾਬੰਦੀ ਲੱਗ ਗਈ ਹੋਈ ਸੀ। ਮਾਂ ਨੇ ਰੋ ਕੇ ਆਖਿਆ- ਸਾਅਦਤ ਤੂੰ ਕੁਝ ਬਹੁਤਾ ਪੜ੍ਹਿਆ ਲਿਖਦਾ ਹੁੰਦਾ ਤਾਂ ਕੁਝ ਵੱਧ ਪੈਸੇ ਕਮਾ ਲੈਂਦਾ... ਮੈਂ ਹੱਸ ਛੱਡਿਆ- "ਮਾਂ ਜੋ ਕਮਾਂਦਾ ਹਾਂ, ਮੇਰੀ ਜ਼ਾਤ ਲਈ ਬਥੇਰਾ ਹੈ। ਘਰ ਕੋਈ ਬੀਵੀ ਹੁੰਦੀ ਤਾਂ ਜ਼ਰੂਰ ਬਹੁਤੇ ਕਮਾ ਲੈਂਦਾ...।"

"ਵਿਆਹ ਕਰੇਂਗਾ?" ਮਾਂ ਨੇ ਕਿਹਾ ਤਾਂ ਮੈਂ ਹੱਸ ਛੱਡਿਆ- "ਹਾਂ ਕਰਾਂਗਾ।" ਉਹ ਕਹਿਣ ਲੱਗੀ- "ਚੰਗਾ ਕੱਲ੍ਹ ਮਾਹਿਮ ਆ ਜਾਵੀਂ। ਹੇਠਾਂ ਪਟੜੀ ਉਤੇ ਖਲੋਤਾ ਰਹੀਂ, ਮੈਂ ਤੈਨੂੰ ਦੇਖ ਕੇ ਹੇਠਾਂ ਆ ਜਾਵਾਂਗੀ, ਪਰ ਵੇਖ! ਵਾਲ ਕਟਾ ਕੇ ਆਵੀਂ।"

ਮੈਂ ਵਾਲ ਨਹੀਂ ਕਟਵਾਏ, ਪਰ ਰਾਤੀਂ ਆਪਣੇ ਕੈਨਵਸ ਦੇ ਬੂਟ ਪਾਲਸ਼ ਕਰ ਲਏ, ਡਬਲ ਰੇਟ 'ਤੇ ਪੈਂਟ ਧੁਆ ਲਈ, ਤੇ ਸਵੇਰੇ ਮਾਹਿਮ ਚਲਾ ਗਿਆ।

ਵਾਲਦਾ ਤੀਸਰੀ ਮੰਜ਼ਲ ਦੇ ਛੱਜੇ 'ਤੇ ਖਲੋਤੀ ਸੀ, ਮੈਨੂੰ ਦੇਖ ਕੇ ਹੇਠਾਂ ਆ ਗਈ ਤੇ ਮੈਨੂੰ ਨਾਲ ਲੈ ਕੇ ਕੋਈ ਵੀਹ ਪੰਝੀ ਗਜ਼ ਦੂਰ ਇਕ ਹੋਰ ਇਮਾਰਤ ਵਿਚ ਲੈ ਗਈ। ਦੂਜੀ ਮੰਜ਼ਲ 'ਤੇ ਬੂਹਾ ਖੜਕਾਇਆ, ਤੇ ਮੇਰੀ ਵਾਲਦਾ ਮੈਨੂੰ ਮਰਦਾਨੇ ਵਿਚ ਛੱਡ ਕੇ ਆਪ ਜ਼ਨਾਨੇ ਵਿਚ ਚਲੀ ਗਈ।

ਮੇਰਾ ਇਸਤਕਬਾਲ ਗੋਰੇ ਚਿੱਟੇ ਅਧੇੜ ਉਮਰ ਦੇ ਆਦਮੀ ਨੇ ਕੀਤਾ, ਤੇ ਮੈਨੂੰ ਬੜੀ ਮੁਹੱਬਤ ਤੇ ਖਲੂਸ ਨਾਲ ਬਿਠਾਇਆ। ਅਸੀਂ ਦੋਵੇਂ ਬੇਤਕੱਲਫ਼ੀ ਨਾਲ ਗੱਲਾਂ ਕਰਨ ਲੱਗੇ। ਮੈਂ ਆਪਣੇ ਬਾਰੇ ਇਹ ਵੀ ਦੱਸ ਦਿੱਤਾ ਕਿ ਮੈਂ ਅਜਿਹੀ ਫਿਲਮ ਕੰਪਨੀ ਵਿਚ ਮੁਲਾਜ਼ਮ ਹਾਂ ਜਿਥੇ ਤਨਖਾਹ ਨਹੀਂ ਮਿਲਦੀ, ਸਿਰਫ਼ ਸਾਹਵਾਂ ਦੀ ਆਮਦੋਰਫ਼ਤ ਜਾਰੀ ਰੱਖਣ ਲਈ ਕਦੀ ਕਦੀ ਪੇਸ਼ਗੀ ਦੇ ਤੌਰ 'ਤੇ ਮਿਲ ਜਾਂਦਾ ਹੈ... ਮੈਂ ਜਦੋਂ ਉਥੋਂ ਜਾਣ ਲਈ ਉਠਿਆ ਤਾਂ ਉਹ ਮਲਿਕ ਹਸਨ ਸਾਹਬ ਮੇਰੀ ਜ਼ਿੰਦਗੀ ਦੀ ਕਿਤਾਬ ਦਾ ਵਰਕਾ ਵਰਕਾ ਪੜ੍ਹ ਚੁੱਕੇ ਸਨ...।

ਮਲਿਕ ਸਾਹਬ ਨੇ ਦੂਜੇ ਐਤਵਾਰ ਮੈਨੂੰ ਖਾਣੇ 'ਤੇ ਬੁਲਾਇਆ ਸੀ, ਤੇ ਮੈਂ ਵਾਅਦੇ ਮੁਤਾਬਕ ਉਥੇ ਪਹੁੰਚ ਗਿਆ। ਬੜੀ ਖਾਤਰਦਾਰੀ ਕੀਤੀ। ਖਾਣਾ ਆਇਆ। ਮੁਰਗਾ ਸੀ, ਕੋਫ਼ਤੇ ਸਨ, ਸਾਗ ਦਾ ਸਾਲਨ ਸੀ, ਹਰ ਚੀਜ਼ ਲਜ਼ੀਜ਼, ਪਰ ਮਿਰਚਾਂ ਇੰਨੀਆਂ ਕਿ ਮੈਂ ਮੁੜ੍ਹਕੋ-ਮੁੜ੍ਹਕੀ ਹੋ ਗਿਆ। ਤੇ ਇੰਜ ਜਦੋਂ ਮੈਂ ਤਿੰਨ ਐਤਵਾਰ ਉਨ੍ਹਾਂ ਦੀ ਦਾਅਵਤ ਖਾ ਲਈ, ਤਾਂ ਵਾਲਦਾ ਨੇ ਦੱਸਿਆ ਕਿ ਉਨ੍ਹਾਂ ਨੂੰ ਮੇਰਾ ਰਿਸ਼ਤਾ ਮਨਜ਼ੂਰ ਹੈ। ਮੈਂ ਸਚਮੁੱਚ ਚਕਰਾ ਗਿਆ। ਅਜੇ ਤੱਕ ਵਿਆਹ ਵਾਲੇ ਕਿੱਸੇ ਨੂੰ ਮਜ਼ਾਕ ਸਮਝ ਰਿਹਾ ਸਾਂ। ਇਹ ਵੀ ਯਕੀਨ ਨਹੀਂ ਸੀ ਕਿ ਕੋਈ ਹੋਸ਼ਮੰਦ ਮੈਨੂੰ ਆਪਣੀ ਲੜਕੀ ਦੇਵੇਗਾ...।

ਨਿਕਾਹ ਦੀ ਤਾਰੀਖ ਪੱਕੀ ਹੋ ਗਈ, ਪਰ ਪੱਲੇ ਨਿਕਾਹ ਜੋਗੇ ਵੀ ਪੈਸੇ ਨਹੀਂ ਸਨ। ਕੰਪਨੀ ਦੇ ਮਾਲਕ ਸੇਠ ਕੋਲ ਜਾਣ ਤੋਂ ਬਿਨਾ ਕੋਈ ਚਾਰਾ ਨਹੀਂ ਸੀ। ਕੰਪਨੀ ਦੀ ਹਾਲਤ ਜਾਣਦਾ ਸਾਂ, ਪਰ ਜਦੋਂ ਆਪਣੀ ਹਾਲਤ ਦੱਸੀ ਤਾਂ ਸੇਠ ਨੇ ਹਾਫ਼ਜ਼ ਜੀ ਨੂੰ ਬੁਲਾ ਕੇ ਕੁਝ ਦੁਕਾਨਾਂ ਦੇ ਪਤੇ ਲਿਖਵਾਏ, ਤੇ ਕਿਹਾ- ਨਿਕਾਹ ਲਈ ਜੋ ਜ਼ਰੂਰੀ ਚੀਜ਼ਾਂ ਚਾਹੀਦੀਆਂ ਹੋਣ, ਮੇਰੇ ਜਾਤੀ ਅਕਾਊਂਟ ਵਿਚ ਲੈ ਦਿਉ।

ਮੈਂ ਹਾਫ਼ਜ਼ ਜੀ ਦੇ ਨਾਲ ਜਾ ਕੇ ਕੱਪੜੇ ਦੀ ਦੁਕਾਨ ਤੋਂ ਦੋ ਸਾੜ੍ਹੀਆਂ ਲਈਆਂ। ਦੂਜੀ ਦੁਕਾਨ ਜੌਹਰੀ ਦੀ ਸੀ, ਉਥੋਂ ਕੁਝ ਜ਼ੇਵਰ ਤੇ ਦੁਕਾਨ ਦਾ ਇਕ ਬੰਦਾ ਨਾਲ ਲੈ ਕੇ ਕੁੜੀ ਵਾਲਿਆਂ ਦੇ ਘਰ ਗਿਆ, ਜ਼ੇਵਰ ਪਸੰਦ ਕਰਵਾਣ ਲਈ। ਲੜਕੀ ਦੀ ਮਾਂ ਨੂੰ ਖਾਲਾ ਜਾਨ ਕਹਿੰਦਾ ਸਾਂ, ਸੋ ਖਾਲਾ ਜਾਨ ਦੇ ਸਾਹਮਣੇ ਜ਼ੇਵਰ ਰੱਖ ਦਿੱਤੇ। ਉਨ੍ਹਾਂ ਨੇ ਸਿਰਫ਼ ਹੀਰੇ ਦੀ ਅੰਗੂਠੀ, ਮੋਤੀਆਂ ਦੇ ਕਾਂਟੇ, ਸੋਨੇ ਦੀਆਂ ਦੋ ਚੂੜੀਆਂ, ਤੇ ਗਲ ਦਾ ਨਿੱਕਾ ਜਿਹਾ ਹਾਰ ਪਸੰਦ ਕੀਤਾ। ਮੈਂ ਖਾਲਾ ਜਾਨ ਨੂੰ ਹੋਰ ਜ਼ੇਵਰ ਪਸੰਦ ਕਰਨ ਲਈ ਕਿਹਾ, ਪਰ ਉਹ ਇਸ ਤੋਂ ਵੱਧ ਮੇਰਾ ਖਰਚ ਨਹੀਂ ਸਨ ਕਰਵਾਣਾ ਚਾਹੁੰਦੇ। ਕਾਸ਼! ਮੈਂ ਉਨ੍ਹਾਂ ਨੂੰ ਕਹਿ ਦਿੱਤਾ ਹੁੰਦਾ ਕਿ ਖਾਲਾ ਜਾਨ! ਇਹੋ



ਨੰਦਿਤਾ ਦਾਸ ਨਾਲ ਮੰਟੋ ਦੀਆਂ ਧੀਆਂ: ਨੁਸਰਤ, ਨੁਜ਼ਹਤ ਤੇ ਨਿਗਹਤ।

ਜਿਹਾ ਮੌਕਾ ਸ਼ਾਇਦ ਜ਼ਿੰਦਗੀ ਵਿਚ ਫੇਰ ਨਹੀਂ ਮਿਲੇਗਾ। ਮੈਂ ਕੰਪਨੀ ਕੋਲੋਂ ਡੇਢ ਹਜ਼ਾਰ ਲੈਣਾ ਹੈ, ਤੁਸੀਂ ਜਾਂਦੇ ਚੋਰ ਦੀ ਲੰਗੋਟੀ ਨਾ ਛੱਡੋ।

ਹੋਇਆ ਵੀ ਇਹੀ, ਮੇਰਾ ਨਿਕਾਹ ਹੁੰਦਿਆਂ ਹੀ ਕੰਪਨੀ ਖ਼ਤਮ ਹੋ ਗਈ...।

ਬੰਬਈ ਵਿਚ ਨਾਂ ਮੇਰਾ ਕੋਈ ਦੋਸਤ, ਨਾ ਅਜ਼ੀਜ਼। ਭੈਣ ਸੀ, ਪਰ ਉਥੇ ਮੇਰਾ ਹੁੱਕਾ-ਪਾਣੀ ਬੰਦ ਸੀ, ਇਸ ਲਈ ਸਾਰੇ ਕੰਮ ਮੈਂ ਖੁਦ ਕਰਨੇ ਸਨ। ਛੁਹਾਰੇ ਤੇ ਇਲਾਇਚੀ ਦਾਣੇ ਵੀ ਆਪੇ ਖਰੀਦਣੇ ਸਨ, ਵਾਲ ਕਟਵਾਣੇ ਸਨ ਤੇ ਬੱਸ ਉਤੇ ਸਵਾਰ ਹੋ ਕੇ ਲੜਕੀ ਦੇ ਮੈਦਾਨ ਵਿਚ ਜਾਣਾ ਸੀ...।

ਸ਼ਾਹਜਹਾਨ ਮਹਲ ਹੋਟਲ ਦੇ ਮਾਲਕ ਸੱਯਦ ਫਜ਼ਲਸ਼ਾਹ ਨੂੰ ਨਿਕਾਹ ਦੀ ਰਸਮ ਵਿਚ ਸ਼ਾਮਲ ਹੋਣ ਦੀ ਦਾਅਵਤ ਦੇ ਕੇ ਜਦੋਂ ਪਰਤ ਰਿਹਾ ਸਾਂ, ਪਥਰੀਲੇ ਫਰਸ਼ ਉਤੇ ਮੇਰਾ ਪੈਰ ਤਿਲਕ ਗਿਆ। ਇੰਨੇ ਜ਼ੋਰ ਨਾਲ ਡਿੱਗਾ ਕਿ ਬੇਸੁਰਤ ਹੋ ਗਿਆ।

***ਮੁਕਲਾਵੇ ਵਿਚ ਜਦੋਂ ਦਸ ਦਿਨ ਬਾਕੀ ਰਹਿ ਗਏ, ਮੈਂ ਚੌਂਕ ਕੇ ਪੈਂਤੀ ਰੁਪਏ ਮਹੀਨੇ 'ਤੇ ਫਲੈਟ ਕਿਰਾਏ 'ਤੇ ਲੈ ਲਿਆ। ਹਫ਼ਤਾਵਾਰ 'ਮੁਸੱਵਰ' ਤੋਂ ਚਾਲੀ ਰੁਪਏ ਮਹੀਨੇ ਦੇ ਮਿਲਦੇ ਸਨ ਜੋ ਪੈਂਤੀ ਰੁਪਏ ਕਰਾਏ ਦੇ ਦੇ ਕੇ, ਹਰ ਮਹੀਨੇ ਮੈਨੂੰ ਪੰਜ ਰੁਪਏ ਬਚਦੇ ਸਨ, ਜਿਹਦੇ ਨਾਲ ਮੈਂ ਆਪਣਾ ਤੇ ਆਪਣੀ ਬੀਵੀ ਦਾ ਪੇਟ ਪਾਲਦਾ ਸੀ।... ਪੰਜ ਸੌ ਰੁਪਏ ਬੋਝੇ ਵਿਚ ਪਾ ਕੇ, ਮੈਂ ਦੁਲਹਨ ਲਈ ਕੁਝ ਸਾੜ੍ਹੀਆਂ ਖਰੀਦੀਆਂ, ਤੇ ਘਰ ਲਈ ਕੁਝ ਮੰਜੇ ਕੁਰਸੀਆਂ ਕਿਸ਼ਤਾਂ ਉਤੇ ਲਈਆਂ। ਬੋਝੇ ਵਿਚ ਚੁਆਨੀ ਰਹਿ ਗਈ।... ਨਾਈ ਕੋਲੋਂ ਹਜਾਮਤ ਮੈਂ ਉਧਾਰ ਕਰਵਾ ਲਈ, ਤੇ ਉਹਦੇ ਹੀ ਗੁਸਲਖਾਨੇ ਵਿਚ ਗਰਮ ਪਾਣੀ ਨਾਲ ਉਧਾਰ 'ਤੇ ਗੁਸਲ ਕਰ ਲਿਆ।***



ਮੰਟੋ ਦੀ ਬੇਗਮ ਸਾਫੀਆ ਅਤੇ ਉਸ ਦੀ ਭੈਣ ਜ਼ਕੀਆ ਜਲਾਲ।

ਮੈਂ ਜ਼ਿੰਦਗੀ ਵਿਚ ਸਿਰਫ਼ ਤਿੰਨ ਵਾਰੀ ਬੇਹੋਸ਼ ਹੋਇਆ ਹਾਂ। ਪਹਿਲੀ ਵਾਰ ਆਪਣੇ ਨਿਕਾਹ 'ਤੇ ਸੱਯਦ ਫਜ਼ਲਸ਼ਾਹ ਨੂੰ ਦਾਅਵਤ ਦੇਣ ਵੇਲੇ, ਦੂਜੀ ਵਾਰ ਆਪਣੀ ਵਾਲਦਾ ਦੀ ਮੌਤ ਵੇਲੇ, ਤੇ ਤੀਜੀ ਵਾਰ ਆਪਣੇ ਪੁੱਤਰ ਦੀ ਵਫਾਤ ਵੇਲੇ।

ਨਿਕਾਹ ਵੇਲੇ ਇੰਜ ਡਿਗ ਕੇ ਬੇਹੋਸ਼ ਹੋ ਜਾਣਾ ਚੰਗਾ ਸਗਨ ਨਹੀਂ ਸੀ। ਸੱਟ ਇੰਨੀ ਜ਼ਿਆਦਾ ਸੀ ਕਿ ਜਦੋਂ ਹੋਸ਼ ਆਈ, ਪੌੜੀਆਂ ਉਤਰਨ ਲੱਗਾ ਤਾਂ ਮੇਰੇ ਟੁੱਟੇ ਹੋਏ ਗੋਡੇ ਨੇ ਤੁਰਨ ਤੋਂ ਨਾਂਹ ਕਰ ਦਿੱਤੀ... ਲੰਗੜਾਂਦਿਆਂ ਲੰਗੜਾਂਦਿਆਂ ਬੋਝੇ ਵਿਚ ਇਲਾਇਚੀ ਦਾਣੇ ਪਾ ਕੇ ਨਿਕਾਹ ਦੀ ਰਸਮ 'ਤੇ ਬੈਠਾ ਤਾਂ ਲੱਤ ਗੋਡੇ ਕੋਲੋਂ ਮੁੜਦੀ ਨਹੀਂ ਸੀ। ਉਹਨੂੰ ਵੱਖ ਲਮਿਆਰੀ ਰੱਖਿਆ। ਇਹ ਬਦਤਮੀਜ਼ੀ ਸੀ। ਉਤੋਂ ਕਾਜ਼ੀ ਨੇ ਲੱਤਾਂ ਦੇ ਭਾਰ ਬਹਿਣ ਲਈ ਆਖਿਆ, ਤਾਂ ਜੀਅ ਕਰੜਾ ਕਰ ਕੇ ਪੀੜ ਦੀਆਂ ਸਾਰੀਆਂ ਚੀਸਾਂ ਪੀ ਕੇ ਉਹਦਾ ਹੁਕਮ ਮੰਨਣਾ ਪਿਆ। ਨਿਕਾਹ ਦੀ ਰਸਮ ਖਤਮ ਹੋਈ ਤਾਂ ਮੇਰੀ ਜਾਨ ਵਿਚ ਜਾਨ ਆਈ... ਮੁਬਾਰਕਬਾਦ ਵਸੂਲ ਕੀਤੀ ਤਾਂ ਲੰਗੜਾਂਦਿਆਂ ਲੰਗੜਾਂਦਿਆਂ ਆਪਣੇ ਘਰ ਪਹੁੰਚਿਆ... ਮੈਂ ਕਰੀਬ ਕਰੀਬ ਸ਼ਾਦੀ ਸ਼ੁਦਾ ਸਾਂ। ਫਰਕ ਸਿਰਫ਼ ਇੰਨਾ ਸੀ ਕਿ ਮੇਰੀ ਬੀਵੀ ਨੌਂ ਰੁਪਏ ਦੀ ਮੇਰੀ ਖੋਲੀ ਵਿਚ ਮੌਜੂਦ ਨਹੀਂ ਸੀ।

ਕਾਨੂੰਨਨ ਜਦੋਂ ਚਾਹੁੰਦਾ, ਬੀਵੀ ਨੂੰ ਨਾਲ ਲਿਆਉਣ ਲਈ ਕਹਿ ਸਕਦਾ ਸਾਂ, ਪਰ ਉਹਨੂੰ ਖੁਆਂਦਾ ਕਿਥੋਂ? ਸਾਹਮਣੇ ਵਾਲੇ ਈਰਾਨੀ ਹੋਟਲ ਦਾ ਹੋਰ ਵੀ ਉਧਾਰ ਚੜ੍ਹ ਜਾਂਦਾ... ਜ਼ਹਿਰ ਹੈ ਕਿ ਬੀਵੀਆਂ ਨਹਾਉਂਦਿਆਂ ਵੀ ਹਨ, ਪਰ ਖੋਲੀ ਵਿਚ ਤਾਂ ਗੁਸਲਖਾਨਾ ਹੀ ਨਹੀਂ ਸੀ। ਇਮਾਰਤ ਦੀਆਂ ਚਾਲੀ ਖੋਲੀਆਂ ਲਈ ਦੋ ਗੁਸਲਖਾਨੇ ਸਨ, ਜਿਨ੍ਹਾਂ ਦੇ ਬੂਹੇ ਪਤਾ ਨਹੀਂ ਕਦੋਂ ਤੋਂ ਗਾਇਬ ਹੋ ਚੁੱਕੇ ਸਨ।

ਬੜੀ ਇਮਾਨਦਾਰੀ ਨਾਲ ਇਹ ਵੀ ਮਹਿਸੂਸ ਕਰ ਰਿਹਾ ਸਾਂ ਕਿ ਮੈਂ ਹੋਰ ਸਭ ਕੁਝ ਬਣ ਸਕਦਾ ਹਾਂ, ਪਰ ਸ਼ੌਹਰ ਨਹੀਂ ਬਣ ਸਕਦਾ। ਮਜ਼ਮੂਨ ਨਵੀਸੀ ਤੇ ਅਫ਼ਸਾਨਾ ਨਿਗਾਰੀ ਵਾਲਾ ਇਹ ਮੁਆਮਲਾ ਨਹੀਂ ਸੀ... ਉਤੋਂ ਵੇਲਾ ਲੰਘਿਆ, ਮੈਂ ਕੋਸ਼ਿਸ਼ ਕੀਤੀ ਤੇ ਸਰੋਜ ਮੂਵੀ ਟੋਨ ਵਿਚ ਸੌ ਰੁਪਏ 'ਤੇ ਮੁਲਾਜ਼ਮ ਹੋ ਗਿਆ। ਇਹ ਕੰਪਨੀ ਸ਼ਾਇਦ ਮੇਰੀ ਆਮਦ ਨੂੰ ਹੀ ਉਡੀਕਦੀ ਸੀ, ਦੋ ਮਹੀਨੇ ਵੀ ਨਹੀਂ ਸਨ ਲੰਘੇ ਕਿ ਫਿਲਮ ਦਾ ਦੀਵਾਲਾ ਨਿਕਲ ਗਿਆ। ਹੁਣ ਮੈਨੂੰ ਯਕੀਨ ਹੋ ਗਿਆ ਕਿ ਮੇਰਾ ਨਿਕਾਹ ਮੇਰੇ ਲਈ ਮਨਹੂਸ ਸਾਬਤ ਹੋਇਆ ਹੈ।

ਇੰਜ ਇਕ ਵਰ੍ਹੇ ਦੇ ਕਰੀਬ ਹੋ ਗਿਆ ਨਿਕਾਹ ਹੋਏ ਨੂੰ, ਤੇ ਮੇਰੀ ਵਾਲਦਾ ਨੇ ਮੇਰੇ ਸਹੁਰਿਆਂ ਦੇ ਇਸਰਾਰ 'ਤੇ ਮੁਕਲਾਵੇ ਦੀ ਤਾਰੀਖ ਮੁਕਰਰ ਕਰ ਦਿੱਤੀ। ਮੈਨੂੰ ਕੋਈ ਜਲਦੀ ਨਹੀਂ ਸੀ, ਬਲਕਿ ਮੇਰੀ ਦਿਲੀ ਖਾਹਸ਼ ਸੀ ਕਿ ਮੁਕਲਾਵੇ ਦੀ ਨੌਬਤ ਹੀ ਨਾ ਆਵੇ। ਮੈਂ ਬਹੁਤ ਡਰਿਆ ਹੋਇਆ ਸਾਂ, ਲਗਦਾ ਸੀ ਮੇਰੇ ਕੋਲੋਂ ਘਰ-ਬਾਰ ਨਹੀਂ ਚਲਾਇਆ ਜਾਣਾ, ਤੇ ਇਕ ਸ਼ਰੀਫ਼ ਲੜਕੀ ਦੀ ਸਾਰੀ ਉਮਰ ਬਗੈਰ ਕਿਸੇ ਕਸੂਰ ਦੇ, ਅਜ਼ਾਬ ਵਿਚ ਬੀਤੇਗੀ... ਪਰ ਦਿਨ ਮੁਕਰਰ ਹੋ ਚੁੱਕਾ ਸੀ, ਜੋ ਮੇਰੇ ਲਈ ਕਿਆਮਤ ਦਾ ਦਿਨ ਸੀ।

ਮੁਕਲਾਵੇ ਵਿਚ ਜਦੋਂ ਦਸ ਦਿਨ ਬਾਕੀ ਰਹਿ ਗਏ, ਮੈਂ ਚੌਂਕ ਕੇ ਪੈਂਤੀ ਰੁਪਏ ਮਹੀਨੇ 'ਤੇ ਇਕ ਫਲੈਟ ਕਿਰਾਏ 'ਤੇ ਲੈ ਲਿਆ। ਹਫ਼ਤਾਵਾਰ 'ਮੁਸੱਵਰ' ਤੋਂ ਚਾਲੀ ਰੁਪਏ ਮਹੀਨੇ ਦੇ ਮਿਲਦੇ ਸਨ ਜੋ ਪੈਂਤੀ ਰੁਪਏ ਕਰਾਏ ਦੇ ਦੇ ਕੇ, ਹਰ ਮਹੀਨੇ ਮੈਨੂੰ ਪੰਜ ਰੁਪਏ ਬਚਦੇ ਸਨ, ਜਿਹਦੇ ਨਾਲ ਮੈਂ ਆਪਣਾ ਤੇ ਆਪਣੀ ਬੀਵੀ ਦਾ ਪੇਟ ਪਾਲਦਾ ਸੀ।

ਪਿਛਲੇ ਦਿਨਾਂ ਵਿਚ ਮੈਂ ਇਕ ਫਿਲਮੀ ਕਹਾਣੀ ਲਿਖੀ ਸੀ, ਜਿਹਦੀ ਫਿਲਮ ਬਣ ਕੇ ਚੱਲ ਚੁੱਕੀ ਸੀ, ਤੇ ਮੈਂ ਕੰਪਨੀ ਕੋਲੋਂ ਕਹਾਣੀ ਦੇ, ਤੇ ਕਈ ਮਹੀਨਿਆਂ ਦੀ ਤਨਖਾਹ ਦੇ ਅਠਾਰਾਂ ਸੌ ਰੁਪਈਏ ਲੈਣੇ ਸਨ, ਪਰ ਕੰਪਨੀ ਦੇ ਮਾਲਕ ਨੇ ਇਕ ਵੀ ਪੈਸਾ ਦੇਣ ਤੋਂ ਨਾਂਹ ਕਰ ਦਿੱਤੀ। ਮੈਂ ਹਾਰ ਕੇ ਬਾਬੂ ਰਾਉ ਪਟੇਲ ਕੋਲ ਗਿਆ ਕਿ ਜੇ ਮੈਨੂੰ ਕੰਪਨੀ ਨੇ ਪੈਸੇ ਨਾ ਦਿੱਤੇ ਤਾਂ ਮੈਂ ਭੁੱਖ ਹੜਤਾਲ ਕਰ ਦਿਆਂਗਾ। ਆਖਰ ਮੈਂ ਜਰਨਿਲਸਟ ਸਾਂ। ਪ੍ਰੈਸ ਮੇਰੇ ਨਾਲ ਸੀ। ਪਟੇਲ ਨੇ ਫੋਨ ਉਤੇ ਕੰਪਨੀ ਦੇ ਮਾਲਕ ਨੂੰ ਇਹ ਦੱਸਿਆ ਤਾਂ ਉਨ੍ਹਾਂ ਮੈਨੂੰ ਬੁਲਾ ਕੇ ਅੱਧੀ ਰਕਮ ਉਤੇ ਸਮਝੌਤਾ ਕਰ ਲੈਣ ਲਈ ਕਿਹਾ। ਨੌਂ ਸੌ ਰੁਪਏ ਦਾ ਚੈੱਕ ਦੇ ਦਿੱਤਾ, ਪਰ ਤਾਰੀਖ ਆਉਣ 'ਤੇ ਚੈੱਕ ਨੇ ਕੈਸ਼ ਕਿਥੋਂ ਹੋਣਾ ਸੀ! ਅਖੀਰ ਪੰਜ ਸੌ ਰੁਪਏ ਨਕਦ ਦੇ ਕੇ ਉਨ੍ਹਾਂ ਗੱਲ ਮੁਕਾਈ।

ਇਹੀ ਪੰਜ ਸੌ ਰੁਪਏ ਬੋਝੇ ਵਿਚ ਪਾ ਕੇ, ਮੈਂ ਦੁਲਹਨ ਲਈ ਕੁਝ ਸਾੜ੍ਹੀਆਂ ਖਰੀਦੀਆਂ, ਤੇ ਘਰ ਲਈ ਕੁਝ ਮੰਜੇ ਕੁਰਸੀਆਂ ਕਿਸ਼ਤਾਂ ਉਤੇ ਲਈਆਂ। ਇਹ ਕਰਦਿਆਂ ਤੱਕ ਬੋਝੇ ਵਿਚ ਇਕ ਚੁਆਨੀ ਰਹਿ ਗਈ, ਜਿਹਦੇ ਨਾਲ ਮੈਂ ਇਕ ਡੱਬੀ ਸਿਗਰਟਾਂ ਦੀ ਖਰੀਦੀ ਤੇ ਇਕ ਮਾਚਸ।

ਨਾਈ ਕੋਲੋਂ ਹਜਾਮਤ ਮੈਂ ਉਧਾਰ ਕਰਵਾ ਲਈ, ਤੇ ਉਹਦੇ ਹੀ ਗੁਸਲਖਾਨੇ ਵਿਚ ਗਰਮ ਪਾਣੀ ਨਾਲ ਉਧਾਰ 'ਤੇ ਗੁਸਲ ਕਰ ਲਿਆ।

ਹੁਣ ਬਰਾਤ ਦਾ ਸਵਾਲ ਸੀ। ਬਾਬੂ ਰਾਉ ਪਟੇਲ ਨੂੰ ਫੋਨ ਕੀਤਾ ਜਿਹਨੇ ਪੱਤਰਕਾਰਾਂ ਦੀ ਅਤੇ ਫਿਲਮੀ ਅਦਾਕਾਰ ਪਦਮਾ ਨੂੰ ਵਾਲਦਾ ਦੀ ਮਦਦ ਲਈ ਭੇਜ ਦਿੱਤਾ।

ਬਰਾਤ ਵਿਚ ਦੁਲਹਾ ਬਣ ਕੇ ਜਾਣ ਵੇਲੇ ਤੱਕ ਮੇਰੀ ਸਿਗਰਟਾਂ ਦੀ ਡੱਬੀ ਵੀ ਖਤਮ ਹੋ ਚੁੱਕੀ ਸੀ, ਬੋਝੇ ਵਿਚ ਸਿਰਫ਼ ਮਾਚਸ ਰਹਿ ਗਈ ਸੀ, ਉਹ ਵੀ ਅੱਧੀ।

ਸਹੁਰਿਆਂ ਦੇ ਘਰ ਸਾਰੀ ਬਰਾਤ ਨੇ ਰੋਟੀ ਖਾਧੀ, ਤੇ ਜਦੋਂ ਦੁਲਹਨ ਨੂੰ ਲੈ ਕੇ ਘਰ ਆਇਆ, ਅੰਗ ਅੰਗ ਥਕਾਵਟ ਨਾਲ ਦੁਖਦਾ ਪਿਆ ਸੀ... ਉਤੋਂ ਦੋਸਤਾਂ ਮਿੱਤਰਾਂ ਦੇ ਵਿਦਾ ਹੋਣ ਲੱਗਿਆਂ, ਮੇਰੇ ਮਸਖਰੇ ਦੋਸਤ ਮਿਰਜ਼ਾ ਮੁਸ਼ੱਰਫ਼ ਨੇ ਮੇਰੇ ਕੰਨ ਵਿਚ ਕਿਹਾ- "ਮੁੰਨੇ! ਵੇਖੀਂ! ਸਾਡੀ ਨੱਕ ਨਾ ਕੱਟੀ ਜਾਏ...।"

ਦੂਸਰੀ ਸਵੇਰ ਮੈਂ ਮਹਿਸੂਸ ਕੀਤਾ ਕਿ ਮੇਰੇ ਵਜੂਦ ਦਾ ਇਕ ਚੌਥਾਈ ਹਿੱਸਾ ਸ਼ੌਹਰ ਬਣ ਚੁੱਕਾ ਹੈ... ਤੇ ਇਸ ਅਹਿਸਾਸ ਨਾਲ ਮੈਨੂੰ ਬੜਾ ਇਤਮੀਨਾਨ ਹਾਸਲ ਹੋਇਆ। ਬਾਹਰ ਛੱਜੇ ਵਿਚ ਮੈਨੂੰ ਰੱਸੀ ਟੰਗੀ ਹੋਈ ਨਜ਼ਰ ਆਉਣ ਲੱਗੀ ਜਿਥੇ ਨਿੱਕੇ ਪੋਤੜੇ ਟੰਗੇ ਹੋਏ ਸਨ।

# ਕੱਟੜਪੰਥੀ ਫਿਰ ਪਏ ਭਾਰੀ

## ਵਿਦਿਆ ਬਾਲਨ ਨੇ ਕਮਲਾ ਦਾਸ ਵਾਲੀ ਫਿਲਮ ਛੱਡੀ




*ਅਦਾਕਾਰਾ ਵਿਦਿਆ ਬਾਲਨ ਪ੍ਰਸਿੱਧ ਲਿਖਾਰੀ ਕਮਲਾ ਦਾਸ ਦੀ ਸਵੈ-ਜੀਵਨੀ 'ਮਾਈ ਸਟੋਰੀ' (ਮੇਰੀ ਕਹਾਣੀ) ਪੜ੍ਹਦੀ ਹੋਈ।*

ਕੀਰਤ ਕਾਸ਼ਣੀ

ਕੇਰਲ ਵਿਚ ਵੱਸਦੇ ਮਲਿਆਲੀਆਂ ਲਈ ਉਸ ਵਕਤ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ ਜਦੋਂ ਇਹ ਖ਼ਬਰ ਆਈ ਕਿ ਮਸ਼ਹੂਰ ਅਦਾਕਾਰਾ ਵਿਦਿਆ ਬਾਲਨ, ਕਮਲਾ ਦਾਸ ਉਰਫ਼ ਮਾਧਵੀਕੁੱਟੀ ਉਰਫ ਕਮਲਾ ਸੁਰੱਈਆ ਬਾਰੇ ਬਣ ਰਹੀ ਫਿਲਮ 'ਆਮੀ' ਵਿਚ ਮੁੱਖ ਕਿਰਦਾਰ ਨਿਭਾਏਗੀ। ਵਿਦਿਆ ਨੇ ਇਸ ਫਿਲਮ ਦੇ ਕਿਰਦਾਰ ਨੂੰ ਸਮਝਣ ਲਈ ਕਮਲਾ ਦਾਸ ਦੀਆਂ ਰਚਨਾਵਾਂ, ਖਾਸ ਕਰ ਕੇ ਉਸ ਦੀ ਸਵੈ-ਜੀਵਨੀ 'ਮੇਰੀ ਕਹਾਣੀ', ਵੀ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਦਰਅਸਲ, ਵਿਦਿਆ ਬਾਲਨ ਦੀ ਬਤੌਰ ਸ਼ਖਸੀਅਤ ਖੂਬਸੂਰਤੀ ਹੀ ਇਹ ਹੈ ਕਿ ਆਪਣੀ ਫਿਲਮ ਦਾ ਹਰ ਕਿਰਦਾਰ ਖੁੱਭ ਕੇ ਨਿਭਾਉਣ ਲਈ ਉਹ ਜੀਅ-ਤੋੜ ਮਿਹਨਤ ਕਰਦੀ ਹੈ। ਇਸੇ ਕਰ ਕੇ ਪਿਛਲੇ ਸਮੇਂ ਦੌਰਾਨ ਆਈਆਂ ਉਸ ਦੀਆਂ ਫਿਲਮਾਂ ਭਾਵੇਂ ਸਫ਼ਲ ਹੋਈਆਂ ਜਾਂ ਨਹੀਂ, ਪਰ ਉਸ ਦੀ ਅਦਾਕਾਰੀ ਦੀ ਮੋਹਰ-ਛਾਪ ਹਰ ਫਿਲਮ ਵਿਚ ਨਜ਼ਰ ਆਈ ਅਤੇ ਇਸ ਬਾਬਤ ਚਰਚਾ ਵੀ ਲਗਾਤਾਰ ਹੁੰਦੀ ਰਹੀ।

ਕਮਲਾ ਦਾਸ ਬਾਰੇ ਫਿਲਮ 'ਆਮੀ' ਪ੍ਰਸਿੱਧ ਮਲਿਆਲੀ ਫਿਲਮਸਾਜ਼ ਕਮਾਲ-ਉਦ-ਦੀਨ ਮੁਹੰਮਦ ਕਮਾਲ ਬਣਾ ਰਿਹਾ ਹੈ, ਪਰ ਹੁਣ ਬੁਰੀ ਖ਼ਬਰ ਇਹ ਆਈ ਹੈ ਕਿ ਵਿਦਿਆ ਬਾਲਨ ਨੇ ਇਹ ਫਿਲਮ ਛੱਡ ਦਿੱਤੀ ਹੈ। ਇਸ ਤੋਂ ਵੀ ਬੁਰੀ ਖ਼ਬਰ ਇਹ ਹੈ ਕਿ ਵਿਦਿਆ ਬਾਲਨ ਨੇ ਇਹ ਫਿਲਮ, ਕੱਟੜ ਹਿੰਦੂਵਾਦੀਆਂ ਦੀ ਧਮਕੀਆਂ ਤੋਂ ਬਾਅਦ ਛੱਡੀ ਹੈ। ਯਾਦ ਰਹੇ ਕਿ ਪ੍ਰਸਿੱਧ ਲਿਖਾਰੀ ਕਮਲਾ ਦਾਸ (31 ਮਾਰਚ 1934-31 ਮਈ 2009) ਨੇ ਆਪਣੇ ਸਮੁੱਚੇ ਜੀਵਨ ਦੌਰਾਨ ਰਵਾਇਤਾਂ ਨੂੰ ਵੱਡੀ ਪੱਧਰ ਉਤੇ ਵੰਗਾਰਿਆ ਸੀ। ਪਹਿਲਾਂ ਉਸ ਦੀਆਂ ਕਵਿਤਾਵਾਂ ਤੇ ਕਹਾਣੀਆਂ ਅਤੇ ਫਿਰ ਸਵੈ-ਜੀਵਨੀ 'ਮੇਰੀ ਕਹਾਣੀ' ਨੇ ਸਾਹਿਤ ਜਗਤ ਅੰਦਰ ਤਰਥੱਲੀ ਮਚਾ ਦਿੱਤੀ ਸੀ। ਉਸ ਨੇ ਔਰਤਾਂ ਦੇ ਮਸਲਿਆਂ ਬਾਰੇ ਐਨ ਬੇਬਾਕ ਹੋ ਕੇ ਕਲਮ ਚਲਾਈ। ਕਮਲਾ ਦਾਸ ਮਸਾਂ 15 ਵਰ੍ਹਿਆਂ ਸੀ ਜਦੋਂ ਉਸ ਦਾ ਵਿਆਹ ਹੋ ਗਿਆ ਸੀ। ਆਪਣੀ ਵਿਆਹੁਤਾ ਜ਼ਿੰਦਗੀ ਦੌਰਾਨ ਹੰਢਾਈ ਕਰੂਰਤਾ ਅਤੇ ਪੀੜ ਉਸ ਨੇ 'ਮੇਰੀ ਕਹਾਣੀ' ਵਿਚ ਵੀ ਪਰੋਈ ਹੈ। ਉਸ ਨੇ ਇਸ ਜ਼ਿੰਦਗੀ ਨੂੰ ਚੁਣੌਤੀ ਵਾਂਗ ਲਿਆ ਅਤੇ ਕੋਈ ਸਮਝੌਤਾ ਕਰਨ ਤੋਂ ਨਾਂਹ ਕਰ ਦਿੱਤੀ। 11 ਦਸੰਬਰ 1999 ਨੂੰ 65 ਵਰ੍ਹਿਆਂ ਦੀ ਉਮਰ ਵਿਚ ਉਸ ਨੇ ਇਸਲਾਮ ਅਪਣਾ ਲਿਆ ਸੀ ਅਤੇ ਉਦੋਂ ਹੀ ਉਸ ਨੇ ਆਪਣਾ ਨਾਂ ਕਮਲਾ ਸੁਰੱਈਆ ਰੱਖਿਆ।




*ਲਿਖਾਰੀ ਕਮਲਾ ਦਾਸ ਅਤੇ ਫਿਲਮਸਾਜ਼ ਕਮਾਲ-ਉਦ-ਦੀਨ ਮੁਹੰਮਦ ਕਮਾਲ।*

ਵਿਦਿਆ ਬਾਲਨ ਨੇ ਭਾਵੇਂ ਕਿਹਾ ਹੈ ਕਿ ਉਸ ਨੇ ਕਿਸੇ ਦੇ ਦਬਾਅ ਅਧੀਨ ਇਹ ਫਿਲਮ ਨਹੀਂ ਛੱਡੀ ਹੈ, ਪਰ ਖ਼ਬਰਾਂ ਇਹੀ ਹਨ ਕਿ ਫਿਲਮਸਾਜ਼ ਕਮਾਲ ਅਤੇ ਭਾਜਪਾ-ਆਰ.ਐਸ.ਐਸ. ਵਿਚਕਾਰ ਚੱਲ ਰਿਹਾ ਤਣਾਅ ਅਤੇ ਟਕਰਾਅ ਹੀ ਉਸ ਦੇ ਇਸ ਫੈਸਲੇ ਦਾ ਕਾਰਨ ਬਣਿਆ ਹੈ। ਅਸਲ ਵਿਚ ਪਿਛਲੇ ਸਾਲ ਜੁਲਾਈ ਮਹੀਨੇ ਜਦੋਂ ਤੋਂ ਕਮਾਲ ਨੇ ਕੇਰਲ ਦੀ ਚਲਚਿੱਤਰ ਅਕੈਡਮੀ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ ਹੈ, ਵਾਦ-ਵਿਵਾਦ ਵਧਦਾ ਹੀ ਗਿਆ ਹੈ। ਕੇਰਲ ਦੇ ਕੌਮਾਂਤਰੀ ਫਿਲਮ ਮੇਲੇ ਦੌਰਾਨ ਜਦੋਂ ਕੌਮੀ ਤਰਾਨਾ ਚੱਲ ਰਿਹਾ ਸੀ ਤਾਂ ਕਮਾਲ ਉਠ ਕੇ ਖੜ੍ਹਾ ਨਹੀਂ ਸੀ ਹੋਇਆ (ਜਿਸ ਤਰ੍ਹਾਂ ਸੁਪਰੀਮ ਕੋਰਟ ਨੇ ਆਪਣੇ ਆਦੇਸ਼ ਵਿਚ ਕਿਹਾ ਹੋਇਆ ਹੈ)। ਇਸ 'ਤੇ ਭਾਜਪਾ, ਆਰ.ਐਸ.ਐਸ ਅਤੇ ਹੋਰ ਕੱਟੜ ਜਥੇਬੰਦੀਆਂ ਨੇ ਉਸ ਨੂੰ ਦੇਸ਼ ਵਿਰੋਧੀ ਗਰਦਾਨ ਕੇ ਪਾਕਿਸਤਾਨ ਚਲੇ ਜਾਣ ਲਈ ਕਹਿ ਦਿੱਤਾ ਸੀ, ਪਰ ਉਸ ਵੇਲੇ ਵੀ ਕਮਾਲ ਇਨ੍ਹਾਂ ਬੁਰਛਾਗਰਦਾਂ ਖਿਲਾਫ਼ ਡਟਿਆ ਰਿਹਾ ਅਤੇ ਇਨ੍ਹਾਂ ਨੂੰ ਨੁਕਤਾ-ਦਰ-ਨੁਕਤਾ ਵੰਗਾਰਦਾ ਰਿਹਾ। ਕਮਾਲ ਹੁਣ ਤੱਕ 48 ਫ਼ਿਲਮਾਂ 'ਤੇ ਕੰਮ ਕਰ ਚੁੱਕਾ ਹੈ ਅਤੇ ਉਸ ਨੂੰ ਉਮਦਾ ਕੰਮ ਬਦਲੇ ਕੌਮੀ ਪੁਰਸਕਾਰ ਵੀ ਮਿਲ ਚੁੱਕਿਆ ਹੈ।

ਕਮਲਾ ਦਾਸ ਵਾਲੀ ਇਹ ਫਿਲਮ 'ਆਮੀ' ਇਸੇ ਸਾਲ ਰਿਲੀਜ਼ ਕੀਤੀ ਜਾਣੀ ਹੈ। ਵਿਦਿਆ ਦੇ ਇਸ ਫੈਸਲੇ ਤੋਂ ਕਮਾਲ ਨਾਰਾਜ਼ ਹੈ। ਉਸ ਮੁਤਾਬਕ, ਜੇ ਵਿਦਿਆ ਨੇ ਪ੍ਰੋਜੈਕਟ ਤੋਂ ਪਿਛਾਂਹ ਹੀ ਹਟਣਾ ਸੀ ਤਾਂ ਪਹਿਲਾਂ ਅਜਿਹਾ ਕਰਨਾ ਚਾਹੀਦਾ ਸੀ। ਦੋ ਸਾਲਾਂ ਤੋਂ ਪ੍ਰੋਜੈਕਟ ਉਤੇ ਕੰਮ ਚੱਲ ਰਿਹਾ ਹੈ, ਹੁਣ ਜਦੋਂ ਸਾਰਾ ਕੁਝ ਤੈਅ ਹੋ ਗਿਆ ਹੈ ਤਾਂ ਵਿਦਿਆ ਪਿਛਾਂਹ ਹਟ ਗਈ ਹੈ, ਉਸ ਨੂੰ ਕੁਝ ਤਾਂ ਜੇਰਾ ਦਿਖਾਉਣਾ ਚਾਹੀਦਾ ਸੀ। ਅਸਲ ਵਿਚ ਵਿਦਿਆ ਬਾਲਨ ਨਹੀਂ ਚਾਹੁੰਦੀ ਕਿ ਉਹ ਇਸ ਫਿਲਮ ਕਾਰਨ ਕਿਸੇ ਕਿਸਮ ਦੇ ਝੰਜਟ ਵਿਚ ਫਸੇ। ਇਸੇ ਕਰ ਕੇ ਪੱਤਰਕਾਰਾਂ ਨੇ ਜਦੋਂ ਵਿਦਿਆ ਬਾਲਨ ਨੂੰ ਰਤਾ ਕੁ ਕੁਰੇਦਿਆ ਤਾਂ ਉਸ ਨੇ ਸਿਰਫ਼ ਇਹ ਕਹਿ ਕੇ ਪੱਲਾ ਛੁਡਾ ਲਿਆ ਕਿ ਉਹ ਕੋਈ ਸੁਪਰਵਿਮੈਨ ਨਹੀਂ ਹੈ।

# ਸਿਨੇਮਾ 2016: ਪਟਕਥਾ ਲੇਖਕਾਂ ਦੇ ਨਾਮ ਰਿਹਾ-2



ਕੁਲਦੀਪ ਕੌਰ
ਫੋਨ: +91-98554-04330

ਸਾਲ 2016 ਵਿਚ ਆਈ ਫਿਲਮ 'ਕੀ & ਕਾ' ਵਿਚ ਤਜਰਬਾ ਕੀਤਾ ਗਿਆ। ਕਰੀਨਾ ਕਪੂਰ ਅਤੇ ਅਰਜਨ ਕਪੂਰ ਦੀਇਸ ਫਿਲਮ ਵਿਚ ਵਿਆਹ ਸੰਸਥਾ ਵਿਚ ਔਰਤ-ਮਰਦ ਦੀ ਭੂਮਿਕਾ ਨੂੰ ਇੱਕ-ਦੂਜੇ ਨਾਲ ਬਦਲ ਕੇ ਦੇਖਿਆ ਗਿਆ। ਵਧੀਆ ਵਿਸ਼ਾ-ਵਸਤੂ ਹੋਣ ਦੇ ਬਾਵਜੂਦ ਫਿਲਮ ਆਪਣੇ ਹੀ ਦਵੰਦਾਂ ਦਾ ਸ਼ਿਕਾਰ ਹੋ ਕੇ ਰਹਿ ਗਈ।

ਮਾਂ-ਧੀ ਦੇ ਰਿਸ਼ਤੇ ਦੀ ਨਵੀਂ ਵਿਆਖਿਆ ਕਰਦੀ ਫਿ.ਲਮ 'ਨਿੱਲ ਬਟੇ ਸੰਨਾਟਾ' ਆਪਣੇ ਨਾਟਕੀਕਰਨ ਅਤੇ ਲੀਕ ਤੋਂ ਹਟ ਕੇ ਲਿਖੀ ਪਟਕਥਾ ਕਾਰਨ ਸਾਰਥਿਕ ਸੰਵਾਦ ਰਚਾਉਣ ਵਿਚ ਕਾਮਯਾਬ ਰਹੀ। ਫਿਲਮ ਨੇ ਇਸ ਗੱਲ ਵੱਲ ਵੀ ਇਸ਼ਾਰਾ ਕੀਤਾ ਕਿ ਆਲਮੀਕਰਨ ਅਤੇ ਉਦਾਰਵਾਦ ਦੇ ਇਸ ਦੌਰ ਵਿਚ ਹਾਲੇ ਵੀ ਆਮ ਲੋਕਾਂ ਦੀਆਂ ਸਮੱਸਿਆਵਾਂ 'ਤੇ ਕੰਮ ਕਰਨ ਦੀ ਸੋਝੀ ਸਿਨੇਮਾ ਦੇ ਖੇਤਰ ਵਿਚ ਬਚੀ ਹੋਈ ਹੈ। ਸਵਰਾ ਭਾਸਕਰ ਦੀ ਅਦਾਕਾਰੀ ਨੇ ਉਸ ਤੋਂ ਹੋਰ ਉਮੀਦਾਂ ਜਗਾਈਆਂ ਹਨ। ਫਿਲਮ ਕੁੜੀਆਂ ਦੀ ਪੜ੍ਹਾਈ ਦੀ ਜ਼ੋਰਦਾਰ ਵਕਾਲਤ ਕਰਦੀ ਹੈ।

ਫਿਲਮ 'ਅਜ਼ਹਰ' ਵਿਵਾਦਾਂ ਕਾਰਨ ਚਰਚਾ ਵਿਚ ਰਹੀ। ਇਹ ਫਿਲਮ ਕ੍ਰਿਕਟਰ ਮੁਹੰਮਦ ਅਜ਼ਹਰੂਦੀਨ ਦੀ ਜ਼ਿੰਦਗੀ 'ਤੇ ਆਧਾਰਤ ਸੀ। ਫਿਲਮ ਉਤੇ ਪਹਿਲਾ ਇਤਰਾਜ਼ ਐਮ.ਏ. ਗਣਪਤੀ (ਸੀ.ਬੀ.ਆਈ. ਵਿਚ ਮੈਚ ਫਿਕਸਿੰਗ ਕੇਸ ਵਿਚ ਮੁੱਖ ਅਧਿਕਾਰੀ) ਨੇ ਖੜ੍ਹਾ ਕੀਤਾ। ਉਨ੍ਹਾਂ ਅਨੁਸਾਰ, ਫਿਲਮ ਨੇ ਅਜ਼ਹਰੂਦੀਨ ਨੂੰ ਮੈਚ ਫਿਕਸਿੰਗ ਕੇਸ ਵਿਚ ਕਲੀਨ ਚਿਟ ਦਿੱਤੀ ਹੈ ਜੋ ਸਰਾਸਰ ਗਲਤ ਹੈ। ਅਜਿਹੇ ਕਾਫੀ ਸਬੂਤ ਹਨ ਕਿ ਉਹ ਦੋਸ਼ੀ ਸੀ। ਫਿਲਮ ਦੇ ਅਜਿਹੇ ਵਿਹਾਰ ਤੋਂ ਭਾਰਤੀ ਸਿਨੇਮਾ ਦੀ ਜੁਰਮ ਨੂੰ ਗਲੈਮਰਾਈਜ਼ ਅਤੇ ਰੋਮਾਂਟਸਾਈਜ਼ ਕਰਨ ਦੀ ਮਾੜੀ ਪਿਰਤ ਦਾ ਵੀ ਪਤਾ ਲੱਗਦਾ ਹੈ ਜਿਥੇ ਸੱਤਾ ਵਾਲੀ ਸ਼ਖਸੀ ਪੂਜਾ ਨੂੰ ਆਦਰਸ਼ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ।

ਅਸਹਿਣਸ਼ੀਲਤਾ ਬਾਰੇ ਭਖਵੀਆਂ ਬਹਿਸਾਂ ਅਤੇ ਸੋਚਣ-ਸਮਝਣ-ਬੋਲਣ ਦੀ ਆਜ਼ਾਦੀ ਨੂੰ ਕੁਚਲਣ ਦੀ ਕੁਟਲ ਸਿਆਸਤ ਦੇ ਇਸ ਸਾਲ ਵਿਚ 'ਬੁੱਧਾ ਇਨ ਏ ਟਰੈਫਿਕ ਜਾਮ' ਦਾ ਰਿਲੀਜ਼ ਹੋਣਾ ਸਿਨੇਮਾ ਦੇ ਕੱਟੜਪੰਥੀ ਤੇ ਮੌਕਾਪ੍ਰਸਤ ਤਾਕਤਾਂ ਦੇ ਹੱਥਾਂ ਵਿਚ ਜਾਣ ਦਾ ਚਿੰਨ੍ਹ ਹੈ। ਇਹ ਫਿਲਮ ਹਿਟਲਰ ਦੇ ਪ੍ਰਚਾਰ ਸੰਦਾਂ ਦੀ ਯਾਦ ਦਿਵਾ ਜਾਂਦੀ ਹੈ। ਫਿਲਮ ਰਾਹੀ ਜਿਥੇ ਕ੍ਰਾਂਤੀ ਦੀ ਜ਼ਰੂਰਤ ਅਤੇ ਉਦੇਸ਼ਾਂ ਬਾਰੇ ਗਲਤ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਥੇ ਜਲ-ਜੰਗਲ-ਜ਼ਮੀਨ ਦੇ ਸੰਘਰਸ਼ਾਂ ਨੂੰ ਭਟਕੇ ਅਵਾਮ ਦੀ ਕਲਪਨਾ ਕਹਿ ਕੇ ਰੱਦ ਕਰ ਦਿੱਤਾ ਗਿਆ। ਯਾਦ ਰਹੇ, ਇਸ ਫਿ.ਲਮ ਦਾ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਹੈ ਜਿਸ ਨੇ ਇਸ ਫਿਲਮ ਤੋਂ ਪਹਿਲਾ 'ਚਾਕਲੇਟ' ਅਤੇ 'ਹੇਟ ਸਟੋਰੀ' ਵਰਗੀਆਂ ਬੀ-ਗਰੇਡ ਫਿਲਮਾਂ ਬਣਾਈਆਂ ਹਨ। ਪਾਕਿਸਤਾਨ ਦੀ ਜੇਲ ਵਿਚ ਕੈਦੀਆਂ ਹੱਥੋਂ ਮਾਰੇ ਗਏ ਸਰਬਜੀਤ ਸਿੰਘ ਦੇ ਪਰਿਵਾਰ ਦੇ ਨਜ਼ਰੀਏ ਤੋਂ ਬਣਾਈ ਫਿਲਮ 'ਸਰਬਜੀਤ' ਵੱਡੇ ਸਿਤਾਰਿਆਂ ਦੇ ਬਾਵਜੂਦ ਕੋਈ ਖਾਸ ਕ੍ਰਿਸ਼ਮਾ ਨਾ ਕਰ ਸਕੀ। ਵੱਡੇ ਪੱਧਰ ਤੇ ਕੀਤਾ ਪ੍ਰਚਾਰ ਵੀ ਬੇਅਸਰ ਰਿਹਾ।ਇਸ ਦਾ ਕਾਰਣ ਸ਼ਾਇਦ ਸਰਬਜੀਤ ਬਾਰੇ ਭਾਰਤੀ-ਪਾਕਿਸਤਾਨੀ ਤੂਰੀਆਂ ਕਹਾਣੀਆਂ ਦਾ ਕਿਸੇ ਤਣ-ਪੱਤਣ ਨਾ ਲੱਗਣਾ ਸੀ ਜਿਸ ਨਾਲ ਦਰਸ਼ਕ ਫਿਲਮ ਨਾਲ ਭਾਵਨਾਤਮਿਕ ਤੌਰ 'ਤੇ ਨਾ ਜੁੜ ਸਕੇ। ਪੰਜਾਬ ਨਾਲ ਸਬੰਧਤ ਇੱਕ ਹੋਰ ਫਿਲਮ ਜਿਸ ਨੇ ਲੰਮਾ ਸਮਾਂ ਸੈਂਸਰ ਬੋਰਡ, ਬਾਦਲ ਸਰਕਾਰ, ਆਮ ਆਦਮੀ ਪਾਰਟੀ ਅਤੇ ਫਿਲਮ ਦੇ ਨਿਰਮਾਤਾ-ਨਿਰਦੇਸ਼ਕ ਨੂੰ ਵਕਤ ਪਾਈ ਰੱਖਿਆ, ਉਹ ਸੀ 'ਉੜਤਾ ਪੰਜਾਬ'। ਫਿਲਮ ਮੁੱਖ ਧਾਰਾ ਸਿਨੇਮਾ ਦੁਆਰਾ ਤਤਕਾਲੀ ਪੰਜਾਬ ਦੀ ਕੀਤੀ ਅਜਿਹੀ ਪੇਸ਼ਕਾਰੀ ਸੀ ਜਿਸ ਵਿਚ ਜਿੰਨਾ ਸੱਚ ਦਿਖਾਇਆ ਗਿਆ ਸੀ, ਉਨਾ ਹੀ ਛੁਪਾਇਆ ਵੀ ਗਿਆ ਸੀ। ਅਜਿਹਾ ਸਿਨੇਮਾ ਵਿਚ ਤਦ ਵਾਪਰਦਾ ਹੈ ਜਦੋਂ ਫਿਲਮ, ਲੇਖਕ ਜਾਂ ਨਿਰਦੇਸ਼ਕ ਦੀ ਇਕਹਿਰੀ ਸੋਚ ਦਾ ਸ਼ਿਕਾਰ ਹੋ ਜਾਵੇ ਤੇ ਫਿਲਮ ਬਣਾਉਣਾ ਕਿਸੇ ਮਾੜੇ ਦਰਜ਼ੀ ਦੀਆਂ ਬਚੀਆਂ ਲੀਰਾਂ ਨਾਲ ਹਰ ਹਾਲ ਝੱਗਾ ਸਵਾਉਣ ਦੀ ਜ਼ਿੱਦ ਵਿਚ ਵੱਟ ਜਾਵੇ। ਆਲੀਆ ਭੱਟ ਦੀ ਅਦਾਕਾਰੀ ਇਸ ਫਿਲਮ ਦਾ ਹਾਸਿਲ ਰਹੀ। ਜੁਰਮ ਅਤੇ ਹਿੰਸਾ ਦੀ ਇਤਿਹਾਸਕਤਾ ਤੋਂ ਟੁੱਟੀਆਂ ਫਿਲਮਾਂ ਬਣਾਉਣ ਵਾਲੇ ਅਨੁਰਾਗ ਕਸ਼ਿਅਪ ਦੀ ਫਿਲਮ 'ਰਮਨ ਰਾਗਵ 2.0' ਲਹੂ ਨਾਲ ਰੰਗੀਆਂ ਗਲੀਆਂ ਅਤੇ ਕਤਲ ਕਰਨ ਦੀ ਭਿਆਨਕਤਾ ਕਾਰਨ ਦਰਸ਼ਕਾਂ ਦੇ ਰੌਂਗਟੇ ਖੜ੍ਹੇ ਕਰਨ ਵਿਚ ਕਾਮਯਾਬ ਰਹੀ। ਪਿਛਲੇ ਕੁਝ ਸਾਲਾਂ ਵਿਚ ਭਾਰਤੀ ਸਿਨੇਮਾ ਅਤੇ ਟੈ.ਲੀਵਿਜ਼ਨ ਉਤੇ ਜੁਰਮ ਜਿਸ ਢੰਗ ਨਾਲ ਦਿਖਾਏ ਜਾ ਰਹੇ ਹਨ, ਉਸ ਨੇ ਸਮਾਜਿਕ ਰਿਸ਼ਤਿਆਂ ਵਿਚ ਵੱਡੀ ਪੱਧਰ ਤੇ ਬੇਵਸਾਹੀ ਅਤੇ ਬੇਯਕੀਨੀ ਦਾ ਮਾਹੌਲ ਸਿਰਜਿਆ ਹੈ। ਅਨੁਰਾਗ ਦੀ ਇਹ ਫਿਲਮ ਕੁਝ ਹੱਦ ਤੱਕ 'ਕਰਾਈਮ ਪੈਟਰੋਲ' ਅਤੇ 'ਸਾਵਧਾਨ ਇੰਡੀਆ' ਦਾ ਅੱਪਡੇਟ ਵਰਜ਼ਨ ਹੀ ਭਾਸਦੀ ਹੈ ਜਿਥੇ ਕਾਤਲ ਸਿਰਫ ਕਤਲ ਕਰਨ ਲਈ ਕਤਲ ਕਰਦਾ ਹੈ। ਇਹ ਸਮਾਜ ਲਈ ਕੀ ਸੁਨੇਹਾ ਦਿੰਦਾ ਹੈ, ਇਸ ਦਾ ਅੰਦਾਜ਼ਾ ਧੜਾਧੜ ਵਿਕ ਰਹੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਗਿਣਤੀ ਤੋਂ ਲਗਾਇਆ ਜਾ ਸਕਦਾ ਹੈ।

*(ਬਾਕੀ ਅਗਲੇ ਅੰਕ ਵਿਚ)*



*ਫਿਲਮ 'ਨਿੱਲ ਬਟੇ ਸੰਨਾਟਾ' ਦੀ ਇਕ ਝਲਕ।*






ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਚ ਪੋਰਟ ਬਲੇਅਰ ਦੀ ਸੈਲੂਲਰ ਜੇਲ੍ਹ ਕਾਲੇ ਪਾਣੀ ਵਜੋਂ ਮਸ਼ਹੂਰ ਹੈ ਜਿਥੇ ਗਦਰੀਆਂ ਨੇ ਨਵਾਂ ਇਤਿਹਾਸ ਸਿਰਜਿਆ। ਅੰਗਰੇਜ਼ ਹਾਕਮਾਂ ਨੇ ਦੇਸ਼ ਭਗਤਾਂ ਦਾ ਮਨੋਬਲ ਤੋੜਨ ਲਈ ਉਨ੍ਹਾਂ ਨੂੰ ਇਸ ਉਚੇਚੀ ਬਣਵਾਈ ਜੇਲ੍ਹ ਅੰਦਰ ਡੱਕਿਆ ਸੀ ਅਤੇ ਉਨ੍ਹਾਂ ਉਤੇ ਅਥਾਹ ਤਸ਼ੱਦਦ ਢਾਹੇ, ਪਰ ਗਦਰੀ ਜਿਸ ਮਿੱਟੀ ਦੇ ਬਣੇ ਹੋਏ ਸਨ, ਉਸ ਨੇ ਆਪਣਾ ਰੰਗ ਦਿਖਾਇਆ ਅਤੇ ਇਨ੍ਹਾਂ ਸੂਰਮਿਆਂ ਨੇ ਝੁਕਣ ਦੀ ਥਾਂ ਕੁਰਬਾਨੀਆਂ ਦੀ ਝੜੀ ਲਾਈ ਰੱਖੀ। ਸਾਡੇ ਕਾਲਮਨਵੀਸ ਬੂਟਾ ਸਿੰਘ ਆਪਣੇ ਕੁਝ ਸਾਥੀਆਂ ਨਾਲ ਦੇਸ਼ ਭਗਤਾਂ ਨਾਲ ਜੁੜੀ ਇਸ ਥਾਂ ਦਾ ਗੇੜਾ ਕੱਢ ਕੇ ਆਏ ਹਨ। ਉਨ੍ਹਾਂ ਇਸ ਬਾਰੇ ਆਪਣੇ ਅਹਿਸਾਸ ਸਾਂਝੇ ਕੀਤੇ ਹਨ। ਅਗਲੀ ਵਾਰ ਹਿੰਦੂਤਵਵਾਦ ਦੇ ਰਾਹ ਮੁੜ ਗਏ ਵੀਰ ਸਾਵਰਕਰ ਬਾਰੇ ਕੁਝ ਤੱਥ ਵਿਚਾਰੇ ਜਾਣਗੇ। -ਸੰਪਾਦਕ

# ਅੱਖੀਂ ਡਿੱਠੀ ਕਾਲੇ ਪਾਣੀ ਜੇਲ੍ਹ



ਬਚਪਨ ਤੋਂ ਹੀ ਕਾਲੇ ਪਾਣੀਆਂ ਵਾਲੀ ਜੇਲ੍ਹ ਦਾ ਨਾਂ ਬੇਸ਼ੁਮਾਰ ਵਾਰ ਸੁਣਿਆ ਹੋਇਆ ਸੀ ਜੋ ਇਸ ਮਹਾਨ ਮਿੱਟੀ ਨੂੰ ਸਲਾਮ ਕਰਨ ਦੀ ਖਿੱਚ ਪੈਦਾ ਕਰਦਾ ਸੀ। ਬਹੁਤ ਸਾਰੇ ਵਤਨ ਪ੍ਰੇਮੀ ਜੁਝਾਰੂਆਂ ਦੀਆਂ ਸੰਗਰਾਮੀ ਜੀਵਨੀਆਂ ਅੰਦਰ ਇਸ ਜੇਲ੍ਹ ਦੇ ਜ਼ੁਲਮਾਂ ਦਾ ਉਚੇਚਾ ਜ਼ਿਕਰ ਮਿਲਦਾ ਹੈ। ਤਿੰਨ ਸਾਲ ਪਹਿਲਾਂ ਗ਼ਦਰ ਸ਼ਤਾਬਦੀ ਮਹਾਨ ਗ਼ਦਰੀ ਇਨਕਲਾਬੀਆਂ ਦੇ ਲਹੂ ਵੀਟਵੇਂ ਸੰਗਰਾਮ ਦੇ ਪੰਨਿਆਂ 'ਤੇ ਮੁੜ ਝਾਤ ਮਾਰਨ ਦਾ ਮੌਕਾ ਲੈ ਕੇ ਆਈ। ਇਹ ਇਕ ਮੌਕਾ ਸੀ ਉਨ੍ਹਾਂ ਇਨਕਲਾਬੀਆਂ ਦੀ ਸੂਰਮਗਤੀ ਦੀ ਕਹਾਣੀ ਮੁੜ ਪੜ੍ਹਨ ਦਾ ਜਿਨ੍ਹਾਂ ਦੀ ਫ਼ਾਂਸੀ ਦੀ ਸਜ਼ਾ ਘਟਾ ਕੇ ਉਮਰ ਕੈਦ ਵਿਚ ਬਦਲ ਦਿੱਤੀ ਗਈ ਸੀ ਅਤੇ ਜਿਨ੍ਹਾਂ ਨੇ ਵਤਨ ਦੀ ਆਜ਼ਾਦੀ ਦੀ ਖ਼ਾਤਰ 'ਕਾਲੇ ਪਾਣੀ' ਜੇਲ੍ਹ ਦੇ ਜ਼ੁਲਮਾਂ ਨਾਲ ਟੱਕਰ ਲਈ। ਗ਼ਦਰੀਆਂ ਨੇ ਇਥੇ ਆ ਕੇ ਵੀ ਜ਼ੁਲਮਾਂ ਦੇ ਖ਼ਿਲਾਫ਼ ਇਨਕਲਾਬੀ ਸੂਰਮਗਤੀ ਦਾ ਨਿਆਰਾ ਇਤਿਹਾਸ ਸਿਰਜ ਦਿੱਤਾ।



**ਬੂਟਾ ਸਿੰਘ**
ਫੋਨ: +91-94634-74342

ਅੰਡੇਮਾਨ ਨਾਂ ਸੁਣ ਕੇ ਜ਼ਿਹਨ ਵਿਚ ਉਨ੍ਹਾਂ ਬੇਮਿਸਾਲ ਜ਼ਾਲਮ ਤਸੀਹਿਆਂ ਅਤੇ ਤਸ਼ੱਦਦ ਦੀ ਖ਼ੌਫ਼ਨਾਕ ਤਸਵੀਰ ਉਭਰ ਆਉਂਦੀ ਹੈ ਜੋ ਹਿੰਦੁਸਤਾਨੀ ਦੇਸ਼ ਭਗਤਾਂ ਨੇ 'ਕਾਲੇਪਾਣੀ' ਵਿਚ ਖਿੜੇ ਮੱਥੇ ਬਰਦਾਸ਼ਤ ਕੀਤੇ, ਪਰ ਉਹ ਅੰਗਰੇਜ਼ ਬਸਤੀਵਾਦ ਅੱਗੇ ਨਹੀਂ ਝੁਕੇ। ਉਥੇ ਪਹੁੰਚਣ ਸਾਰ ਸਭ ਤੋਂ ਵੱਧ ਉਤਸੁਕਤਾ ਉਸ 'ਕਾਲੇਪਾਣੀ' ਜੇਲ੍ਹ ਦੇ ਦੀਦਾਰ ਕਰਨ ਦੀ ਹੁੰਦੀ ਹੈ ਜਿਥੇ ਸਾਡੇ ਵਤਨ ਪ੍ਰੇਮੀ ਇਨਕਲਾਬੀ ਅੰਗਰੇਜ਼ ਅਫਸਰਾਂ ਦੇ ਘੋਰ ਤਸੀਹਿਆਂ ਦਾ ਜ਼ੁਲਮ ਆਪਣੇ ਪਿੰਡਿਆਂ ਉਪਰ ਝੱਲਦੇ ਰਹੇ, ਜਿਥੇ ਉਨ੍ਹਾਂ ਨੂੰ ਫਾਂਸੀ ਦਿੱਤਾ ਗਿਆ, ਜਾਂ ਉਨ੍ਹਾਂ ਨੂੰ ਕੈਦ ਰੱਖਿਆ ਗਿਆ। ਫਿਰ ਵੀ, ਸਭ ਤੋਂ ਪਹਿਲਾਂ ਇਨ੍ਹਾਂ ਟਾਪੂਆਂ ਦੇ ਨੇੜੇ ਪਹੁੰਚ ਕੇ ਵਿਸ਼ਾਲ ਪਾਣੀਆਂ ਵਿਚੋਂ ਅਚਾਨਕ ਨਿੱਕੇ-ਨਿੱਕੇ ਟਾਪੂਆਂ ਦੀ ਹਰਿਆਵਲ ਧਿਆਨ ਖਿੱਚਦੀ ਹੈ। ਅੱਖਾਂ ਚੁੰਧਿਆਊ ਕੁਦਰਤੀ ਖ਼ੂਬਸੂਰਤੀ ਨਜ਼ਰਾਂ ਨੂੰ ਇਸ ਕਦਰ ਕੀਲ ਲੈਂਦੀ ਹੈ ਕਿ ਚੰਦ ਪਲਾਂ ਲਈ ਜ਼ਿਹਨ ਵਿਚੋਂ 'ਕਾਲੇ ਪਾਣੀ' ਦੇ ਖ਼ੌਫ਼ਨਾਕ ਖ਼ਿਆਲ ਵਿਸਰ ਹੀ ਜਾਂਦੇ ਹਨ।

ਸਾਮਰਾਜਵਾਦੀ-ਬਸਤੀਵਾਦੀ ਪ੍ਰਬੰਧ ਕਿਵੇਂ ਕਿਸੇ ਕੁਦਰਤੀ ਖ਼ੂਬਸੂਰਤੀ ਦੇ ਅਜ਼ੀਮ ਨਜ਼ਾਰੇ ਨੂੰ ਵੀ ਭਿਆਨਕ ਖ਼ੌਫ਼ ਅਤੇ ਮੌਤ ਦਾ ਪ੍ਰਤੀਕ ਵਿਚ ਬਦਲ ਦਿੰਦਾ ਸੀ, ਇਹ ਟਾਪੂ ਇਸ ਦੀ ਮੁੱਖ ਮਿਸਾਲ ਹਨ। ਮਨੁੱਖੀ ਤਹਿਜ਼ੀਬ ਤੋਂ ਅਟੰਕ, ਸੰਘਣੇ ਵਸੋਂ ਖੇਤਰਾਂ ਤੋਂ ਬਹੁਤ ਦੂਰ ਵਿਸ਼ਾਲ ਸਮੁੰਦਰ ਅੰਦਰਲੇ ਇਹ ਟਾਪੂ ਆਧੁਨਿਕ ਸ਼ੋਰ-ਸ਼ਰਾਬੇ ਤੋਂ ਰਹਿਤ ਕੁਦਰਤੀ ਖ਼ੂਬਸੂਰਤੀ ਦੇ ਮੁਜੱਸਮੇ ਸਨ। ਸ਼ੈਤਾਨ ਦਿਮਾਗ ਅੰਗਰੇਜ਼ ਬਸਤੀਵਾਦੀਆਂ ਨੂੰ ਇਹ ਅਲੱਗ-ਥਲੱਗਤਾ ਅਤੇ ਇਕਾਂਤ ਬਹੁਤ ਪਸੰਦ ਆਈ ਜਿਸ ਨੂੰ ਵਤਨਪ੍ਰਸਤ ਯੋਧਿਆਂ ਦਾ ਮਨੋਬਲ ਤੋੜਨ ਲਈ ਹਥਿਆਰ ਬਣਾ ਕੇ ਇਸਤੇਮਾਲ ਕੀਤਾ ਜਾ ਸਕਦਾ ਸੀ। ਇਸ ਨੂੰ 'ਸਭ ਤੋਂ ਖ਼ਤਰਨਾਕ' ਦੇਸ਼ ਭਗਤਾਂ ਨੂੰ ਵਤਨ ਦੀ ਸਰਜ਼ਮੀਨ ਤੋਂ ਵੱਖ ਕਰ ਕੇ ਜਾਨਲੇਵਾ ਮੁਸ਼ੱਕਤ ਅਤੇ ਤਸੀਹਿਆਂ ਜ਼ਰੀਏ ਤਿਲ-ਤਿਲ ਮਾਰਨ ਵਾਲੀ 'ਸਜ਼ਾ ਬਸਤੀ' ਵਜੋਂ ਵਿਕਸਤ ਕੀਤਾ ਗਿਆ। ਬਰਤਾਨਵੀ ਰਾਜ ਦੇ ਅਧਿਕਾਰੀਆਂ ਵਲੋਂ ਵਧੇਰੇ ਖ਼ਤਰਨਾਕ ਆਜ਼ਾਦੀ ਘੁਲਾਟੀਆਂ ਨੂੰ ਇਥੇ ਭੇਜ ਕੇ ਤਨਹਾ ਕੈਦ-ਕੋਠੜੀਆਂ ਵਿਚ ਬੰਦ ਕਰ ਦਿੱਤਾ ਜਾਂਦਾ ਸੀ ਅਤੇ ਤਰ੍ਹਾਂ-ਤਰ੍ਹਾਂ ਦੇ ਜ਼ਾਲਮ ਤੋਂ ਜ਼ਾਲਮ ਤਸੀਹੇ ਦੇ ਕੇ ਉਨ੍ਹਾਂ ਦਾ ਸਿਦਕ ਪਰਖਿਆ ਜਾਂਦਾ ਸੀ। ਜ਼ਿਆਦਾਤਰ ਵਤਨਪ੍ਰਸਤ ਕੈਦੀ ਇਸ ਇਮਤਿਹਾਨ ਉਪਰ ਪੂਰੇ ਉਤਰੇ। ਕੁਝ ਮਿਸਾਲਾਂ ਐਸੀਆਂ ਵੀ ਹਨ ਜਦੋਂ ਇਥੋਂ ਦੇ ਤਸੀਹਿਆਂ ਦਾ ਮੁਕਾਬਲਾ ਕਰਦਿਆਂ ਕਈ ਇਨਕਲਾਬੀਆਂ ਦੀ ਯਾਦਦਾਸ਼ਤ ਹੀ ਖ਼ਤਮ ਹੋ ਗਈ, ਪਰ ਉਨ੍ਹਾਂ ਨੇ ਜ਼ੁਲਮਾਂ ਅੱਗੇ ਗੋਡੇ ਨਹੀਂ ਟੇਕੇ। ਮਗਰੋਂ ਹਿੰਦੂਤਵ ਦਾ ਸਿਧਾਂਤਘਾੜਾ ਬਣਿਆ ਸਾਵਰਕਰ ਹੀ ਸ਼ਾਇਦ ਇਕੋ-ਇਕ ਮਿਸਾਲ ਹੈ ਜੋ ਇਸ ਇਮਤਿਹਾਨ ਵਿਚ ਫੇਲ੍ਹ ਹੋਇਆ ਸੀ।

ਪੋਰਟ ਬਲੇਅਰ ਇਸ ਦੀਪ ਸਮੂਹ ਦੀ ਰਾਜਧਾਨੀ ਹੈ ਜਿਥੇ ਪਹੁੰਚਣ ਲਈ ਸਮੁੰਦਰੀ ਅਤੇ ਹਵਾਈ ਦੋ ਮਾਰਗ ਹਨ। ਹਵਾਈ ਉਡਾਣ ਰਾਹੀਂ ਦਿੱਲੀ ਤੋਂ ਬਰਾਸਤਾ ਕੋਲਕਾਤਾ ਜਾਂ ਚੇਨਈ ਪੰਜ ਕੁ ਘੰਟੇ ਦਾ ਸਫ਼ਰ ਹੈ, ਪਰ ਜੇ ਸਮੁੰਦਰੀ ਜਹਾਜ਼ ਰਾਹੀਂ ਜਾਣਾ ਹੋਵੇ ਤਾਂ ਕੋਲਕਾਤਾ ਤੇ ਚੇਨਈ ਬੰਦਰਗਾਹਾਂ ਤੋਂ ਪੋਰਟ ਬਲੇਅਰ ਪਹੁੰਚਣ ਲਈ ਤਿੰਨ ਦਿਨ ਤਿੰਨ ਰਾਤਾਂ ਸਫ਼ਰ ਕਰਨਾ ਪੈਂਦਾ ਹੈ। ਵਕਤ ਬਚਾਉਣ ਲਈ ਹਵਾਈ ਸਫ਼ਰ ਨੂੰ ਤਰਜੀਹ ਦਿੱਤੀ ਜਾਂਦੀ ਹੈ, ਪਰ ਜੇ ਉਸ ਅਨੁਭਵ ਨੂੰ ਆਪਣੀ ਕਲਪਨਾ ਦੇ ਅੰਦਰ ਸੱਚਮੁੱਚ ਮਹਿਸੂਸ ਕਰਨਾ ਹੋਵੇ ਜਿਸ ਵਿਚੋਂ ਦੀ ਇਥੇ ਭੇਜੇ ਜਾਣ ਵਾਲੇ ਕੈਦੀ ਗੁਜ਼ਰਦੇ ਸਨ ਤਾਂ ਸਮੁੰਦਰੀ ਸਫ਼ਰ ਨੂੰ ਹੀ ਤਰਜੀਹ ਦੇਣੀ ਚਾਹੀਦੀ ਹੈ। ਅੱਜ ਇਹ ਕਲਪਨਾ ਕੀਤੀ ਜਾ ਸਕਦੀ ਹੈ ਕਿ ਜਦੋਂ ਜਹਾਜ਼ ਪਾਣੀਆਂ ਵਿਚ ਠਿੱਲ੍ਹ ਕੇ ਇਸ ਸਰਜ਼ਮੀਨ ਤੋਂ ਦੂਰ ਹੁੰਦਾ ਜਾਂਦਾ ਹੋਵੇਗਾ ਤਾਂ ਹੱਥਕੜੀਆਂ ਅਤੇ ਬੇੜੀਆਂ ਵਿਚ ਜਕੜੇ, ਵਿਸ਼ਾਲ ਸਮੁੰਦਰ ਦਰਮਿਆਨ ਘਿਰੇ ਕੈਦੀਆਂ ਦੇ ਮਨਾਂ ਅੰਦਰ ਇਹ ਖ਼ਿਆਲ ਵਾਰ-ਵਾਰ ਆਉਂਦਾ ਹੋਵੇਗਾ ਕਿ ਉਨ੍ਹਾਂ ਨੂੰ ਜਿਥੇ ਭੇਜਿਆ ਜਾ ਰਿਹਾ ਹੈ, ਉਥੋਂ ਵਾਪਸ ਆ ਕੇ ਉਹ ਕਦੇ ਆਪਣੇ ਵਤਨ ਦੀ ਮਿੱਟੀ ਦੀ ਝਲਕ ਦੁਬਾਰਾ ਨਹੀਂ ਦੇਖ ਸਕਣਗੇ। ਇਨ੍ਹਾਂ ਟਾਪੂਆਂ ਦਾ ਨਾਂ 'ਕਾਲੇ ਪਾਣੀ' ਕਿਸੇ ਕਾਰਨ ਵੀ ਪ੍ਰਚਲਤ ਹੋਇਆ ਹੋਵੇ, ਅੰਗਰੇਜ਼ ਬਸਤੀਵਾਦੀ ਰਾਜ ਵਿਚ 'ਕਾਲੇ ਪਾਣੀ' ਸੱਚੀਓਂ ਹੀ ਕਾਲ ਦਾ ਬੁਲਾਵਾ ਹੁੰਦਾ ਸੀ ਜਿਥੋਂ ਕੋਈ ਵਿਰਲਾ-ਟਾਵਾਂ ਹੀ ਜਿਉਂਦਾ ਮੁੜਦਾ ਸੀ।

ਅੰਡੇਮਾਨ ਤੇ ਨਿਕੋਬਾਰ ਬੰਗਾਲ ਦੀ ਖਾੜੀ ਵਿਚ ਤਕਰੀਬਨ 321 ਸਮੁੰਦਰੀ ਟਾਪੂਆਂ ਦਾ ਸਮੂਹ ਹੈ। ਅੰਡੇਮਾਨ ਸਮੂਹ ਵਿਚ 259 ਟਾਪੂ ਹਨ ਅਤੇ ਨਿਕੋਬਾਰ ਸਮੂਹ ਵਿਚ 61 ਟਾਪੂ। ਪਹਿਲੇ ਸਮੂਹ ਦੀ ਵੱਧ ਤੋਂ ਵੱਧ ਚੌੜਾਈ 51 ਕਿਲੋਮੀਟਰ ਹੈ ਅਤੇ ਮਗਰਲੇ ਦੀ 58 ਕਿਲੋਮੀਟਰ। ਜੇ ਇਸ ਸਮੁੰਦਰੀ ਖੇਤਰ ਦੇ ਕੁਲ ਨਿੱਕੇ ਟਾਪੂਆਂ, ਸਮੁੰਦਰੀ ਚਟਾਨਾਂ ਅਤੇ ਚਟਾਨਾਂ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਇਹ ਗਿਣਤੀ 572 ਬਣ ਜਾਂਦੀ ਹੈ, ਪਰ ਇਨ੍ਹਾਂ ਵਿਚੋਂ ਆਬਾਦ ਟਾਪੂ ਸਿਰਫ਼ 38 ਹੀ ਹਨ। ਇਨ੍ਹਾਂ ਵਿਚੋਂ 26 ਅੰਡੇਮਾਨ ਸਮੂਹ ਦੇ ਟਾਪੂ ਹਨ ਅਤੇ 12 ਨਿੱਕੋਬਾਰ ਸਮੂਹ ਦੇ। ਇਥੇ ਅਜੇ ਵੀ ਐਸੇ ਕਬਾਇਲੀ ਭਾਈਚਾਰੇ ਵਸਦੇ ਹਨ ਜੋ ਆਦਿ ਮਨੁੱਖ ਦੀ ਜ਼ਿੰਦਗੀ ਜੀਅ ਰਹੇ ਹਨ। ਇਹ ਟਾਪੂ ਲੜੀ ਚਾਪਦਾਰ ਸ਼ਕਲ ਵਿਚ 700 ਕਿਲੋਮੀਟਰ ਤਕ ਫੈਲੀ ਹੋਈ ਹੈ। ਇਨ੍ਹਾਂ ਦਾ ਕੁਲ ਰਕਬਾ 8249 ਵਰਗ ਕਿਲੋਮੀਟਰ ਹੈ। ਸਮਝਿਆ ਜਾਂਦਾ ਹੈ ਕਿ ਪੰਜ ਕੁ ਹਜ਼ਾਰ ਸਾਲ ਪਹਿਲਾਂ ਤਕ ਇਹ ਟਾਪੂ ਉਤਰ ਵਿਚ ਮਿਆਂਮਾਰ ਤੋਂ ਲੈ ਕੇ ਦੱਖਣ ਵਿਚ ਸੁਮਾਤਰਾ ਤਕ ਫੈਲੀ ਪਰਬਤ ਮਾਲਾ ਦਾ ਹਿੱਸਾ ਹੁੰਦੇ ਸਨ ਜੋ ਕਿਸੇ ਕੁਦਰਤੀ ਉਥਲ-ਪੁਥਲ ਕਾਰਨ ਸਮੁੰਦਰੀ ਪਾਣੀ ਹੇਠ ਦਬ ਕੇ ਮੇਨਲੈਂਡ ਏਸ਼ੀਆ ਨਾਲੋਂ ਅਲੱਗ ਹੋ ਗਏ।

ਬਰਤਾਨਵੀ ਰਾਜ ਦੇ ਕਬਜ਼ੇ ਤੋਂ ਪਹਿਲਾਂ ਇਨ੍ਹਾਂ ਟਾਪੂਆਂ ਬਾਰੇ ਹਿੰਦੁਸਤਾਨ ਦੇ ਲੋਕ ਬਹੁਤ ਘੱਟ ਵਾਕਫ਼ ਸਨ। ਹਿੰਦੂ ਮਿਥਹਾਸ ਅਨੁਸਾਰ ਭਗਵਾਨ ਰਾਮ ਨੇ ਲੰਕਾ ਵਿਰੁੱਧ ਯੁੱਧ ਸਮੇਂ ਇਕ ਵਾਰ ਇਨ੍ਹਾਂ ਟਾਪੂਆਂ ਨੂੰ ਜੰਗੀ ਪੈੜੇ ਵਜੋਂ ਵਰਤਣ ਬਾਰੇ ਸੋਚਿਆ ਸੀ। ਕੁਝ ਹੋਰ ਹਿੰਦੁਸਤਾਨੀ ਰਾਜਿਆਂ ਵਲੋਂ ਵੀ ਬੰਗਾਲ ਦੀ ਖਾੜੀ ਜਾਂ ਇਸ ਤੋਂ ਪਾਰ ਦੀਆਂ ਰਿਆਸਤਾਂ ਉਪਰ ਕਬਜ਼ੇ ਦੇ ਯਤਨਾਂ ਦੌਰਾਨ ਇਨ੍ਹਾਂ ਵਿਚੋਂ ਇਕ ਜਾਂ ਦੂਜੇ ਟਾਪੂ ਨੂੰ ਵਕਤੀ ਤੌਰ 'ਤੇ ਆਪਣੇ ਅਧਿਕਾਰ ਹੇਠ ਲੈਣ ਦੇ ਯਤਨਾਂ ਦਾ ਜ਼ਿਕਰ ਮਿਲਦਾ ਹੈ। ਦਸਵੀਂ ਸਦੀ ਦੇ ਅਖ਼ੀਰ ਵਿਚ ਚੋਲ ਰਾਜਿਆਂ ਨੇ ਆਪਣੀ ਸਮੁੰਦਰੀ ਫ਼ੌਜ ਨੂੰ ਮਜ਼ਬੂਤ ਕੀਤਾ। ਉਸ ਸਮੇਂ ਸਮੁੰਦਰੀ ਮੁਹਿੰਮਾਂ ਅਤੇ ਬੰਗਾਲ ਦੀ ਖਾੜੀ ਤੋਂ ਪਾਰ ਦੀਆਂ ਰਿਆਸਤਾਂ ਉਪਰ ਹਮਲਿਆਂ ਵਿਚ ਤੇਜ਼ੀ ਆਈ। ਬੰਗਾਲ ਦੀ ਖਾੜੀ ਅਹਿਮ ਸਮੁੰਦਰੀ ਤਜਾਰਤੀ ਮਾਰਗ ਹੋਣ ਕਾਰਨ ਬਹੁਤ ਸਾਰੇ ਸਮੁੰਦਰੀ ਯਾਤਰੀਆਂ ਨੇ ਆਪਣੇ ਸਫ਼ਰਨਾਮਿਆਂ ਅਤੇ ਹੋਰ ਲਿਖਤਾਂ ਵਿਚ ਇਨ੍ਹਾਂ ਟਾਪੂਆਂ ਦਾ ਕੁਝ ਨਾ ਕੁਝ ਜ਼ਿਕਰ ਕੀਤਾ ਹੈ। ਪਹਿਲਾ ਕਲਮਬੰਦ ਹਵਾਲਾ ਕਸ਼ਮੀਰੀ ਕਵੀ ਕਸ਼ੇਂਦਰ ਦੀ ਕਿਰਤ 'ਬਾਧੀਸਤਵਵਾਦਨਾ ਕਲਪਾਤਾ' ਵਿਚ ਮਿਲਦਾ ਹੈ। ਇਸ ਕਵੀ ਨੇ ਬਿਆਨ ਕੀਤਾ ਹੈ ਕਿ ਸਮਰਾਟ ਅਸ਼ੋਕ (ਤੀਜੀ ਈਸਵੀ ਪੂਰਵ) ਤਕ ਪਹੁੰਚ ਕਰ ਕੇ ਕੁਝ ਹਿੰਦੁਸਤਾਨੀ ਤਾਜਰਾਂ ਨੇ ਸ਼ਿਕਾਇਤ ਕੀਤੀ ਸੀ ਕਿ ਜਦੋਂ ਉਹ ਇਨ੍ਹਾਂ ਟਾਪੂਆਂ ਵਿਚੋਂ ਦੀ ਹੋ ਕੇ ਗੁਜ਼ਰੇ ਤਾਂ 'ਕਾਲੇ ਜਾਂਗਲੀਆਂ' ਨੇ ਉਨ੍ਹਾਂ ਦਾ ਸਭ ਕੁਝ ਤਬਾਹ ਕਰ ਦਿੱਤਾ। ਉਨ੍ਹਾਂ ਨੇ ਸਮਰਾਟ ਦਾ ਧਿਆਨ ਤਜਾਰਤੀ ਜਹਾਜ਼ਾਂ ਦੀ ਸੁਰੱਖਿਆ ਵੱਲ ਦਿਵਾਇਆ। ਹੋਰ ਵੀ ਕਈ ਯਾਤਰੀਆਂ ਨੇ ਇਨ੍ਹਾਂ ਟਾਪੂਆਂ ਅਤੇ ਇਥੋਂ ਦੇ ਜੰਗਲੀ ਬਾਸ਼ਿੰਦਿਆਂ ਦੇ ਹਮਲਾਵਰ ਵਤੀਰੇ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦਾ ਆਪਣੇ ਮਿਸ਼ਨ ਤਹਿਤ ਹਿੰਦੁਸਤਾਨ ਆਉਣ ਸਮੇਂ ਕਿਸੇ ਨਾ ਕਿਸੇ ਤਰ੍ਹਾਂ ਅੰਡੇਮਾਨੀ ਜਾਂ ਨਿੱਕੋਬਾਰੀ ਕਬਾਇਲੀਆਂ ਨਾਲ ਵਾਹ ਪਿਆ। ਖ਼ਾਸ ਕਰ ਕੇ ਇਤਾਲਵੀ ਤਾਜਰ ਮਾਰਕੋ ਪੋਲੋ ਉਨ੍ਹਾਂ ਦਾ ਜ਼ਿਕਰ ਕਰਦਾ ਹੈ ਜੋ 1290 ਈਸਵੀ ਦੇ ਕਰੀਬ ਇਸ 'ਵਾਹਵਾ ਲੰਮੇ ਟਾਪੂ' ਕੋਲੋਂ ਦੀ ਹੋ ਕੇ ਗੁਜ਼ਰਿਆ ਸੀ। ਇਸ ਮਾਰਗ ਉਪਰਲੇ ਸਮੁੰਦਰੀ ਲੁਟੇਰਿਆਂ ਨਾਲ ਨਜਿੱਠਣਾ ਵੀ ਰਿਆਸਤਾਂ, ਖ਼ਾਸ ਕਰ ਕੇ ਬਸਤੀਵਾਦੀ ਤਾਕਤਾਂ ਦੀ ਵੱਡੀ ਸਮੱਸਿਆ ਸੀ ਜਿਸ ਵਿਚੋਂ ਇਨ੍ਹਾਂ ਟਾਪੂਆਂ ਉਪਰ ਕਬਜ਼ਾ ਕਰਨ ਦਾ ਯਤਨ ਕੀਤਾ ਜਾਂਦਾ ਸੀ; ਖ਼ਾਸ ਕਰ ਕੇ ਅਠਾਰਵੀਂ ਸਦੀ ਦੇ ਮਗਰਲੇ ਹਿੱਸੇ ਵਿਚ।



**ਪੋਰਟ ਬਲੇਅਰ ਦੀ ਸੈਲੂਲਰ ਜੇਲ੍ਹ ਦਾ ਮੁੱਖ ਦਰਵਾਜਾ।**

ਇਥੇ ਆ ਕੇ ਵਸਣ ਦਾ ਪਹਿਲਾ ਯਤਨ 1711 ਈਸਵੀ ਵਿਚ ਫਰਾਂਸੀਸੀ ਈਸਾਈ ਪਾਦਰੀਆਂ ਨੇ ਕੀਤਾ ਜੋ ਨਾਖ਼ੁਸ਼ਗਵਾਰ ਮੌਸਮ ਦਾ ਸ਼ਿਕਾਰ ਹੋ ਗਏ। ਸਮੁੰਦਰੀ ਲੁਟੇਰਿਆਂ ਵਲੋਂ ਬਰਤਾਨਵੀ ਸਮੁੰਦਰੀ ਜਹਾਜ਼ ਡੋਬਣ, ਜਹਾਜ਼ੀਆਂ ਨੂੰ ਕਤਲ ਕੀਤੇ ਜਾਣ ਦੀਆਂ ਵਾਰਦਾਤਾਂ ਉਪਰ ਕਾਬੂ ਪਾਉਣ ਅਤੇ ਆਪਣੇ ਤਜਾਰਤੀ ਜਹਾਜ਼ਾਂ ਲਈ ਮਹਿਫ਼ੂਜ਼ ਪੱਤਣ ਦੀ ਚੋਣ ਕਰਨ ਲਈ ਢੁੱਕਵੀਂ ਸਮੁੰਦਰੀ ਜਗ੍ਹਾ ਤਲਾਸ਼ਣ ਦੇ ਮਨੋਰਥ ਨਾਲ ਗਵਰਨਰ ਜਨਰਲ ਲਾਰਡ ਕਾਰਨਵਾਲਿਸ ਵਲੋਂ 1789 ਦੇ ਸ਼ੁਰੂ ਵਿਚ ਆਪਣੇ ਦੋ ਅਫਸਰਾਂ ਕੈਪਟਨ ਆਰਕੀਬਾਲਡ ਬਲੇਅਰ ਅਤੇ ਕਰਨਲ ਕੋਲਬਰੁੱਕ ਨੂੰ ਭੇਜਿਆ ਗਿਆ। ਪਹਿਲਾ ਮਸ਼ਹੂਰ ਜਲ ਸਰਵੇਖਕ ਈਸਟ ਇੰਡੀਆ ਕੰਪਨੀ ਦਾ ਨੌਕਰ ਸੀ ਅਤੇ ਦੂਜਾ ਹਿੰਦੁਸਤਾਨ ਵਿਚ ਤਾਇਨਾਤ ਸਰਵੇਅਰ ਜਨਰਲ ਸੀ। ਉਨ੍ਹਾਂ ਦੀ ਰਿਪੋਰਟ ਦੇ ਆਧਾਰ 'ਤੇ ਬਰਤਾਨਵੀ ਹਕੂਮਤ ਨੇ ਸਤੰਬਰ 1789 ਵਿਚ ਗਰੇਟ ਅੰਡੇਮਾਨ ਟਾਪੂ ਸਮੂਹਾਂ ਦੀ ਦੱਖਣ-ਪੂਰਬੀ ਖਾੜੀ ਦੇ ਚਠਮ ਟਾਪੂ ਉਪਰ ਪਹਿਲੀ ਬਸਤੀ ਵਸਾਉਣ ਦਾ ਫ਼ੈਸਲਾ ਕੀਤਾ। ਉਦੋਂ ਇਸ ਦਾ ਨਾਂ ਪੋਰਟ ਕਾਰਨਵਾਲਿਸ ਰੱਖਿਆ ਗਿਆ (ਬਾਅਦ ਵਿਚ ਇਸ ਦਾ ਨਾਂ ਪੋਰਟ ਬਲੇਅਰ ਰੱਖਿਆ ਗਿਆ)। ਨਾਖ਼ੁਸ਼ਵਗਾਰ ਮੌਸਮ ਨਾਲ ਹੋਏ ਨੁਕਸਾਨਾਂ ਕਾਰਨ 8 ਫਰਵਰੀ 1796 ਨੂੰ ਪੋਰਟ ਕਾਰਨਵਾਲਿਸ ਦੀ ਬਸਤੀ ਖ਼ਤਮ ਕਰ ਦਿੱਤੀ ਗਈ। ਉਸ ਵਕਤ ਇਥੇ 270 ਸਜ਼ਾਯਾਫ਼ਤਾ ਕੈਦੀ ਅਤੇ 550 ਮੁਕਤ ਬੰਗਾਲੀ ਬਾਸ਼ਿੰਦੇ ਸਨ। ਕੈਦੀਆਂ ਨੂੰ ਪੀਨਾਂਗ ਭੇਜ ਦਿੱਤਾ ਗਿਆ ਅਤੇ ਬੰਗਾਲੀ ਬਾਸ਼ਿੰਦੇ ਵਾਪਸ ਬੰਗਾਲ ਭੇਜ ਦਿੱਤੇ ਗਏ। ਸ਼ੁਰੂ ਵਿਚ ਇਹ ਬਸਤੀ ਸਜ਼ਾ ਜੇਲ੍ਹ ਬਣਾਉਣ ਦੇ ਮਨੋਰਥ ਨਾਲ ਨਹੀਂ ਸੀ। ਇਸ ਨੂੰ ਸੁਮਾਤਰਾ ਵਿਚਲੀ ਅੰਗਰੇਜ਼ ਫ਼ੌਜੀ ਛਾਉਣੀ ਬੈਂਕੁਲਿਨ ਅਤੇ ਪੀਨਾਂਗ ਆਦਿ ਫ਼ੌਜੀ ਛਾਉਣੀਆਂ ਦੀ ਤਰਜ਼ 'ਤੇ ਵਸਾਇਆ ਗਿਆ ਸੀ। ਹਿੰਦੁਸਤਾਨ ਤੋਂ ਸਜ਼ਾਯਾਫ਼ਤਾ ਕੈਦੀਆਂ ਨੂੰ ਇਥੇ ਉਸਾਰੀ ਵਿਚ ਮਦਦ ਕਰਨ ਲਈ ਭੇਜਿਆ ਗਿਆ।

ਅਗਲੇ ਛੇ ਦਹਾਕੇ ਇਹ ਟਾਪੂ ਕਿਸੇ ਦੇ ਅਧਿਕਾਰ ਹੇਠ ਨਹੀਂ ਰਹੇ। ਅੰਡੇਮਾਨੀ ਕਬਾਇਲੀ ਸਮੁੰਦਰੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਂਦੇ ਰਹਿੰਦੇ ਅਤੇ ਜਹਾਜ਼ੀਆਂ ਨੂੰ ਕਤਲ ਕਰ ਦਿੰਦੇ। ਅਜੇ ਵੀ ਇੱਥੋਂ ਦੇ ਇਕ ਕਬੀਲੇ, ਸੈਂਟੀਨਲੀ ਅੰਦਰ ਬਾਹਰਲੇ ਮਨੁੱਖਾਂ ਨਾਲ ਮੇਲ-ਮਿਲਾਪ ਦੀ ਰੁਚੀ ਨਹੀਂ। ਉਪਰੋਥਲੀ ਹਮਲਿਆਂ ਤੋਂ ਬਾਅਦ ਬਰਤਾਨਵੀ ਰਾਜ ਵਲੋਂ ਇਨ੍ਹਾਂ ਟਾਪੂਆਂ ਉਪਰ ਫ਼ੌਜੀ ਚੌਕੀ ਬਣਾਉਣ ਦੀ ਦੁਬਾਰਾ ਸੋਚ ਵਿਚਾਰ ਸ਼ੁਰੂ ਹੋਈ। ਇਸ ਨੂੰ ਲੈ ਕੇ ਸਰਵੇਖਣ ਕਰਨ ਲਈ ਅੰਗਰੇਜ਼ ਅਫਸਰ ਤਾਇਨਾਤ ਕਰ ਕੇ ਉਨ੍ਹਾਂ ਤੋਂ ਰਿਪੋਰਟ ਮੰਗੀ ਗਈ। ਇਸੇ ਦੌਰਾਨ 1857 ਦੀ ਪਹਿਲੀ ਜੰਗ-ਏ-ਆਜ਼ਾਦੀ ਸ਼ੁਰੂ ਹੋ ਗਈ। ਇਸ ਦੌਰਾਨ ਬਰਤਾਨਵੀ ਹਕੂਮਤ ਨੇ ਬੰਦੀ ਬਣਾਏ ਖ਼ਤਰਨਾਕ ਬਾਗ਼ੀਆਂ ਨੂੰ ਵਤਨ ਤੋਂ ਦੂਰ ਕੈਦ ਕਰਨ ਦੀ ਉਚੇਚੀ ਜ਼ਰੂਰਤ ਮਹਿਸੂਸ ਕੀਤੀ। ਇਕ ਵਿਸ਼ੇਸ਼ ਰਿਪੋਰਟ ਦੇ ਆਧਾਰ 'ਤੇ 15 ਜਨਵਰੀ 1858 ਨੂੰ ਗਵਰਨਰ ਜਨਰਲ-ਇਨ-ਕੌਂਸਲ ਨੇ ਅੰਡੇਮਾਨ ਟਾਪੂਆਂ ਉਪਰ ਜੇਲ੍ਹ ਸਥਾਪਤ ਕਰਨ ਦਾ ਫ਼ੈਸਲਾ ਕੀਤਾ। 22 ਜਨਵਰੀ ਨੂੰ ਅੰਗਰੇਜ਼ ਕੈਪਟਨ ਹੈਨਰੀ ਮੈਨ ਵਲੋਂ ਪੋਰਟ ਬਲੇਅਰ ਵਿਖੇ ਯੂਨੀਅਨ ਜੈਕ ਲਹਿਰਾ ਕੇ ਅੰਡੇਮਾਨ ਟਾਪੂਆਂ ਨੂੰ ਬਾਕਾਇਦਾ ਆਪਣੇ ਅਧਿਕਾਰ ਹੇਠ ਲੈ ਲਿਆ ਗਿਆ। ਮਾਰਚ 1858 ਨੂੰ ਅੰਗਰੇਜ਼ ਸਮੁੰਦਰੀ ਫ਼ੌਜ ਦੇ ਅਧਿਕਾਰੀ ਡਾ. ਜੇਮਜ਼ ਪੈਟੀਸਨ ਵਾਕਰ ਦੀ ਕਮਾਨ ਹੇਠ ਦੋ ਡਾਕਟਰਾਂ ਤੇ 50 ਸਮੁੰਦਰੀ ਫ਼ੌਜੀਆਂ ਦੇ ਪਹਿਰੇ ਹੇਠ 200 ਸਜ਼ਾਯਾਫ਼ਤਾ ਕੈਦੀ ਇਥੇ ਭੇਜੇ ਗਏ ਜੋ 10 ਮਾਰਚ 1858 ਨੂੰ ਪੋਰਟ ਬਲੇਅਰ ਪਹੁੰਚੇ।

ਇਨ੍ਹਾਂ ਸਜ਼ਾਯਾਫ਼ਤਾ ਕੈਦੀਆਂ ਨੂੰ ਤੁਰੰਤ ਚਠਮ ਟਾਪੂ ਨੂੰ ਸਾਫ਼ ਕਰਨ ਲਈ ਭੇਜਿਆ ਗਿਆ। 25-25 ਕੈਦੀਆਂ ਦੀਆਂ ਤਿੰਨ ਟੋਲੀਆਂ ਰੌਸ ਟਾਪੂ ਨੂੰ ਸਾਫ਼ ਕਰਨ ਲਈ ਭੇਜੀਆਂ ਗਈਆਂ। 7 ਮਈ ਨੂੰ 1858 ਨੂੰ ਰੌਸ ਟਾਪੂ ਉਪਰ ਸਦਰ ਮੁਕਾਮ ਕਾਇਮ ਕਰਨ ਨੂੰ ਮਨਜ਼ੂਰੀ ਦਿੱਤੀ ਗਈ। ਇਸੇ ਸਾਲ ਇਥੇ 1000 ਸਜ਼ਾਯਾਫ਼ਤਾ ਕੈਦੀਆਂ ਨੂੰ ਰੱਖਣ ਲਈ ਬੈਰਕਾਂ ਦੀ ਤਾਮੀਰ ਕਰ ਲਈ ਗਈ। ਇਸੇ ਸਾਲ 8 ਅਕਤੂਬਰ ਨੂੰ ਵਾਈਪਰ ਟਾਪੂ ਨੂੰ ਵੀ ਕਬਜ਼ੇ ਵਿਚ ਲੈ ਲਿਆ ਗਿਆ। ਇਸ ਤਰ੍ਹਾਂ ਪੋਰਟ ਬਲੇਅਰ ਪੱਤਣ ਦੇ ਆਲੇ-ਦੁਆਲੇ ਦੇ ਟਾਪੂ ਰੌਸ, ਚਠਮ, ਵਾਈਪਰ ਅਤੇ ਪੋਰਟ ਬਲੇਅਰ ਹੀ ਪਹਿਲੀ ਖੁੱਲ੍ਹੀ ਜੇਲ੍ਹ ਸਨ। 1857 ਦੇ ਗ਼ਦਰੀ ਇਥੇ ਭੇਜੇ ਜਾਣ ਵਾਲੇ ਪਹਿਲੇ ਮੁੱਖ ਕੈਦੀ ਸਨ।

ਡਾ. ਵਾਕਰ ਦੀ ਰਿਪੋਰਟ ਅਨੁਸਾਰ 16 ਜੂਨ 1858 ਤਕ ਇਥੇ 773 ਕੈਦੀ ਭੇਜੇ ਜਾ ਚੁੱਕੇ ਸਨ ਜਿਨ੍ਹਾਂ ਦੀ ਤਾਦਾਦ 28 ਸਤੰਬਰ ਤਕ 1330 ਹੋ ਚੁੱਕੀ ਸੀ। ਇਸ ਤੋਂ ਅਗਲੇ ਦਹਾਕੇ ਅੰਗਰੇਜ਼ ਅਫਸਰਾਂ ਦੇ ਜ਼ੁਲਮਾਂ ਖਿਲਾਫ ਨਿਹੱਥੇ ਕੈਦੀਆਂ ਦੇ ਸੰਘਰਸ਼ ਅਤੇ ਮੂਲ ਵਾਸੀਆਂ ਦੇ ਬਰਤਾਨਵੀ ਫ਼ੌਜ ਨਾਲ ਝੜਪਾਂ ਦਾ ਇਤਿਹਾਸ ਹੈ। ਕੈਦੀ ਇਥੋਂ ਭੱਜਣ ਦਾ ਯਤਨ ਕਰਦੇ ਸਨ ਅਤੇ ਮੌਕਾ ਮਿਲਦੇ ਸਾਰ ਅੰਗਰੇਜ਼ ਅਫਸਰਾਂ ਉਪਰ ਹਮਲੇ ਵੀ ਕਰਦੇ ਸਨ। ਅੰਗਰੇਜ਼ ਹੁਕਮਰਾਨਾਂ ਨੂੰ ਮਹਿਸੂਸ ਹੁੰਦਾ ਸੀ ਕਿ ਜਿਸ ਮਨੋਰਥ ਨਾਲ ਕੈਦੀਆਂ ਨੂੰ ਇਥੇ ਭੇਜਿਆ ਜਾਂਦਾ ਸੀ, ਉਨ੍ਹਾਂ ਦਾ ਮਨੋਬਲ ਤੋੜਨ ਦਾ ਮਨੋਰਥ ਪੂਰਾ ਨਹੀਂ ਹੋ ਰਿਹਾ। ਕੈਦੀਆਂ ਨੂੰ ਝੁਕਾਉਣ ਲਈ ਉਨ੍ਹਾਂ ਉਪਰ ਵੱਧ ਤੋਂ ਵੱਧ ਜ਼ੁਲਮ ਕਰਨ ਦੇ ਮਨੋਰਥ ਨਾਲ ਲਾਇਲ ਅਤੇ ਲੇਥਬਰਿਜ ਕਮੇਟੀ ਬਣਾਈ ਗਈ ਜਿਸ ਨੇ ਸਮੁੱਚੇ ਹਾਲਾਤ ਦਾ ਜਾਇਜ਼ਾ ਲੈ ਕੇ ਜੋ ਸਿਫ਼ਾਰਸ਼ਾਂ ਕੀਤੀਆਂ, ਉਨ੍ਹਾਂ ਦੇ ਆਧਾਰ 'ਤੇ 1896 'ਚ ਪੋਰਟ ਬਲੇਅਰ ਵਿਖੇ ਸੈਲੂਲਰ ਜੇਲ੍ਹ ਦੀ ਉਸਾਰੀ ਸ਼ੁਰੂ ਕੀਤੀ ਗਈ ਜੋ 1906 ਵਿਚ ਮੁਕੰਮਲ ਹੋ ਗਈ।

*(ਬਾਕੀ ਅਗਲੇ ਅੰਕ ਵਿਚ)*

ਝਾੜੂ ਪਕੜ 'ਸਫਾਈਆਂ' ਲਈ ਜੁੱਟ ਜਾਵੇ, ਜੰਮਣ ਭੋਇੰ ਨੂੰ ਜਿਹੜਾ ਪਿਆਰਦਾ ਏ।
ਮੈਨੂੰ ਮੁਕਤ ਕਰਵਾਓ ਲੁਟੇਰਿਆਂ ਤੋਂ, ਦੁਖੀ ਹੋਇਆ ਪੰਜਾਬ ਵੰਗਾਰਦਾ ਏ!

# ਆਮ ਆਦਮੀ ਪਾਰਟੀ ਦੀ ਪੰਜਾਬ ਦਰਦੀਆਂ ਨੂੰ ਅਪੀਲ

## ਆਓ, ਚਲੀਏ ਪੰਜਾਬ
## ਲਿਆਈਏ ਇਨਕਲਾਬ
## ਬਚਾਈਏ ਪੰਜਾਬ



ਕਦੀ ਪੰਜਾਬ ਨੂੰ ਆਪਣੇ ਪੰਜ ਦਰਿਆਵਾਂ 'ਤੇ ਮਾਣ ਹੁੰਦਾ ਸੀ, ਪਰ ਅਜੋਕੇ ਹਾਕਮਾਂ ਨੇ ਨਸ਼ਿਆਂ ਦਾ ਛੇਵਾਂ ਦਰਿਆ ਵਹਾ ਕੇ ਪੰਜਾਬ ਨੂੰ ਸ਼ਰਮਿੰਦਗੀ ਦੇ ਦਰਿਆ ਵਿਚ ਡੁਬੋ ਦਿਤਾ ਹੈ। ਇਹੀ ਨਹੀਂ, ਸਾਡੇ ਪਵਿਤਰ ਦਰਿਆ ਅਜੋਕੇ ਹਾਕਮਾਂ ਦੀ ਮਿਲੀਭੁਗਤ ਨਾਲ ਸਰਮਾਏਦਾਰਾਂ ਦੇ ਕਾਰਖਾਨਿਆਂ ਵਿਚੋਂ ਛਡੇ ਜਾ ਰਹੇ ਰਸਾਇਣਾਂ ਕਾਰਨ ਅੱਜ ਕੈਂਸਰ ਦੇ ਦਰਿਆ ਬਣ ਚੁਕੇ ਹਨ ਜਿਸ ਦੀ ਗਵਾਹੀ ਪੰਜਾਬ ਦੀ 'ਕੈਂਸਰ ਪੱਟੀ' ਹੈ ਜਿਥੇ ਟੱਬਰਾਂ ਦੇ ਟੱਬਰ ਕੈਂਸਰ ਦਾ ਸ਼ਿਕਾਰ ਹਨ। ਕਦੇ ਹਰੇ ਇਨਕਲਾਬ ਨੇ ਪੰਜਾਬ ਦੀ ਸ਼ਾਨ ਬਣਾਈ ਸੀ, ਅੱਜ ਦੇ ਹਾਕਮ 'ਚਿੱਟਾ' ਇਨਕਲਾਬ ਲਿਆ ਕੇ ਬਾਘੀਆਂ ਪਾ ਰਹੇ ਹਨ। ਕਦੀ ਪੰਜਾਬੀਆਂ ਨੂੰ ਧੀਆਂ-ਭੈਣਾਂ ਦੇ ਰਾਖੇ ਸਮਝਿਆ ਜਾਂਦਾ ਸੀ, ਅੱਜ ਪੰਜਾਬ ਵਿਚ ਧੀਆਂ-ਭੈਣਾਂ ਦਾ ਘਰੋਂ ਬਾਹਰ ਨਿਕਲਣਾ ਮੁਹਾਲ ਹੋ ਗਿਆ ਹੈ, ਪਤਾ ਨਹੀਂ ਕਦੋਂ ਕੋਈ ਗੁੰਡਾ ਟੱਕਰ ਪਵੇ। ਗੈਂਗਸਟਰ ਸਿਆਸੀ ਆਕਿਆਂ ਦੀ ਛਤਰਛਾਇਆ ਹੇਠ ਆਪਣਾ ਰਾਜ ਬਣਾਈ ਬੈਠੇ ਹਨ। ਚੜ੍ਹਦੀ ਕਲਾ ਦੀ ਨਿਸ਼ਾਨੀ ਸਮਝਿਆ ਜਾਂਦਾ ਕਿਸਾਨ ਅੱਜ ਕਰਜੇ ਹੇਠ ਦਬਿਆ ਨਿਰਾਸ਼ਾ ਦੇ ਦੌਰ ਵਿਚ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਪੜ੍ਹਾਈ ਦੇ ਖੇਤਰ ਵਿਚ ਕਦੇ ਮੱਲਾਂ ਮਾਰਨ ਵਾਲੀ ਨੌਜਵਾਨ ਪੀੜ੍ਹੀ ਅੱਜ ਬੇਰੁਜ਼ਗਾਰੀ ਦੇ ਹਨੇਰੇ ਵਿਚ ਗੁਆਚੀ ਹੋਈ ਹੈ। ਪਰਵਾਸੀ ਪੰਜਾਬੀ ਜਿਹੜੇ ਆਪਣੀ ਧਰਤੀ ਦੇ ਮੋਹ ਦੇ ਖਿਚੇ ਭੱਜ-ਭੱਜ ਪੰਜਾਬ ਨੂੰ ਜਾਂਦੇ ਸਨ, ਅੱਜ ਸਰਕਾਰੀ ਤੰਤਰ ਅਤੇ ਗੁੰਡਾਗਰਦੀ ਦੀ ਮਿਲੀਭੁਗਤ ਤੋਂ ਘਬਰਾਏ ਪੰਜਾਬ ਜਾਣੋਂ ਤ੍ਰਹਿੰਦੇ ਹਨ। ਜਿਹੜਾ ਪੰਜਾਬ ਕਦੇ ਭਾਰਤ ਦਾ ਨੰਬਰ ਇਕ ਖੁਸ਼ਹਾਲ ਸੂਬਾ ਸਮਝਿਆ ਜਾਂਦਾ ਸੀ, ਅੱਜ ਕੇਂਦਰ ਸਰਕਾਰ ਦੇ ਕਈ ਲੱਖ ਕਰੋੜ ਰੁਪਏ ਦਾ ਕਰਜਈ ਹੈ।

ਕਦੀ ਗਦਰੀ ਬਾਬੇ ਪੰਜਾਬ ਅਤੇ ਹਿੰਦੋਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੇ ਜੂਲੇ ਥਲਿਓਂ ਕੱਢਣ ਲਈ ਵਹੀਰਾਂ ਘੱਤ ਕੇ ਪੰਜਾਬ ਗਏ ਸਨ; ਆਓ! ਸਾਰੇ ਰਲ ਕੇ ਪੰਜਾਬ ਨੂੰ ਇਸ ਗਰਕੀ ਦੀ ਹਾਲਤ ਵਿਚੋਂ ਬਾਹਰ ਕੱਢੀਏ। ਇਸ ਸਮੇਂ ਪੰਜਾਬ ਦੀ ਸ਼ਾਨ ਮੁੜ ਬਹਾਲ ਕਰਨ ਲਈ ਆਸ ਦੀ ਇਕੋ-ਇਕ ਕਿਰਨ ਆਮ ਆਦਮੀ ਪਾਰਟੀ ਹੀ ਨਜ਼ਰ ਆਉਂਦੀ ਹੈ।

ਆਪ
ਆਮ ਆਦਮੀ ਪਾਰਟੀ

## ਪਰਵਾਸੀ ਪੰਜਾਬੀਆਂ ਨੂੰ ਬੇਨਤੀ

ਜੇ ਤੁਸੀਂ ਖੁਦ ਪੰਜਾਬ ਨਹੀਂ ਜਾ ਸਕਦੇ ਤਾਂ ਆਪਣੇ ਰਿਸ਼ਤੇਦਾਰਾਂ, ਭੈਣਾਂ-ਭਰਾਵਾਂ ਅਤੇ ਦੋਸਤਾਂ-ਮਿੱਤਰਾਂ ਨੂੰ ਜੋਰ ਦੇ ਕੇ ਆਖਣ ਕਿ ਵੋਟਾਂ ਆਮ ਆਦਮੀ ਪਾਰਟੀ ਨੂੰ ਹੀ ਪਾਓ।

## 4 ਫਰਵਰੀ 2017

ਵੋਟਾਂ (ਫੈਸਲੇ) ਦਾ ਦਿਨ ਹੈ। ਆਓ, ਆਮ ਆਦਮੀ ਪਾਰਟੀ ਦੇ ਹੱਕ ਵਿਚ ਨਿੱਤਰ ਕੇ ਨਵਾਂ ਪੰਜਾਬ ਸਿਰਜਣ ਲਈ ਰਾਹ ਪੱਧਰਾ ਕਰੀਏ।



Ad Sponsored by:
Jassi Gill

ਸਾਡਾ ਖਵਾਬ-ਨਵਾਂ ਪੰਜਾਬ

ਵਲੋਂ

**Aam Admi Party Supporters, USA**
**Ph: 650-260-5061**